

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com

Twenty-Fifth Year of Publication    ਨਿਊਯਾਰਕ ਐਡੀਸ਼ਨ    Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 26, Issue 5; February 1, 2025    20451 N. Plum Grove Rd., Palatine, IL 60074    Ph:847-359-0746, Fax:847-705-9388

## ਸੱਤ ਮੈਂਬਰੀ ਕਮੇਟੀ ਦੀ ਨਿਗਰਾਨੀ ਹੇਠ ਹੀ ਹੋਵੇਗੀ ਅਕਾਲੀ ਦਲ ਦੀ ਨਵੀਂ ਮੈਂਬਰਸ਼ਿਪ ਭਰਤੀ: ਜਥੇਦਾਰ

### * ਸਿੰਘ ਸਾਹਿਬਾਨ ਦੀ ਮੀਟਿੰਗ ਮੁਲਤਵੀ ਕਰਨ ’ਤੇ ਜਥੇਦਾਰ ਹਰਪ੍ਰੀਤ ਸਿੰਘ ਨਾਰਾਜ਼




**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ 28 ਜਨਵਰੀ ਨੂੰ ਹੋਣ ਵਾਲੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਅਚਾਨਕ ਮੁਲਤਵੀ ਕੀਤੇ ਜਾਣ ਤੋਂ ਬਾਅਦ ਅਕਾਲੀ ਦਲ ਦੇ ਵੱਖ-ਵੱਖ ਧੜਿਆਂ ਵਿੱਚ ਨਵੀਂ ਮੈਂਬਰਸ਼ਿਪ ਕਰਨ ਬਾਰੇ ਇਕ ਵਾਰ ਫੇਰ ਭੰਬਲਭੂਸੇ ਵਾਲੀ ਸਥਿਤੀ ਪੈਦਾ ਹੋ ਗਈ ਹੈ। ਭਾਵੇਂ ਅਕਾਲ ਦੇ ਸਕੱਤਰੇਤ ਵਲੋਂ ਜਾਰੀ ਸੂਚਨਾ ਅਨੁਸਾਰ ਮੀਟਿੰਗ ਮੁਲਤਵੀ ਕਰਨ ਦਾ ਕਾਰਨ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਕੁਝ ਨਿੱਜੀ ਰੁਝੇਵਿਆਂ ਨੂੰ ਦੱਸਿਆ ਗਿਆ, ਪਰ ਪੰਥਕ ਹਲਕਿਆਂ ‘ਚ ਚੱਲ ਰਹੀ ਚਰਚਾ ਅਨੁਸਾਰ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ‘ਤੇ ਪਿਛਲੇ ਦਿਨੀਂ ਲੱਗੇ ਦੋਸ਼ਾਂ ਦੀ ਸ਼੍ਰੋਮਣੀ ਕਮੇਟੀ ਵਲੋਂ ਗਠਿਤ ਤਿੰਨ ਮੈਂਬਰੀ ਕਮੇਟੀ ਵਲੋਂ ਚੱਲ ਰਹੀ ਜਾਂਚ ਕਾਰਨ ਉਨ੍ਹਾਂ ਨੂੰ ਇਸ ਅਹਿਮ ਇਕੱਤਰਤਾ ਵਿਚ ਸ਼ਾਮਿਲ ਕੀਤੇ ਜਾਣ ਜਾਂ ਬਾਹਰ ਰੱਖੇ ਜਾਣ ਦੀ ਦੁਬਿਧਾ ਨੂੰ ਵੀ ਸਮਝਿਆ ਜਾ ਰਿਹਾ ਹੈ। ਫਿਲਹਾਲ ਸਿੰਘ ਸਾਹਿਬਾਨ ਦੀ ਇਕੱਤਰਤਾ ਦੀ ਨਵੀਂ ਤਾਰੀਖ ਦਾ ਕੋਈ ਐਲਾਨ ਨਹੀਂ ਕੀਤਾ ਗਿਆ, ਪਰ ਜਥੇਦਾਰ ਵਲੋਂ ਇਹ ਜ਼ਰੂਰ ਕਿਹਾ ਗਿਆ। ਹੈ ਕਿ ਸਿੰਘ ਸਾਹਿਬਾਨ ਦੀ ਇਕੱਤਰਤਾ ਜਲਦੀ ਸੱਦੀ ਜਾਵੇਗੀ। ਇਸੇ ਦੌਰਾਨ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅਕਾਲੀ ਦਲ (ਬਾਦਲ) ਦੀ ਵਰਕਿੰਗ ਕਮੇਟੀ ਨੂੰ ਮੁੜ ਆਦੇਸ਼ ਜਾਰੀ ਕੀਤਾ ਕਿ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਜਾਰੀ ਆਦੇਸ਼ਾਂ ਅਨੁਸਾਰ ਦਲ ਦੀ ਨਵੀਂ ਮੈਂਬਰਸ਼ਿਪ ਭਰਤੀ ਲਈ 7 ਮੈਂਬਰੀ ਨਿਗਰਾਨ ਕਮੇਟੀ ਨੂੰ ਕਾਰਜਸ਼ੀਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਭਰਤੀ ਮੁਹਿੰਮ ਦੀ ਸਾਰੀ ਨਿਗਰਾਨੀ ਇਸ ਸੱਤ ਮੈਂਬਰੀ ਕਮੇਟੀ ਨੇ ਕਰਨੀ ਹੈ। ਸੰਖੇਪ ਗੱਲਬਾਤ ਦੌਰਾਨ 7 ਮੈਂਬਰੀ ਕਮੇਟੀ ‘ਚ ਵਾਧਾ ਕੀਤੇ ਜਾਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਅਕਾਲੀ ਦਲ ਵਲੋਂ ਪੂਰੇ ਭਾਰਤ ਵਿਚ ਹੀ ਮੈਂਬਰਸ਼ਿਪ ਭਰਤੀ ਕੀਤੀ ਜਾਣੀ ਹੈ, ਜੇ ਵਰਕਿੰਗ ਕਮੇਟੀ ਜ਼ਰੂਰਤ ਮਹਿਸੂਸ ਕਰੇਗੀ ਤਾਂ ਉਹ ਇਸ ਵਿਚ ਵਾਧਾ ਕਰ ਸਕਦੀ ਹੈ। ਗਿਆਨੀ ਹਰਪ੍ਰੀਤ ਸਿੰਘ ‘ਤੇ ਲੱਗੇ ਦੋਸ਼ਾਂ ਦੀ ਤਿੰਨ ਮੈਂਬਰੀ ਕਮੇਟੀ ਵਲੋਂ ਕੀਤੀ ਜਾ ਰਹੀ ਜਾਂਚ ਬਾਰੇ ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਸਮੇਤ ਹਰ ਪਦਵੀ ਦਾ ਮਾਣ-ਸਨਮਾਨ ਜ਼ਰੂਰ ਕਾਇਮ ਰੱਖਿਆ ਜਾਣਾ ਚਾਹੀਦਾ ਹੈ। ਗਿਆਨੀ ਹਰਪ੍ਰੀਤ ਸਿੰਘ ਵਲੋਂ ਤਿੰਨ ਮੈਂਬਰੀ ਕਮੇਟੀ ਮੈਂਬਰ ਨੂੰ ‘ਮੈਸੰਜਰ ਆਫ਼ ਬਾਦਲ’ ਆਖੇ ਜਾਣ ‘ਤੇ ਉਨ੍ਹਾਂ ਕਿਹਾ। ਕਿ ਇਸ ਬਾਰੇ ਗਿਆਨੀ ਹਰਪ੍ਰੀਤ ਸਿੰਘ ਹੀ ਦੱਸ ਸਕਦੇ ਹਨ ਕਿ ਉਹ ਕੌਣ ਹੈ ਤੇ ਉਨ੍ਹਾਂ ਕਿਸ ਸੰਦਰਭ ਵਿਚ ਆਖਿਆ ਹੈ। ਸਿੰਘ ਸਾਹਿਬਾਨ ਦੀ ਇਕੱਤਰਤਾ ਦੀਆਂ ਵੀਡੀਓ ਕਲਿੱਪ ਸੋਸ਼ਲ ਮੀਡੀਆ ‘ਤੇ ਵਾਇਰਲ ਹੋਣ ਬਾਰੇ ਉਨ੍ਹਾਂ ਕਿਹਾ ਕਿ ਅਜਿਹਾ ਨਹੀਂ ਹੋਣਾ ਚਾਹੀਦਾ, ਕਿਉਂਕਿ ਹਰ ਅਹੁਦੇ ਦੀ ਇਕ ਮਰਿਆਦਾ ਹੁੰਦੀ ਹੈ। ਪਰ ਇਸ ਮਾਮਲੇ ਦੀ ਜਾਂਚ ਪੜਤਾਲ ਕਰਾਉਣ ਬਾਰੇ ਉਨ੍ਹਾਂ ਕਿਹਾ। ਕਿ ਅਜੇ ਇਸ ਬਾਰੇ ਕੋਈ ਵਿਚਾਰ ਨਹੀਂ ਹੈ, ਅੱਗੇ ਜਾ ਕੇ ਦੇਖਾਂਗੇ।

*ਇਤਿਹਾਸ ਗਵਾਹ ਹੈ ਕਿ ਜਦੋਂ ਵੀ ਕਿਸੇ ਹਾਕਮ ਨੇ ਤਖ਼ਤ ਸਾਹਿਬ ਨਾਲ ਟਕਰਾਉਣ ਦੀ ਕੋਸ਼ਿਸ਼ ਕੀਤੀ ਹੈ, ਉਸ ਨੂੰ ਮੂੰਹ ਦੀ ਖਾਣੀ ਪਈ ਹੈ। ਉਨ੍ਹਾਂ ਕਿਹਾ ਕਿ ਸਿੱਖ ਪੰਥ ਦੇ ਤਖ਼ਤ ਕੇਵਲ ਇਮਾਰਤਾਂ ਨਹੀਂ ਸਗੋਂ ਖਾਲਸਾ ਪੰਥ ਦਾ ਸੱਚਾ ਸੁੱਚਾ ਸੰਕਲਪ ਹੈ। ਇਨ੍ਹਾਂ ਤਖ਼ਤ ਸਾਹਿਬਾਨ ਤੋਂ ਸੇਧ ਲੈ ਕੇ ਹੀ ਸਿੱਖ ਪੰਥ ਸਮਾਜਿਕ, ਰਾਜਨੀਤਿਕ ਤੇ ਆਰਥਿਕ ਤੌਰ ‘ਤੇ ਅੱਗੇ ਵਧਦਾ ਹੈ।*

(ਬਾਕੀ ਸਫ਼ਾ 6 ’ਤੇ)

## ਅੰਮ੍ਰਿਤਸਰ ’ਚ ਡਾ. ਅੰਬੇਡਕਰ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣ ਵਾਲਾ ਗ੍ਰਿਫ਼ਤਾਰ

### ਮੁੱਖ ਮੰਤਰੀ ਵਲੋਂ ਸ਼ਾਂਤੀ ਬਣਾਈ ਰੱਖਣ ਦੀ ਅਪੀਲ



**ਅੰਮ੍ਰਿਤਸਰ:** ਗਣਤੰਤਰ ਦਿਵਸ ਪਰੇਡ ‘ਚ ਐਤਵਾਰ ਨੂੰ ਜਿਸ ਸਮੇਂ ਰਾਜਧਾਨੀ ਦਿੱਲੀ ‘ਚ ਕਰਤੱਵਿਆ ਪਥ ‘ਤੇ ਸੰਵਿਧਾਨ ਦੀ ਝਾਕੀ ਕੱਢੀ ਜਾ ਰਹੀ ਸੀ, ਲਗਪਗ ਉਸੇ ਸਮੇਂ ਅੰਮ੍ਰਿਤਸਰ ‘ਚ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ‘ਤੇ ਇਕ ਨੌਜਵਾਨ ਨੇ ਹਥੌੜਾ ਚਲਾ ਦਿੱਤਾ। ਉਹ ਪੌੜੀ ਲਾ ਕੇ ਉਚਾਈ ‘ਤੇ ਸਥਾਪਤ ਬੁੱਤ ਤੱਕ ਜਾ ਪੁੱਜਾ। ਹਥੌੜਾ ਚਲਾਉਣ ਦੇ ਨਾਲ ਹੀ ਉਸ ਨੇ ਬੁੱਤ ਦੇ ਹੇਠਾਂ ਪੱਥਰ ਨਾਲ ਬਣੀ ਸੰਵਿਧਾਨ ਦੀ ਕਿਤਾਬ ਨੂੰ ਵੀ ਅੱਗ ਲਾ ਦਿੱਤੀ। ਧਾਤੂ ਨਾਲ ਬਣੇ ਬੁੱਤ ਨੂੰ ਤਾਂ ਹਥੌੜੇ ਦੀ ਸੱਟ ਨਾਲ ਕੁਝ ਨਹੀਂ ਹੋਇਆ ਪਰ ਉਸ ਦੀ ਸੱਟ ਨਾਲ ਪੱਥਰ ਨਾਲ ਬਣੀ ਸੰਵਿਧਾਨ ਦੀ ਕਿਤਾਬ ਦਾ ਕੰਢਾ ਟੁੱਟ ਗਿਆ ਤੇ ਅੱਗ ਨਾਲ ਉਹ ਕਾਲੀ ਪੈ ਗਈ। ਘਟਨਾ ਵਾਲੀ ਥਾਂ ‘ਤੇ ਪ੍ਰਾਈਵੇਟ ਸੁਰੱਖਿਆ ਮੁਲਾਜ਼ਮਾਂ ਨੇ ਨੌਜਵਾਨ ਨੂੰ ਫੜ ਲਿਆ ਤੇ ਪੁਲਿਸ ਦੇ ਹਵਾਲੇ ਕਰ ਦਿੱਤਾ। ਇਸ ਘਟਨਾ ਤੋਂ ਤੁਰੰਤ ਬਾਅਦ ਰੋਸ ਵਜੋਂ ਐਤਵਾਰ ਅਤੇ ਸੋਮਵਾਰ ਨੂੰ ਪੰਜਾਬ ਦੇ ਕਈ ਸ਼ਹਿਰ ਬੰਦ ਰਹੇ।

ਇਸ ਘਟਨਾ ਨਾਲ ਅਨੁਸੂਚਿਤ ਸਮਾਜ ਦੇ ਲੋਕਾਂ ‘ਚ ਗੁੱਸਾ ਫੈਲ ਗਿਆ ਤੇ ਸਮਾਜ ਨੇ ਸੋਮਵਾਰ ਨੂੰ ਸ਼ਹਿਰ ਬੰਦ ਰੱਖਿਆ। ਇਸ ਘਟਨਾ ਨੂੰ ਲੈ ਕੇ ਸਿਆਸੀ ਪਾਰਟੀਆਂ ਦੀ ਸਿਆਸਤ ਵੀ ਤੇਜ਼ ਹੋ ਗਈ। ਅੰਬੇਡਕਰ ਦਾ ਬੁੱਤ ਤੋੜਣ ਅਤੇ ਸੰਵਿਧਾਨ ਦੀ ਕਿਤਾਬ ਸਾੜਨ ਦੇ ਰੋਸ ਵਜੋਂ ਸੋਮਵਾਰ ਨੂੰ ਅੰਮ੍ਰਿਤਸਰ ਬੰਦ ਦਾ ਪੂਰਾ ਅਸਰ ਦਿਖਾਈ ਦਿੱਤਾ। ਇਸ ਘਟਨਾ ਦੇ ਵਿਰੋਧ ‘ਚ ਅਨੁਸੂਚਿਤ ਜਾਤੀ ਦੇ ਵੱਖ-ਵੱਖ ਸੰਗਠਨਾਂ ਤੇ ਸੰਤ ਸਮਾਜ ਦੇ ਲੋਕ ਭੰਡਾਰੀ ਪੁਲ ‘ਤੇ ਇਕੱਠੇ ਹੋਏ ਤੇ ਸਾਰੇ ਰਾਹ ਬੰਦ ਕਰ ਕੇ ਰੋਸ ਜ਼ਾਹਰ ਕੀਤਾ। ਸਵੇਰੇ 11 ਵਜੇ ਤੋਂ ਦੁਪਹਿਰ ਤਿੰਨ ਵਜੇ ਤੱਕ ਪ੍ਰਦਰਸ਼ਨ ਕੀਤਾ ਗਿਆ।

(ਬਾਕੀ ਸਫ਼ਾ 6 ’ਤੇ)

### ਤਿੰਨ ਮਹੀਨੇ ਪਹਿਲਾਂ ਦੁਬਈ ਤੋਂ ਪਰਤਿਆ ਸੀ ਆਕਾਸ਼ਦੀਪ

ਘਟਨਾ ਤੋਂ ਬਾਅਦ ਸੋਮਵਾਰ ਨੂੰ ਪੁਲਿਸ ਦੇ ਅਧਿਕਾਰੀ ਮੁਲਜ਼ਮ ਆਕਾਸ਼ਦੀਪ ਦੇ ਘਰ ਜ਼ਿਲ੍ਹਾ ਮੋਗਾ ਦੀ ਬਸਤੀ ਚੁੱਗਾ ਵਿਖੇ ਪੁੱਜੇ ਤੇ ਪਰਿਵਾਰ ਤੋਂ ਪੁੱਛਗਿੱਛ ਕੀਤੀ। ਪਰਿਵਾਰ ਨੇ ਦੱਸਿਆ ਕਿ ਬਾਰ੍ਹਵੀਂ ਪਾਸ ਆਕਾਸ਼ਦੀਪ ਘਰ ਦੀ ਆਰਥਕ ਹਾਲਤ ਸੁਧਾਰਨ ਲਈ ਤਿੰਨ ਸਾਲ ਪਹਿਲਾਂ ਦੁਬਈ ਗਿਆ ਸੀ। ਉਸ ਦੀ ਮਾਂ ਆਸ਼ਾ ਰਾਣੀ ਮੁਤਾਬਕ ਉਹ ਸਿਰ ‘ਤੇ ਪੱਗ ਨਹੀਂ ਬੰਨ੍ਹਦਾ ਸੀ ਤੇ ਉਸ ਦੇ ਵਾਲ ਛੋਟੇ ਸਨ। ਦੁਬਈ ਜਾ ਕੇ ਉਸ ਨੇ ਦਾੜ੍ਹੀ ਵਧਾਅ ਲਈ ਤੇ ਪੱਗ ਬੰਨ੍ਹਣ ਲੱਗਾ ਸੀ। ਪਰਿਵਾਰ ਮੁਤਾਬਕ ਉਹ ਤਿੰਨ ਮਹੀਨੇ ਪਹਿਲਾਂ ਪੰਜਾਬ ਮੁੜ ਆਇਆ ਸੀ ਤੇ ਅੰਮ੍ਰਿਤਸਰ ‘ਚ ਹੀ ਰਹਿਣ ਲੱਗਾ ਸੀ।

Singh Tax & Accounting Services LLC.
SINGH AUTO & HOME INSURANCE
Individual & Business Tax related Services

ਸੇਵਾਵਾਂ: *ਇਨਕਮ ਟੈਕਸ ਨਾਲ ਸਬੰਧਤ ਹਰੇਕ ਸੇਵਾ ਜਿਵੇਂ, ਟੈਕਸ ਫਾਈਲਿੰਗ, ਟੈਕਸ ਪਲਾਨਿੰਗ ਅਤੇ ਆਈਆਰਐਸ ਔਡਿਟ (ਨਿੱਜੀ ਅਤੇ ਬਿਜ਼ਨਸ) ਲਈ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।
* ਅਸੀਂ ਅਮਰੀਕਾ ਭਰ ਵਿਚ ਘਰਾਂ ਅਤੇ ਕਾਰਾਂ ਦੀ ਨਿੱਜੀ ਅਤੇ ਕਮਰਸ਼ੀਅਲ ਇੰਸ਼ੋਰੈਂਸ ਵੀ ਕਰਦੇ ਹਾਂ।



Ph: 248-982-2036

Office Locations
Michigan:
36167 Ford Rd.Westland, MI 48185
Minnesota:
6043 Hudson Rd, Suite#399A
Woodbury, Minnesota 55125

Mohan Singh MST
IRS Enrolled agent,
Insurance Agent-
Casualty & Property
Notary Public

Email: STS2021@SinghTaxServices.com; www.SinghTaxServices.com



Corporate NMLS# 68434
AZ License# BK-0945946

Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property


(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥1॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥ ਪਤਿਤ ਪਾਵਨ ਨਾਮੁ ਕੈਸੇ ਹੁੰਤਾ॥1॥ਰਹਾਉ॥

'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਸੁਨੇਹਾ ਦੇਣ ਵਾਲੇ

ਸ੍ਰੀ ਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਪੁਰਬ ਦੀ ਸੰਗਤ ਨੂੰ




ਲੱਖ ਲੱਖ ਵਧਾਈ ਹੋਵੇ

ਵਲੋਂ: ਟੂਰਾ ਪਰਿਵਾਰ, ਵੈਸਟਫੀਲਡ (ਇੰਡੀਆਨਾ)

## ਜਸਬੀਰ ਢਿੱਲੋਂ, ਡਾ. ਇਨਕਲਾਬੀ ਥਾਂਦੀ ਅਤੇ ਛੋਕਰ ਪਰਿਵਾਰ ਨੂੰ ਸਦਮਾ

**ਸ਼ਿਕਾਗੋ:** 'ਪੰਜਾਬ ਟਾਈਮਜ਼ ਸਲਾਹਕਾਰ ਬੋਰਡ' ਦੇ ਮੈਂਬਰ ਜਸਬੀਰ ਕੌਰ ਢਿੱਲੋਂ ਅਤੇ ਡਾ. ਇਨਕਲਾਬੀ ਥਾਂਦੀ ਦੇ ਭਰਾ ਰਾਜ ਮਹਿੰਦਰ ਸਿੰਘ ਪਰਮਾਤਮਾ ਵਲੋਂ ਬਖਸ਼ੀ ਆਰਜਾ ਪੂਰੀ ਕਰ ਕੇ ਲੰਘੀ 22 ਜਨਵਰੀ ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਨ੍ਹਾਂ ਦਾ ਜਨਮ ਪੰਜਾਬ ਦੇ ਪਿੰਡ ਗੁਣਾਚੌਰ ਵਿਚ 21 ਮਾਰਚ 1957 ਨੂੰ ਸ. ਬਘੇਲ ਸਿੰਘ ਅਤੇ ਸੰਸਾਰ ਕੌਰ ਦੇ ਘਰ ਹੋਇਆ ਸੀ। ਉਹ ਆਪਣੇ ਪਿੱਛੇ ਪਤਨੀ ਹਰਪ੍ਰੀਤ ਕੌਰ ਛੋਕਰ, ਬੱਚੇ-ਰਾਜਬਿੰਦਰ ਕੌਰ, ਜਸਜੀਤ ਮਾਨ, ਰਵਨੀਤ ਛੋਕਰ ਅਤੇ ਨਵਨੀਤ ਛੋਕਰ ਅਤੇ ਭੈਣਾਂ ਦਲਜੀਤ ਪੂਨੀਆ, ਇਨਕਲਾਬੀ ਥਾਂਦੀ, ਜਸਬੀਰ ਢਿੱਲੋਂ ਅਤੇ ਪਿਆਰੇ ਭਰਾ ਅਰਸ਼ੀ ਪ੍ਰੀਤਮ ਨੂੰ ਛੱਡ ਗਏ ਹਨ। ਰਾਜ ਦਾ ਅੰਤਿਮ ਸੰਸਕਾਰ 1 ਫਰਵਰੀ, ਸ਼ਨਿਚਰਵਾਰ ਨੂੰ ਸਵੇਰੇ 11 ਤੋਂ 1 ਵਜੇ ਦਰਮਿਆਨ Winford Funeral Home- Northwest 8588 Breen Dr., Houston, TX 77064 ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਆਫ ਹਿਊਸਟਨ ਵਿਖੇ ਹੋਵੇਗੀ।



ਰਾਜ ਮਹਿੰਦਰ ਸਿੰਘ 'ਤੇ ਜਨਮ ਤੋਂ ਲੈ ਕੇ ਜੀਵਨ ਲੀਲਾ ਸਮਾਪਤ ਹੋਣ ਤੱਕ ਪਰਮਾਤਮਾ ਦੀ ਪੂਰੀ ਬਖਸ਼ਿਸ਼ ਰਹੀ। 16 ਸਾਲ ਦੀ ਉਮਰ ਵਿਚ ਉਹ ਅਮਰੀਕਾ ਆ ਗਿਆ ਅਤੇ ਇੱਥੇ ਆ ਕੇ ਆਪਣੇ ਸੁਪਨੇ ਪੂਰੇ ਕਰਨ ਲਈ ਪੂਰੀ ਸਮਰੱਥਾ ਨਾਲ ਮਿਹਨਤ ਕੀਤੀ। ਅਮਰੀਕਾ ਵਿਚ ਉਨ੍ਹਾਂ ਨੇ ਸ਼ਿਕਾਗੋ ਦੇ ਫਰੈਂਕਲਿਨ ਪਾਰਕ ਵਿਚ ਫਿਲਿਪਸ ਗੈਸ ਸਟੇਸ਼ਨ 'ਤੋਂ ਆਪਣੇ ਕਾਰੋਬਾਰ ਦੀ ਸ਼ੁਰੂਆਤ ਕੀਤੀ। ਸ਼ੁਰੂਆਤੀ ਦਿਨਾਂ ਵਿਚ ਵੱਡੀ ਸਫਲਤਾ ਦੇ ਨਾਲ-ਨਾਲ ਉਨ੍ਹਾਂ ਨੂੰ ਕਈ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪਿਆ। ਉਮਰ ਦੇ 20ਵੇਂ ਸਾਲ ਵਿਚ, ਰਾਜ ਨੇ ਬਾਦਸ਼ਾਹ ਵਰਗੀ ਜ਼ਿੰਦਗੀ ਬਤੀਤ ਕੀਤੀ। ਉਹ ਬਹੁਤ ਹੀ ਮਿਹਨਤੀ, ਤੇਜ਼ ਦਿਮਾਗ਼ ਵਾਲਾ ਅਤੇ ਪੱਕੇ ਇਰਾਦੇ ਵਾਲਾ ਇਨਸਾਨ ਸੀ। ਜ਼ਿੰਦਗੀ ਵਿਚ ਆਏ ਉਤਰਾਅ-ਚੜ੍ਹਾਅ ਸਮੇਂ ਵੀ ਉਹ ਡਰਿਆ ਨਹੀਂ, ਸਗੋਂ ਪੂਰੀ ਦ੍ਰਿੜ੍ਹਤਾ, ਮਜ਼ਬੂਤ ਇਰਾਦੇ ਅਤੇ ਅਦੁੱਤੀ ਇੱਛਾ ਸ਼ਕਤੀ ਨਾਲ ਮੁਸੀਬਤਾਂ ਤੋਂ ਉੱਪਰ ਉੱਠਿਆ ਅਤੇ ਨਵੇਂ ਅਧਿਆਏ ਦੀ ਸ਼ੁਰੂਆਤ ਕੀਤੀ।

ਇਥੋਂ ਉਹ ਹਿਊਸਟਨ ਚਲਿਆ ਗਿਆ, ਜਿੱਥੇ ਉਸਨੇ ਡੇਲੋਰੀਅਨ ਮੋਟਰ ਕੰਪਨੀ ਵਿਚ ਮਕੈਨਿਕ ਵਜੋਂ ਕੰਮ ਕਰ ਕੇ ਮਾਣ ਮਹਿਸੂਸ ਕੀਤਾ। ਉਥੇ ਉਸਨੇ ਗੁੰਝਲਦਾਰ ਮਕੈਨੀਕਲ ਪ੍ਰਕਿਰਿਆ ਨੂੰ ਸਰਲ ਬਣਾਉਣ ਵਾਲਾ ਇਕ ਟੂਲ ਇਜਾਦ ਕਰ ਕੇ ਆਪਣੇ ਹੁਨਰ ਦਾ ਲੋਹਾ ਮਨਵਾਇਆ। ਇਹ ਉਸ ਦੀ ਰਚਨਾਤਮਕਤਾ ਅਤੇ ਪ੍ਰਤਿਭਾ ਦਾ ਪ੍ਰਮਾਣ ਸੀ। ਫਿਰ ਵੀ, ਰਾਜ ਨੂੰ ਸਭ ਤੋਂ ਵੱਡੀ ਖੁਸ਼ੀ ਉਸਦੇ ਪਰਿਵਾਰ 'ਤੋਂ ਮਿਲੀ ਤੇ ਉਹ ਆਪਣੇ ਆਪਣੇ ਅਜ਼ੀਜ਼ਾਂ ਨਾਲ ਓਕਲਹੋਮਾ ਚਲਿਆ ਗਿਆ।

2010 ਵਿਚ, ਮੁੜ ਆਪਣਾ ਕਾਰੋਬਾਰ ਸਥਾਪਤ ਕਰਨ ਤੋਂ ਥੋੜ੍ਹੀ ਦੇਰ ਬਾਅਦ, ਰਾਜ ਨੂੰ ਸਟੇਜ 4 ਕੋਲਨ ਕੈਂਸਰ ਦਾ ਪਤਾ ਲੱਗਿਆ ਅਤੇ ਡਾਕਟਰਾਂ ਨੇ ਦੱਸਿਆ ਕਿ ਉਸ ਕੋਲ ਜਿਉਣ ਦੇ ਸਿਰਫ ਛੇ ਮਹੀਨੇ ਹਨ, ਪਰ ਰਾਜ ਨੇ ਬੜੀ ਹਿੰਮਤ ਅਤੇ ਦਲੇਰੀ ਨਾਲ ਬਿਮਾਰੀ ਨਾਲ ਲੜਿਆ। ਬਿਮਾਰੀ ਦਾ ਪਤਾ ਲੱਗਣ ਵਾਲੇ ਦਿਨ ਤੋਂ ਬਾਅਦ 15 ਸਾਲ ਆਪਣੇ ਉੱਦਮ ਅਤੇ ਅਟੁੱਟ ਇਰਾਦੇ ਨਾਲ, ਰਾਜ ਨੇ ਸਯਰੇ, ਓਕਲਹੋਮਾ ਵਿਚ ਇੱਕ ਸਧਾਰਨ ਟਰੱਕ ਸਟਾਪ ਨੂੰ ਭਾਈਚਾਰੇ ਅਤੇ ਸੱਭਿਆਚਾਰ ਦੀ ਇੱਕ ਅਨੋਖੀ ਝਲਕ ਪੇਸ਼ ਕਰਦੀ ਥਾਂ ਵਿਚ ਬਦਲ ਦਿੱਤਾ। ਉਸ ਨੇ ਆਪਣੀ ਸਭ ਤੋਂ ਵੱਡੀ ਪ੍ਰਾਪਤੀ ਦੀ ਨੀਂਹ ਬਣਾਉਣ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਪਤਨੀ ਹਰਪ੍ਰੀਤ ਅਤੇ ਬੱਚਿਆਂ ਨਾਲ ਮਿਲ ਕੇ, ਉਸ ਨੇ ਟਰੱਕ ਸਟਾਪ I-40 ਦੀ ਸਥਾਪਨਾ ਕੀਤੀ, ਜੋ ਯਾਤਰੀਆਂ ਲਈ 24 ਘੰਟੇ ਖੁੱਲ੍ਹਾ ਰਹਿੰਦਾ। ਇੱਥੇ ਇੱਕ ਪੰਜਾਬੀ ਰੈਸਟੋਰੈਂਟ, ਮਕੈਨਿਕ ਦੀ ਦੁਕਾਨ, ਇੱਕ ਗੈਸ ਸਟੇਸ਼ਨ, ਅਤੇ ਇੱਥੋਂ ਤੱਕ ਕਿ ਗੁਰਦੁਆਰਾ ਵੀ ਹੈ। ਉਸਦਾ ਸੁਪਨਾ ਆਪਣਾ ਇਕ ਸ਼ਹਿਰ ਬਣਾਉਣ ਦਾ ਸੀ, ਅਤੇ ਕਈ ਤਰੀਕਿਆਂ ਨਾਲ ਉਹ ਇਸ ਨੂੰ ਬਣਾਉਣ ਵਿਚ ਸਫਲ ਵੀ ਹੋਇਆ।

ਰਾਜ ਬਹੁਤ ਹੀ ਦਿਆਲੂ ਅਤੇ ਦਰਿਆ-ਦਿਲ ਇਨਸਾਨ ਸੀ। ਹਰ ਤਰ੍ਹਾਂ ਦੇ ਲੋਕਾਂ ਨਾਲ ਵਧੀਆ ਸਬੰਧ ਸਥਾਪਤ ਕੀਤੇ ਅਤੇ ਸਾਰਿਆਂ ਦੇ ਦਿਲਾਂ ਵਿਚ ਆਪਣੀ ਇੱਕ ਅਭੁੱਲ ਯਾਦ ਛੱਡ ਗਿਆ। ਉਹ ਚੁਣੌਤੀਆਂ ਤੋਂ ਘਬਰਾਉਂਦਾ ਨਹੀਂ ਸੀ। ਆਪਣੀਆਂ ਗ਼ਲਤੀਆਂ ਤੋਂ ਸਿੱਖਣ ਦੀ ਕੋਸ਼ਿਸ਼ ਕਰਦਾ। ਜਿਸਨੇ ਸਫਲਤਾ ਪ੍ਰਾਪਤ ਕਰਨ ਲਈ ਲਗਨ ਤੇ ਮਿਹਨਤ ਨਾਲ ਕੰਮ ਕੀਤਾ, ਅਤੇ ਹਮੇਸ਼ਾ ਪਰਿਵਾਰ ਨੂੰ ਪਹਿਲ ਦਿੱਤੀ।

ਉਸ ਦੇ ਜਾਣ ਨਾਲ ਪਰਿਵਾਰ ਸਮੇਤ ਆਲੇ-ਦੁਆਲੇ ਨੂੰ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ ਜਸਬੀਰ ਕੌਰ ਢਿੱਲੋਂ ਨਾਲ ਫੋਨ ਨੰਬਰ 708-275-3884 ਜਾਂ ਇਨਕਲਾਬੀ ਥਾਂਦੀ ਨਾਲ ਫੋਨ ਨੰਬਰ 281-376-1855 'ਤੇ ਸੰਪਰਕ ਕੀਤਾ ਜਾ ਸਕਦਾ ਹੈ।


## ਤੰਦੂਰੀਏ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਅਤੇ ਕਿਚਨ ਹੈਲਪਰ ਦੀ ਲੋੜ ਹੈ।

* ਚੰਗੀ ਤਨਖਾਹ ਅਤੇ ਰਿਹਾਇਸ਼ ਫਰੀ



ਚਾਹਵਾਨ ਕਾਲ ਕਰੋ:

ਮਿ. ਸਿੰਘ ਫੋਨ: 515-291-1961


# Matrimonials

## ਲੜਕੇ ਦੀ ਲੋੜ ਹੈ

Jat Sikh family is looking for a suitable match for their beautiful daughter 38, 5'4". She has done her Bachelor of Commerce and Charted Accountant degree from India. Currently she is working as Finance Manager for Amazon in Seattle. She belongs to a well settled family in Mohali. Her Father is running his own business in Punjab. She is deeply rooted in strong family values. She has L1 Visa and her Green Card application is in progress. She moved to the USA in 2022. If interested please contact Darshan Dhillon at dhillondans@gmail.com, Phone: (360) 961-4387.

3-6

Jat Sikh parents invite matrimonial alliance for their US born daughter 39, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Contact 669-946-5891

2-5

## ਲੜਕੀ ਦੀ ਲੋੜ ਹੈ

USA Citizen, handsome, Jatt Sinkh boy, 31, 5'8". Highly educated, high profile job as coordinator in California Govt. education department, Salary $ 12000/- per month. No sibling. Parents are well educated, US citizen, financially sound & contented. No bargaining, no demand, no bar. Whatsapp: +1-661-578-2261

5-8

Well settled U.S. Jatt Sikh parents looking for a compatible match for their 28, 5'7" turbaned diligent, athletic son; has a bachelors of science in computer engineering. Endeavors include Legacy Program Developer/Business Analyst working on the modernization of Mainframe systems for the IRS, and Chief Executive of family business. For inquiries, please contact: 301-653-7029 or E-mail at: Gorayads@yahoo.com

5-8

Sikh Family looking for a professionally qualified match for their 36, 5'8" handsome, turbaned son. Shortly divorced with no kids. Currently working as a Senior Software Engineer in Investment Banking, Owns a house. On H1B with I-140 approved. Caste no bar. Contact us at +1 631-624-8279

5-8

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ 24 ਸਾਲਾ 5'10" ਕੈਨੇਡੀਅਨ ਜੰਮਪਲ ਪਗੜੀਧਾਰੀ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰ ਕੇ ਵਧੀਆ ਨਾਮੀ ਇੰਜੀਨੀਅਰਿੰਗ ਫਰਮ ਵਿਚ ਕੰਮ ਕਰ ਰਿਹਾ ਹੈ। ਪਰਿਵਾਰਕ ਅਤੇ USA ਦੀ ਲੜਕੀ ਨੂੰ ਪਹਿਲ। ਚਾਹਵਾਨ ਸੰਪਰਕ ਕਰਨ: 604-763-7068 ਜਾਂ ਈ-ਮੇਲ ਕਰੋ gillco1977@gmail.com 5-8

ਅਮਰੀਕਾ ਸਿਟੀਜ਼ਨ ਜੱਟ ਸਿੱਖ, ਆਪਣੀ ਟਰੱਕਿੰਗ ਕੰਪਨੀ ਉਮਰ 42 ਸਾਲ, 5'11" ਤਲਾਕਸ਼ੁਦਾ (ਕੋਈ ਬੱਚਾ ਨਹੀਂ) ਲਈ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਯੂ.ਐਸ.ਏ. ਜਾਂ ਕੈਨੇਡਾ ਰਹਿੰਦੀ (ਬਿਨਾਂ ਬੱਚਾ) ਜੀਵਨ-ਸਾਥਣ ਦੀ ਲੋੜ ਹੈ। ਚਾਹਵਾਨ ਫੋਨ ਨੰਬਰ 323-723-8324 'ਤੇ ਸੰਪਰਕ ਕਰ ਸਕਦੇ ਹਨ।

2-05

ਅਮਰੀਕਾ ਵਿਚ ਵੈੱਲ ਸੈਟਲਡ ਗੁਰਸਿੱਖ ਪਰਿਵਾਰ ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ 1987 ਬੌਰਨ ਕੱਦ 5'11" ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸੌਫਟਵੇਅਰ ਇੰਜਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ ਵੈੱਲ ਸੈਟਲਡ ਸਾਨ ਫਰਾਂਸਿਸਕੋ, ਬੇ ਏਰੀਆ, ਕੈਲੀਫੋਰਨੀਆ (ਅਮਰੀਕਾ) ਵਿਚ ਆਪਣੇ ਘਰ ਦੇ ਮਾਲਕ, ਵਿਆਹ ਤੋਂ ਸਿਰਫ 4 ਮਹੀਨੇ ਵਿਚ ਇਨੋਸੈਂਟਲੀ ਡੀਵੋਰਸਡ (ਕੋਈ ਬੱਚਾ ਨਹੀਂ), ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੋਹਣੀ, ਵੈਸ਼ਨੂੰ ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਵਧੇਰੇ ਜਾਣਕਾਰੀ ਲਈ +1 510-281-7065 ਜਾਂ ਫਿਰ ਵਟਸਐਪ ਨੰਬਰ +91 98993-79442 'ਤੇ ਫੋਨ ਕਰ ਸਕਦੇ ਹੋ ਜਾਂ ਫਿਰ ਆਪਣੇ ਵੇਰਵੇ ਈਮੇਲ: cjsingh55@gmail.com 'ਤੇ ਭੇਜ ਸਕਦੇ ਹੋ।





## ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ? ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

**Gurdip Singh Sandhu DHMS, BAMS**

**HOMEOPATHIC NATURAL MEDICINES**

**When Tired of all Treatments, For any Disease, At any Age, Try Alternative Treatment**



Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

**Ph: (408) 687-1899**
**(925) 557-9093**

Email: Homeomdicine@yahoo.com
Website: www.Homeopathyatoz.com

7021 Village Parkway, Dublin, CA 94568
Practice under provision of Act S8_577
State of CA

# ਭਾਰਤ ਸਰਕਾਰ ਵੱਲੋਂ ਪਦਮ ਪੁਰਸਕਾਰਾਂ ਦਾ ਐਲਾਨ

## ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਅਤੇ ਉਂਕਾਰ ਸਿੰਘ ਪਾਹਵਾ ਨੂੰ ਮਿਲੇਗਾ ਪਦਮਸ੍ਰੀ ਪੁਰਸਕਾਰ

**ਨਵੀਂ ਦਿੱਲੀ:** ਲੋਕ ਗਾਇਕਾ ਸ਼ਾਰਦਾ ਸਿਨ੍ਹਾ ਸਮੇਤ ਸੱਤ ਲੋਕਾਂ ਨੂੰ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਜਾਵੇਗਾ। ਸ਼ਾਰਦਾ ਸਿਨ੍ਹਾ ਨੂੰ ਇਹ ਸਨਮਾਨ ਮਰਨ ਉਪਰੰਤ ਦਿੱਤ ਜਾਵੇਗਾ। ਭਾਜਪਾ ਨੇਤਾ ਸੁਸ਼ੀਲ ਕੁਮਾਰ ਮੋਦੀ ਨੂੰ ਪਦਮ ਭੂਸ਼ਣ ਦਿੱਤਾ ਜਾਵੇਗਾ। ਏਵਨ ਸਾਈਕਲ ਲੁਧਿਆਣਾ ਦੇ ਐੱਮਡੀ ਓਕਾਰ ਸਿੰਘ ਪਾਹਵਾ ਅਤੇ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਤੋਂ ਇਲਾਵਾ ਗੋਆ ਦੀ 100 ਸਾਲਾ ਸੁਤੰਤਰਤਾ ਸੈਨਾਨੀ ਲੀਬੀਆ ਲੋਬੋ ਸਰਦੇਸਾਈ, 150 ਔਰਤਾਂ ਨੂੰ ਪੁਰਸ਼ ਪ੍ਰਧਾਨ ਖੇਤਰ ਢਾਕ ਵਾਦਨ ਵਿਚ ਟ੍ਰੇਡ ਕਰਨ ਵਾਲੇ ਬੰਗਾਲ ਦੇ ਢਾਕ ਵਾਦਕ ਗੋਕੁਲ ਚੰਦਰ ਡੇ, ਉਨ੍ਹਾਂ 30 ਗੁਮਨਾਮ ਨਾਇਕਾਂ ਵਿਚ ਸ਼ਾਮਲ ਹਨ, ਜਿਨ੍ਹਾਂ ਨੂੰ ਪਦਮਸ੍ਰੀ ਨਾਲ ਸਨਮਾਨਿਤ ਕਰਨ ਦਾ ਐਲਾਨ ਕੀਤਾ ਗਿਆ ਹੈ।

ਗੋਆ ਦੇ ਆਜ਼ਾਦੀ ਅੰਦੋਲਨ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੀ ਲੀਬੀਆ ਨੋਥੋਂ ਸਰਦੇਸਾਈ ਨੇ ਪੁਰਤਗਾਲੀ ਸ਼ਾਸਨ ਖਿਲਾਫ਼ ਲੋਕਾਂ ਨੂੰ ਇਕਜੁੱਟ ਕਰਨ ਲਈ 955 ਵਿਚ ਇਕ ਜੰਗਲੀ ਇਲਾਕੇ ਵਿਚ ਭੂਮੀਗਤ ਰੇਡੀਓ ਸਟੇਸ਼ਨ ਵੋਜ ਦਿ ਲਿਬਰਡਾਬੇ (ਵੁਆਇਸ ਆਫ ਫ੍ਰੀਡਮ) ਦੀ ਸਥਾਪਨ ਕੀਤੀ ਸੀ। ਰਾਸ਼ਟਰਪਤੀ ਟ੍ਰੌਪਦੀ ਮੁਰਮੂ ਨੇ 76ਵੇਂ ਗਣਤੰਤਰ ਦਿਵਸ ਮੌਕੇ ਸਰਦੇਸਾਈ ਨੂੰ ਪਦਮਸ੍ਰੀ ਨਾਲ ਸਨਮਾਨਿਤ ਕਰਨ ਦਾ ਐਲਾਨ ਕੀਤਾ। ਪੁਰਸਕਾਰ ਪਾਉਣ ਵਾਲਿਆਂ ਵਿਚ ਬੰਗਾਲ ਦੇ 57 ਸਾਲਾ ਢਾਕ ਵਾਦਕ ਗੋਕੁਲ ਚੰਦਰ ਡੇ ਵੀ ਸ਼ਾਮਲ ਹਨ, ਜਿਨ੍ਹਾਂ ਪੁਰਸ਼ ਪ੍ਰਧਾਨ ਖੇਤਰ ਵਿਚ 150 ਔਰਤਾਂ ਨੂੰ ਟ੍ਰੇਨਿੰਗ ਕਰ ਕੇ ਲਿੰਗਕ ਰੂੜੀਵਾਦ ਨੂੰ ਤੋੜਿਆ। ਡੇ ਨੇ ਢਾਕ ਦੀ ਤਰ੍ਹਾਂ ਦਾ ਇਕ ਹਲਕਾ ਸਾਜ਼ ਵੀ ਬਣਾਇਆ, ਜੋ ਵਜ਼ਨ ਵਿਚ ਰਵਾਇਤੀ ਸਾਜ਼ ਤੋਂ ਡੇਢ ਕਿਲੋ ਘੱਟ ਸੀ। ਉਨ੍ਹਾਂ ਵੱਖ-ਵੱਖ ਕੌਮਾਂਤਰੀ ਮੰਚਾਂ 'ਤੇ ਭਾਰਤ ਦੀ ਨੁਮਾਇੰਦਗੀ ਕੀਤੀ ਅਤੇ ਪੰਡਿਤ ਰਵੀਸ਼ੰਕਰ ਅਤੇ ਉਸਤਾਦ ਜ਼ਾਕਿਰ ਹੁਸੈਨ ਵਰਗੀਆਂ ਹਸਤੀਆਂ ਨਾਲ ਪ੍ਰੋਗਰਾਮ ਕੀਤੇ। ਪਦਮਸ੍ਰੀ ਸਨਮਾਨ ਸੂਚੀ ਵਿਚ ਸ਼ਾਮਲ ਮਹਿਲਾ ਸਸ਼ਕਤੀਕਰਨ ਦੀ ਜ਼ਬਰਦਸਤ ਹਮਾਇਤੀ 82 ਸਾਲਾ ਸੈਲੀ ਹੋਲਕਰ ਨੇ ਅਲੋਪ ਹੋ ਰਹੀ ਮਾਹੇਸ਼ਵਰੀ ਸ਼ਿਲਪ ਕਲਾ 'ਨੂੰ ਮੁੜ ਸੁਰਜੀਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ।



ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ



ਉਂਕਾਰ ਸਿੰਘ ਪਾਹਵਾ

### ਉਂਕਾਰ ਸਿੰਘ ਪਾਹਵਾ ਨੂੰ ਪਦਮਸ੍ਰੀ

ਪਦਮ ਪੁਰਸਕਾਰ 2025 ਦੀ ਸੂਚੀ ਵਿੱਚ ਏਵਨ ਸਾਈਕਲ ਦੇ ਸੀਐਮਡੀ ਉਕਾਰ ਸਿੰਘ ਪਾਹਵਾ ਦਾ ਨਾਮ ਵੀ ਸ਼ਾਮਿਲ ਕੀਤਾ ਗਿਆ ਹੈ। ਪਾਰਵਾ ਨੂੰ ਉਦਯੋਗ ਤੇ ਵਪਾਰ ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾਉਣ ਕਰਕੇ ਪਦਮ ਸ੍ਰੀ ਪੁਰਸਕਾਰ ਦਿੱਤਾ ਜਾ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਕੁੱਲ 113 ਸ਼ਖਸੀਅਤਾਂ ਨੂੰ ਪਦਮ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਉਕਾਰ ਸਿੰਘ ਪਾਹਵਾ ਆਪਣੀ ਗ੍ਰੈਜੂਏਸ਼ਨ ਪੂਰੀ ਕਰਨ ਤੋਂ ਤੁਰੰਤ ਬਾਅਦ 1974 ਵਿੱਚ ਮੈਨੇਜਮੈਂਟ ਟਰੇਨੀ ਵਜੋਂ ਆਪਣੇ ਪਰਿਵਾਰਕ ਕਾਰੋਬਾਰ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਨੇ ਸਾਲਾਂ ਦੌਰਾਨ ਵੱਖ-ਵੱਖ ਭਾਗਾਂ ਦੀ ਦੇਖਭਾਲ ਕੀਤੀ ਅਤੇ ਅੰਤ ਵਿੱਚ 2002 ਵਿੱਚ ਮੈਨੇਜਿੰਗ ਡਾਇਰੈਕਟਰ ਵਜੋਂ ਅਹੁਦਾ ਸੰਭਾਲਿਆ ਜਦੋਂ ਕੰਪਨੀ ਦਾ ਉਤਪਾਦਨ 1.4 ਮਿਲੀਅਨ ਸਾਈਕਲ ਸੀ ਅਤੇ ਹੁਣ ਇਹ 2.5 ਮਿਲੀਅਨ ਪ੍ਰਤੀ ਸਾਲ ਦੇ ਨੇੜੇ ਹੈ। ਉਸ ਸਮੇਂ ਤੱਕ ਕੰਪਨੀ ਕੋਲ 25-30 ਮਾਡਲ ਸਨ ਅਤੇ ਹੁਣ ਕੰਪਨੀ ਸਾਈਕਲਾਂ ਵਿੱਚ 170 ਤੋਂ ਵੱਧ ਮਾਡਲਾਂ ਦੀ ਵਿਸ਼ਾਲ ਸ਼੍ਰੇਣੀ ਦੀ ਪੇਸ਼ਕਸ਼ ਕਰਦੀ ਹੈ।

### ਭਾਈ ਹਰਜਿੰਦਰ ਸਿੰਘ ਨੂੰ ਪਦਮਸ੍ਰੀ

ਗਣਤੰਤਰ ਦਿਵਸ ਮੌਕੇ ਜਿਨ੍ਹਾਂ ਸ਼ਖਸੀਅਤਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਸੇਵਾਵਾਂ ਲਈ ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਪਦਮਸ੍ਰੀ ਨਾਲ ਸਨਮਾਨਿਤ ਕੀਤਾ ਜਾਣਾ ਹੈ ਉਨ੍ਹਾਂ ਵਿੱਚੋਂ ਇੱਕ ਨਾਮ ਪ੍ਰਸਿੱਧ ਰਾਗੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆ ਦਾ ਵੀ ਹੈ। ਉਹ ਆਪਣੇ ਭਰਾਵਾਂ ਮਨਿੰਦਰ ਸਿੰਘ ਅਤੇ ਜਤਿੰਦਰ ਪਾਲ ਸਿੰਘ ਨਾਲ ਸ਼ਬਦ ਗਾਇਨ ਕਰਦੇ ਹਨ। ਉਹ ਬਹੁਤ ਛੋਟੀ ਉਮਰ ਤੋਂ ਹੀ ਸ਼ਬਦ ਕੀਰਤਨ ਕਰਦੇ ਆ ਰਹੇ ਹਨ ਅਤੇ ਲਗਭਗ ਤਿੰਨ ਦਹਾਕਿਆਂ ਤੋਂ ਇਹ ਜਥਾ ਦੁਨੀਆ ਦੇ ਸਾਰੇ ਹਿੱਸਿਆਂ ਵਿੱਚ ਗੁਰੂ ਦੀ ਸੰਗਤ ਨੂੰ ਨਾਮ ਬਾਣੀ ਨਾਲ ਜੋੜ ਰਿਹਾ ਹੈ। ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੇ 1980 ਵਿੱਚ ਸ੍ਰੀਨਗਰ ਤੋਂ ਕੀਰਤਨ ਦੀ ਸ਼ੁਰੂਆਤ ਕੀਤੀ ਅਤੇ ਤਿੰਨ ਸਾਲ ਉੱਥੇ ਸੇਵਾ ਕੀਤੀ। ਬਾਅਦ ਵਿੱਚ ਉਹ ਲੁਧਿਆਣਾ ਆ ਗਏ। ਭਾਈ ਸਾਹਿਬ ਨੇ 100 ਤੋਂ ਵੱਧ ਐਲਬਮਾਂ ਰਿਲੀਜ਼ ਕੀਤੀਆਂ ਹਨ।

# ਅਮਰੀਕਾ ਵਿਚ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਲੱਭਣ ਲਈ ਧਰਮ ਅਸਥਾਨਾਂ 'ਤੇ ਛਾਪੇ

## ਸਿੱਖ ਜਥੇਬੰਦੀਆਂ ਵਲੋਂ ਤਿੱਖਾ ਵਿਰੋਧ

**ਸਾਨ ਫਰਾਂਸਿਸਕੋ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਗ੍ਰਹਿ ਸੁਰੱਖਿਆ ਵਿਭਾਗ ਰਾਹੀਂ ਗ਼ੈਰ ਕਾਨੂੰਨੀ ਪ੍ਰਵਾਸੀਆਂ ਦੀ ਗ੍ਰਿਫ਼ਤਾਰੀ ਲਈ ਹੱਥ, ਸਿੱਖ ਕੌਮ ਲਈ ਸਭ ਤੋਂ ਮਹਾਨ ਅਧਿਆਤਮਕ ਸਥਾਨਾਂ ਗੁਰਦੁਆਰਿਆਂ ਤੱਕ ਵੀ ਵਧਾ ਲਏ ਹਨ, ਜਿਸ ਦਾ ਸਿੱਖ ਆਗੂਆਂ ਤੇ ਸਿੱਖ ਸੰਸਥਾਵਾਂ ਨੇ ਤਿੱਖਾ ਵਿਰੋਧ ਕਰਦਿਆਂ ਉਨ੍ਹਾਂ ਦੇ ਧਾਰਮਿਕ ਮਾਮਲਿਆਂ 'ਚ ਸਿੱਧੀ ਦਖ਼ਲਅੰਦਾਜ਼ੀ ਕਿਹਾ ਹੈ। ਲੰਘੇ ਐਤਵਾਰ ਜਦੋਂ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ ਨੇ ਨਿਊਯਾਰਕ ਤੇ ਨਿਊਜਰਸੀ ਦੇ ਗੁਰੂ ਘਰਾਂ ਦਾ ਦੌਰਾ ਕਰਕੇ ਗ਼ੈਰ ਕਾਨੂੰਨੀ ਪ੍ਰਵਾਸੀਆਂ ਦੀ ਜਾਂਚ ਕੀਤੀ, ਤਾਂ ਸਿੱਖ ਜਥੇਬੰਦੀਆਂ ਨੇ ਇਸ 'ਤੇ ਤਿੱਖਾ ਪ੍ਰਤੀਕਰਮ ਕੀਤਾ। ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ ਦੀ ਕਾਰਜਕਾਰੀ ਨਿਰਦੇਸ਼ਕ ਕਿਰਨ ਕੌਰ ਗਿੱਲ ਨੇ ਕਿਹਾ ਕਿ ਇਨ੍ਹਾਂ ਕਾਰਵਾਈਆਂ ਨੇ ਸਿੱਖ ਧਰਮ ਦੀ ਪਵਿੱਤਰਤਾ ਨੂੰ ਖ਼ਤਰਾ ਪੈਦਾ ਕੀਤਾ ਹੈ ਤੇ ਪ੍ਰਵਾਸੀ ਭਾਈਚਾਰੇ ਲਈ ਇਕ ਤਰ੍ਹਾਂ ਨਾਲ ਕੋਲਡ ਮੈਸੇਜ ਹੈ।

ਗੁਰੂ ਘਰਾਂ 'ਤੇ ਹਥਿਆਰਬੰਦ ਕਾਨੂੰਨ ਲਾਗੂ ਕਰਨ ਵਾਲਿਆਂ ਵਲੋਂ ਬਿਨਾਂ ਸਰਕਾਰੀ ਨਿਗਰਾਨੀ ਜਾਂ ਬਿਨਾਂ ਵਰੰਟਾਂ ਦੇ ਛਾਪੇਮਾਰੀ ਕੀਤੀ ਜਾਵੇ, ਇਹ ਸਿੱਖ ਕੌਮ ਦੀਆਂ ਧਾਰਮਿਕ ਪ੍ਰੰਪਰਾਵਾਂ ਦੇ ਖ਼ਿਲਾਫ਼ ਤੇ ਬਰਦਾਸ਼ਤ ਕਰਨ ਯੋਗ ਨਹੀਂ ਹੈ। ਸਮੂਹਿਕ ਤੌਰ 'ਤੇ ਸਿੱਖ ਭਾਈਚਾਰੇ ਵਲੋਂ ਗ੍ਰਹਿ ਵਿਭਾਗ ਦੇ ਸੰਵੇਦਨਸ਼ੀਲ ਖੇਤਰਾਂ ਲਈ ਸੁਰੱਖਿਆ ਨੂੰ ਖਤਮ ਕਰਨ ਤੇ ਫਿਰ ਗੁਰਦੁਆਰਿਆਂ ਵਰਗੇ ਧਾਰਮਿਕ ਤੇ ਪੂਜਾ ਸਥਾਨਾਂ ਨੂੰ ਨਿਸ਼ਾਨਾ ਬਣਾਉਣਾ ਤੇ ਟਰੰਪ ਪ੍ਰਸ਼ਾਸਨ ਵਲੋਂ ਪਿਛਲੇ ਉਨ੍ਹਾਂ ਨਿਰਦੇਸ਼ਾਂ, ਜਿਨ੍ਹਾਂ ਤਹਿਤ ਸੁਰੱਖਿਆ ਖੇਤਰ, ਹਸਪਤਾਲ, ਸਕੂਲ, ਸਮਾਜ ਸੇਵਾ ਕੇਂਦਰ ਤੇ ਹੋਰ ਸ਼ਾਮਿਲ ਸਨ, 'ਤੇ ਗ੍ਰਹਿ ਨੀਤੀ ਰੱਦ ਕਰਨ ਉਪਰੰਤ ਗਿਝਫ਼ਤਾਰੀਆਂ ਦਾ ਦਰਵਾਜ਼ਾ ਖੋਲ੍ਹਿਆ ਹੈ ਅਤੇ ਗੁਰੂ ਘਰਾਂ 'ਤੇ ਛਾਪੇਮਾਰੀ ਕੀਤੀ ਹੈ। ਇਸ ਦਰਮਿਆਨ ਗ੍ਰਹਿ ਵਿਭਾਗ ਦੇ ਬੁਲਾਰੇ ਨੇ ਇਕ ਬਿਆਨ 'ਚ ਕਿਹਾ ਕਿ ਇਹ ਕਾਰਵਾਈ ਕਸਟਮ ਐਂਡ ਵਾਡਰ ਤੇ ਇੰਮੀਗ੍ਰੇਸ਼ਨ ਐਂਡ ਕਸਟਮ ਇਨਫੋਰਸਮੈਂਟ (ਆਈਸ) ਅਧਿਕਾਰੀਆਂ ਵਲੋਂ ਇਮੀਗ੍ਰੇਸ਼ਨ ਕਾਨੂੰਨ ਲਾਗੂ ਕਰਨ ਲਈ ਤੇ ਅਪਰਾਧੀ ਕਾਤਲ ਨੂੰ ਫੜਨ ਲਈ ਕੀਤੀ ਗਈ ਹੈ, ਜੋ ਸਾਡੇ ਦੇਸ਼ 'ਚ ਗੈਰ ਕਾਨੂੰਨੀ ਦਾਖ਼ਲ ਹੋਏ ਹਨ।ਟਰੰਪ ਪ੍ਰਸ਼ਾਸਨ ਅਜਿਹੇ ਕਾਨੂੰਨ ਲਾਗੂ ਕਰਨ ਜਾਂ ਉਨ੍ਹਾਂ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਲਈ ਸਾਡੇ ਹੱਥ ਨਹੀਂ ਬੰਨ੍ਹੇਗਾ ਜੋ ਸਕੂਲਾਂ, ਗਿਰਜਾ ਘਰਾਂ ਜਾਂ ਹੋਰ ਧਾਰਮਿਕ ਸਥਾਨਾਂ 'ਤੇ ਲੁਕੇ ਹੋਣ ।




ਉਧਰ ਅਮਰੀਕੀ ਰਾਸ਼ਟਰਪਤੀ ਜੇ. ਡੀ. ਵੈਂਸ ਨੇ ਧਾਰਮਿਕ ਇਮਾਰਤਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਇੰਮੀਗ੍ਰੇਸ਼ਨ ਛਾਪਿਆਂ ਦੀ ਸੰਭਾਵਨਾ ਨੂੰ ਰੱਦ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਹ ਕਾਰਵਾਈ ਇੰਮੀਗ੍ਰੇਸ਼ਨ ਲਈ ਕੋਈ ਖ਼ਾਸ ਗੱਲ ਨਹੀਂ ਹੈ ਤੇ ਜੇ ਤੁਹਾਡੇ ਕੋਲ ਕੋਈ ਅਜਿਹਾ ਵਿਅਕਤੀ ਹੈ ਜੋ ਹਿੰਸਕ ਅਪਰਾਧ ਦਾ ਦੋਸ਼ੀ ਹੈ ਤੇ ਉਹ ਗ਼ੈਰ ਕਾਨੂੰਨੀ ਪ੍ਰਵਾਸੀ ਹੈ ਜਾਂ ਨਹੀਂ, ਜਨਤਕ ਸੁਰੱਖਿਆ ਲਈ ਉਸ ਤੱਕ ਹਰਗਿਜ਼ ਪਹੁੰਚਣਾ ਪਵੇਗਾ।

ਆਪਣੀ ਤਿੱਖੀ ਪ੍ਰਤੀਕਿਰਿਆ 'ਚ ਕਿਰਨ ਕੌਰ ਗਿੱਲ ਨੇ ਇਹ ਵੀ ਕਿਹਾ ਕਿ ਅਸੀਂ ਗ੍ਰਹਿ ਸੁਰੱਖਿਆ ਵਿਭਾਗ ਦੇ ਸੰਵੇਦਨਸ਼ੀਲ ਖੇਤਰਾਂ ਲਈ ਸੁਰੱਖਿਆ ਖ਼ਤਮ ਕਰਨ ਤੇ ਫਿਰ ਗੁਰੂ ਘਰਾਂ ਨੂੰ ਨਿਸ਼ਾਨਾ ਬਣਾਉਣ ਦੇ ਫ਼ੈਸਲੇ ਤੋਂ ਬਹੁਤ ਦੁਖੀ ਹਾਂ।

# ਜ਼ੁਲਮ ਤੋਂ ਤੰਗ ਚੀਨੀ ਨਾਗਰਿਕ ਕੋਰਟ ਪੁੱਜੇ



**ਕਰਾਚੀ:** ਪਾਕਿਸਤਾਨ 'ਚ ਛੇ ਚੀਨੀ ਨਾਗਰਿਕਾਂ ਨੇ ਹਾਈ ਕੋਰਟ 'ਚ ਪੁਲਿਸ ਅੱਤਿਆਚਾਰ ਖ਼ਿਲਾਫ਼ ਪਟੀਸ਼ਨ ਦਾਖਲ ਕਰਵਾਈ ਹੈ। ਚੀਨੀ ਨਾਗਿਰਕਾਂ ਨੇ ਪੁਲਿਸ 'ਤੇ ਪੈਸੇ ਮੰਗਣ ਤੇ ਸੁਰੱਖਿਆ ਦੇ ਨਾਂ 'ਤੇ ਉਨ੍ਹਾਂ ਸਰਗਰਮੀਆਂ 'ਤੇ ਪਾਬੰਦੀ ਲਾਉਣ ਆਦਿ ਦੇ ਦੋਸ਼ ਲਾਏ ਹਨ। ਇਹ ਪਹਿਲਾ ਮੌਕਾ ਹੈ, ਜਦੋਂ ਪਾਕਿਸਤਾਨ 'ਚ ਚੀਨੀ ਨਾਗਰਿਕ ਪੁਲਿਸ ਅੱਤਿਆਚਾਰ ਖ਼ਿਲਾਫ਼ ਕੋਰਟ ਪੁੱਜੇ ਹਨ।

ਚੀਨੀ ਨਾਗਰਿਕਾਂ ਦੇ ਵਕੀਲ ਰਹਿਮਾਨ ਮਸੂਦ ਨੇ ਕਿਹਾ ਕਿ ਅੱਤਿਆਚਾਰ, ਰਿਸ਼ਵਤ ਦੀ ਮੰਗ, ਨਿੱਜਤਾ ਦੀ ਉਲੰਘਣਾ ਤੇ ਹੋਰ ਸਮੱਸਿਆਵਾਂ ਦਾ ਸਾਹਮਣਾ ਕਰਨ ਤੋਂ ਬਾਅਦ ਉਨ੍ਹਾਂ ਦੇ ਮੁਵੱਕਲਾਂ ਨੇ ਕੋਰਟ ਨਾਲ ਸੰਪਰਕ ਕਰਨ ਦਾ ਫ਼ੈਸਲਾ ਕੀਤਾ। ਕਰਾਚੀ 'ਚ ਸਿੰਧ ਹਾਈ ਕੋਰਟ ਦੇ ਬੈਂਚ ਨੇ ਵਿਦੇਸ਼ ਮੰਤਰਾਲਾ ਸੰਘੀ ਤੇ ਸੂਬਾਈ ਅਧਿਕਾਰੀਆਂ, ਪਾਕਿ 'ਚ ਚੀਨੀ ਸਫਾਰਤਖਾਨੇ ਨਾਲ ਹੀ ਕਰਾਚੀ 'ਚ ਚੀਨੀ ਵਣਜ ਸਫਾਰਤਖਾਨੇ ਸਮੇਤ ਹੋਰ ਨੰ ਨੋਟਿਸ ਜਾਰੀ ਕੀਤਾ ਹੈ।

# ਮੋਦੀ ਵਲੋਂ ਟਰੰਪ ਨਾਲ ਫ਼ੋਨ 'ਤੇ ਗੱਲਬਾਤ



**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਭਾਰਤ-ਅਮਰੀਕਾ ਸੰਬੰਧਾਂ ਨੂੰ ਅੱਗੇ ਵਧਾਉਣ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਫ਼ੋਨ 'ਤੇ ਗੱਲਬਾਤ ਕੀਤੀ। ਫ਼ੋਨ 'ਤੇ ਗੱਲਬਾਤ ਕਰਨ ਦੇ ਬਾਅਦ ਮੋਦੀ ਨੇ ਕਿਹਾ ਕਿ ਦੋਵੇਂ ਧਿਰਾਂ ਆਪਸੀ ਰੂਪ ਨਾਲ ਲਾਭਕਾਰੀ ਅਤੇ ਭਰੋਸੇਮੰਦ ਭਾਈਵਾਲੀ ਲਈ ਵਚਨਬੱਧ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਆਪਣੇ ਪਿਆਰੇ ਦੋਸਤ ਡੋਨਾਲਡ ਟਰੰਪ ਨਾਲ ਗੱਲਬਾਤ ਕਰਕੇ ਖ਼ੁਸ਼ੀ ਹੋਈ। ਪ੍ਰਧਾਨ ਮੰਤਰੀ ਨੇ ਐਕਸ 'ਤੇ ਕਿਹਾ ਕਿ ਉਨ੍ਹਾਂ ਨੇ ਉਨ੍ਹਾਂ (ਟਰੰਪ) ਦੇ ਇਤਿਹਾਸਕ ਦੂਜੇ ਕਾਰਜਕਾਲ ਲਈ ਵਧਾਈ ਦਿੱਤੀ । ਉਨ੍ਹਾਂ ਕਿਹਾ। ਕਿ ਅਸੀਂ ਆਪਸੀ ਤੌਰ 'ਤੇ ਲਾਭਕਾਰੀ ਅਤੇ ਭਰੋਸੇਮੰਦ ਭਾਈਵਾਲੀ ਲਈ ਪ੍ਰਤੀਬੱਧ ਹਾਂ। ਅਸੀਂ ਆਪਣੇ ਲੋਕਾਂ ਦੀ ਭਲਾਈ ਅਤੇ ਕੌਮਾਂਤਰੀ ਸ਼ਾਂਤੀ, ਖ਼ੁਸ਼ਹਾਲੀ ਅਤੇ ਸੁਰੱਖਿਆ ਲਈ। ਮਿਲ ਕੇ ਕੰਮ ਕਰਾਂਗੇ। ਪ੍ਰਧਾਨ ਮੰਤਰੀ ਦਫ਼ਤਰ ਵਲੋਂ ਜਾਰੀ ਇਕ ਬਿਆਨ 'ਚ ਕਿਹਾ ਗਿਆ ਕਿ ਦੋਵੇਂ ਨੇਤਾਵਾਂ ਨੇ ਜਲਦੀ ਮੁਲਾਕਾਤ ਕਰਨ ਲਈ ਸਹਿਮਤੀ ਪ੍ਰਗਟਾਈ ਹੈ।



# ਸਾਂਝੀ ਸੰਸਦੀ ਕਮੇਟੀ ਵਲੋਂ 'ਵਕਫ਼ ਸੋਧ ਬਿੱਲ' ਨੂੰ ਮਨਜ਼ੂਰੀ

**ਨਵੀਂ ਦਿੱਲੀ:**ਸੰਸਦ ਦੀ ਸਾਂਝੀ ਸੰਸਦੀ ਕਮੇਟੀ (ਜੇ.ਪੀ.ਸੀ.) ਨੇ ਸੋਮਵਾਰ ਨੂੰ ਵਕਵ ਸੋਧ ਬਿੱਲ 'ਚ ਤਜਵੀਜ਼ਸ਼ੁਦਾ ਸੋਧਾਂ ਨੂੰ ਮਨਜ਼ੂਰੀ ਦੇ ਦਿੱਤੀ। ਇਸ ਵਿਚ 14 ਬਦਲਾਅ ਕੀਤੇ ਗਏ ਹਨ ਅਤੇ ਅਗਲੇ ਬਜਟ ਇਜਲਾਸ 'ਚ ਰਿਪੋਰਟ ਨੂੰ ਸਦਨ 'ਚ ਰੱਖਿਆ ਜਾਵੇਗਾ। ਸੱਤਾਧਾਰੀ ਧਿਰ ਦੇ ਜਗਦੰਬਿਕਾ ਪਾਲ ਦੀ ਅਗਵਾਈ ਵਾਲੀ ਕਮੇਟੀ ਸਾਹਮਣੇ 44 ਬਦਲਾਵਾਂ ਲਈ ਤਜਵੀਜ਼ ਕੀਤੀ ਗਈ ਸੀ, ਜਿਨ੍ਹਾਂ 'ਚ ਕਈ ਤਜਵੀਜ਼ਾਂ ਵਿਰੋਧੀ ਸੰਸਦ ਮੈਂਬਰਾਂ ਵਲੋਂ ਕੀਤੀਆਂ ਗਈਆਂ ਸਨ ਪਰ ਵੋਟਿੰਗ ਰਾਹੀਂ ਵਿਰੋਧੀ ਧਿਰ ਦੇ ਤਜਵੀਜ਼ ਬਦਲਾਵਾਂ ਨੂੰ ਅਸਵੀਕਾਰ ਕਰ ਦਿੱਤਾ। ਗਿਆ। ਵਕਫ਼ ਸੋਧ ਬਿੱਲ ਦੀ ਜਾਂਚ ਕਰ ਰਹੀ ਜੇ. ਪੀ. ਸੀ. ਨੇ ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਮੈਂਬਰਾਂ ਵਲੋਂ ਤਜਵੀਜ਼ ਕੀਤੀਆਂ ਸਾਰੀਆਂ ਸੋਧਾਂ ਨੂੰ ਸਵੀਕਾਰ ਕਰ ਲਿਆ।

44 ਸੋਧਾਂ 'ਤੇ ਚਰਚਾ ਕੀਤੀ ਗਈ, ਜਿਨ੍ਹਾਂ 'ਚੋਂ 14 ਨੂੰ ਐਨ.ਡੀ.ਏ. ਸੰਸਦ ਮੈਂਬਰਾਂ ਦੇ ਸੁਝਾਵਾਂ ਦੇ ਆਧਾਰ 'ਤੇ ਮਨਜ਼ੂਰੀ ਦਿੱਤੀ ਗਈ, ਹਾਲਾਂਕਿ ਵੋਟਿੰਗ ਦੌਰਾਨ ਵਿਰੋਧੀ ਮੈਂਬਰਾਂ ਵਲੋਂ ਦਿੱਤੀਆਂ ਗਈਆਂ ਤਜਵੀਜ਼ਾਂ ਨੂੰ ਰੱਦ ਕਰ ਦਿੱਤਾ ਗਿਆ। ਦੂਜੇ ਪਾਸੇ ਵਿਰੋਧੀ ਧਿਰ ਦੇ ਮੈਂਬਰਾਂ ਨੇ ਜੇ.ਪੀ.ਸੀ. ਦੀ ਕਾਰਵਾਈ 'ਤੇ ਸਵਾਲ ਚੁੱਕੇ ਤੇ ਇਸ ਪ੍ਰਕਿਰਿਆ ਨੂੰ ਗ਼ੈਰ-ਲੋਕਤੰਤਰੀ ਕਰਾਰ ਦਿੰਦੇ ਹੋਏ ਚੇਅਰਮੈਨ ਜਗਦੰਬਿਕਾ ਪਾਲ 'ਤੇ ਲੋਕਤੰਤਰਿਕ ਪ੍ਰਕਿਰਿਆ ਨੂੰ ਕਮਜ਼ੋਰ ਕਰਨ ਦਾ ਦੋਸ਼ ਲਾਇਆ। ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਕਲਿਆਣ ਬੈਨਰਜੀ ਨੇ ਦੋਸ਼ ਲਗਾਇਆ ਕਿ ਵਿਰੋਧੀ ਧਿਰ ਨੂੰ ਕਮੇਟੀ 'ਚ ਲੋੜੀਂਦਾ ਸਮਾਂ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇਹ ਇਕ ਦਿਖਾਵਟੀ ਬੈਠਕ ਸੀ, ਜਿਸ ਵਿਚ ਸਾਨੂੰ ਸੁਣਿਆ ਤੱਕ ਨਹੀਂ ਗਿਆ।

# ਪਾਕਿ ’ਚ ਈਸ਼ਨਿੰਦਾ ਦੇ ਦੋਸ਼ ’ਚ ਚਾਰ ਨੂੰ ਮੌਤ ਦੀ ਸਜ਼ਾ ਸੁਣਾਈ



**ਲਾਹੌਰ:** ਪਾਕਿਸਤਾਨ ਦੀ ਇੱਕ ਅਦਾਲਤ ਨੇ ਫੇਸਬੁੱਕ ਉੱਪਰ ਈਸ਼ਨਿੰਦਾ ਸਮੱਗਰੀ ਪੋਸਟ ਕਰਨ ਦੇ ਦੋਸ਼ੀ ਚਾਰ ਲੋਕਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ। ਇਹ ਦੋਸ਼ ਲਗਾਇਆ ਗਿਆ ਸੀ ਕਿ ਇਨ੍ਹਾਂ ਲੋਕਾਂ ਨੇ ਚਾਰ ਵੱਖ-ਵੱਖ ਆਈਡੀ ਨਾਲ ਫੇਸਬੁੱਕ ਉੱਪਰ ਈਸ਼ਨਿੰਦਾ ਕਰਨ ਵਾਲੀ ਸਮੱਗਰੀ ਅਪਲੋਡ ਕੀਤੀ ਸੀ। ਇੱਕ ਅਧਿਕਾਰੀ ਨੇ ਸ਼ਨਿੱਚਰਵਾਰ ਨੂੰ ਦੱਸਿਆ ਕਿ ਵਧੀਕ ਸੈਸ਼ਨ ਜੱਜ ਮੁਹੰਮਦ ਤਾਰਿਕ ਅਯੂਬ ਨੇ ਇਸ ਮਾਮਲੇ ‘ਚ ਸ਼ੁੱਕਰਵਾਰ ਨੂੰ ਵਾਜਿਦ ਅਲੀ, ਅਹਫ਼ਾਕ ਅਲੀ ਸਾਕਿਬ, ਰਾਣਾ ਉਸਮਾਨ ਅਤੇ ਸੁਲੇਮਾਨ ਸਾਜਿਦ ਨੂੰ ਦੋਸ਼ੀ ਕਰਾਰ ਦਿੱਤਾ। ਹਰ ਇੱਕ ਨੂੰ ਅਲੱਗ-ਅਲੱਗ ਮਾਮਲਿਆਂ ‘ਚ ਫਾਂਸੀ ਅਤੇ 80 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ। ਕੋਰਟ ਨੇ 52 ਲੱਖ ਪਾਕਿਸਤਾਨੀ ਰੁਪਏ ਦਾ ਜ਼ੁਰਮਾਨਾ ਵੀ ਲਗਾਇਆ ਹੈ। ਪਾਕਿਸਤਾਨ ‘ਚ ਈਸ਼ਨਿੰਦਾ ਕਾਨੂੰਨ ਅਕਸਰ ਘੱਟ ਗਿਣਤੀਆਂ ਦੇ ਵਿਰੁੱਧ ਵਰਤਿਆ ਜਾਂਦਾ ਹੈ। ਕਈ ਵਾਰ ਦੋਸ਼ੀ ਭੀੜ ਦੀ ਹਿੰਸਾ ਦਾ ਸ਼ਿਕਾਰ ਹੋ ਜਾਂਦੇ ਹਨ।

# ਗਵਾਲੀਅਰ ’ਚ ਕੁੱਤਿਆਂ ਨੇ 7 ਸਾਲਾ ਬੱਚੇ ਨੂੰ ਨੋਚਿਆ



**ਗਵਾਲੀਅਰ:** ਮੱਧ ਪ੍ਰਦੇਸ਼ ਦੇ ਗਵਾਲੀਅਰ ‘ਚ ਸ਼ਾਰਦਾ ਬਾਲ ਗ੍ਰਾਮ ਆਸ਼ਰਮ ਕੰਪਲੈਕਸ ‘ਚ ਸ਼ੁੱਕਰਵਾਰ ਦੀ ਰਾਤ ਸੱਤ ਸਾਲਾਂ ਦੇ ਬੱਚੇ ਨੂੰ ਕੁੱਤਿਆਂ ਨੇ ਸਿਰ ਤੋਂ ਲੈ ਕੇ ਪੈਰ ਤੱਕ ਕੱਟ ਲਿਆ। ਜਿਸ ਨੇ ਵੀ - ਇਸ ਘਟਨਾ ਨੂੰ ਦੇਖਿਆ, ਉਸਦੇ ਹੋਸ਼ ਉੱਡ ਗਏ। ਬੱਚੇ ਦੇ ਸਰੀਰ ‘ਤੇ 17 ਤੋਂ ਜ਼ਿਆਦਾ ਥਾਂ ‘ਤੇ ਨਾਂ ਕੇਵਲ ਜ਼ਖ਼ਮ ਹੋ ਗਏ ਹਨ, ਬਲਕਿ ਸਿਰ ਦੇ ਪਿੱਛੇ ਦੀ ਚਮੜੀ ਸਮੇਤ ਦੋ ਇੰਚ ਵਾਲ ਵੀ ਉੱਤਰ ਗਏ ਹਨ। ਸ਼ਨਿੱਚਰਵਾਰ ਦੁਪਹਿਰ ਸੁਪਰ ਸਪੈਸ਼ਿਲਿਟੀ ਹਸਪਤਾਲ ਦੀ ਆਈਸੀਯੂ ‘ਚ ਦਾਖ਼ਲ ਬੱਚੇ ਦਾ ਢਾਈ ਘੰਟੇ ਤੱਕ ਆਪ੍ਰੇਸ਼ਨ ਚੱਲਿਆ, ਉਸਦੇ ਸਰੀਰ ‘ਤੇ 50 ਤੋਂ ਜ਼ਿਆਦਾ ਟਾਂਕੇ ਲਗਾਏ ਗਏ। ਹਨ। ਆਸ਼ਰਮ ‘ਚ ਰਹਿ ਕੇ ਪੜ੍ਹਾਈ ਕਰ ਰਿਹਾ ਮਾਸੂਮ ਦੋਸਤਾਂ ਨਾਲ ਵਿਹੜੇ ‘ਚ ਹੀ ਖੇਡ ਰਿਹਾ ਸੀ। ਇਸੇ ਦੌਰਾਨ ਅਚਾਨਕ ਪੰਜ ਅਵਾਰਾ ਕੁੱਤਿਆਂ ਨੇ ਉਸ ਉੱਪਰ ਹਮਲਾ ਕਰ ਦਿੱਤਾ। ਚੀਕਾਂ ਸੁਣ ਕੇ ਆਸ਼ਰਮ ‘ਚ ਮੌਜੂਦ ਕਰਮਚਾਰੀ ਬੱਚੇ ਨੂੰ ਬਚਾਉਣ ਲਈ ਭੱਜੇ ਤੇ ਕੁੱਤਿਆਂ ਤੋਂ ਛੁਡਾਇਆ।

# ਲੰਮੇ ਸਮੇਂ ਤੋਂ ਸੁੱਤੀ ਭਾਰਤ ਦੀ ਆਤਮਾ ਮੁੜ ਜਾਗੀ: ਰਾਸ਼ਟਰਪਤੀ ਮੁਰਮੂ

## ਗਣਤੰਤਰ ਦਿਵਸ ਦੀ ਪੂਰਵ ਸੰਧਿਆ ’ਤੇ ਰਾਸ਼ਟਰ ਦੇ ਨਾਮ ਸੰਦੇਸ਼



**ਨਵੀਂ ਦਿੱਲੀ:** ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ ਹੈ ਕਿ ਦੇਸ਼ ਨੇ ਭਾਵੇਂ 1947 ‘ਚ ਆਜ਼ਾਦੀ ਹਾਸਲ ਕਰ ਲਈ ਸੀ, ਪਰ ਬਸਤੀਵਾਦੀ ਮਾਨਸਿਕਤਾ ਦੇ ਕਈ ਹਿੱਸੇ ਲੰਬੇ ਸਮੇਂ ਤੱਕ ਬਿਰਾਜਮਾਨ ਰਹੇ। ਹਾਲੀਆ ਦੌਰ ‘ਚ ਅਸੀ ਉਸ ਮਾਨਸਿਕਤਾ ਨਾਲ ਨਿਪਟਣ ਦੀ ਠੋਸ ਕੋਸ਼ਿਸ਼ ਕੀਤੀ। ਇਸ ਵਿਚ ਭਾਰਤੀ ਦੰਡ ਸੰਹਿਤਾ, ਦੰਡ ਪ੍ਰਕਿਰਿਆ ਸਹਿਤਾ ਤੇ ਭਾਰਤੀ ਸਬੂਤ ਐਕਟ 1872 ਦੀ ਥਾਂ ‘ਤੇ ਭਾਰਤੀ ਨਿਆਂ ਸੰਹਿਤਾ, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਤੇ ਭਾਰਤੀ ਸਬੂਤ ਐਕਟ 20213 ਨੂੰ ਲਾਗੂ ਕਰਨ ਦਾ ਫੈਸਲਾ ਸਭ ਤੋਂ ਅਹਿਮ ਹੈ। ਉਨ੍ਹਾਂ ਨੇ ਇਸ ਮੌਕੇ ‘ਤੇ ਪ੍ਰਯਾਗਰਾਜ ‘ਚ ਚੱਲ ਰਹੇ ਮਹਾਕੁੰਭਦਾ ਵੀ ਜ਼ਿਕਰ ਕੀਤਾ ਤੇ ਕਿਹਾ ਕਿ ਸਾਡੀ ਸਭਿਆਚਾਰਕ ਵਿਰਾਸਤ ਦੇ ਪ੍ਰਤੀ ਸਾਡਾ ਜੁੜਾਅ ਹੋਰ ਜ਼ਿਆਦਾ ਡੂੰਘਾ ਹੋਇਆ ਹੈ। ਇਸ ਆਯੋਜਨ ਨੂੰ ਦੇਸ਼ ਦੀ ਖੁਸ਼ਹਾਲ ਵਿਰਾਸਤ ਦੇ ਪ੍ਰਗਟਾਵੇ ਵਜੋਂ ਦੇਖਿਆ ਜਾ ਸਕਦਾ ਹੈ। ਗਣਤੰਤਰ ਦਿਵਸ ਦੀ ਪੂਰਬਲੀ ਸ਼ਾਮ ‘ਤੇ ਦੇਸ਼ ਨੂੰ ਸੰਬੋਧਨਕ ਰਦੇ ਹੋਏ ਮੁਰਮੂ ਨੇ ਕਿਹਾ ਕਿ ਕਿਸੇ ਵੀ ਦੇਸ਼ ਦੇ ਇਤਿਹਾਸਚ 75 ਸਾਲ ਦਾ ਸਮਾਂ ਪਲਕ ਝਪਕਣ ਵਰਗਾ ਹੁੰਦਾ ਹੈ।

ਪਰ ਮੇਰੇ ਵਿਚਾਰ ਨਾਲ ਭਾਰਤ ਦੇ ਪਿਛਲੇ 75 ਸਾਲਾਂ ਦੇ ਸੰਦਰਭ ‘ਚ ਅਜਿਹਾ ਬਿਲਕੁਲ ਨਹੀਂ ਕਿਹਾ ਜਾ ਸਕਦਾ। ਇਹ ਉਹ ਸਮਾਂ ਹੈ ਜਿਸ ਵਿਚ ਲੰਬੇ ਸਮੇਂ ਤੋਂ ਸੁੱਤੀ ਹੋਈ ਭਾਰਤ ਦੀ ਆਤਮਾ ਮੁੜ ਜਾਗੀ ਹੈ। ਸਾਡਾ ਦੇਸ਼ ਦੁਨੀਆ ‘ਚ ਆਪਣੀ ਉਚਿਤ ਥਾਂ ਹਾਸਲ ਕਰ ਰਿਹਾ ਹੈ। ਆਪਣਾ ਦਬਦਬਾ ਬਣਾ ਰਿਹਾ ਹੈ। ਇਸ ਮੌਕੇ ‘ਤੇ ਉਨ੍ਹਾਂ ਨੇ ਆਜ਼ਾਦੀ ਦੀ ਲੜਾਈ ‘ਚ ਹਿੱਸਾ ਲੈਣ ਵਾਲੇ ਬਹਾਦਰ ਸੈਨਾਨੀਆਂ ਨੂੰ ਵੀ ਯਾਦ ਕੀਤਾ।

ਸਰਕਾਰ ਦੇ ਵਿਕਾਸ ਨਾਲਜੁੜੇ ਕੰਮਕਾਜ ਦੀ ਸ਼ਲਾਘਾਕ ਰਦੇ ਹੋਏ ਰਾਸ਼ਟਰਪਤੀ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਲੋਕ ਭਲਾਈ ਦੀ ਨਵੀਂ ਪਰਿਭਾਸ਼ਾ ਦਿੱਤੀ ਹੈ। ਇਨ੍ਹਾਂ ‘ਚ ਰਿਹਾਇਸ਼ ਤੇ ਪੀਣ ਵਾਲੇ ਪਾਣੀ ਵਰਗੀਆਂ ਬੁਨਿਆਦੀ ਜ਼ਰੂਰਤਾਂ ਨੂੰ ਅਧਿਕਾਰ ਮੰਨਿਆ ਗਿਆ ਹੈ। ਗਰੀਬ ਵਰਗਾਂ ਖਾਸ ਤੌਰ ‘ਤੇ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਜਾਂ ਹੋਰ ਪੱਛੜਾ ਵਰਗ ਨੂੰ ਮਜ਼ਬੂਤ ਬਣਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਦੀ ਗਰੀਬੀ ਲਗਾਤਾਰ ਘੱਟ ਹੋ ਰਹੀ ਹੈ।

ਆਪਣੇ ਕਰੀਬ 25 ਮਿੰਟ ਦੇ ਸੰਬੋਧਨ ‘ਚ ਉਨ੍ਹਾਂ ਕਿਹਾ ਕਿ ਸਾਡਾ ਸੰਵਿਧਾਨ ਇਕ ਜੀਵੰਤ ਦਸਤਾਵੇਜ਼ ਇਸ ਲਈ ਬਣ ਗਿਆ ਹੈ ਕਿਉਂਕਿ ਨਾਗਰਿਕਾਂ ਦੀ ਨਿਸ਼ਠਾ, ਸਦੀਆਂ ਤੋਂ ਸਾਡੇ ਨੈਤਿਕ ਜੀਵਨ ਦੀ ਦ੍ਰਿਸ਼ਟੀ ਨਾਲ ਪ੍ਰਮੁੱਖ ਤੱਤ ਰਹੀ ਹੈ। ਪ੍ਰਧਾਨ ਮੰਤਰੀ ਜਨ ਧਨ ਯੋਜਨਾ, ਪ੍ਰਧਾਨ ਮੰਤਰੀ ਜੀਵਨ ਸਖੌਤੀ ਬੀਮਾ ਯੋਜਨਾ, ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ, ਮੁਦਰਾ ਯੋਜਨਾ, ਸਟੈਂਡ ਅੱਪ ਇੰਡੀਆ ਤੇ ਅਟਲ ਪੈਨਸ਼ਨ ਯੋਜਨਾ ਵਰਗੀਆਂ ਵਿੱਤੀ ਸਮਰਥਨ ਵਾਲੀਆਂ ਯੋਜਨਾਵਾਂ ਦਾ ਵਿਸਥਾਰ ਕੀਤਾ ਗਿਆ ਹੈ ਤਾਂ ਜੋ ਵੱਧ ਤੋਂ ਵੱਧ ਲੋਕਾਂ ਤੱਕ ਵੱਖ ਵੱਖ ਤਰ੍ਹਾਂ ਦੀ ਵਿੱਤੀ ਮਦਦ ਪਹੁੰਚਾਈ ਜਾ ਸਕੇ।

ਰਾਸ਼ਟਰਪਤੀ ਨੇ ਕਿਹਾਕਿ ਏਨੇ ਵੱਡੇ ਪੱਧਰ ‘ਤੇ ਸੁਧਾਰ ਲਈ ਦੂਰਦਰਸ਼ਿਤਾ ਦੀ ਜ਼ਰੂਰਤ ਹੁੰਦੀ ਹੈ। ਦੇਸ਼ ‘ਚ ਚੋਣਾਂ ਨੂੰ ਇਕੱਠੇ ਕਰਾਉਣ ਲਈ ਸੰਸਦ ‘ਚ ਪੇਸ਼ ਕੀਤਾ ਗਿਆ ਇਕ ਦੇਸ਼-ਇਕ ਚੋਣ ਬਿੱਲ ਇਕ ਹੋਰ ਅਜਿਹੀ ਕੋਸ਼ਿਸ਼ ਹੈ, ਜਿਸ ਨਾਲ ਸੁਸ਼ਾਸਨ ਦੇ ਨਵੇਂ ਆਯਾਮ ਦਿੱਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਵੱਖ ਵੱਖ ਖੇਤਰਾਂ ‘ਚ ਮਹੱਤਵਪੂਰਣ ਤੇ ਸ਼ਾਨਦਾਰ ਪ੍ਰਗਤੀ ਦੇ ਜ਼ੋਰ ‘ਤੇ ਅਸੀਂ ਆਪਣਾ ਸਿਰ ਉੱਚਾ ਕਰ ਕੇ ਭਵਿੱਖ ਵੱਲ ਕਦਮ ਵਧਾ ਰਹੇ ਹਾਂ।

# ‘ਲਿਵ ਇਨ ਰਿਲੇਸ਼ਨਸ਼ਿਪ’ ਜ਼ਿੰਮੇਵਾਰੀ ਤੋਂ ਛੁਟਕਾਰਾ ਪਾਉਣ ਦੀ ਮਾਨਸਿਕਤਾ: ਹਾਈ ਕੋਰਟ

***ਪੀੜਤ ਅਨੁਸੂਚਿਤ ਜਾਤੀ ਨਾਲ ਸਬੰਧਤ ਹੈ। ਉਸਨੇ ਅਪੀਲਕਰਤਾ ਆਕਾਸ਼ ਕੇਸਰੀ ਦੇ ਖ਼ਿਲਾਫ਼ ਵਾਰਾਣਸੀ ਦੇ ਸਾਰਨਾਥ ਥਾਣੇ ‘ਚ ਜਬਰ-ਜਨਾਹ, ਮਾਰਕੁੱਟ ਅਤੇ ਕੀਮਤਾਂ ਨੂੰ ਬਚਾਇਆ ਜਾ ਸਕੇ।***

**ਪ੍ਰਯਾਗਰਾਜ :** ਇਲਾਹਾਬਾਦ ਹਾਈ ਕੋਰਟ ਨੇ ਕਿਹਾ ਹੈ ਕਿ ਸਮਾਜ ਅੰਦਰ ਪਰਿਵਰਤਨ ਦਾ ਦੌਰ ਹੈ। ਨੌਜਵਾਨਾਂ ਦੀਆਂ ਨੈਤਿਕ ਕਦਰਾਂ-ਕੀਮਤਾਂ ਅਤੇ ਵਿਵਹਾਰ ਅੰਦਰ ਹਰ ਥਾਂ ਬਦਲਾਅ ਦੇਖਿਆ ਜਾ ਰਿਹਾ ਹੈ। ਹਾਲਾਂਕਿ, ਲਿਵ ਇਨ ਰਿਲੇਸ਼ਨਸ਼ਿਪ ਨੂੰ ਸਮਾਜ ਦੀ ਪ੍ਰਵਾਨਗੀ ਨਹੀਂ ਪਰ ਫਿਰ ਵੀ ਨੌਜਵਾਨ ਅਜਿਹੇ ਰਿਸ਼ਤਿਆਂ ਪ੍ਰਤੀ ਆਕਰਸ਼ਿਤ ਹੋ ਰਹੇ ਹਨ ਤਾਂ ਕਿ ਆਪਣੇ ਸਾਥੀ ਪ੍ਰਤੀ ਜ਼ਿੰਮੇਵਾਰੀ ਤੋਂ ਆਸਾਨੀ ਨਾਲ ਛੁਟਕਾਰਾ ਪਾ ਸਕਣ। ਇਸ ਪ੍ਰਬਿਰਤੀ ਅੰਦਰ ਤੇਜ਼ੀ ਨਾਲ ਵਾਧਾ ਦਿਖਾਈ ਦੇ ਰਿਹਾ ਹੈ। ਹੁਣ ਸਮਾਂ ਆ ਗਿਆ ਹੈ, ਜਦੋਂ ਸਾਨੂੰ ਖਰੜਾ ਤਿਆਰ ਕਰ ਕੇ ਅਜਿਹੀ ਸਮੱਸਿਆ ਦਾ ਹੱਲ ਕੱਢਣ ਦੀ ਦਿਸ਼ਾ ‘ਚ ਸੋਚਣਾ ਪਵੇਗਾ ਤਾਂ ਕਿ ਸਮਾਜਿਕੀਮਤਾਂ ਨੂੰ ਬਚਾਇਆ ਜਾ ਸਕੇ। ਇਹ ਟਿੱਪਣੀ ਜਸਟਿਸ ਨਲਿਨ ਕੁਮਾਰ ਸ੍ਰੀਵਾਸਤਵ ਨੇ ਲੰਬੇ ਸਮੇਂ ਤੱਕ ਚੱਲੇ ਰਿਸ਼ਤੇ ‘ਚ ਆਈ ਕੁੜੱਤਣ ਤੋਂ ਬਾਅਦ ਮਾਰਕੁੱਟ ਅਤੇ ਜਬਰ-ਜਨਾਹ ਦੇ ਦੋਸ਼ੀ ਦੀ ਜ਼ਮਾਨਤ ਰੱਦ ਕਰਨ ਦੇ ਖ਼ਿਲਾਫ਼ ਦਾਖ਼ਲ ਅਪੀਲ ਨੂੰ ਸਵੀਕਾਰ ਕਰਦੇ ਹੋਏ ਕੀਤੀ।ਅਦਾਲਤ ਨੇ ਕਿਹਾ ਕਿ ਦੋਵੇਂ ਬਾਲਗ ਹਨ। ਛੇ ਸਾਲਾਂ ਤੱਕ ਸਹਿਮਤੀ ਨਾਲ ਰਿਸ਼ਤਾ ਕਾਇਮ ਰੱਖਿਆ ਅਤੇ ਅਸਹਿਮਤੀ ਹੋਣ ‘ਤੇ ਅਪਰਾਧਿਕ ਮਾਮਲਾ ਦਰਜ ਕਰਵਾਇਆ। ਪੀੜਤ ਅਨੁਸੂਚਿਤ ਜਾਤੀ ਨਾਲ ਸਬੰਧਤ ਹੈ। ਉਸਨੇ ਅਪੀਲਕਰਤਾ ਆਕਾਸ਼ ਕੇਸਰੀ ਦੇ ਖ਼ਿਲਾਫ਼ ਵਾਰਾਣਸੀ ਦੇ ਸਾਰਨਾਥ ਥਾਣੇ ‘ਚ ਜਬਰ-ਜਨਾਹ, ਮਾਰਕੁੱਟ ਅਤੇ ਕੀਮਤਾਂ ਨੂੰ ਬਚਾਇਆ ਜਾ ਸਕੇ। ਇਹ ਟਿੱਪਣੀ ਜਸਟਿਸ ਨਲਿਨ ਕੁਮਾਰ ਸ੍ਰੀਵਾਸਤਵ ਨੇ ਲੰਬੇ ਸਮੇਂ ਤੱਕ ਚੱਲੇ ਰਿਸ਼ਤੇ ‘ਚ ਆਈ ਕੁੜੱਤਣ ਤੋਂ ਬਾਅਦ ਮਾਰਕੁੱਟ ਅਤੇ ਜਬਰ-ਜਨਾਹ ਦੇ ਦੋਸ਼ੀ ਦੀ ਜ਼ਮਾਨਤ ਰੱਦ ਕਰਨ ਦੇ ਖ਼ਿਲਾਫ਼ ਦਾਖ਼ਲ ਅਪੀਲ ਨੂੰ ਸਵੀਕਾਰ ਕਰਦੇ ਹੋਏ ਕੀਤੀ।ਅਦਾਲਤ ਨੇ ਕਿਹਾ ਕਿ ਦੋਵੇਂ ਬਾਲਗ ਹਨ। ਛੇ ਸਾਲਾਂ ਤੱਕ ਸਹਿਮਤੀ ਨਾਲ ਰਿਸ਼ਤਾ ਕਾਇਮ ਰੱਖਿਆ ਅਤੇ ਅਸਹਿਮਤੀ ਹੋਣ ‘ਤੇ ਅਪਰਾਧਿਕ ਮਾਮਲਾ ਦਰਜ ਕਰਵਾਇਆ। ਪੀੜਤ ਅਨੁਸੂਚਿਤ ਜਾਤੀ ਨਾਲ ਸਬੰਧਤ ਹੈ। ਉਸਨੇ ਅਪੀਲਕਰਤਾ ਆਕਾਸ਼ ਕੇਸਰੀ ਦੇ ਖ਼ਿਲਾਫ਼ ਵਾਰਾਣਸੀ ਦੇ ਸਾਰਨਾਥ ਥਾਣੇ ‘ਚ ਜਬਰ-ਜਨਾਹ, ਮਾਰਕੁੱਟ ਅਤੇ ਗਾਲ੍ਹਾਂ ਕੱਢਣ ਦੇ ਦੋਸ਼ ‘ਚ ਐੱਫਆਈਆਰ ਦਰਜ ਕਰਵਾਈ। ਗਾਲ੍ਹਾਂ ਕੱਢਣ ਦੇ ਦੋਸ਼ ‘ਚ ਐੱਫਆਈਆਰਕੀਮਤਾਂ ਨੂੰ ਬਚਾਇਆ ਜਾ ਸਕੇ। ਇਹ ਟਿੱਪਣੀ ਜਸਟਿਸ ਨਲਿਨ ਕੁਮਾਰ ਸ੍ਰੀਵਾਸਤਵ ਨੇ ਲੰਬੇ ਸਮੇਂ ਤੱਕ ਚੱਲੇ ਰਿਸ਼ਤੇ ‘ਚ ਆਈ ਕੁੜੱਤਣ ਤੋਂ ਬਾਅਦ ਮਾਰਕੁੱਟ ਅਤੇ ਜਬਰ-ਜਨਾਹ ਦੇ ਦੋਸ਼ੀ ਦੀ ਜ਼ਮਾਨਤ ਰੱਦ ਕਰਨ ਦੇ ਖ਼ਿਲਾਫ਼ ਦਾਖ਼ਲ ਅਪੀਲ ਨੂੰ ਸਵੀਕਾਰ ਕਰਦੇ ਹੋਏ ਕੀਤੀ।



ਅਦਾਲਤ ਨੇ ਕਿਹਾ ਕਿ ਦੋਵੇਂ ਬਾਲਗ ਹਨ। ਛੇ ਸਾਲਾਂ ਤੱਕ ਸਹਿਮਤੀ ਨਾਲ ਰਿਸ਼ਤਾ ਕਾਇਮ ਰੱਖਿਆ ਅਤੇ ਅਸਹਿਮਤੀ ਹੋਣ ‘ਤੇ ਅਪਰਾਧਿਕ ਮਾਮਲਾ ਦਰਜ ਕਰਵਾਇਆ।

ਪੀੜਤ ਅਨੁਸੂਚਿਤ ਜਾਤੀ ਨਾਲ ਸਬੰਧਤ ਹੈ। ਉਸਨੇ ਅਪੀਲਕਰਤਾ ਆਕਾਸ਼ ਕੇਸਰੀ ਦੇ ਖ਼ਿਲਾਫ਼ ਵਾਰਾਣਸੀ ਦੇ ਸਾਰਨਾਥ ਥਾਣੇ ‘ਚ ਜਬਰ-ਜਨਾਹ, ਮਾਰਕੁੱਟ ਅਤੇ ਗਾਲ੍ਹਾਂ ਕੱਢਣ ਦੇ ਦੋਸ਼ ‘ਚ ਐੱਫਆਈਆਰ ਦਰਜ ਕਰਵਾਈ। ਦਰਜ ਕਰਵਾਈ।ਕ ਕਦਰਾਂ-ਕੀਮਤਾਂ ਨੂੰ ਬਚਾਇਆ ਜਾ ਸਕੇ। ਇਹ ਟਿੱਪਣੀ ਜਸਟਿਸ ਨਲਿਨ ਕੁਮਾਰ ਸ੍ਰੀਵਾਸਤਵ ਨੇ ਲੰਬੇ ਸਮੇਂ ਤੱਕ ਚੱਲੇ ਰਿਸ਼ਤੇ ‘ਚ ਆਈ ਕੁੜੱਤਣ ਤੋਂ ਬਾਅਦ ਮਾਰਕੁੱਟ ਅਤੇ ਜਬਰ-ਜਨਾਹ ਦੇ ਦੋਸ਼ੀ ਦੀ ਜ਼ਮਾਨਤ ਰੱਦ ਕਰਨ ਦੇ ਖ਼ਿਲਾਫ਼ ਦਾਖ਼ਲ ਅਪੀਲ ਨੂੰ ਸਵੀਕਾਰ ਕਰਦੇ ਹੋਏ ਕੀਤੀ।

ਅਦਾਲਤ ਨੇ ਕਿਹਾ ਕਿ ਦੋਵੇਂ ਬਾਲਗ ਹਨ। ਛੇ ਸਾਲਾਂ ਤੱਕ ਸਹਿਮਤੀ ਨਾਲ ਰਿਸ਼ਤਾ ਕਾਇਮ ਰੱਖਿਆ ਅਤੇ ਅਸਹਿਮਤੀ ਹੋਣ ‘ਤੇ ਅਪਰਾਧਿਕ ਮਾਮਲਾ ਦਰਜ ਕਰਵਾਇਆ। ਪੀੜਤ ਅਨੁਸੂਚਿਤ ਜਾਤੀ ਨਾਲ ਸਬੰਧਤ ਹੈ। ਉਸਨੇ ਅਪੀਲ ਕਰਤਾ ਆਕਾਸ਼ ਕੇਸਰੀ ਦੇ ਖ਼ਿਲਾਫ਼ ਵਾਰਾਣਸੀ ਦੇ ਸਾਰਨਾਥ ਥਾਣੇ ‘ਚ ਜਬਰ-ਜਨਾਹ, ਮਾਰਕੁੱਟ ਅਤੇ ਗਾਲ੍ਹਾਂ ਕੱਢਣ ਦੇ ਦੋਸ਼ ‘ਚ ਐੱਫਆਈਆਰ ਦਰਜ ਕਰਵਾਈ ਹੈ। ਵਿਸ਼ੇਸ਼ ਅਦਾਲਤ ਵਾਰਾਣਸੀ ਨੇ ਜ਼ਮਾਨਤ ਅਰਜ਼ੀ ਖ਼ਾਰਜ ਕਰ ਦਿੱਤੀ ਸੀ। ਇਸ ਨੂੰ ਹਾਈ ਕੋਰਟ ‘ਚ ਚੁਣੌਤੀ ਦਿੱਤੀ ਗਈ। ਅਪੀਲਕਰਤਾ ਦਾ ਕਹਿਣਾ ਸੀ ਕਿ ਉਸਨੂੰ ਝੂਠਾ ਫਸਾਇਆ ਗਿਆ ਹੈ। ਦੋਵਾਂ ‘ਚ ਸਹਿਮਤੀ ਨਾਲ ਲੰਬੇ ਸਮੇਂ ਤੱਕ ਰਿਸ਼ਤਾ ਕਾਇਮ ਰਿਹਾ। ਪੀੜਤ ਦਾ ਕਹਿਣਾ ਹੈ ਕਿ ਉਸਦਾ ਗਰਭਪਾਤ ਕਰਵਾਇਆ ਗਿਆ। ਵਿਆਹ ਦਾ ਵਾਅਦਾ ਕਰ ਕੇ ਦੋਸ਼ੀ ਮੁੱਕਰ ਗਿਆ। ਅਦਾਲਤ ਨੇ ਵਿਸ਼ੇਸ਼ ਅਦਾਲਤ ਦੇ ਜ਼ਮਾਨਤ ਅਰਜ਼ੀ ਰੱਦ ਕਰਨ ਦੇ ਹੁਕਮ ਨੂੰ ਗ਼ੈਰ-ਕਾਨੂੰਨੀ ਮੰਨਦਿਆਂ ਰੱਦ ਕਰ ਦਿੱਤਾ ਅਤੇ ਕਿਹਾ ਕਿ ਅਪੀਲਕਰਤਾ ਜ਼ਮਾਨਤ ਲੈਣ ਦਾ ਹੱਕਦਾਰ ਹੈ। ਅਦਾਲਤ ਨੇ ਅਪੀਲ ਸਵੀਕਾਰ ਕਰਦੇ ਹੋਏ ਸ਼ਰਤਾਂ ‘ਤੇ ਜ਼ਮਾਨਤ ਮਨਜ਼ੂਰ ਕਰ ਲਈ ਹੈ।

# ਭਰਤ ਇੰਦਰ ਸਿੰਘ ਚਹਿਲ ਨੂੰ ਰਾਹਤ; ਗ੍ਰਿਫ਼ਤਾਰੀ ’ਤੇ ਰੋਕ



**ਚੰਡੀਗੜ੍ਹ:** ਸੁਪਰੀਮ ਕੋਰਟ ਨੇ ਜਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਾਬਕਾ ਮੀਡੀਆ ਸਲਾਹਕਾਰ ਭਰਤ ਇੰਦਰ ਸਿੰਘ ਚਹਿਲ ਦੀ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਰਿਫ਼ਤਾਰੀ ‘ਤੇ ਰੋਕ ਲਗਾ ਦਿੱਤੀ ਹੈ। ਚਹਿਲ ਪਹਿਲੀ ਅਪ੍ਰੈਲ 2017 ਤੋਂ 31 ਅਗਸਤ 2021 ਤੱਕ ਮੁੱਖ ਮੰਤਰੀ ਦੇ ਮੀਡੀਆ ਸਰਕਾਰ ਰਹੇ ਸਨ। ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਦੇ ਅਗਸਤ 2023 ਨੂੰ ਰਹਿਤ ਖ਼ਿਲਾਫ ਆਮਦਨ ਤੋਂ ਵੱਧ ਜਾਇਦਾਦ ਰੱਖਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਸਰਬਉੱਚ ਅਦਾਲਤ ਨੇ 11 ਨਵੰਬਰ 2024 ਨੂੰ ਚਹਿਲ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਉਨ੍ਹਾਂ ਦੀ ਅਗਾਊ ਜ਼ਮਾਨਤ ਪਟੀਸ਼ਨ ਖ਼ਾਰਜ ਕਰਨ ਦੇ ਹੁਕਮ ਨੂੰ ਚੁਣੌਤੀ ਦੇਣ ਵਾਲੀ ਉਨ੍ਹਾਂ ਦੀ ਪਟੀਸ਼ਨ ਦੇ ਪੈਂਡਿੰਗ ਰਹਿਣ ਤੱਕ ਰਿਫਤਾਰੀ ਨਾ ਕਰਨ ਦੇ ਹੁਕਮ ਦਿੱਤੇ ਸਨ। ਬੈਂਚ ਨੇ ਆਪਣੇ ਅੰਤਰਿਮ ਹੁਕਮ ‘ਤੇ ਪੂਰਾ ਫੈਸਲਾ ਕਰਦੇ ਹੋਏ ਚਹਿਲ ਦੀ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ। ਜੱਜ ਵਿਕਰਮ ਨਾਥ ਅਤੇ ਜੱਜ ਸੰਦੀਪ ਮਹਿਤਾ ਦੇ ਬੈਂਚ ਨੇ ਕਿਹਾ ਕਿ 11 ਨਵੰਬਰ 2024 ਦੇ ਹੁਕਮ ਨੂੰ ਪੂਰਾ ਮੰਨਦੇ ਹਾਂ, ਬਸ਼ਰਤੇ ਪਟੀਸ਼ਨਰ ਜਾਂਚ ਤੇ ਸੁਣਵਾਈ ਦੌਰਾਨ ਸਹਿਯੋਗ ਕਰੇ।

# ਸ੍ਰੀਲੰਕਾ ਦੇ ਸਾਬਕਾ ਰਾਸ਼ਟਰਪਤੀ ਰਾਜਪਕਸ਼ੇ ਦਾ ਪੁੱਤਰ ਗ੍ਰਿਫ਼ਤਾਰ



**ਕੋਲੰਬੋ:** ਸ੍ਰੀਲੰਕਾ ਦੇ ਸਾਬਕਾ ਰਾਸ਼ਟਰਪਤੀ ਮਹਿੰਦਾ ਰਾਜਪਕਸ਼ੇ ਦੇ ਪੁੱਤਰ ਯੋਸ਼ਿਤਾ ਰਾਜਪਕਸ਼ੇ ਨੂੰ ਜਾਇਦਾਦ ਖ਼ਰੀਦ ਮਾਮਲੇ ‘ਚ ਭ੍ਰਿਸ਼ਟਾਚਾਰ ਦੇ ਦੋਸ਼ ‘ਚ ਪੁਲਿਸ ਨੇ ਸ਼ਨਿੱਚਰਵਾਰ ਨੂੰ ਗ੍ਰਿਫ਼ਤਾਰ ਕਰ ਲਿਆ। ਸਾਬਕਾ ਜਲ ਸੈਨਾ ਅਧਿਕਾਰੀ ਯੋਸ਼ਿਤਾ ਨੂੰ ਬੇਲੀਆਟਾ ਖੇਤਰ ‘ਚ ਉਸਦੇ ਘਰੋਂ ਗ੍ਰਿਫ਼ਤਾਰ ਕੀਤਾ ਗਿਆ। ਉਹ ਮਹਿੰਦਾ ਰਾਜਪਕਸ਼ੇ ਦੇ ਤਿੰਨ ਤੋਂ ਦੂਜੇ ਨੰਬਰ ‘ਤੇ ਹੈ। ਯੋਸ਼ਿਤਾ ਪੁੱਤਰਾਂ ‘ਚੋਂ ਦੂਜੇ ਰ ‘ਤੇ ਆਪਣੇ ਪਿਤਾ ਦੇ ਕਾਰਜਕਾਲ ਦੌਰਾਨ ਜਾਇਦਾਦ ਖ਼ਰੀਦ ਮਾਮਲੇ ‘ਚ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਹਨ। ਉਸਦੇ ਚਾਚਾ ਅਤੇ ਸਾਬਕਾ ਰਾਸ਼ਟਰਪਤੀ ਗੋਤਬਾਇਆ ਰਾਜਪਕਸ਼ੇ ਤੋਂ ਪੁਲਿਸ ਨੇ ਪਿਛਲੇ ਹਫ਼ਤੇ ਉਸ ਜਾਇਦਾਦ ਦੇ ਸਬੰਧ ‘ਚ ਪੁੱਛਗਿੱਛ ਕੀਤੀ ਸੀ। ਇਹ ਵਿਵਾਦਤ ਜਾਇਦਾਦ ਦੱਖਣੀ ਕਟਾਰਗਾਮਾ ‘ਚ ਇੱਕ ਹਾਲੀਡੇ ਹੋਮ ਹੈ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਮੀਟਿੰਗ ਮੁਲਤਵੀ ਕੀਤੇ ਜਾਣ 'ਤੇ ਪ੍ਰਗਟਾਇਆ ਰੋਸ

(ਪਹਿਲੇ ਸਫ਼ੇ ਦਾ ਬਾਕੀ)

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ 28 ਜਨਵਰੀ ਦੀ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਮੁਲਤਵੀ ਕੀਤੇ ਜਾਣ 'ਤੇ ਗਿਆਨੀ ਹਰਪ੍ਰੀਤ ਸਿੰਘ ਨੇ ਰੋਸ ਭਰਿਆ ਬਿਆਨ ਜਾਰੀ ਕੀਤਾ ਹੈ। ਮੀਟਿੰਗ ਮੁਲਤਵੀ ਕੀਤੇ ਜਾਣ ਦੀ ਜਾਣਕਾਰੀ ਜਨਤਕ ਕੀਤੇ ਜਾਣ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਨੇ ਇਕ ਵੀਡੀਓ ਜਾਰੀ ਕਰ ਕੇ ਕਿਹਾ ਹੈ ਕਿ ਇਸ ਮੀਟਿੰਗ 'ਚ ਸੋਚ ਤੋਂ ਪਰੇ ਗੁਰਮਤਿ ਦੀ ਰੋਸ਼ਨੀ 'ਚ ਫ਼ੈਸਲੇ ਹੋਣੇ ਸਨ। ਪਰ ਮੀਟਿੰਗ ਮੁਲਤਵੀ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਹੈ ਕਿ ਕੇਵਲ ਮੀਟਿੰਗ ਮੁਲਤਵੀ ਨਹੀਂ ਹੋਈ ਬਲਕਿ ਉਨ੍ਹਾਂ ਖ਼ਿਲਾਫ਼ ਤਿੰਨ ਮੈਂਬਰੀ ਜਾਂਚ ਕਮੇਟੀ ਨੇ ਜਾਂਚ ਦੀ ਰਫ਼ਤਾਰ ਵਧਾ ਦਿੱਤੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਦੋਸ਼ ਲਗਾਇਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੱਢੇ ਹੋਏ ਲੀਡਰ ਆਪਣੀ ਗੱਡੀ 'ਚ ਬਿਠਾ ਕੇ ਉਨ੍ਹਾਂ ਖ਼ਿਲਾਫ਼ ਗਵਾਹ ਭੁਗਤਾ ਰਹੇ ਹਨ। ਉਨ੍ਹਾਂ ਕਿਹਾ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੁਲਾਜ਼ਮਾਂ ਨੂੰ ਉਨ੍ਹਾਂ ਖ਼ਿਲਾਫ਼ ਗਵਾਹੀ ਦੇਣ ਲਈ ਕਿਹਾ ਜਾ ਰਿਹਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਗਿਆਨੀ ਗੁਰਬਚਨ ਸਿੰਘ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਜਿਹੜੇ ਜਥੇਦਾਰ ਘਰ ਜਾ ਕੇ ਫ਼ੈਸਲਿਆਂ ਨੂੰ ਪ੍ਰਵਾਨ ਕਰ ਲੈਂਦੇ ਹਨ ਜਾਂ ਈਨ ਮੰਨ ਲੈਂਦੇ ਹਨ, ਉਹ ਬਿਲਡਿੰਗਾਂ ਬਣਾ ਲੈਣ, ਬਿਜਨਸ ਖੜ੍ਹੇ ਕਰ ਲੈਣ, ਕਰੋੜਾਂ ਰੁਪਏ ਕਮਾ ਲੈਣ, ਉਨ੍ਹਾਂ ਨੂੰ ਕੁਝ ਨਹੀਂ ਕਿਹਾ ਜਾਂਦਾ। ਸੇਵਾ ਮੁਕਤ ਹੋਣ ਦੇ ਅੱਠ-ਅੱਠ ਸਾਲ ਬਾਅਦ ਵੀ ਉਨ੍ਹਾਂ ਨੂੰ ਸਹੂਲਤਾਂ ਜਾਰੀ ਰਹਿੰਦੀਆਂ ਹਨ। ਪਰ ਉਨ੍ਹਾਂ (ਗਿਆਨੀ ਹਰਪ੍ਰੀਤ ਸਿੰਘ) ਦੀਆਂ ਬੁਰਕੀਆਂ ਤੱਕ ਦਾ ਹਿਸਾਬ ਕੀਤਾ ਜਾ ਰਿਹਾ ਹੈ ਕਿ ਜਥੇਦਾਰ ਨੇ ਕਦੋਂ ਕਿੰਨੀਆਂ ਗਰਾਹੀਆਂ ਖਾਧੀਆਂ ਸਨ। ਗਿਆਨੀ ਹਰਪ੍ਰੀਤ ਸਿੰਘ ਨੇ ਸਖ਼ਤ ਲਹਿਜ਼ੇ ਵਿਚ ਕਿਹਾ ਕਿ ਜਲਦੀ ਕਰੋ, ਮੇਰੇ ਤੇ ਦੋਸ਼ ਲਾਓ, ਬਾਹਰ ਕੱਢੋ, ਸੇਵਾਵਾਂ ਖਤਮ ਕਰੋ, ਉਸ ਤੋਂ ਬਾਅਦ ਮੈਂ ਦੇਖਾਂਗਾ। ਮੈਂ ਆਪਣੇ ਪੰਥ ਦੇ ਸਹਿਯੋਗ ਨਾਲ, ਆਪਣੀ ਕੌਮ ਦੇ ਸਹਿਯੋਗ ਨਾਲ ਕਿਸ ਤਰ੍ਹਾਂ ਮਿਲ ਕੇ ਇਸ ਦਾ ਜਵਾਬ ਦੇਵਾਂਗਾ।

## ਜਥੇਦਾਰਾਂ ਦਾ ਅਪਮਾਨ ਤਖ਼ਤਾਂ ਦਾ ਅਪਮਾਨ

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਜਥੇਦਾਰਾਂ ਨੂੰ ਮਿਲਣ ਵਾਲਾ ਸਨਮਾਨ ਤਖ਼ਤਾਂ ਦਾ ਸਨਮਾਨ ਹੈ ਤੇ ਜਥੇਦਾਰਾਂ ਦਾ ਕੀਤਾ ਜਾਣ ਵਾਲਾ ਅਪਮਾਨ ਵੀ ਤਖ਼ਤਾਂ ਦਾ ਹੀ ਅਪਮਾਨ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਹੈ ਕਿ ਅਕਾਲ ਤਖ਼ਤ ਸਾਹਿਬ ਨਾਲ ਟਕਰਾਉਣ ਵਾਲੇ ਨੂੰ ਹਮੇਸ਼ਾ ਮੂੰਹ ਦੀ ਖਾਣੀ ਪਈ ਹੈ। ਉਹ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਬਾਬਾ ਕੁਲਵੰਤ ਸਿੰਘ ਦੀ ਬਤੌਰ ਜਥੇਦਾਰ 25 ਵਰ੍ਹੇ ਸੇਵਾ ਪੂਰੀ ਹੋਣ 'ਤੇ ਕਰਵਾਏ ਗਏ ਵਿਸ਼ੇਸ਼ ਸਨਮਾਨ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਹਜ਼ੂਰ ਸਾਹਿਬ ਦੇ ਜਥੇਦਾਰ ਬਾਬਾ ਕੁਲਵੰਤ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ ਸਮੇਤ ਵੱਡੀ ਗਿਣਤੀ 'ਚ ਸੰਤ ਮਹਾਪੁਰਖ ਮੌਜੂਦ ਸਨ।



ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ, ਜਿਹੜਾ ਵੀ ਤਖ਼ਤ ਸਾਹਿਬ ਤੋਂ ਮੁਖ ਮੋੜਦਾ ਹੈ ਉਸ ਦਾ ਨਸਲਾਂ ਤੱਕ ਨਾਸ ਹੋ ਜਾਂਦਾ ਹੈ ਚਾਹੇ ਉਹ ਜਥੇਦਾਰ ਹੀ ਕਿਉਂ ਨਾ ਹੋਵੇ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਕਿਸੇ ਹਾਕਮ ਨੇ ਤਖ਼ਤ ਸਾਹਿਬ ਨਾਲ ਟਕਰਾਉਣ ਦੀ ਕੋਸ਼ਿਸ਼ ਕੀਤੀ ਹੈ, ਉਸ ਨੂੰ ਮੂੰਹ ਦੀ ਖਾਣੀ ਪਈ ਹੈ। ਉਨ੍ਹਾਂ ਕਿਹਾ ਕਿ ਸਿੱਖ ਪੰਥ ਦੇ ਤਖ਼ਤ ਕੇਵਲ ਇਮਾਰਤਾਂ ਨਹੀਂ ਸਗੋਂ ਖਾਲਸਾ ਪੰਥ ਦਾ ਸੱਚਾ ਸੁੱਚਾ ਸੰਕਲਪ ਹੈ। ਇਨ੍ਹਾਂ ਤਖ਼ਤ ਸਾਹਿਬਾਨ ਤੋਂ ਸੇਧ ਲੈ ਕੇ ਹੀ ਸਿੱਖ ਪੰਥ ਸਮਾਜਿਕ, ਰਾਜਨੀਤਿਕ ਤੇ ਆਰਥਿਕ ਤੌਰ 'ਤੇ ਅੱਗੇ ਵਧਦਾ ਹੈ। ਤਖ਼ਤ ਸਾਹਿਬ ਨੇ ਹਮੇਸ਼ਾ ਪੰਥ ਦੀ ਅਗਵਾਈ ਕਰਦਿਆਂ ਆਪਣੀ ਅਹਿਮ ਭੂਮਿਕਾ ਨਿਭਾਈ ਹੈ।

ਇਤਿਹਾਸ ਗਵਾਹ ਹੈ ਕਿ ਜਿਨ੍ਹਾਂ ਤਖਤ ਸਾਹਿਬਾਨ ਤੋਂ ਸਮੇਂ ਦੇ ਹਾਕਮ ਪੂਰੀ ਤਰ੍ਹਾਂ ਭੈਅ ਖਾਂਦੇ ਰਹੇ ਹਨ, ਜੇਕਰ ਕਿਸੇ ਹਾਕਮ ਨੇ ਤਖ਼ਤ ਸਾਹਿਬ ਨਾਲ ਟਕਰਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਮੂੰਹ ਦੀ ਖਾਣੀ ਪਈ, ਭਾਵੇਂ ਉਹ ਕੋਈ ਮੁਗ਼ਲ ਸੀ ਜਾਂ ਅੰਗਰੇਜ਼ ਜਾਂ ਫਿਰ ਕੋਈ ਹੋਰ। ਉਨ੍ਹਾਂ ਕਿਹਾ ਕਿ ਪੰਥ ਕਦੇ ਵੀ ਤਖ਼ਤ ਸਾਹਿਬਾਨ ਨੂੰ ਪਿੱਠ ਨਹੀਂ ਵਿਖਾਉਂਦਾ ਸਗੋਂ ਤਖਤ ਸਾਹਿਬਾਨ ਦੇ ਹੁਕਮ ਨੂੰ ਖਿੜੇ ਮੱਥੇ ਪ੍ਰਵਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਜਿਹੜਾ ਤਖਤ ਸਾਹਿਬ ਤੋਂ ਮੁੱਖ ਮੋੜਦਾ ਹੈ ਉਸ ਵਿਅਕਤੀ ਦਾ ਨਸਲਾਂ ਤੱਕ ਨਾਸ਼ ਹੋ ਜਾਂਦਾ। ਗਿਆਨੀ ਗੁਰਪ੍ਰੀਤ ਸਿੰਘ ਨੇ ਸਵਾਲ ਉਠਾਇਆ ਕਿ ਤਖ਼ਤ ਦੇ ਜਥੇਦਾਰ ਦੇ ਪੁਤਲੇ ਫੂਕਣੇ ਕਿਸ ਦਾ ਅਪਮਾਨ ਹੈ? ਉਨ੍ਹਾਂ ਕਿਹਾ ਕਿ ਇਥੇ ਸਾਥੀ ਸਿੰਘ ਸਾਹਿਬਾਨ ਬੈਠੇ ਹਨ, ਸਾਡਾ ਪੰਜਾਂ ਦਾ ਬੜਾ ਪਿਆਰ ਹੈ।

(ਪਹਿਲੇ ਸਫ਼ੇ ਦੀ ਬਾਕੀ)

# ਜਲੰਧਰ, ਫਗਵਾੜਾ, ਦਸੂਹਾ, ਲੁਧਿਆਣਾ, ਕਪੂਰਥਲਾ, ਮੋਗਾ, ਹੁਸ਼ਿਆਰਪੁਰ ਸ਼ਹਿਰ ਮੰਗਲਵਾਰ ਨੂੰ ਵੀ ਰਹੇ ਬੰਦ



ਲੋਕਾਂ ਨੇ ਪ੍ਰਦਰਸ਼ਨ ਕਰ ਕੇ ਮਾਮਲੇ ਦੀ ਸੀਬੀਆਈ ਜਾਂਚ ਦੀ ਮੰਗ ਕੀਤੀ। ਸੰਗਠਨਾਂ ਦੇ ਮੈਂਬਰ ਦੁਕਾਨਾਂ ਬੰਦ ਕਰਵਾਉਂਦੇ ਹੋਏ ਦਿਖਾਈ ਦਿੱਤੇ। ਜਾਣਕਾਰੀ ਮੁਤਾਬਕ ਐਤਵਾਰ ਦੁਪਹਿਰ ਢਾਈ ਵਜੇ ਜ਼ਿਲ੍ਹਾ ਮੋਗਾ ਦੇ ਕਸਬਾ ਧਰਮਕੋਟ ਦੀ ਜੁਲਾ ਬਸਤੀ ਦਾ ਆਕਾਸ਼ਦੀਪ ਸਿੰਘ ਪੌੜੀ ਲਾ ਕੇ ਟਾਊਨ ਹਾਲ ਸਥਿਤ ਅੰਬੇਡਕਰ ਬੁੱਤ 'ਤੇ ਚੜ੍ਹ ਗਿਆ। ਉਸ ਨੇ ਪਹਿਲਾ ਸੰਵਿਧਾਨ ਦੀ ਕਿਤਾਬ ਨੂੰ ਅੱਗ ਲਾਈ ਤੇ ਫਿਰ ਬੁੱਤ ਤੇ ਹਥੌੜੇ ਮਾਰਨੇ ਸ਼ੁਰੂ ਕਰ ਦਿੱਤੇ। ਮੁਲਜ਼ਮ ਨੌਜਵਾਨ 10 ਤੋਂ 15 ਮਿੰਟ ਤੱਕ ਬੁੱਤ ਦੇ ਕੋਲ ਰਿਹਾ। ਬੁੱਤ ਨੇੜੇ ਅਕਸਰ ਪੁਲਿਸ ਫੋਰਸ ਤਾਇਨਾਤ ਰਹਿੰਦੀ ਹੈ ਪਰ ਉਸ ਸਮੇਂ ਕੋਈ ਪੁਲਿਸ. ਮੁਲਾਜ਼ਮ ਉਥੇ ਮੌਜੂਦ ਨਹੀਂ ਸੀ। ਨੌਜਵਾਨ ਦੀ ਹਰਕਤ ਦੀ ਜਾਣਕਾਰੀ ਨੇੜੇ ਹੀ ਹੈਰੀਟੇਜ ਸਟ੍ਰੀਟ ਦੇ ਪ੍ਰਾਈਵੇਟ ਸੁਰੱਖਿਆ ਮੁਲਾਜ਼ਮਾਂ ਨੂੰ ਮਿਲੀ ਤਾਂ ਉਹ ਤੁਰੰਤ ਓਧਰ ਦੌੜੇ ਤੇ ਉਸ ਨੂੰ ਫੜ ਕੇ ਸਿੱਧਾ ਥਾਣੇ ਲੈ ਗਏ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਮੁਲਜ਼ਮ ਆਕਾਸ਼ਦੀਪ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਅਜੇ ਤੱਕ ਦੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਆਕਾਸ਼ਦੀਪ ਆਪ ਅਨੁਸੂਚਿਤ ਜਾਤੀ ਨਾਲ ਸਬੰਧਤ ਹੈ ਤੇ ਘਟਨਾ ਵਾਲੀ ਥਾਂ 'ਤੇ ਉਸ ਨੇ ਜੋ ਪੌੜੀ ਲਾਈ ਸੀ, ਉਹ ਕਿਸੇ ਇਕ ਸੰਗਠਨ ਵੱਲੋਂ ਉਥੇ ਸਫਾਈ ਕਰਵਾਉਣ ਲਈ ਲਗਵਾਈ ਗਈ ਸੀ ਕਿਉਂਕਿ ਉਥੇ ਸ਼ਾਮ ਨੂੰ ਕੋਈ ਪ੍ਰੋਗਰਾਮ ਹੋਣਾ ਸੀ। ਉਸ ਖ਼ਿਲਾਫ਼ ਥਾਣਾ ਕੋਤਵਾਲੀ 'ਚ ਕੇਸ ਦਰਜ ਕੀਤਾ ਗਿਆ ਹੈ। ਉਸ ਦਾ ਮੋਬਾਈਲ ਫੋਨ ਫੋਰੈਂਸਿਕ ਜਾਂਚ ਲਈ ਜ਼ਬਤ ਕਰ ਲਿਆ ਗਿਆ ਹੈ। ਜਾਂਚ ਲਈ ਸਪੈਸ਼ਲ ਟੀਮ ਗਠਿਤ ਕੀਤੀ ਗਈ ਹੈ। ਐਤਵਾਰ ਰਾਤ ਹੀ ਘਟਨਾ ਵਾਲੀ ਥਾਂ 'ਤੇ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਪੁੱਜ ਗਏ ਤੇ ਉਨ੍ਹਾਂ ਨੇ ਇਸ ਮਾਮਲੇ 'ਚ ਹਾਈ ਕੋਰਟ ਦੇ ਸਿਟਿੰਗ ਜੱਜ ਤੋਂ ਕਾਰਵਾਈ ਦੀ ਮੰਗ ਕੀਤੀ। ਉਥੇ ਰਾਤ 10.30 ਵਜੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਵਿਧਾਇਕ ਜੀਵਨਜੋਤ ਕੌਰ ਤੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ ਵੀ ਘਟਨਾ ਵਾਲੀ ਥਾਂ 'ਤੇ ਪੁੱਜੇ ਤੇ ਉਨ੍ਹਾਂ ਨੇ ਇਸ ਘਟਨਾ ਦੀ ਨਿੰਦਾ ਕੀਤੀ। ਕੈਬਨਿਟ ਮੰਤਰੀ ਧਾਲੀਵਾਲ ਨੇ ਕਿਹਾ ਕਿ ਇਸ ਘਟਨਾ 'ਚ ਸ਼ਾਮਲ ਮੁਲਜ਼ਮ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ।

## ਦੁਬਈ ਤੋਂ ਪਰਤਿਆ ਸੀ ਆਕਾਸ਼ਦੀਪ

ਉਸ ਦਾ ਪਿਛਲੇ ਕਾਫੀ ਸਮੇਂ ਤੋਂ ਪਰਿਵਾਰ ਨਾਲ ਕੋਈ ਸੰਪਰਕ ਨਹੀਂ ਰਿਹਾ ਸੀ। ਉਸ ਦੇ ਪਰਿਵਾਰ 'ਚ ਉਸ ਦੇ ਦੋ ਛੋਟੇ ਭਰਾ, ਮਾਤਾ-ਪਿਤਾ ਹਨ ਜੋ ਇਕ ਹੀ ਕਮਰੇ 'ਚ ਰਹਿੰਦੇ ਹਨ ਤੇ ਇਕ ਭੈਣ ਮਸਕਟ 'ਚ ਰਹਿੰਦੀ ਹੈ । ਆਸ਼ਾ ਰਾਣੀ ਦੇ ਮੁਤਾਬਕ ਉਸ ਨੂੰ ਆਂਢ-ਗੁਆਂਢ ਦੀਆਂ ਔਰਤਾਂ ਨੇ ਮੋਬਾਈਲ 'ਤੇ ਵੀਡੀਓ ਦੇਖ ਕੇ ਘਟਨਾ ਬਾਰੇ ਦੱਸਿਆ।

ਸਵੇਰੇ ਜਦ ਪੁਲਿਸ ਆਈ ਤਾਂ ਉਨ੍ਹਾਂ ਨੂੰ ਇਸ ਦੀ ਪੁਖ਼ਤਾ ਜਾਣਕਾਰੀ ਮਿਲੀ। ਉਨ੍ਹਾਂ ਨੇ ਦੱਸਿਆ ਕਿ ਆਕਾਸ਼ਦੀਪ ਨੇ ਦੁਬਈ ਤੋਂ ਹੀ ਉਨ੍ਹਾਂ ਨਾਲ ਫੋਨ 'ਤੇ ਗੱਲ ਕਰਨੀ ਬੰਦ ਕਰ ਦਿੱਤੀ ਸੀ। ਜੇ ਘਰ ਤੋਂ ਉਸ ਨੂੰ ਕਦੀ ਫੋਨ ਕਰਦੇ ਵੀ ਸੀ ਤਾਂ ਉਹ ਕਹਿੰਦਾ ਸੀ ਕਿ ਉਹ ਉਨ੍ਹਾਂ ਲਈ ਮਰ ਗਿਆ ਹੈ ਤੇ ਉਹ ਉਸ ਲਈ ਮਰ ਗਏ ਹਨ।

ਤਿੰਨ ਮਹੀਨੇ ਪਹਿਲਾਂ ਤੋਂ ਤਾਂ ਉਸ ਨੇ ਗੱਲ ਕਰਨੀ ਵੀ ਬੰਦ ਕਰ ਦਿੱਤੀ ਸੀ। ਪੁੱਛਗਿੱਛ 'ਤੇ ਆਸ਼ਾ ਰਾਣੀ ਨੇ ਕਿਹਾ ਕਿ ਉਸ ਨੂੰ ਨਹੀਂ ਪਤਾ ਕਿ ਉਹ ਕਿਸ ਦੇ ਨਾਲ ਰਹਿੰਦਾ ਸੀ ਤੇ ਕਿਸ ਸੰਸਥਾ ਨਾਲ ਜੁੜਿਆ ਹੋਇਆ ਹੈ। ਦੂਜੇ ਪਾਸੇ ਥਾਣਾ ਧਰਮਕੋਟ ਦੀ ਪੁਲਿਸ ਦੇ ਨਾਲ-ਨਾਲ ਕਾਊਂਟਰ ਇੰਟੈਲੀਜੈਂਸ ਦੇ ਅਧਿਕਾਰੀ ਆਕਾਸ਼ਦੀਪ ਤੇ ਉਸ ਦੇ ਪਰਿਵਾਰ ਬਾਰੇ ਜਾਣਕਾਰੀ ਇਕੱਠੀ ਕਰ ਰਹੇ ਹਨ। ਇਹ ਪਤਾ ਲਾਉਣ ਦੀ ਕੋਸ਼ਿਸ਼ ਹੋ ਰਹੀ ਹੈ ਕਿ ਕੀ ਉਹ ਕਿਸੇ ਸੰਸਥਾ ਜਾਂ ਸੰਗਠਨ ਨਾਲ ਜੁੜਿਆ ਹੋਇਆ ਹੈ। ਉਸ ਦੇ ਪੁਰਾਣੇ ਜਾਣਕਾਰਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

# ਸ਼੍ਰੋਮਣੀ ਕਮੇਟੀ ਵਲੋਂ ਬੁੱਤ ਨਾਲ ਛੇੜਛਾੜ ਦੀ ਨਿੰਦਾ




ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਹੈ ਕਿ ਭਾਜਪਾ ਦੇ ਸਾਬਕਾ ਸੰਸਦ ਮੈਂਬਰ ਵਿਜੇ ਸਾਂਪਲਾਂ ਵੱਲੋਂ ਦਿੱਤੇ ਗਏ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਕੋਤਵਾਲੀ ਨਜ਼ਦੀਕ ਲੱਗੇ ਡਾ.ਬੀ.ਆਰ. ਅੰਬੇਡਕਰ ਦੇ ਬੁੱਤ ਨਾਲ ਕਿਸੇ ਵਿਅਕਤੀ ਵੱਲੋਂ ਛੇੜਛਾੜ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਗਲਿਆਰੇ ਨਾਲ ਜੋੜਨਾ ਬਿਲਕੁਲ ਗ਼ਲਤ ਹੈ। ਇਹ ਬੁੱਤ ਪਾਰਟੀਸ਼ਨ ਮਿਊਜ਼ੀਅਮ ਤੇ ਕੋਤਵਾਲੀ ਦੇ ਨਜ਼ਦੀਕ ਪੈਂਦਾ ਹੈ, ਜਿੱਥੇ ਹਰ ਤਰ੍ਹਾਂ ਦੀ ਜਿੰਮੇਵਾਰੀ ਸਰਕਾਰ ਤੇ ਪ੍ਰਸ਼ਾਸਨ ਦੀ ਹੈ। ਇਹ ਇੱਥੋਂ ਕਰੀਬ ਇਕ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਉਨ੍ਹਾਂ ਕਿਹਾ ਕਿ ਐਸਜੀਪੀਸੀ ਡਾ. ਅੰਬੇਡਕਰ ਦਾ ਸਤਿਕਾਰ ਕਰਦੀ ਹੈ ਤੇ ਉਨ੍ਹਾਂ ਦੇ ਬੁੱਤ ਨਾਲ ਛੇੜਛਾੜ ਦੀ ਘਟਨਾ ਦੀ ਵੀ ਨਿੰਦਾ ਕਰਦੀ ਹੈ। ਪਰ ਵਿਜੇ ਸਾਂਪਲਾ ਵੱਲੋਂ ਇਸ ਘਟਨਾ ਨੂੰ ਸ੍ਰੀ ਹਰਿਮੰਦਰ ਸਾਹਿਬ ਨਾਲ ਜੋੜ ਕੇ ਸਵਾਲ ਕਰਨੇ ਸੰਗਤ ਤੇ ਲੋਕਾਂ 'ਚ ਭੁਲੇਖਾ ਪੈਦਾ ਕਰਨ ਦੀ ਹਰਕਤ ਹੈ, ਜੋ ਨਿੰਦਣਯੋਗ ਹੈ। ਇਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਪਾਸੋਂ ਸਪਸ਼ਟੀਕਰਨ ਦੀ ਗੱਲ ਕਰਨੀ ਵੀ ਉਚਿਤ ਨਹੀਂ। ਉਨ੍ਹਾਂ ਕਿਹਾ ਕਿ ਸਾਂਪਲਾ ਨੂੰ ਆਪਣਾ ਬਿਆਨ ਵਾਪਸ ਲੈਣਾ ਚਾਹੀਦਾ ਹੈ।

# ਮੁੱਖ ਮੰਤਰੀ ਵਲੋਂ ਸ਼ਾਂਤੀ ਬਣਾਈ ਰੱਖਣ ਲਈ ਅਪੀਲ



**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਅੰਮ੍ਰਿਤਸਰ ਦੇ ਵਿਰਾਸਤੀ ਮਾਰਗ ਵਿਖੇ ਭਾਰਤ ਰਤਨ ਬਾਬਾ ਸਾਹਿਬ ਡਾ. ਬੀਆਰ ਅੰਬੇਡਕਰ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣ ਵਾਲੇ ਨੂੰ ਮਿਸਾਲੀ ਸਜ਼ਾ ਯਕੀਨੀ ਬਣਾਏਗੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਘਟਨਾ ਨੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਦਾ ਸਤਿਕਾਰ ਕਰਨ ਵਾਲੇ ਹਰ ਵਿਅਕਤੀ ਦੀ ਮਾਨਸਿਕਤਾ ਨੂੰ ਠੇਸ ਪਹੁੰਚਾਈ ਹੈ। ਮੁੱਖ ਮੰਤਰੀ ਨੇ ਲੋਕਾਂ ਨੂੰ ਸੰਜਮ ਵਰਤਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਘਿਨਾਉਣੀਆਂ ਹਰਕਤਾਂ ਕਰਨ ਵਾਲੇ ਸ਼ਰਾਰਤੀ ਅਨਸਰਾਂ ਖ਼ਿਲਾਫ਼ ਮਿਸਾਲੀ ਕਾਰਵਾਈ ਯਕੀਨੀ ਬਣਾਈ ਜਾਵੇਗੀ। ਮਾਨ ਨੇ ਸਪਸ਼ਟ ਸ਼ਬਦਾਂ 'ਚ ਕਿਹਾ ਕਿ ਕਿਸੇ ਨੂੰ ਵੀ ਸੂਬੇ ਦੀ ਅਮਨ-ਸ਼ਾਂਤੀ ਨੂੰ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਤੇ ਪੰਜਾਬ ਵਿਰੋਧੀ ਤਾਕਤਾਂ ਦੇ ਫਿਰਕੂ ਤਣਾਅ ਪੈਦਾ ਕਰਨ ਦੇ ਮਨਸੂਬਿਆਂ ਨੂੰ ਨੱਥ ਪਾਈ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ 'ਚ ਅਸ਼ਾਂਤੀ ਪੈਦਾ ਕਰਨ ਦੀ ਕੋਸ਼ਿਸ਼ ਕਰਨ ਵਾਲੇ ਸਮਾਜ ਵਿਰੋਧੀ ਤੇ ਦੇਸ਼ ਵਿਰੋਧੀ ਅਨਸਰਾਂ ਦੇ ਨਾਪਾਕ ਮਨਸੂਬਿਆਂ ਨੂੰ ਨਾਕਾਮ ਕਰਨ ਲਈ ਪੂਰੀ ਤਰ੍ਹਾਂ ਚੌਕਸ ਤੇ ਵਚਨਬੱਧ ਹੈ। ਮਾਨ ਨੇ ਲੋਕਾਂ ਨੂੰ ਸ਼ਾਂਤੀ ਤੇ ਭਾਈਚਾਰਕ ਸਾਂਝ ਦੀਆਂ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਦੀ ਬੇਨਤੀ ਕੀਤੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਸੁਰਿੰਦਰ ਸਿੰਘ ਸੁੰਨੜ

# '84 ਸਿੱਖ ਕਤਲੇਆਮ ਸੰਬੰਧੀ ਮਾਮਲਿਆਂ 'ਚ ਏਜੰਸੀਆਂ ਅਪੀਲ ਦਾਇਰ ਕਰਨ 'ਚ ਰਹੀਆਂ ਨਾਕਾਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 1984 ਸਿੱਖ ਕਤਲੇਆਮ ਨਾਲ ਸੰਬੰਧਿਤ ਕਈ ਮਾਮਲਿਆਂ 'ਚ ਜਾਂਚ ਏਜੰਸੀਆਂ ਵਲੋਂ ਅਪੀਲ ਦਾਇਰ ਕਰਨ ਵਿਚ ਅਸਫਲ ਰਹਿਣ 'ਤੇ ਚਿੰਤਾ ਜ਼ਾਹਿਰ ਕੀਤੀ ਹੈ, ਜਦਕਿ ਕਮੇਟੀ ਵਲੋਂ ਸਪੱਸ਼ਟ ਸਿਫ਼ਾਰਸ਼ਾਂ ਕੀਤੀਆਂ ਗਈਆਂ ਸਨ।

ਅਦਾਲਤ ਨੇ ਵਧੀਕ ਸਾਲੀਸਿਟਰ ਮੰਗਣ ਲਈ ਕਿਹਾ ਕਿ ਦੇਰੀ ਕਾਰਨ ਦਿੱਲੀ ਹਾਈ ਕੋਰਟ ਵਲੋਂ ਖ਼ਾਰਜ ਕੀਤੇ ਗਏ ਮਾਮਲਿਆਂ ਨੂੰ ਸੁਪਰੀਮ ਕੋਰਟ ਵਿਚ ਸਪੈਸ਼ਲ ਲੀਵ ਪਟੀਸ਼ਨ ਰਾਹੀਂ ਕਿਉਂ ਚੁਣੌਤੀ ਨਹੀਂ ਦਿੱਤੀ ਗਈ? ਪਿਛਲੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਤੋਂ 2 ਹਫ਼ਤਿਆਂ ਅੰਦਰ ਮਾਮਲਿਆਂ ਦੀ ਸਥਿਤੀ ਰਿਪੋਰਟ ਦੇਣ ਦੇ ਨਿਰਦੇਸ਼ ਦਿੱਤੇ ਸਨ। ਇਸ ਮਾਮਲੇ 'ਚ ਪਟੀਸ਼ਨਰ ਗੁਰਲਾਡ ਸਿੰਘ ਕਾਹਲੋਂ - (ਸਾਬਕਾ ਮੈਂਬਰ ਦਿੱਲੀ ਕਮੇਟੀ)

**ਅਦਾਲਤ 'ਚ ਪਟੀਸ਼ਨਕਰਤਾ ਵਲੋਂ ਐਡਵੋਕੇਟ ਅਮਰਜੀਤ ਸਿੰਘ ਬੇਦੀ (ਏ.ਓ.ਆਰ) ਤੇ ਗਗਨਮੀਤ ਸਿੰਘ ਸਚਦੇਵਾ ਪੇਸ਼ ਹੋਏ।**



ਨੇ ਦੱਸਿਆ ਕਿ ਪਿਛੋਕੜ 'ਚ ਵਿਸ਼ੇਸ਼ ਜਾਂਚ ਕਮੇਟੀ ਵਲੋਂ ਜਿਹੜੀ ਰਿਪੋਰਟ ਦਾਖ਼ਲ ਕੀਤੀ ਗਈ ਸੀ,ਉਸ ਰਿਪੋਰਟ ਬਾਰੇ ਕਈ ਇਤਰਾਜ਼ ਜਤਾਏ ਸਨ ਵਿਸਥਾਰਪੂਰਵਕ ਇਤਰਾਜ਼ ਦਰਜ ਕਰਨ ਦੀ ਇਜਾਜ਼ਤ ਮਿਲ ਗਈ ਸੀ। ਕਾਹਲੋਂ ਨੇ ਦੱਸਿਆ ਕਿ ਅਸੀਂ ਅਦਾਲਤ ਨੂੰ ਇਸ ਗੱਲ ਤੋਂ ਜਾਣੂ ਕਰਵਾਇਆ ਹੈ ਕਿ ਰਿਪੋਰਟ 'ਚ ਇਕ ਐਫ.ਆਈ.ਆਰ. 'ਚ ਹੀ 498 ਐਫ. ਆਈ. ਆਰ. ਨੂੰ ਜੋੜਿਆ ਗਿਆ ਮਾਮਲਿਆਂ ਦੀ ਕੀਤੀ ਗਈ ਹੈ, ਜਿਸ ਤੋਂ ਸਪਸ਼ਟ ਇਨ੍ਹਾਂ ਮਾਮਲਿਆਂ ਬਾਰੇ ਤਸੱਲੀਬਖ਼ਸ਼ ਜਾਂਚ ਨਹੀਂ ਕੀਤੀ ਗਈ।

ਸੁਣਵਾਈ ਦੌਰਾਨ ਕੇਂਦਰ ਦੀ ਨੁਮਾਇੰਦਗੀ ਕਰ ਰਹੇ ਵਧੀਕ ਸਾਲੀਸਿਟਰ ਜਨਰਲ ਐਸ਼ਵਰਿਆ ਭਾਟੀ ਨੇ ਬੈਂਚ ਨੂੰ ਭਰੋਸਾ ਦਿਵਾਇਆ ਕਿ ਸੁਪਰੀਮ ਕੋਰਟ ਵਲੋਂ ਖੁਦ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਦੀਆਂ ਸਿਫ਼ਾਰਸ਼ਾਂ ਦੀ ਪਾਲਣਾ ਕੀਤੀ ਗਈ ਹੈ।

ਅਦਾਲਤ 'ਚ ਪਟੀਸ਼ਨਕਰਤਾ ਵਲੋਂ ਐਡਵੋਕੇਟ ਅਮਰਜੀਤ ਸਿੰਘ ਬੇਦੀ (ਏ.ਓ.ਆਰ) ਤੇ ਗਗਨਮੀਤ ਸਿੰਘ ਸਚਦੇਵਾ ਪੇਸ਼ ਹੋਏ।

# ਕੇਜਰੀਵਾਲ ਵਲੋਂ 15 ਗਾਰੰਟੀਆਂ ਦਾ ਐਲਾਨ




**ਨਵੀਂ ਦਿੱਲੀ:** 'ਆਪ' ਨੇ ਦਿੱਲੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ 15 ਗਾਰੰਟੀਆਂ ਦਾ ਐਲਾਨ ਕੀਤਾ ਹੈ, ਜਿਸ ਵਿਚ ਰੁਜ਼ਗਾਰ ਦੀ ਗਾਰੰਟੀ, ਮਹਿਲਾ ਸਨਮਾਨ ਯੋਜਨਾ, ਸੰਜੀਵਨੀ ਯੋਜਨਾ ਸਮੇਤ ਹੋਰ ਸਹੂਲਤਾਂ ਦਾ ਐਲਾਨ ਕੀਤਾ ਗਿਆ ਹੈ। ਪਾਰਟੀ ਦੇ ਮੁਖੀ ਤੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਹ ਐਲਾਨ ਕਰਦੇ ਹੋਏ ਕਿਹਾ ਕਿ ਜੇਕਰ ਉਨ੍ਹਾਂ ਦੀ ਸਰਕਾਰ ਬਣੀ ਤਾਂ ਇਨ੍ਹਾਂ 15 ਗਾਰੰਟੀਆਂ ਦੇ ਇਲਾਵਾ '6 ਰਿਉੜੀਆਂ' ਵੀ ਮਿਲਦੀਆਂ ਰਹਿਣਗੀਆਂ। ਹਾਲਾਂਕਿ ਇਸ ਦੌਰਾਨ ਕੇਜਰੀਵਾਲ ਨੇ 2020 'ਚ ਕੀਤੇ ਗਏ ਕੁਝ ਵਾਅਦੇ ਪੂਰੇ ਨਾ ਕਰ ਸਕਣ ਲਈ ਜਨਤਾ ਕੋਲੋਂ ਮੁਆਫ਼ੀ ਵੀ ਮੰਗੀ ਤੇ ਕਿਹਾ ਕਿ ਉਹ ਅੱਜ ਕਬੂਲ ਕਰ ਰਹੇ ਹਨ ਕਿ ਪਿਛਲੇ 5 ਸਾਲ 'ਚ ਉਹ ਇਹ ਵਾਅਦੇ ਪੂਰੇ ਨਹੀਂ ਕਰ ਸਕੇ, ਕਿਉਂਕਿ ਢਾਈ ਸਾਲ ਕੋਰੋਨਾ ਦਾ ਸਮਾਂ ਰਿਹਾ ਅਤੇ ਬਾਅਦ ਵਿਚ ਉਨ੍ਹਾਂ (ਕੇਂਦਰ) ਨੇ ਜੇਲ੍ਹ-ਜੇਲ੍ਹ ਦੀ ਖੇਡ ਖੇਡੀ, ਜਿਸ ਕਾਰਨ ਸਾਡੀ ਟੀਮ ਖਿਲਰ ਗਈ। ਉਨ੍ਹਾਂ ਕਿਹਾ ਕਿ ਹੁਣ ਅਸੀਂ ਸਾਰੇ ਜੇਲ੍ਹ ਤੋਂ ਬਾਹਰ ਆ ਗਏ ਹਾਂ ਅਤੇ ਸਾਡਾ ਸੁਪਨਾ ਹੈ ਕਿ ਪਿਛਲੇ ਜਿਹੜੇ ਵਾਅਦੇ ਅਸੀਂ ਪੂਰੇ ਨਹੀਂ ਕਰ ਸਕੇ, ਉਹ ਇਸ ਵਾਰੀ ਹਰ ਹਾਲਤ 'ਚ ਪੂਰੇ ਕੀਤੇ ਜਾਣ।

***ਕੇਜਰੀਵਾਲ ਨੇ 2020 'ਚ ਕੀਤੇ ਕੁਝ ਵਾਅਦੇ ਪੂਰੇ ਨਾ ਕਰ ਸਕਣ ਲਈ ਜਨਤਾ ਕੋਲੋਂ ਮੁਆਫ਼ੀ ਮੰਗੀ***

# ਅੰਮ੍ਰਿਤਸਰ ਵਿੱਚ ਵੀ 'ਆਪ' ਦਾ ਮੇਅਰ

## ਵਿਰੋਧੀਆਂ ਵਲੋਂ ਧੱਕੇਸ਼ਾਹੀ ਦਾ ਦੋਸ਼

**ਅੰਮ੍ਰਿਤਸਰ:** ਨਗਰ ਨਿਗਮ ਅੰਮ੍ਰਿਤਸਰ 'ਤੇ ਵੀ ਨਵੇਂ ਜੋੜ-ਤੋੜ ਨਾਲ ਆਮ ਆਦਮੀ ਪਾਰਟੀ ਦਾ ਕਬਜ਼ਾ ਹੋ ਗਿਆ ਹੈ। ਪਾਰਟੀ ਵਲੋਂ ਜਤਿੰਦਰ ਸਿੰਘ ਮੋਤੀ ਭਾਟੀਆ ਨੂੰ ਮੇਅਰ, ਪ੍ਰਿੰਅਕਾ ਸ਼ਰਮਾ ਸੀਨੀਅਰ ਡਿਪਟੀ ਮੇਅਰ ਅਤੇ ਅਨੀਤਾ ਰਾਣੀ ਨੂੰ ਡਿਪਟੀ ਮੇਅਰ ਬਣਾ ਦਿੱਤਾ ਗਿਆ ਹੈ।



ਅੰਮ੍ਰਿਤਸਰ ਦੇ ਨਵੇਂ ਹਾਊਸ ਦਾ ਗਠਨ ਕਰਨ ਲਈ ਮੈਡੀਕਲ ਕਾਲਜ ਦੇ ਆਡੀਟੋਰੀਅਮ ਵਿਖੇ ਜਲੰਧਰ ਰੇਂਜ ਦੇ ਡਵੀਜ਼ਨਲ ਕਮਿਸ਼ਨਰ ਅਰੁਣ ਸੇਖੜੀ ਵਲੋਂ ਕੌਂਸਲਰਾਂ ਦਾ ਸਹੁੰ ਚੁੱਕ ਸਮਾਗਮ ਰੱਖਿਆ ਗਿਆ। ਇਸ ਦੌਰਾਨ ਮੇਅਰ, ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਦੀ ਚੋਣ ਕੀਤੀ ਗਈ, ਜਿਸ ਦੌਰਾਨ 'ਆਪ' ਕੌਂਸਲਰ ਭਗਵੰਤ ਸਿੰਘ ਕੰਵਲ ਵਲੋਂ ਮੇਅਰ ਵਜੋਂ ਜਤਿੰਦਰ ਸਿੰਘ ਮੋਤੀ ਭਾਟੀਆ ਦਾ ਨਾਂਅ ਪੇਸ਼ ਕੀਤਾ ਗਿਆ, ਜਿਸ ਉਪਰੰਤ ਹਾਊਸ 'ਚ ਰੋਲਾ ਪੈ ਗਿਆ ਤੇ ਇਸ ਰੌਲੇ 'ਚ

ਸੀਨੀਅਰ ਡਿਪਟੀ ਮੇਅਰ ਵਜੋਂ ਪ੍ਰਿੰਅਕਾ ਸ਼ਰਮਾ, ਅਨੀਤਾ ਰਾਣੀ ਨੂੰ ਡਿਪਟੀ ਮੇਅਰ ਐਲਾਨਣ ਬਾਅਦ ਕੈਬਨਿਟ ਮੰਤਰੀ ਹਰਭਜਨ ਸਿੰਘ ਈ. ਟੀ. ਓ., ਵਿਧਾਇਕ ਡਾ: ਜੀਵਨਜੋਤ ਕੌਰ, ਜਸਵਿੰਦਰ ਸਿੰਘ ਰਮਦਾਸ, ਡਾ: ਜਸਬੀਰ ਸਿੰਘ ਸੰਧੂ, ਅਜੈ ਗੁਪਤਾ, ਡਾ: ਇੰਦਰਬੀਰ ਸਿੰਘ ਨਿੱਝਰ, ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਮੌਜੂਦਗੀ 'ਚ 'ਆਪ' ਕੌਂਸਲਰਾਂ ਨੇ ਜੈਕਾਰੇ ਲਾਉਣੇ ਸ਼ੁਰੂ ਕਰ ਦਿੱਤੇ। ਇਸ ਦੌਰਾਨ ਸੀਨੀਅਰ ਡਿਪਟੀ



ਮੇਅਰ ਤੇ ਡਿਪਟੀ ਮੇਅਰ ਦੇ ਨਾਂਵਾਂ ਦਾ ਵੀ ਐਲਾਨ ਕਰ ਦਿੱਤਾ ਗਿਆ ਅਤੇ ਜੈਕਾਰੇ ਗੁੰਜਾਉਂਦੇ ਹੋਏ 'ਆਪ' ਵਿਧਾਇਕ ਤੇ ਕੌਂਸਲਰ ਆਡੀਟੋਰੀਅਮ ਤੋਂ ਬਾਹਰ ਆ ਗਏ। ਇਹ ਸਭ ਕੁਝ ਕਾਹਲੀ 'ਚ ਹੋਣ ਕਰਕੇ ਵਿਰੋਧੀ ਧਿਰ ਕਾਂਗਰਸ ਅਤੇ ਅਕਾਲੀ ਦਲ ਨੂੰ ਇਸ ਚੋਣ ਦੀ ਸਮਝ ਨਾ ਆਈ ਅਤੇ ਉਨ੍ਹਾਂ ਨੇ ਇਸ ਨੂੰ ਧੱਕੇਸ਼ਾਹੀ ਦੱਸਦੇ ਹੋਏ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਤੇ ਦੋਸ਼ ਲਗਾਇਆ ਕਿ ਸੱਤਾਧਾਰੀ ਪਾਰਟੀ ਕੋਲ ਘੱਟ ਕੌਂਸਲਰ ਹੋਣ ਦੇ ਬਾਵਜੂਦ ਧੱਕੇਸ਼ਾਹੀ ਨਾਲ ਉਸ ਵਲੋਂ ਆਪਣਾ ਮੇਅਰ, ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਬਣਾ ਕੇ ਲੋਕਤੰਤਰ ਚ ਦਾ ਘਾਣ ਕੀਤਾ ਗਿਆ ਹੈ।

# ਮਿੱਡੂ ਖੇੜਾ ਹੱਤਿਆ ਕਾਂਡ 'ਚ ਤਿੰਨ ਨੂੰ ਉਮਰ ਕੈਦ

**ਐੱਸਏਐੱਸ ਨਗਰ**: ਯੂਥ ਅਕਾਲੀ ਆਗੂ ਤੇ ਸੋਪੂ (ਸਟੂਡੈਂਟਸ ਆਰਗੇਨਾਈਜ਼ੇਸ਼ਨ ਆਫ ਪੰਜਾਬ ਯੂਨੀਵਰਸਿਟੀ) ਲਈ ਕੰਮ ਕਰਦੇ ਵਿਕਰਮਜੀਤ ਸਿੰਘ ਕੁਲਾਰ ਉਰਫ਼ ਵਿੱਕੀ ਮਿੱਡੂ ਖੇੜਾ ਦੀ ਹੱਤਿਆ ਦੇ ਮਾਮਲੇ ਅਦਾਲਤ ਨੇ ਤਿੰਨ ਦੋਸ਼ੀਆਂ ਨੂੰ ਉਮਰ ਕੈਦ ਅਤੇ ਦੋ-ਦੋ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

ਮਿੱਡੂ ਖੇੜਾ ਦਾ 7 ਅਗਸਤ 2021 ਨੂੰ ਸੈਕਟਰ-70 ਵਿਖੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਸੋਮਵਾਰ ਨੂੰ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਬਲਜਿੰਦਰ ਸਿੰਘ ਸਰਾਂ ਦੀ ਅਦਾਲਤ ਨੇ ਇਸ ਮਾਮਲੇ 'ਚ ਸਰਕਾਰੀ ਧਿਰ ਤੇ ਬਚਾਅ ਪੱਖ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮਿੱਡੂ ਖੇੜਾ ਦੇ ਕਤਲ ਦੇ ਜੁਰਮ 'ਚ ਤਿੰਨਾਂ ਸ਼ੂਟਰਾਂ-ਅਜੈ ਉਰਫ਼ ਲੈਫਟੀ, ਸੱਜਣ ਉਰਫ਼ ਭੋਲੂ ਤੇ ਅਨਿਲ ਲੱਠ ਨੂੰ ਧਾਰਾ 302/25/54/59 ਅਸਲਾ ਐਕਟ 'ਚ ਸੱਤ-ਸੱਤ ਸਾਲ ਦੀ ਕੈਦ ਤੇ ਧਾਰਾ 452 'ਚ ਇਕ-ਇਕ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਸ ਦੇ ਨਾਲ ਹੀ ਅਦਾਲਤ ਨੇ ਤਿੰਨਾਂ ਦੋਸ਼ੀਆਂ ਨੂੰ ਦੋ-ਦੋ ਲੱਖ ਰੁਪਏ ਜੁਰਮਾਨਾ ਵੀ ਕੀਤਾ।

ਅਦਾਲਤ ਨੇ ਆਪਣੇ ਹੁਕਮਾਂ 'ਚ ਕਿਹਾ, 'ਇਹ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਵਸੂਲੀ ਤੇ ਜੁਰਮਾਨੇ ਦੀ ਰਕਮ ਮੁਆਵਜ਼ੇ ਵਜੋਂ ਮ੍ਰਿਤਕ ਦੀ ਵਿਧਵਾ ਪਤਨੀ ਤੇ ਮਾਪਿਆਂ ਨੂੰ ਬਰਾਬਰ ਹਿੱਸੇ 'ਚ ਦਿੱਤੀ ਜਾਵੇਗੀ।ਇਸ ਤੋਂ ਪਹਿਲਾਂ ਮਿੱਡੂਖੇੜਾ ਦੇ ਵਕੀਲ ਐਚਐਸ ਧਨੋਆ ਤੇ ਸਰਕਾਰੀ ਵਕੀਲ ਆਰ.ਐੱਸ. ਜੌਹਲ ਨੇ ਜ਼ੋਰਦਾਰ ਦਲੀਲ ਦਿੱਤੀ ਕਿ ਸਾਰੇ ਦੋਸ਼ੀ ਮੌਤ ਦੀ ਸਜ਼ਾ ਦੇ ਹੱਕਦਾਰ ਹਨ। ਉਨ੍ਹਾਂ ਅੱਗੇ ਦਲੀਲ ਦਿੱਤੀ ਕਿ ਸਾਰੇ ਦੋਸ਼ੀਆਂ ਦਾ ਲੰਮਾ ਅਪਰਾਧਕ ਇਤਿਹਾਸ ਰਿਹਾ ਹੈ ਤੇ ਉਹ ਬੇਰਹਿਮ ਕਾਤਲ ਹਨ। ਉਨ੍ਹਾਂ ਅੱਗੇ ਦਲੀਲ ਦਿੱਤੀ ਕਿ ਮ੍ਰਿਤਕ ਇਕ ਨੌਜਵਾਨ ਸੀ, ਜਿਸ ਦਾ ਹਾਲ ਹੀ 'ਚ ਵਿਆਹ ਹੋਇਆ ਸੀ ਤੇ ਉਸ ਨੂੰ ਹੀ ਆਪਣੇ ਬਜ਼ੁਰਗ ਮਾਤਾ-ਪਿਤਾ ਦੀ ਦੇਖਭਾਲ ਕਰਨੀ ਪੈਂਦੀ ਸੀ। ਅਗਸਤ 2021 ਨੂੰ ਸੈਕਟਰ-70 ਵਿਖੇ ਹੋਏ ਵਿੱਕੀ ਮਿੱਡੂ ਖੇੜਾ ਦੇ ਕਤਲ ਤੋਂ ਬਾਅਦ ਮੁਹਾਲੀ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਡੀਵੀਆਰ ਆਪਣੇ ਕਬਜ਼ੇ 'ਚ ਲੈ ਕੇ ਕੇਸ ਦੀ ਪੜਤਾਲ ਕੀਤੀ ਸੀ। ਇਸ ਫੁਟੇਜ 'ਚ ਦੋ ਨੌਜਵਾਨ ਮਿੱਡੂ ਖੇੜਾ 'ਤੇ ਗੋਲੀਆਂ ਚਲਾਉਂਦੇ ਦਿਖਾਈ ਦੇ ਰਹੇ ਸਨ। ਇਹ ਹਮਲਾਵਰ ਮੁਹਾਲੀ ਨੰਬਰ ਦੀ ਗੱਡੀ 'ਚ ਆਏ ਸਨ। ਓਧਰ ਕਤਲ ਦੇ ਅਗਲੇ ਦਿਨ ਬੰਬੀਹਾ ਗੈਂਗ ਨੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਸੀ। ਪੁਲਿਸ ਦੀ ਸ਼ੁਰੂਆਤੀ ਜਾਂਚ 'ਚ ਬੰਬੀਹਾ ਗੈਂਗ



ਚਲਾ ਰਹੇ ਲੱਕੀ ਪਡਿਆਲ ਦਾ ਨਾਂ ਸਾਹਮਣੇ ਆਇਆ ਸੀ। ਪਤਾ ਲੱਗਾ ਸੀ ਕਿ ਲੱਕੀ ਦੇ ਕਹਿਣ 'ਤੇ ਮਿੱਡੂ ਖੇੜਾ ਦਾ ਕਤਲ ਕਰਵਾਇਆ ਗਿਆ ਹੈ। ਕਈ ਹਫ਼ਤਿਆਂ ਦੀ ਜਾਂਚ ਮਗਰੋਂ ਪੁਲਿਸ ਨੇ ਜੇਲ੍ਹ 'ਚ ਬੰਦ ਅਮਿਤ ਡਾਗਰ ਤੇ ਕੌਸ਼ਲ ਚੌਧਰੀ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਪੁੱਛਗਿੱਛ ਕੀਤੀ ਗਈ ਤਾਂ ਪਤਾ ਲੱਗਾ ਕਿ ਇਨ੍ਹਾਂ ਦੋਵਾਂ ਨੇ ਜੇਲ੍ਹ 'ਚ ਬੈਠਿਆਂ ਮਿੱਡੂਖੇੜਾ ਦੇ ਕਤਲ ਦੀ ਸਾਜਿਸ਼ ਰਚੀ ਗਈ ਸੀ। ਇਨ੍ਹਾਂ ਨੇ ਹੀ ਕਾਰ ਤੇ ਸ਼ੂਟਰਾਂ ਨੂੰ ਮੁਹਾਲੀ ਭੇਜਿਆ। ਸ਼ੂਟਰ ਗੁਰੂਗ੍ਰਾਮ ਦੇ ਟੇਕ ਚੰਦ ਕੋਲੋਂ ਆਈ-20 ਕਾਰ ਲੈ ਕੇ ਮੁਹਾਲੀ ਪਹੁੰਚੇ ਸਨ। ਓਧਰ ਜੇਲ੍ਹ 'ਚ ਬੰਦ ਗੈਂਗਸਟਰ ਭੂਪੀ ਰਾਣਾ ਨੇ ਮਿੱਡੂ ਖੇੜਾ ਦਾ ਕਤਲ ਕਰਨ ਮਗਰੋਂ ਸ਼ੂਟਰਾਂ ਨੂੰ ਪੰਜਾਬ ਤੋਂ ਸੁਰੱਖਿਅਤ ਬਾਹਰ ਪਹੁੰਚਾਉਣ ਦਾ ਜ਼ਿੰਮਾ ਲਿਆ ਸੀ। ਇਸ ਕਤਲ ਮਾਮਲੇ 'ਚ ਜਦੋਂ ਕਈ ਮਹੀਨਿਆਂ ਬਾਅਦ ਤਿੰਨ ਸ਼ੂਟਰ ਦਿੱਲੀ ਪੁਲਿਸ ਦੇ ਹੱਥੇ ਚੜ੍ਹੇ ਤਾਂ ਖ਼ੁਲਾਸਾ ਹੋਇਆ ਕਿ ਉਨ੍ਹਾਂ ਨੂੰ ਗਾਇਕ ਸਿੱਧੂ ਮੂਸੇਵਾਲਾ ਦੇ ਮੈਨੇਜਰ ਸ਼ਗਨਪ੍ਰੀਤ ਨੇ ਖਰੜ ਦੇ ਇਕ ਫਲੈਟ 'ਚ ਠਹਿਰਾਉਣ ਦਾ ਇੰਤਜਾਮ ਕੀਤਾ ਸੀ।ਪੁਲਿਸ ਨੇ ਸਮੀਰ ਪ੍ਰਾਪਰਟੀ ਦੇ ਦਫ਼ਤਰ ਬਾਹਰ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਡੀਵੀਆਰ ਆਪਣੇ ਕਬਜ਼ੇ 'ਚ ਲੈ ਕੇ ਕੇਸ ਦੀ ਪੜਤਾਲ ਕੀਤੀ ਸੀ। ਇਸ ਫੁਟੇਜ 'ਚ ਦੋ ਨੌਜਵਾਨ ਮਿੱਡੂ ਖੇੜਾ 'ਤੇ ਗੋਲੀਆਂ ਚਲਾਉਂਦੇ ਦਿਖਾਈ ਦੇ ਰਹੇ ਸਨ। ਇਹ ਹਮਲਾਵਰ ਮੁਹਾਲੀ ਨੰਬਰ ਦੀ ਗੱਡੀ 'ਚ ਆਏ ਸਨ। ਓਧਰ ਕਤਲ ਦੇ ਅਗਲੇ ਦਿਨ ਬੰਬੀਹਾ ਗੈਂਗ ਨੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਸੀ। ਪੁਲਿਸ ਦੀ ਸ਼ੁਰੂਆਤੀ ਜਾਂਚ 'ਚ ਬੰਬੀਹਾ ਗੈਂਗ ਚਲਾ ਰਹੇ ਲੱਕੀ ਪਡਿਆਲ ਦਾ ਨਾਂ ਸਾਹਮਣੇ ਆਇਆ ਸੀ। ਪਤਾ ਲੱਗਾ ਸੀ ਕਿ ਲੱਕੀ ਦੇ ਕਹਿਣ 'ਤੇ ਮਿੱਡੂ ਖੇੜਾ ਦਾ ਕਤਲ ਕਰਵਾਇਆ ਗਿਆ ਹੈ। ਕਈ ਹਫ਼ਤਿਆਂ ਦੀ ਜਾਂਚ ਮਗਰੋਂ ਪੁਲਿਸ ਨੇ ਜੇਲ੍ਹ 'ਚ ਬੰਦ ਅਮਿਤ ਡਾਗਰ ਤੇ ਕੌਸ਼ਲ ਚੌਧਰੀ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਪੁੱਛਗਿੱਛ ਕੀਤੀ ਗਈ ਤਾਂ ਪਤਾ ਲੱਗਾ ਕਿ ਇਨ੍ਹਾਂ ਦੋਵਾਂ ਨੇ ਜੇਲ੍ਹ 'ਚ ਬੈਠਿਆਂ ਮਿੱਡੂਖੇੜਾ ਦੇ ਕਤਲ ਦੀ ਸਾਜਿਸ਼ ਰਚੀ ਗਈ ਸੀ। ਇਨ੍ਹਾਂ ਨੇ ਹੀ ਕਾਰ ਤੇ ਸ਼ੂਟਰਾਂ ਨੂੰ ਮੁਹਾਲੀ ਭੇਜਿਆ। ਸ਼ੂਟਰ ਗੁਰੂਗ੍ਰਾਮ ਦੇ ਟੇਕ ਚੰਦ ਕੋਲੋਂ ਆਈ-20 ਕਾਰ ਲੈ ਕੇ ਮੁਹਾਲੀ ਪਹੁੰਚੇ ਸਨ। ਓਧਰ ਜੇਲ੍ਹ 'ਚ ਬੰਦ ਗੈਂਗਸਟਰ ਭੂਪੀ ਰਾਣਾ ਨੇ ਮਿੱਡੂ ਖੇੜਾ ਦਾ ਕਤਲ ਕਰਨ ਮਗਰੋਂ ਸ਼ੂਟਰਾਂ ਨੂੰ ਪੰਜਾਬ ਤੋਂ ਸੁਰੱਖਿਅਤ ਬਾਹਰ ਪਹੁੰਚਾਉਣ ਦਾ ਜ਼ਿੰਮਾ ਲਿਆ ਸੀ। ਇਸ ਕਤਲ ਮਾਮਲੇ 'ਚ ਜਦੋਂ ਕਈ ਮਹੀਨਿਆਂ ਬਾਅਦ ਤਿੰਨ ਸ਼ੂਟਰ ਦਿੱਲੀ ਪੁਲਿਸ ਦੇ ਹੱਥੇ ਚੜ੍ਹੇ ਤਾਂ ਖ਼ੁਲਾਸਾ ਹੋਇਆ ਕਿ ਉਨ੍ਹਾਂ ਨੂੰ ਗਾਇਕ ਸਿੱਧੂ ਮੂਸੇਵਾਲਾ ਦੇ ਮੈਨੇਜਰ ਸ਼ਗਨਪ੍ਰੀਤ ਨੇ ਖਰੜ ਦੇ ਇਕ ਫਲੈਟ 'ਚ ਠਹਿਰਾਉਣ ਦਾ ਇੰਤਜਾਮ ਕੀਤਾ ਸੀ।

### ਗੈਂਗਸਟਰ ਬਰੀ, ਅਜੇ ਵੀ ਕਈ ਮੁਲਜ਼ਮ ਫ਼ਰਾਰ

ਇਸ ਮਾਮਲੇ 'ਚ ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਗੈਂਗਸਟਰ ਕੌਸ਼ਲ ਚੌਧਰੀ, ਅਮਿਤ ਡਾਗਰ ਤੇ ਭੁਪਿੰਦਰ ਸਿੰਘ ਭੂਪੀ ਰਾਣਾ ਨੂੰ ਬਰੀ ਕਰ ਦਿੱਤਾ ਹੈ, ਕਿਉਂਕਿ ਪੁਲਿਸ ਅਦਾਲਤ 'ਚ ਇਹ ਸਾਬਤ ਹੀ ਨਹੀਂ ਕਰ ਸਕੀ ਕਿ ਉਕਤ ਤਿੰਨਾਂ ਗੈਂਗਸਟਰਾਂ ਦੀ ਵਿੱਕੀ ਦੇ ਕਤਲ 'ਚ ਸਿੱਧੇ ਤੌਰ 'ਤੇ ਸ਼ਮੂਲੀਅਤ ਹੈ। ਪੀੜਤ ਧਿਰ ਵੱਲੋਂ ਇਸ ਮਾਮਲੇ ਦੀ ਪੈਰਵੀ ਐਡਵੋਕੇਟ ਐੱਚਐੱਸ ਧਨੋਆ ਕਰ ਰਹੇ ਸਨ। ਜਾਣਕਾਰੀ ਮੁਤਾਬਕ ਇਸ ਮਾਮਲੇ 'ਚ ਪੁਲਿਸ ਨੇ ਅਰਮੀਨੀਆ ਦੀ ਜੇਲ੍ਹ 'ਚ ਬੈਠੇ ਗੌਰਵ ਉਰਫ਼ ਲੱਕੀ ਪਡਿਆਲ, ਜੋ ਕਿ ਬੰਬੀਹਾ ਗੈਂਗ ਚਲਾਉਂਦਾ ਹੈ, ਸਿੱਧੂ ਮੂਸੇਵਾਲਾ ਦੇ ਮੈਨੇਜਰ ਸ਼ਗਨ ਪ੍ਰੀਤ ਸਿੰਘ, ਜੋ ਕਿ ਇਸ ਸਮੇਂ ਵਿਦੇਸ਼ 'ਚ ਹੈ, ਸਮੇਤ ਕਈ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਨਾ ਹੋਣ ਕਾਰਨ ਉਨਾਂ ਖ਼ਿਲਾਫ਼ ਹਾਲੇ ਤੱਕ ਚਾਰਜਸ਼ੀਟ ਦਾਖ਼ਲ ਨਹੀਂ ਕੀਤੀ।

# ਲਾਹੌਰ ਵਿਖੇ ਨਵਦੀਪ ਗਿੱਲ ਦੀ ਪੁਸਤਕ ‘ਪੰਜ-ਆਬ ਦੇ ਸ਼ਾਹ ਅਸਵਾਰ’ ਰਿਲੀਜ਼

## -ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਖਿਡਾਰੀਆਂ ਦੀ ਸਾਂਝੀ ਕਿਤਾਬ ਇੱਕੋ ਸਮੇਂ ਗੁਰਮੁਖੀ ਤੇ ਸ਼ਾਹਮੁਖੀ ਵਿਚ-









**ਲਾਹੌਰ:** ਪਾਕਿਸਤਾਨ ਹਾਕੀ ਦੇ ਦਿੱਗਜ਼ ਓਲੰਪੀਅਨਾਂ ਵੱਲੋਂ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਖਿਡਾਰੀਆਂ ਲਿਖੀ ਨਵੀਂ ਪੁਸਤਕ ‘ਪੰਜ-ਆਬ ਦੇ ਸ਼ਾਹ ਅਸਵਾਰ’ ਨੂੰ ਰਿਲੀਜ਼ ਕੀਤਾ ਗਿਆ। ਯੂਨੀਵਰਸਿਟੀ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ (ਯੂ.ਐਮ.ਟੀ.) ਲਾਹੌਰ ਵਿਖੇ ਹੋਏ ਇਸ ਸਮਾਰੋਹ ਦੌਰਾਨ ਪੁਸਤਕ ਉੱਪਰ ਹੋਈ ਭਰਵੀਂ ਚਰਚਾ ਹੋਈ।

ਯੂ.ਐਮ.ਟੀ. ਦੇ ਡਾਇਰੈਕਟਰ ਤੇ ਸਾਬਕਾ ਹਾਕੀ ਖਿਡਾਰੀ ਆਬਿਦ ਸ਼ੇਰਵਾਨੀ ਦੇ ਸੱਦੇ ਉੱਪਰ ਹੋਏ ਇਸ ਸਮਾਰੋਹ ਦੌਰਾਨ ਪਾਕਿਸਤਾਨ ਦੇ ਹਾਕੀ ਓਲੰਪਿਕਸ ਗੋਲਡ ਮੈਡਲਿਸਟ ਤੌਕੀਰ ਦਾਰ, ਵਿਸ਼ਵ ਕੱਪ ਵਿਜੇਤਾ ਤੇ ਓਲੰਪਿਕਸ ਵਿੱਚ ਕਾਂਸੀ ਦਾ ਤਮਗ਼ਾ ਜੇਤੂ ਖਿਡਾਰੀ ਤੇ ਸਾਬਕਾ ਹਾਕੀ ਕੋਚ ਤਾਹਿਰ ਜਮਾਂ, ਓਲੰਪੀਅਨ ਰੇਹਾਨ ਬੱਟ, ਏਸ਼ੀਅਨ ਹਾਕੀ ਫੈਡਰੇਸ਼ਨ ਦੇ ਕਾਰਜਕਾਰੀ ਨਿਰਦੇਸ਼ਕ ਤੇ ਸਾਬਕਾ ਹਾਕੀ ਖਿਡਾਰੀ ਗੁਲਾਮ ਗੋਸ਼ ਅਤੇ ਸਾਬਕਾ ਕੌਮੀ ਅਥਲੈਟਿਕਸ ਕੋਚ ਅਤੇ ਮਹਾਨ ਅਥਲੀਟ ਅਬਦੁਲ ਖਾਲਿਕ ਦੇ ਬੇਟੇ ਮੁਹੰਮਦ ਇਜ਼ਾਜ ਨੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਖਿਡਾਰੀਆਂ ਦੀ ਇਸ ਸਾਂਝੀ ਕਿਤਾਬ ਦਾ ਸਵਾਗਤ ਕਰਦਿਆਂ ਇਸ ਨੂੰ ਵੱਡਾ ਉਪਰਾਲਾ ਦੱਸਿਆ।

ਕਿਤਾਬ ਰਿਲੀਜ਼ ਦੀ ਰਸਮ ਨਿਭਾਉਣ ਵਾਲਿਆ ਵਿੱਚ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ, ਸਾਬਕਾ ਆਈ.ਏ.ਐਸ. ਤੇ ਕੌਮਾਂਤਰੀ ਸਾਈਕਲਿਸਟ ਅੰਮ੍ਰਿਤ ਕੌਰ ਗਿੱਲ, ਸਾਬਕਾ ਆਈ.ਪੀ.ਐਸ. ਅਧਿਕਾਰੀ ਤੇ ਲੇਖਕ ਗੁਰਪ੍ਰੀਤ ਸਿੰਘ ਤੂਰ, ਵਿਸ਼ਵ ਪੰਜਾਬੀ ਸਭਾ ਦੇ ਸਰਪ੍ਰਸਤ ਇੰਦਰਜੀਤ ਸਿੰਘ ਬੱਲ ਟੋਰੰਟੋ ਤੇ ਮਲਟੀ ਨੈਸ਼ਨਲ ਕੰਪਨੀ ਦੇ ਚੀਫ਼ ਇੰਜਨੀਅਰ ਗੁਰਭਜਨ ਸਿੰਘ ਗਿੱਲ ਵੀ ਸ਼ਾਮਲ ਸਨ।

ਓਲੰਪੀਅਨ ਹਾਕੀ ਖਿਡਾਰੀ ਤੌਕੀਰ ਦਾਰ ਨੇ ਕਿਹਾ ਕਿ ਖੇਡਾਂ ਦੋ ਦੇਸ਼ਾਂ ਨੂੰ ਜੋੜਨ ਲਈ ਪੁਲ ਦਾ ਕੰਮ ਕਰਦੀਆਂ ਹਨ। ਉਨ੍ਹਾਂ ਭਾਰਤੀ ਹਾਕੀ ਖਿਡਾਰੀਆਂ ਨਾਲ ਸਾਂਝਾ ਦੀ ਗੱਲ ਕਰਦਿਆਂ ਕਿਹਾ ਕਿ ਮਰਹੂਮ ਖਿਡਾਰੀ ਸੁਰਜੀਤ ਸਿੰਘ ਰੰਧਾਵਾ ਨਾਲ ਉਨ੍ਹਾਂ ਦਾ ਬਹੁਤ ਪਿਆਰ ਸੀ। ਸੁਰਜੀਤ ਸਿੰਘ ਵੱਲੋਂ ਰਖਵਾਏ ਦੋਸਤਾਨਾ ਮੈਚ ਨੂੰ ਖੇਡਣ ਲਈ 1984 ਵਿੱਚ ਉਨ੍ਹਾਂ ਭਾਰਤ ਆਉਣਾ ਸੀ ਪਰ ਬਦਕਿਸਮਤੀ ਨਾਲ ਉਸ ਮੈਚ ਬਾਰੇ ਗੱਲਬਾਤ ਕਰਨ ਤੋਂ ਬਾਅਦ ਭਾਰਤ ਪੁੱਜਦਿਆਂ ਸੁਰਜੀਤ ਸਿੰਘ ਜਲੰਧਰ ਨੇੜੇ ਹਾਦਸੇ ਵਿੱਚ ਸਾਨੂੰ ਅਲਵਿਦਾ ਆਖ ਗਿਆ। ਪਾਕਿਸਤਾਨ ਦੇ ਖਿਡਾਰੀਆਂ ਨੇ ਸੁਰਜੀਤ ਦੇ ਜਾਣ ਤੇ ਬੜਾ ਸੋਗ ਮਨਾਇਆ।

ਭਾਰਤੀ ਵਫ਼ਦ ਵਿੱਚ ਸ਼ਾਮਲ ਪੰਜਾਬੀ ਲੋਕ ਵਿਰਾਸਤ ਅਕਾਦਮੀ ਦੇ ਚੇਅਰਮੈਨ ਪ੍ਰੋ ਗੁਰਭਜਨ ਸਿੰਘ ਗਿੱਲ ਨੇ ਇਸ ਉਪਰਾਲੇ ਦੀ ਸ਼ਲਾਘਾ ਕਿਹਾ ਕਿਹਾ ਪਹਿਲੀ ਵਾਰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਖਿਡਾਰੀਆਂ ਨੂੰ ਇਕ ਮਾਲਾ ਵਿੱਚ ਪਰੋਂਦਿਆਂ ਕਿਤਾਬ ਲਿਖੀ ਗਈ ਹੈ। ਦੋਵੇਂ ਪੰਜਾਬਾਂ ਦੇ ਚੋਟੀ ਦੇ 15-15 ਖਿਡਾਰੀਆਂ ਨੂੰ ਸ਼ਾਮਲ ਕਰਦਿਆਂ ਰੇਖਾ ਚਿੱਤਰ ਲਿਖੇ ਗਏ ਹਨ। ਪੰਜਾਬੀ ਵਿੱਚ ਪਹਿਲੀ ਵਾਰ ਲਿਖੀ ਗਈ ਅਜਿਹੀ ਨਿਵੇਕਲੀ ਕਿਤਾਬ ਗੁਰਮੁਖੀ ਤੇ ਸ਼ਾਹਮੁਖੀ ਵਿੱਚ ਬਰਾਬਰ ਛਪੀ ਹੈ। ਗੁਰਮੁਖੀ ਦੀ ਕਿਤਾਬ ਨੂੰ ਲੋਕਗੀਤ ਪ੍ਰਕਾਸ਼ਨ (ਯੂਨੀ ਸਟਾਰ)ਮੋਹਾਲੀ ਨੇ ਛਾਪਿਆ ਹੈ ਜਦੋਂ ਕਿ ਸ਼ਾਹਮੁਖੀ ਦੀ ਕਿਤਾਬ ਨੂੰ ਆਸਿਫ਼ ਰਜ਼ਾ ਵੱਲੋਂ ਲਾਹੌਰ ਦੀ ਸਾਂਝਾ ਵਿਰਸਾ ਸੰਸਥਾ ਨੇ ਛਾਪਿਆ ਹੈ। ਨਵਦੀਪ ਸਿੰਘ ਗਿੱਲ ਦੀ ਇਹ 14ਵੀਂ ਪੁਸਤਕ ਹੈ।

ਯੂ.ਐਮ.ਟੀ. ਦੇ ਡਾਇਰੈਕਟਰ ਤੇ ਸਾਬਕਾ ਹਾਕੀ ਖਿਡਾਰੀ ਆਬਿਦ ਸ਼ੇਰਵਾਨੀ ਨੇ ਕਿਹਾ ਕਿ ਦੋਵੇਂ ਪੰਜਾਬਾਂ ਦੇ ਖਿਡਾਰੀਆਂ ਦੀ ਇਹ ਪੁਸਤਕ ਗੁਰਮੁਖੀ ਦੇ ਨਾਲ ਸ਼ਾਹਮੁਖੀ ਵਿੱਚ ਛਪਣ ਨਾਲ ਪਾਕਿਸਤਾਨ ਵਿੱਚ ਵੀ ਖੇਡ ਪ੍ਰੇਮੀ ਇਸ ਨੂੰ ਚਾਵਾਂ ਨਾਲ ਪੜ੍ਹਨਗੇ। ਉਨ੍ਹਾਂ ਯੂ.ਐਮ.ਟੀ. ਵੱਲੋਂ ਖਿਡਾਰੀਆਂ ਨੂੰ ਦਿੱਤੇ ਜਾਂਦੀਆਂ ਸਹੂਲਤਾਂ ਤੇ ਵਜ਼ੀਫ਼ਿਆਂ ਦੀ ਗੱਲ ਦੱਸਦਿਆਂ ਕਿਹਾ ਕਿ ਵੱਡੇ ਖਿਡਾਰੀਆਂ ਦੀਆਂ ਜੀਵਨੀਆਂ ਪੜ੍ਹ ਕੇ ਨਵੀਂ ਪੀੜ੍ਹੀ ਬਹੁਤ ਉਤਸ਼ਾਹਤ ਹੋਵੇਗੀ।

ਲੇਖਕ ਨਵਦੀਪ ਸਿੰਘ ਗਿੱਲ ਕਿਤਾਬ ਬਾਰੇ ਗੱਲ ਕਰਦਿਆਂ ਕਿਹਾ ਕਿ ਲਹਿੰਦੇ ਪੰਜਾਬ ਦੇ ਖਿਡਾਰੀਆਂ ਵਿੱਚੋਂ ਹਾਕੀ ਖੇਡ ਦੇ ਚਾਰ ਖਿਡਾਰੀ ਚੌਧਰੀ ਗੁਲਾਮ ਰਸੂਲ, ਅਖ਼ਤਰ ਰਸੂਲ, ਸਮੀਉੱਲਾ ਖਾਨ ਤੇ ਸ਼ਾਹਬਾਜ਼ ਸੀਨੀਅਰ, ਕ੍ਰਿਕਟ ਖੇਡ ਦੇ ਛੇ ਖਿਡਾਰੀ ਫਜ਼ਲ ਮਹਿਮੂਦ, ਇੰਜ਼ਮਾਮ ਉੱਲ ਹੱਕ, ਵਸੀਮ ਅਕਰਮ, ਵਕਾਰ ਯੂਨਿਸ, ਸ਼ੋਏਬ ਅਖ਼ਤਰ ਤੇ ਬਾਬਰ ਆਜ਼ਮ, ਅਥਲੈਟਿਕਸ ਦੇ ਤਿੰਨ ਅਥਲੀਟ ਅਬਦੁਲ ਖਾਲਿਕ, ਗੁਲਾਮ ਰਜ਼ੀਕ ਤੇ ਅਰਸ਼ਦ ਨਦੀਮ, ਇਕ ਪਹਿਲਵਾਨ ਗਾਮਾ ਅਤੇ ਮਹਿਲਾ ਟੈਨਿਸ ਖਿਡਾਰਨ ਉਸ਼ਨਾ ਸੁਹੇਲ ਸ਼ਾਮਲ ਕੀਤੀ।

ਚੜ੍ਹਦੇ ਪੰਜਾਬ ਦੇ ਖਿਡਾਰੀਆਂ ਵਿੱਚੋਂ ਹਾਕੀ ਦੇ ਪੰਜ ਖਿਡਾਰੀ ਬਲਬੀਰ ਸਿੰਘ ਸੀਨੀਅਰ, ਪਿਰਥੀਪਾਲ ਸਿੰਘ, ਅਜੀਤ ਪਾਲ ਸਿੰਘ, ਰੂਪਾ ਸੈਣੀ ਤੇ ਹਰਮਨਪ੍ਰੀਤ ਸਿੰਘ, ਚਾਰ ਅਥਲੀਟ ਮਿਲਖਾ ਸਿੰਘ, ਗੁਰਬਚਨ ਸਿੰਘ ਰੰਧਾਵਾ, ਮਹਿੰਦਰ ਸਿੰਘ ਗਿੱਲ ਤੇ ਮਨਜੀਤ ਕੌਰ, ਦੋ ਪਹਿਲਵਾਨ ਦਾਰਾ ਸਿੰਘ ਤੇ ਕਰਤਾਰ ਸਿੰਘ, ਦੋ ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਤੇ ਅਵਨੀਤ ਕੌਰ ਸਿੱਧੂ, ਇਕ ਫੁਟਬਾਲਰ ਜਰਨੈਲ ਸਿੰਘ ਤੇ ਇਕ ਕ੍ਰਿਕਟਰ ਯੁਵਰਾਜ ਸਿੰਘ ਸ਼ਾਮਲ ਕੀਤਾ ਹੈ।

ਸਾਬਕਾ ਆਈ.ਪੀ.ਐਸ. ਅਧਿਕਾਰੀ ਤੇ ਲੇਖਕ ਗੁਰਪ੍ਰੀਤ ਸਿੰਘ ਤੂਰ ਨੇ ਸਵਾਗਤੀ ਸ਼ਬਦ ਬੋਲਦਿਆਂ ਭਾਰਤ ਤੋਂ ਆਏ ਵਫ਼ਦ ਦੇ ਮੈਂਬਰਾਂ ਦੀ ਜਾਣ ਪਛਾਣ ਕਰਵਾਈ। ਉਨ੍ਹਾਂ ਕਿਹਾ ਕਿ ਭਾਰਤ-ਪਾਕਿਸਤਾਨ ਦੇ ਜ਼ਿਕਰ ਤੋਂ ਬਿਨਾਂ ਵਿਸ਼ਵ ਹਾਕੀ ਦਾ ਇਤਿਹਾਸ ਅਧੂਰਾ ਹੈ। ਇਸ ਮੌਕੇ ਪੰਜਾਬ ਖੇਤੀ ਯੂਨੀਵਰਸਿਟੀ ਦੀ ਅਸੋਸੀਏਟ ਡਾਇਰੈਕਟਰ ਡਾ. ਰੁਪਿੰਦਰ ਕੌਰ ਤੂਰ ਤੇ ਸਰਦਾਰਨੀ ਜਸਵਿੰਦਰ ਕੌਰ ਗਿੱਲ ਵੀ ਹਾਜ਼ਰ ਸਨ।

# ਵਿਸ਼ਵ ਪੰਜਾਬੀ ਕਾਂਗਰਸ ਵੱਲੋਂ ‘ਲਾਹੌਰ ਐਲਾਨਨਾਮਾ’ ਜਾਰੀ



## -ਲੇਖਕਾਂ, ਕਲਾਕਾਰਾਂ, ਪੱਤਰਕਾਰਾਂ ਤੇ ਖਿਡਾਰੀਆਂ ਲਈ ਆਸਾਨ ਵੀਜ਼ਾ ਸਹੂਲਤਾਂ ਦੀ ਮੰਗ-

**ਲਾਹੌਰ:** ਲਾਹੌਰ ਵਿਸ਼ਵ ਪੰਜਾਬੀ ਕਾਂਗਰਸ ਵੱਲੋਂ ਇੱਥੇ ਲਾਹੌਰ ਵਿਖੇ 19 ਤੋਂ 23 ਜਨਵਰੀ, 2025 ਤੱਕ ਬਾਬਾ ਫਰੀਦ ਤੋਂ ਗੁਲਾਮ ਫਰੀਦ ਤੱਕ ਦੇ ਸੂਫੀ ਸਫ਼ਰ ‘ਤੇ ਝਾਤ ਪਾਉਂਦੀ ਪੰਜ ਦਿਨਾਂ 34ਵੀਂ ਅੰਤਰਰਾਸ਼ਟਰੀ ਕਾਨਫਰੰਸ ਕਰਵਾਈ ਗਈ। ਇਸ ਸਬੰਧੀ ਵਿਸ਼ਵ ਪੰਜਾਬੀ ਕਾਂਗਰਸ ਦੇ ਚੇਅਰਮੈਨ ਫਖਰ ਜ਼ਮਾਨ ਦੀ ਅਗਵਾਈ ਹੇਠ ‘ਐਲਾਨ ਨਾਮਾ ਕਮੇਟੀ’ ਦਾ ਗਠਨ ਕੀਤਾ ਗਿਆ ਸੀ, ਜਿਸ ਵਿੱਚ ਡਾ. ਦੀਪਕ ਮਨਮੋਹਨ ਸਿੰਘ ਪ੍ਰਧਾਨ ਇੰਡੀਅਨ ਚੈਪਟਰ ਵਿਸ਼ਵ ਪੰਜਾਬੀ ਕਾਨਫਰੰਸ, ਸ੍ਰੀ ਸਹਿਜਪ੍ਰੀਤ ਸਿੰਘ ਮਾਂਗਟ ਅਤੇ ਪ੍ਰੋਫੈਸਰ ਗੁਰਭਜਨ ਸਿੰਘ ਗਿੱਲ ਮੈਂਬਰ ਵਜੋਂ ਸ਼ਾਮਲ ਸਨ। ਕਾਨਫਰੰਸ ਦੇ ਆਖਰੀ ਦਿਨ ਹੇਠ ਲਿਖਿਆ ਐਲਾਨਨਾਮਾ ਪਾਸ ਕਰਕੇ ਲਾਹੌਰ ਵਿੱਚ ਫ਼ਖ਼ਰ ਜ਼ਮਾਂ ਤੇ ਚੰਡੀਗੜ੍ਹ ਵਿੱਚ ਡਾ. ਦੀਪਕ ਮਨਮੋਹਨ ਸਿੰਘ ਵੱਲੋਂ ਜਾਰੀ ਕੀਤਾ ਗਿਆ।

1. ਪੰਜਾਬ ਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਪ੍ਰਾਇਮਰੀ ਕਲਾਸ ਤੋਂ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਾਜ਼ਮੀ ਹੋਣੀ ਚਾਹੀਦੀ ਹੈ।

2. ਪੰਜਾਬ ਵਿੱਚ ਬੱਚੇ ਦੀ ਪੜ੍ਹਾਈ ਦੀ ਸ਼ੁਰੂਆਤ ਤੋਂ ਲੈ ਕੇ ਗ੍ਰੈਜੂਏਸ਼ਨ ਪੱਧਰ ਤੱਕ ਪੰਜਾਬੀ ਇੱਕ ਲਾਜ਼ਮੀ ਵਿਸ਼ੇ ਵਜੋਂ ਸ਼ਾਮਲ ਹੋਣੀ ਚਾਹੀਦੀ ਹੈ।

3. ਪੰਜਾਬ ਸੂਬੇ ਦੀ ਵੰਡ ਕਿਸੇ ਵੀ ਹਾਲਤ ਵਿੱਚ ਸਵੀਕਾਰਯੋਗ ਨਹੀਂ ਹੋਵੇਗੀ ਕਿਉਂਕਿ ਅਜਿਹਾ ਕਰਨਾ, ਦੇਸ਼ ਦੀ ਏਕਤਾ ਅਤੇ ਤਾਕਤ ਨਾਲ ਸਮਝੌਤਾ ਕਰਨ ਦੇ ਤੁੱਲ ਹੋਵੇਗਾ। ਇਸ ਲਈ ਪੰਜਾਬ ਦੀ ਏਕਤਾ ਨੂੰ ਕਾਇਮ ਰੱਖਣਾ ਜ਼ਰੂਰੀ ਹੈ।

4. ਹਰੇਕ ਵਰ੍ਹੇ 14 ਮਾਰਚ ਦਾ ਦਿਨ ਸਰਕਾਰੀ ਪੱਧਰ ‘ਤੇ ਪੰਜਾਬ ਸੱਭਿਆਚਾਰਕ ਦਿਵਸ ਵਜੋਂ ਮਨਾਇਆ ਜਾਣਾ ਚਾਹੀਦਾ ਹੈ ਅਤੇ ਸਾਰੀਆਂ ਸਰਕਾਰੀ ਸੰਸਥਾਵਾਂ ਅਤੇ ਅਦਾਰੇ ਇਹ ਯਕੀਨੀ ਬਣਾਉਣ ਕਿ ਇਸ ਦਿਨ ਉਨ੍ਹਾਂ ਦੇ ਅਧਿਕਾਰੀ/ਕਰਮਚਾਰੀ ਦਫ਼ਤਰਾਂ ਵਿੱਚ ਰਵਾਇਤੀ ਪੰਜਾਬੀ ਪਹਿਰਾਵੇ ਪਹਿਨਣ ਅਤੇ ਪੰਜਾਬੀ ਭਾਸ਼ਾ ਨੂੰ ਉਤਸ਼ਾਹਿਤ ਕਰਨ।

5. ਪੰਜਾਬੀ ਭਾਸ਼ਾ ਨੂੰ ਪੰਜਾਬ ਵਿੱਚ ਅਧਿਕਾਰਤ ਸਰਕਾਰੀ ਭਾਸ਼ਾ ਵਜੋਂ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ।

6. ਸਿੰਧੀ, ਬਲੋਚੀ, ਪਸ਼ਤੋ ਅਤੇ ਪੰਜਾਬੀ ਸਮੇਤ ਪਾਕਿਸਤਾਨ ਵਿੱਚ ਬੋਲੀਆਂ ਜਾਣ ਵਾਲੀਆਂ ਸਾਰੀਆਂ ਭਾਸ਼ਾਵਾਂ ਨੂੰ ਪਾਕਿਸਤਾਨ ਦੀਆਂ ਕੌਮੀ ਭਾਸ਼ਾਵਾਂ ਵਜੋਂ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ।

7. ਪੰਜਾਬ ਦੇ ਸਾਰੇ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਨੂੰ ਦਫ਼ਤਰਾਂ ਵਿੱਚ ਪੰਜਾਬੀ ਭਾਸ਼ਾ ਬੋਲਣੀ ਚਾਹੀਦੀ ਹੈ ਅਤੇ ਜਿਹੜੇ ਅਧਿਕਾਰੀ/ਕਰਮਚਾਰੀ ਦੂਜੇ ਦੇਸ਼ਾਂ ਜਾਂ ਸੂਬਿਆਂ ਤੋਂ ਪੰਜਾਬ ‘ਚ ਆ ਕੇ ਨੌਕਰੀ ਕਰਦੇ ਹਨ, ਉਨ੍ਹਾਂ ਨੂੰ ਪੰਜਾਬੀ ਬੋਲਣ ਲਈ ਉਤਸ਼ਾਹਿਤ ਕਰਨ ਦੇ ਨਾਲ-ਨਾਲ ਇਸਦੀ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ।

8. ਪੰਜਾਬ ਦੇ ਸ਼ਹਿਰਾਂ, ਗਲੀਆਂ, ਸੜਕਾਂ, ਕਲੋਨੀਆਂ ਅਤੇ ਬਾਜ਼ਾਰਾਂ ਦੇ ਨਾਮ ਪ੍ਰਸਿੱਧ ਪੰਜਾਬੀ ਨਾਇਕਾਂ, ਸੂਫੀ ਕਵੀਆਂ, ਪੰਜਾਬੀ ਲੇਖਕਾਂ, ਬੁੱਧੀਜੀਵੀਆਂ ਅਤੇ ਕਲਾਕਾਰਾਂ ਦੇ ਨਾਮ ‘ਤੇ ਰੱਖੇ ਜਾਣੇ ਚਾਹੀਦੇ ਹਨ।

9. ਪੰਜਾਬ ਭਰ ਦੇ ਸਕੂਲਾਂ ਅਤੇ ਕਾਲਜਾਂ ਵਿੱਚ ਪੰਜਾਬੀ ਪੜ੍ਹਾਉਣ ਲਈ ਦਸ ਹਜ਼ਾਰ ਤੋਂ ਵੱਧ ਪੰਜਾਬੀ ਅਧਿਆਪਕਾਂ, ਪ੍ਰੋਫੈਸਰਾਂ ਨੂੰ ਭਰਤੀ ਕੀਤਾ ਜਾਣਾ ਚਾਹੀਦਾ ਹੈ।

10. ਸਰਕਾਰ ਨੂੰ ਪੰਜਾਬੀ ਸੰਗਠਨਾਂ, ਪੰਜਾਬੀ ਅਖ਼ਬਾਰਾਂ ਅਤੇ ਰਸਾਲਿਆਂ ਦਾ ਸਮਰਥਨ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਪ੍ਰਫੁੱਲਤ ਕਰਨ ਲਈ ਗ੍ਰਾਂਟਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ।

11. ਪੰਜਾਬੀ ਐਮ.ਏ., ਐਮ.ਫਿਲ. ਅਤੇ ਪੀ.ਐਚ.ਡੀ. ਦੀ ਪੜ੍ਹਾਈ ਕਰਨ ਵਾਲੇ ਨੌਜਵਾਨਾਂ ਨੂੰ ਸਿੱਖਿਆ ਵਿਭਾਗ ਤੋਂ ਇਲਾਵਾ ਹੋਰ ਸਰਕਾਰੀ ਵਿਭਾਗਾਂ ਵਿੱਚ ਵੀ ਨੌਕਰੀਆਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

12. ਪਾਕਿਸਤਾਨ ਅਤੇ ਭਾਰਤ ਸਰਕਾਰਾਂ ਵੱਲੋਂ ਆਪਣੀਆਂ ਵੀਜ਼ਾ ਨੀਤੀਆਂ ਨੂੰ ਆਸਾਨ ਬਣਾਉਣਾ ਚਾਹੀਦਾ ਹੈ ਅਤੇ ਸਨਮਾਨਿਤ ਲੇਖਕਾਂ, ਖਿਡਾਰੀਆਂ ,ਬੁੱਧੀਜੀਵੀਆਂ ਤੇ ਪੱਤਰਕਾਰਾਂ ਲਈ ਵੀਜ਼ਾ ਪ੍ਰਕਿਰਿਆ ਨੂੰ ਸੁਖਾਲਾ ਕੀਤਾ ਜਾਣਾ ਚਾਹੀਦਾ ਹੈ।

-0-





# ਨਸ਼ਿਆਂ ਦੀ ਦਲਦਲ-ਵੱਡੀ ਚੁਣੌਤੀ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਨਸ਼ਾ ਮਾਫੀਏ ਦੀਆਂ ਸਰਗਰਮੀਆਂ ਸਿਖ਼ਰਾਂ 'ਤੇ ਹਨ। ਬੱਚਿਆਂ, ਭੋਲੇ-ਭਾਲੇ ਚੜ੍ਹਦੀ ਉਮਰ ਦੇ ਮੁੱਛ-ਫੁੱਟ ਗੱਭਰੂਆਂ, ਨੌਜਵਾਨ-ਮੁਟਿਆਰਾਂ ਨੂੰ ਆਪਣੇ ਰਸਤੇ ਤੋਂ ਭਟਕਾ ਕੇ ਦੇਸ਼, ਦੁਨੀਆ ਵਿੱਚ ਮਨ-ਆਈਆਂ ਕਰਨ ਲਈ, ਸਭ ਤੋਂ ਸੌਖਾ ਤਰੀਕਾ ਜਿਹੜਾ ਦਿਸਦਾ ਹੈ, ਉਹ ਨਸ਼ੀਲੇ ਪਦਾਰਥ ਬਨਾਉਣਾ, ਵੰਡਣਾ, ਵੇਚਣਾ ਅਤੇ ਇਸਦਾ ਦੁਨੀਆਂ ਭਰ 'ਚ ਪ੍ਰਸਾਰ ਕਰਨਾ ਹੈ। ਇਹ ਕੰਮ ਕਰਨ ਵਾਲੇ ਨਸ਼ਾ ਸੌਦਾਗਰ ਇੰਨੇ ਬਲਬਾਨ ਹੋ ਚੁੱਕੇ ਹਨ ਕਿ ਦੁਨੀਆ ਦੀ ਕੋਈ ਵੀ ਸਰਕਾਰ ਨਸ਼ੇ ਦੇ ਇਹਨਾਂ ਸੌਦਾਗਰਾਂ ਉਤੇ ਪੱਕੇ ਤੌਰ 'ਤੇ ਪਾਬੰਦੀ ਲਾਉਣ ਤੋਂ ਅਸਮਰਥ ਹੈ। ਇਸੇ ਕਰਕੇ ਨਸ਼ਿਆਂ ਦਾ ਅੰਤ ਨਹੀਂ ਹੋ ਰਿਹਾ।

ਦੁਨੀਆ ਭਰ 'ਚ ਨਸ਼ੀਲੇ ਪਦਾਰਥਾਂ ਦਾ ਜਾਲ ਵਿਛਿਆ ਹੋਇਆ ਹੈ। ਨਸ਼ੀਲੇ ਪਦਾਰਥ ਬਨਾਉਣ ਤੋਂ ਲੈਕੇ ਵੇਚਣ ਤੱਕ ਦੇ ਆਪਣੇ ਕੰਮ ਨੂੰ ਨਸ਼ਾ ਸੌਦਾਗਰ ਅਤਿਅੰਤ ਵਪਾਰਕ ਪੱਧਰ 'ਤੇ ਪੂਰਾ ਕਰਦੇ ਹਨ। ਕੋਈ ਦੋ ਰਾਵਾਂ ਨਹੀਂ ਕਿ ਸਾਸ਼ਨ-ਪ੍ਰਾਸ਼ਾਸ਼ਨ ਦੀਆਂ ਕੁਝ ਗੰਦੀਆਂ ਮੱਛੀਆਂ ਲੁਕਵੇਂ ਰੂਪ 'ਚ ਇਸ ਵਿੱਚ ਸ਼ਾਮਲ ਹਨ। ਜੇਕਰ ਇੰਜ ਨਾ ਹੁੰਦਾ ਤਾਂ ਨਸ਼ਾ ਮਾਫੀਆ ਇਸ ਕਦਰ ਵੱਧ-ਫੁੱਲ ਨਹੀਂ ਸੀ ਸਕਦਾ।

ਸਮੱਸਿਆ ਨਸ਼ਿਆਂ ਦੇ ਪਦਾਰਥਾਂ ਦੀ ਖਰੀਦੋ-ਫ਼ਰੋਖਤ ਤੱਕ ਹੀ ਸੀਮਤ ਨਹੀਂ ਰਹੀ। ਪੈਕਟ ਬੰਦ ਡੱਬੇ, ਡੱਬੇ ਬੰਦ ਭੋਜਨ ਅਤੇ ਪੀਣ ਵਾਲੀਆਂ ਚੀਜਾਂ ਵਿੱਚ ਵੀ ਸਿਹਤ ਲਈ ਘਾਤਕ, ਮੌਤ ਦੇ ਮੂੰਹ ਧੱਕਣ ਵਾਲੇ ਰਸਾਇਣਿਕ ਮਿਸ਼ਰਣ ਪਾਏ ਜਾਂਦੇ ਹਨ। ਪਿਛਲੇ 25 ਵਰ੍ਹਿਆਂ 'ਚ ਇਹ ਅਭਿਆਸ ਨਿਰੰਤਰ ਵਧਿਆ ਹੈ। ਇਸ ਅਭਿਆਸ ਦੀ ਨਿਗਰਾਨੀ ਉਤੇ,ਜੋ ਪਹਿਲਾਂ ਸਰਕਾਰੀ ਬੰਦਸ਼ ਸੀ, ਉਹ ਕਾਫੀ ਢਿੱਲੀ ਪੈ ਚੁੱਕੀ ਹੈ। ਹੁਣ ਕਣਕ, ਚਾਵਲ, ਦਾਲ, ਸਬਜੀ, ਫਲ, ਮਸਾਲੇ, ਤੇਲ, ਘਿਓ, ਪੈਕਟ ਬੰਦ ਭੋਜਨ ਅਤੇ ਸੋਡਾ ਵਾਟਰ ਤੇ ਹੋਰ ਪੀਣ ਵਾਲੇ ਪਦਾਰਥਾਂ ਵਿੱਚ ਇਸ ਦੀ ਮਾਤਰਾ ਆਮ ਪਾਈ ਜਾਂਦੀ ਹੈ, ਜਿਸਨੇ ਬਹੁਤੇ ਲੋਕਾਂ ਦੀ ਸਿਹਤ ਨੂੰ ਹਾਲੋਂ-ਬੇਹਾਲ ਕੀਤਾ ਹੋਇਆ ਹੈ। ਆਮ ਆਦਮੀ ਬੇਬਸ ਹੈ। ਉਸਦੇ ਸਰੀਰ ਦੇ ਅੰਦਰੂਨੀ ਅੰਗਾਂ ਉਤੇ ਇਸਦਾ ਅਸਰ ਪੈ ਰਿਹਾ ਹੈ। ਇਹਦਾ ਅਸਰ ਮਨੁੱਖ ਦੀ ਮਨੋ ਅਵਸਥਾ ਉਤੇ ਵੀ ਪੈਂਦਾ ਹੈ।

ਨਸ਼ੀਲੇ ਪਦਾਰਥਾਂ ਦੀ ਤਸਕਰੀ ਭਾਰਤ ਲਈ ਹੀ ਨਹੀਂ, ਸਗੋਂ ਦੁਨੀਆਂ ਲਈ ਵੀ ਵੱਡੀ ਸਿਰਦਰਦੀ ਹੈ। ਲਗਭਗ ਸਾਰੇ ਦੇਸ਼ਾਂ ਦੇ ਵੱਡੀ ਸੰਖਿਆ 'ਚ ਛੋਟੀ ਉਮਰ ਵਾਲੇ ਅਤੇ ਨੌਜਵਾਨ ਨਸ਼ਿਆਂ ਦੀ ਮਾਰ ਹੇਠ ਹਨ। ਹੈਰਾਨੀਜਨਕ ਤਾਂ ਇਹ ਹੈ ਕਿ ਕਾਨੂੰਨੀ ਤੌਰ 'ਤੇ ਨਸ਼ਿਆਂ ਦੀ ਮਨਾਹੀ ਹੈ। ਪਰ ਇਹ ਧੰਦਾ ਰੁਕ ਨਹੀਂ ਰਿਹਾ, ਲਗਾਤਾਰ ਵੱਧ ਰਿਹਾ ਹੈ। ਸਵਾਲ ਉੱਠਦੇ ਹਨ ਕਿ ਕੀ ਇਹ ਸਭ ਕੁਝ ਸਰਕਾਰੀ ਮਿਲੀ ਭੁਗਤ ਨਾਲ ਹੋ ਰਿਹਾ ਹੈ? ਤੱਥ ਇਹ ਵੀ ਕੱਢੇ ਜਾ ਰਹੇ ਹਨ ਕਿ ਜਿਹਨਾ ਦੇਸ਼ਾਂ ਵਿੱਚ ਪਰਿਵਾਰਿਕ ਇਕਾਈਆਂ ਟੁੱਟ ਰਹੀਆਂ ਹਨ ਜਾਂ ਟੁੱਟ ਚੁੱਕੀਆਂ ਹਨ, ਉਥੇ ਨੌਜਵਾਨਾਂ 'ਚ ਨਸ਼ਿਆਂ ਦੀ ਵਰਤੋਂ ਜ਼ਿਆਦਾ ਹੈ। ਭਾਰਤ ਜਿਹੇ ਦੇਸ਼ ਵਿੱਚ ਹੁਣ ਵੀ ਬੱਚਿਆਂ ਅਤੇ ਨੌਜਵਾਨਾਂ ਨੂੰ ਪਰਿਵਾਰ ਅਤੇ ਸਮਾਜ ਦਾ ਡਰ ਹੈ, ਇਥੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਹੋਰ ਦੇਸ਼ਾਂ ਦੇ ਮੁਕਾਬਲੇ ਘੱਟ ਹੈ, ਲੇਕਿਨ ਪਿਛਲੇ ਕੁਝ ਦਹਾਕਿਆਂ ਵਿੱਚ ਇਹ ਦੇਖਣ ਨੂੰ ਮਿਲ ਰਿਹਾ ਹੈ ਕਿ ਜਿਹਨਾ ਸੂਬਿਆਂ ਚ ਸਰਕਾਰਾਂ ਦਾ ਕੁ-ਪ੍ਰਬੰਧ ਹੈ, ਉਥੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵੱਧ ਰਹੀ ਹੈ ਅਤੇ ਨਸ਼ਿਆਂ ਦਾ ਪ੍ਰਕੋਪ ਸਿਖ਼ਰਾਂ 'ਤੇ ਪੁੱਜ ਗਿਆ ਹੈ।ਭਾਰਤ ਦੇ ਸਰਹੱਦੀ ਸੂਬੇ ਇਸਦੀ ਮਾਰ ਵਿੱਚ ਹਨ। ਪੰਜਾਬ ਨਸ਼ਿਆਂ ਦੀ ਵੱਡੀ ਮਾਰ ਸਹਿ ਰਿਹਾ ਹੈ।



ਨਸ਼ਿਆਂ ਦੀ ਵਰਤੋਂ ਦੀ ਵੱਧ ਰਹੀ ਤਸਵੀਰ ਅੰਕੜਿਆਂ ਤੋਂ ਵੇਖੀ ਜਾ ਸਕਦੀ ਹੈ। ਇਕੱਲੇ 2024 ਵਿੱਚ ਹੀ 16,914 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ। ਕੁਝ ਦਿਨ ਪਹਿਲਾਂ ਨਵੀਂ ਦਿੱਲੀ 'ਚ 560 ਕਿਲੋ ਤੋਂ ਜ਼ਿਆਦਾ ਕੋਕੀਨ ਅਤੇ 40 ਕਿਲੋ ਮਾਰਜੁਆਨਾ ਫੜਿਆ ਗਿਆ। ਇਸ ਦੀ ਕੀਮਤ ਸੱਤ ਹਜ਼ਾਰ ਕਰੋੜ ਹੈ। ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿਚ ਇੱਕ ਕਾਰਖਾਨੇ ਵਿੱਚ 1814 ਕਰੋੜ ਮੁੱਲ ਦਾ 907 ਕਿਲੋ ਮੈਫੇਡਰੀਨ ਪਦਾਰਥ ਫੜਿਆ ਗਿਆ। ਇਹ ਨਸ਼ਾ ਬਨਾਉਣ ਵਾਲੀ ਕੱਚੀ ਸਮੱਗਰੀ ਵਜੋਂ ਵਰਤਿਆਂ ਜਾਂਦਾ ਹੈ। ਇੰਝ ਬਹੁਤ ਵੱਡੀ ਰਾਸ਼ੀ ਨਸ਼ਿਆਂ ਦੇ ਪਦਾਰਥਾਂ ਦੇ ਪ੍ਰਚਲਣ ਲਈ ਇਸਤੇਮਾਲ ਹੋ ਰਹੀ ਹੈ।ਹੈਰਾਨੀਜਨਕ ਹੈ ਕਿ ਅੰਕੜਿਆਂ 'ਚ ਦੱਸਿਆ ਹੈ ਕਿ ਇਹ ਪਦਾਰਥ ਜਾਂ ਸਮੱਗਰੀ ਉਹ ਹੈ ਜੋ ਛਾਪਿਆਂ 'ਚ ਜਬਤ ਕੀਤੀ ਜਾ ਰਹੀ ਹੈ, ਪਰ ਪੈਸੇ ਦੀ ਜਿਹੜੀ ਵਰਤੋਂ ਨਸ਼ਾ ਵਪਾਰ 'ਚ ਹੋ ਰਹੀ ਹੈ, ਉਸਦਾ ਅੰਦਾਜ਼ਾ ਲਗਾਇਆ ਹੀ ਨਹੀਂ ਜਾ ਸਕਦਾ। ਭਾਰਤ ਵਿੱਚ ਸਾਲ 2009 ਤੋਂ 2014 ਤੱਕ ਕੁੱਲ 3.63 ਲੱਖ ਨਸ਼ੀਲੇ ਪਦਾਰਥ ਜ਼ਬਤ ਹੋਏ ਜਦਕਿ 2014 ਤੋਂ 2024 ਤੱਕ 24 ਲੱਖ ਕਿਲੋ ਨਸ਼ੀਲੇ ਪਦਾਰਥ ਜ਼ਬਤ ਹੋਏ। 2004 -14 ਤੱਕ ਨਸ਼ੀਲੇ ਜ਼ਬਤ ਪਦਾਰਥਾਂ ਦਾ ਮੁੱਲ 8150 ਕਰੋੜ ਸੀ ਜਦਕਿ 2014-24 ਦੇ ਵਿੱਚ ਨਸ਼ਟ ਕੀਤੇ ਨਸ਼ੀਲੇ ਪਦਾਰਥਾਂ ਦਾ ਮੁੱਲ 54,831 ਕਰੋੜ ਸੀ। ਭਾਰਤ ਵਿੱਚ ਵੀ ਤੇ ਦੁਨੀਆ ਵਿੱਚ ਵੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਧੰਦਾ ਚਰਮ ਸੀਮਾ 'ਤੇ ਹੈ। ਇਸ ਕਾਲੇ ਕਾਰੋਬਾਰ ਨੂੰ ਵਧਾਉਣ ਲਈ ਮਾਨਵ ਤਸਕਰੀ ਅਤੇ ਖ਼ਾਸ ਕਰਕੇ ਵੇਸਵਾ ਵਿਰਤੀ ਦਾ ਪ੍ਰਚਲਣ ਵਧ ਰਿਹਾ ਹੈ ਅਤੇ ਨੌਜਵਾਨ ਲੜਕੀਆਂ ਦੀ ਵੱਡੀ ਸੰਖਿਆ ਇਸ ਕਾਲੇ ਧੰਦੇ ਵਿੱਚ ਘਸੀਟੀ ਜਾ ਰਹੀ ਹੈ।

ਨਸ਼ਾ ਤਸਕਰੀ 'ਚ ਤਸਕਰ-ਗ੍ਰੋਹ ਡਾਰਕ ਵੇਵ, ਔਨਲਾਈਨ ਅਤੇ ਡਰੋਨ ਅਧਾਰਿਤ ਠੱਗੀ ਵੀ ਸ਼ੁਰੂ ਕਰ ਚੁੱਕੇ ਹਨ। ਨਤੀਜਾ ਇਹ ਹੈ ਕਿ ਉਹਨਾ ਦੀਆਂ ਵਿਆਪਕ ਭੈੜੀਆਂ ਸਰਗਰਮੀਆਂ ਦੀ ਮਾਰ ਹੇਠ ਸਮਾਜ ਦੀ ਕੋਈ ਵੀ ਗਤੀਵਿਧੀ ਸੁਰੱਖਿਅਤ ਨਹੀਂ ਰਹੀ। ਇਥੋਂ ਤੱਕ ਕਿ ਦੇਸ਼ਾਂ ਦੀ ਆਰਥਿਕਤਾ ਵੀ ਇਹਨਾਂ ਤਸਕਰ-ਗ੍ਰੋਹਾਂ ਦੇ ਨਿਸ਼ਾਨੇ 'ਤੇ ਆ ਚੁੱਕੀ ਹੈ। ਮਾਫੀਆ ਰਾਜ ਦਾ ਪਸਾਰਾ ਇਹਨਾਂ ਦੀ ਬਦੌਲਤ ਵਧ ਫੁੱਲ ਰਿਹਾ ਹੈ। ਅਪਰਾਧਾਂ ਦੀ ਵੱਧ ਰਹੀ ਚਿੰਤਾਜਨਕ ਵੱਡੀ ਗਿਣਤੀ ਵੀ ਨਸ਼ਾ ਗ੍ਰੋਹਾਂ ਦੀ ਉਪਜ ਹੈ, ਜਿਹੜੇ ਆਪਣੇ ਵਿਰੋਧੀਆਂ ਨੂੰ ਖ਼ਤਮ ਕਰਨ ਲਈ ਨਿੱਤ ਦਿਹਾੜੇ ਵਾਰਦਾਤਾਂ ਕਰਦੇ ਹਨ। ਇਹ ਹੋਰ ਵੀ ਚਿੰਤਾਜਨਕ ਹੈ ਕਿ ਰੋਜ਼ਗਾਰ ਤੋਂ ਵੰਚਿਤ ਨੌਜਵਾਨ ਇਹਨਾ ਗ੍ਰੋਹਾਂ 'ਚ ਸ਼ਾਮਲ ਹੋ ਰਹੇ ਹਨ ਅਤੇ ਸਮਾਜ ਵਿੱਚ ਨਿੱਤ ਨਵੀਆਂ ਮੁਸੀਬਤਾਂ ਦਾ ਕਾਰਨ ਬਣ ਰਹੇ ਹਨ। ਇਸ ਤੋਂ ਵੀ ਵੱਡੀ ਚਿੰਤਾ ਨਸ਼ਾ ਤਸਕਰਾਂ, ਗੁੰਡਾ ਗ੍ਰੋਹਾਂ ਸਮਾਜ ਵਿਰੋਧੀ ਅਨਸਰਾਂ ਦੇ ਸਰਗਨਿਆਂ ਦਾ ਸਿਆਸੀ ਧਿਰਾਂ ਦਾ ਜੋੜ-ਮੇਲ ਵੱਧ ਰਿਹਾ ਹੈ, ਜੋ ਦੇਸ਼ ਵਿੱਚ ਹੋ ਰਹੀਆਂ ਕਿਸੇ ਕਿਸਮ ਦੀਆਂ ਚੋਣਾਂ 'ਚ ਅਹਿਮ ਭੂਮਿਕਾ ਨਿਭਾਉਣ ਦੇ ਯੋਗ ਬਣ ਗਏ ਹਨ। ਸਿੱਟਾ ਇਹ ਹੈ ਕਿ ਸਰਵਜਨਕ ਰੂਪ ਵਿੱਚ ਤਸਕਰਾਂ ਦੀ ਅਰਾਜਕਤਾ ਪ੍ਰਭਾਵੀ ਢੰਗ ਨਾਲ ਦੇਸ਼ ਤੇ ਸਮਾਜ ਵਿੱਚ ਦਿਖਣ ਲੱਗੀ ਹੈ, ਜੋ ਲੋਕਤੰਤਰੀ ਕਦਰਾਂ-ਕੀਮਤਾਂ ਉਤੇ ਭਾਰੀ ਪੈਣ ਲੱਗੀ ਹੈ। ਇਥੋਂ ਤੱਕ ਕਿ ਦੇਸ਼ ਦੀ ਸੁਰੱਖਿਆ ਵੀ ਇਹਨਾ ਤਸਕਰਾਂ ਕਾਰਨ ਦਾਅ 'ਤੇ ਲੱਗੀ ਦਿਸ ਰਹੀ ਹੈ, ਕਿਉਂਕਿ ਨਿੱਤ ਦਿਹਾੜੇ ਸਰਹੱਦੋਂ ਪਾਰ ਡਰੋਨ ਹਮਲੇ ਅਤੇ ਸਰਹੱਦੀਆਂ ਥਾਣੇ ਚੌਕੀਆਂ ਉਤੇ ਗਰਨੇਡ ਹਮਲੇ ਹੋ ਰਹੇ ਹਨ। ਪੰਜਾਬ ਦੇ ਸਰਹੱਦੀ ਜ਼ਿਲਿਆਂ ਵਿੱਚ ਇਸ ਕਿਸਮ ਦੀਆਂ ਵਾਰਦਾਤਾਂ ਪਿਛੇ ਪੁਲਿਸ ਪ੍ਰਾਸ਼ਾਸ਼ਨ, ਇਹਨਾ ਨਸ਼ਾ ਤਸਕਰਾਂ ਦਾ ਹੀ ਹੱਥ ਵੇਖਦਾ ਹੈ।

ਅੱਜ ਦੇਸ਼ ਸਾਹਮਣੇ ਵੱਡੀ ਚਣੌਤੀ ਨਸ਼ੇ ਹਨ। ਨੌਜਵਾਨ, ਜਿਹੜੇ ਨਸ਼ਾ ਗ੍ਰਸਤ ਹਨ, ਉਹਨਾ ਨੂੰ ਸਰਕਾਰੀ, ਗੈਰ-ਸਰਕਾਰੀ ਯਤਨਾਂ ਨਾਲ ਮੁੱਖ ਧਾਰਾ ਵਿੱਚ ਲਿਆਂਦਾ ਜਾਣਾ ਸਮੇਂ ਦੀ ਲੋੜ ਹੈ। ਨਸ਼ਾ ਤਸਕਰਾਂ ਵਿਰੁੱਧ ਵੱਡੀ ਲਾਮਬੰਦੀ ਕਰਕੇ ਉਹਨਾਂ ਨੂੰ ਸਖ਼ਤ ਸਜ਼ਾ ਦੇਣ , ਨਸ਼ਾ ਬਨਾਉਣ ਵਾਲੀਆਂ ਗੈਰ-ਕਾਨੂੰਨੀ ਫੈਕਟਰੀਆਂ, ਉਹਨਾ ਦੇ ਮਾਲਕਾਂ ਨੂੰ ਵੱਡੇ ਦੰਡ ਦੇਣ ਦੀ ਵੀ ਲੋੜ ਹੈ। ਨਸ਼ਾ ਮਾਫੀਆ ਤਿਕੱੜੀ, ਜਿਸ ਵਿੱਚ ਨਸ਼ਾ ਤਸਕਰ, ਭੈੜੇ ਸਵਾਰਥੀ ਸਿਆਸਤਦਾਨ ਅਤੇ ਸੁਰੱਖਿਆ ਬਲਾਂ 'ਚ ਬੈਠੀਆਂ ਕਾਲੀਆਂ ਭੇਡਾਂ ਸ਼ਾਮਲ ਹਨ, ਦਾ ਚਿਹਰਾ ਨੰਗਾ ਕਰਕੇ, ਉਹਨਾ ਨੂੰ ਨੱਥ ਪਾਉਣ ਤੋਂ ਬਿਨ੍ਹਾਂ ਆਮ ਲੋਕਾਂ ਦੀ ਨਸ਼ਿਆਂ ਪ੍ਰਤੀ ਚਿੰਤਾ-ਮੁਕਤੀ ਸੰਭਵ ਨਹੀਂ ਹੈ।

# ਕੁੱਤਿਆਂ ਤੋਂ ਬੰਦੇ ਦੇ ਬਚਾਅ ਲਈ ਕੋਈ ਕਾਨੂੰਨ ਨਹੀਂ



ਡਾ. ਅਮਨਪ੍ਰੀਤ ਸਿੰਘ ਬਰਾੜ
ਫੋਨ: 96537-90000

ਕਿਸੇ ਜ਼ਮਾਨੇ ਵਿੱਚ ਸਮਾਜ ਦੇ ਹੇਠਲੇ ਵਰਗ ਵਿੱਚ ਇਹ ਲਫਜ ਕਹੇ ਜਾਂਦੇ ਸਨ ਕਿ "ਬੰਦੇ ਭਾਵੇਂ ਭੁੱਖੇ ਮਰ ਜਾਣ ਪਰ ਬਿਸਕੁਟ ਖਾਣ ਕਤੂਰੇ" ਇਹ ਹਰੀ ਕ੍ਰਾਂਤੀ ਤੋਂ ਪਹਿਲਾਂ ਦੀਆਂ ਗੱਲਾਂ ਹਨ। ਅੱਜ ਦੇਸ਼ ਤਰੱਕੀ ਕਰ ਗਿਆ ਹੈ ਬੰਦੇ ਭੁੱਖੇ ਨਹੀਂ ਮਰਦੇ ਕਿਉਂ ਕਿ ਖਬਰਾਂ ਮੁਤਾਬਕ ਦੇਸ਼ ਵਿੱਚ 90 ਕਰੋੜ ਲਾਭ ਪਾਰਤੀ ਦੱਸੇ ਜਾਂਦੇ ਹਨ। 82 ਕਰੋੜ ਲੋਕਾਂ ਨੂੰ 5 ਕਿਲੋ ਪ੍ਰਤੀ ਮਹੀਨਾ ਅਨਾਜ ਮਿਲਦਾ ਹੈ। ਦੂਜੇ ਪਾਸੇ ਕੁੱਤੇ ਜ਼ਿਆਦਾ ਤਰੱਕੀ ਕਰ ਗਏ ਉਹ ਸ਼ਾਕਾਹਾਰੀ ਤੋਂ ਮਾਸਾਹਾਰੀ ਹੋ ਗਏ। ਮੈਂ ਪਾਠਕਾਂ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਅਵਾਰਾ ਗਊਆਂ ਅਤੇ ਕੁੱਤਿਆਂ ਵੱਲ। ਅਵਾਰਾ ਗਊਆਂ ਤੇ ਕਾਫੀ ਚਰਚਾ ਹੁੰਦੀ ਰਹੀ ਹੈ ਨਵੀਆਂ ਗਊਸ਼ਾਲਾ ਵੀ ਖੋਲੀਆਂ ਗਈਆਂ, ਗਊ ਸੈਸ (ਟੈਕਸ) ਵੀ ਲੱਗਿਆ ਪਰ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੈ। ਏਸੇ ਤਰ੍ਹਾਂ ਕੁੱਤਿਆਂ ਦੀ ਅਬਾਦੀ ਘਟਾਉਣ ਲਈ ਵੀ ਇਹਨਾਂ ਨੂੰ ਖਸੀ ਕਰਨ ਦੇ ਪ੍ਰੋਗਰਾਮ ਚਲਾਏ ਗਏ, ਕਰੋੜਾਂ ਰੁਪਏ ਖਰਚਣ ਤੋਂ ਬਾਅਦ ਵੀ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੈ। ਅੱਜ ਕੁੱਤਿਆਂ ਨੇ ਕੰਮਕਾਜ਼ ਤੇ ਜਾਣ ਵਾਲੇ ਲੋਕਾਂ ਦਾ ਘਰੋਂ ਨਿਕਲਣਾ ਦੁੱਬਰ ਕੀਤਾ ਹੋਇਆ ਹੈ। ਦੇਸ਼ ਵਿੱਚ ਸਵੱਛ ਭਾਰਤ ਅਭਿਆਨ ਸ਼ੁਰੂ ਕੀਤਾ ਗਿਆ ਹਰ ਛੋਟੇ ਵੱਡੇ ਨੇਤਾ ਨੇ ਝਾੜੂ ਫੜ ਕੇ ਫੋਟੋਆਂ ਖਿਚਵਾਈਆਂ। ਬੰਦਿਆਂ ਲਈ ਟੱਟੀਆਂ ਵੀ ਬਣਾਈਆਂ ਗਈਆਂ ਪਰ ਸਭ ਦੇ ਬਾਵਜੂਦ ਸੜਕਾਂ ਤੇ ਗੋਬਰ ਅਤੇ ਕੁੱਤਿਆਂ ਦੀ ਟੱਟੀ ਜਿਉਂ ਦੀ ਤਿਉਂ ਬਰਕਰਾਰ ਹੈ। ਇਸ ਲਈ ਅਵਾਰਾ ਤੇ ਨਿੱਜੀ ਕੁੱਤੇ ਦੋਨੋਂ ਹੀ ਜਿੰਮੇਵਾਰ ਹਨ। ਘਰੇਲੂ ਕੁੱਤਿਆਂ ਦੇ ਤਾਂ ਰੱਖਣ ਵਾਲਿਆਂ ਨੂੰ ਕਸੂਰਵਾਰ ਠਹਿਰਾਇਆ ਜਾ ਸਕਦਾ ਹੈ ਪਰ ਅਵਾਰਾ ਕੁੱਤਿਆਂ ਦਾ ਕੀ ਕਰੀਏ। ਇਹ ਸੜਕਾਂ ਦਾ ਗੰਦ ਲੋਕਾਂ ਦੀਆਂ ਗੱਡੀਆਂ ਦੇ ਟਾਇਰਾਂ ਤੇ ਬੂਟਾਂ, ਚੱਪਲਾਂ ਨਾਲ ਲੱਗ ਕੇ ਘਰਾਂ ਤੱਕ ਪਹੁੰਚਦਾ ਹੈ ਅਤੇ ਕਈ ਖਤਰਨਾਕ ਬੀਮਾਰੀਆਂ ਨੂੰ ਜਨਮ ਦਿੰਦਾ ਹੈ। ਜਦੋਂ ਬਾਰਿਸ਼ ਹੁੰਦੀ ਹੈ ਤਾਂ ਇਹੋ ਮਲਮੂਤਰ ਦਰਿਆਵਾਂ ਵਿੱਚ ਰਲ ਕੇ ਪੀਣ ਵਾਲੇ ਪਾਣੀ ਨੂੰ ਦੂਸ਼ਿਤ ਕਰਦਾ ਹੈ।

**ਅਵਾਰਾ ਕੁੱਤਿਆਂ ਦਾ ਕਹਿਰ:-** ਇਸ ਵੇਲੇ ਅਵਾਰਾ ਕੁੱਤਿਆਂ ਦੀ ਤਾਦਾਦ ਐਨੀ ਵੱਧ ਗਈ ਹੈ ਕਿ ਬਜ਼ੁਰਗ, ਬੱਚੇ, ਔਰਤਾਂ ਅਤੇ ਹੁਣ ਤਾਂ ਇਕੱਲੇ ਬੰਦੇ ਦਾ ਘਰ ਤੋਂ ਨਿਕਲਣਾ ਕਿਸੇ ਨਾ ਕਿਸੇ ਕੁੱਤੇ ਦਾ ਸ਼ਿਕਾਰ ਬਣਦਾ ਹੈ। ਇਸ ਦਾ ਸ਼ਿਕਾਰ ਗਰੀਬ ਜਾਂ ਮੱਧ ਵਰਗ ਪਰਿਵਾਰਾਂ ਵਿੱਚੋਂ ਬਹੁਤੇ ਲੋਕ ਬਣਦੇ ਹਨ। ਬੱਚੇ ਪੈਦਲ ਜਾਂ ਸਾਈਕਲਾਂ ਤੇ ਸਕੂਲ ਜਾਂ ਟਿਊਸ਼ਨ ਜਾਂਦੇ ਹਨ। ਇਥੋਂ ਤੱਕ ਅੱਜ ਮਾਪੇ ਕੁੱਤਿਆਂ ਦੇ ਡਰ ਕਰਕੇ ਬੱਚਿਆਂ ਨੂੰ ਪਾਰਕਾਂ ਵਿੱਚ ਖੇਡਣ ਵੀ ਨਹੀਂ ਭੇਜਦੇ। ਕੰਮ ਕਾਰ ਵਾਲੀਆਂ ਔਰਤਾਂ, ਘਰੇਲੂ ਔਰਤਾਂ ਜ਼ਰੂਰਤ ਦਾ ਸਮਾਨ ਖਰੀਦਣ ਵੱਖ-ਵੱਖ ਕੰਪਨੀਆਂ ਦੇ ਡਿਲਿਵਰੀ ਵਾਲੇ ਅਤੇ ਬਜ਼ੁਰਗ ਜੋ ਸੈਰ ਲਈ ਨਿਕਲਦੇ ਹਨ। ਅਮੀਰ ਲੋਕ ਜਾਂ ਉਹ ਲੋਕ ਜਿਹੜੇ ਜਾਨਵਰਾਂ ਨੂੰ ਪਿਆਰ ਕਰਨ ਵਾਲੇ ਮੰਨੇ ਜਾਂਦੇ ਹਨ ਉਹ ਇਹਨਾਂ ਦੀ ਪਕੜ ਤੋਂ ਬਾਹਰ ਹਨ ਕਿਉਂਕਿ ਉਨ੍ਹਾਂ ਨੇ ਤਾਂ ਕਾਰ ਤੋਂ ਹੇਠਾਂ ਪੈਰ ਨਹੀਂ ਲਾਉਣਾ। ਸੈਰ ਲਈ ਜਿੰਮ ਵਿੱਚ ਜਾਂਦੇ ਹਨ ਜਿਹੜੇ ਪੈਦਲ ਜਾਂਦੇ ਹਨ ਉਨ੍ਹਾਂ ਨਾਲ ਬਾਡੀਗਾਰਡ ਹੁੰਦੇ ਹਨ।

**ਅਬਾਦੀ:-** ਇਸ ਸਭ ਦੇ ਪਿੱਛੇ ਹੈ ਅਵਾਰਾ ਕੁੱਤਿਆਂ ਦੀ ਵੱਧਦੀ ਅਬਾਦੀ। ਪੈਟ ਹੋਮਲੈਸ ਇੰਡੈਕਸ (ਫ੍ਰੀ) ਦੇ ਮੁਤਾਬਕ ਭਾਰਤ ਵਿੱਚ ਅਵਾਰਾ ਕੁੱਤਿਆਂ ਦੀ ਅਬਾਦੀ ਸਾਲ 2022 ਵਿੱਚ 6 ਕਰੋੜ 2 ਲੱਖ ਸੀ। ਇਸ ਦਾ ਅਰਥ ਹੈ ਕਿ 23 ਲੋਕਾਂ ਮਗਰ ਇੱਕ ਅਵਾਰਾ ਕੁੱਤਾ ਹੈ। ਸਾਲ 2019-2022 ਤੱਕ 1.6 ਕਰੋੜ ਲੋਕਾਂ ਨੂੰ ਅਵਾਰਾ ਕੁੱਤਿਆਂ ਨੇ ਕੱਟਿਆ। ਵਿਸ਼ਵ ਸਿਹਤ ਸੰਸਥਾ (ਂ) ਦੇ ਅੰਕੜਿਆਂ ਮੁਤਾਬਕ ਭਾਰਤ ਵਿੱਚ ਹਰ ਸਾਲ 18 ਤੋਂ 20 ਹਜ਼ਾਰ ਮੌਤਾਂ ਹਲਕਾਅ ਕਾਰਨ ਹੁੰਦੀਆਂ ਹਨ।

**ਪੰਜਾਬ-** ਸਾਲ 2019 ਵਿੱਚ ਹੋਏ ਲਾਈਵ ਸਟਾਕ ਸੈਂਸਸ ਦੇ ਮੁਤਾਬਕ ਸੂਬੇ ਵਿੱਚ 2.90 ਲੱਖ ਤੋਂ ਜ਼ਿਆਦਾ ਕੁੱਤੇ ਸਨ। ਇਹ ਅੰਕੜੇ ਅਕਤੂਬਰ 2022 ਵਿੱਚ ਵਿਧਾਨ ਸਭਾ ਵਿੱਚ ਦੱਸੇ ਗਏ ਸਨ। ਪੰਜਾਬ ਸਰਕਾਰ ਨੇ 2015 ਵਿੱਚ ਹਲਫਨਾਮਾ ਦੇ ਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੂੰ ਦੱਸਿਆ ਕਿ ਪੰਜਾਬ ਵਿੱਚ 59806 ਅਵਾਰਾ ਕੁੱਤੇ ਹਨ। ਸਾਲ 2022 ਵਿੱਚ ਪੰਜਾਬ ਦੇ ਮੁੱਖ ਸ਼ਹਿਰਾਂ ਵਿੱਚ ਕੁੱਤੇ ਦੇ ਵੱਢਣ ਦੇ ਅੰਕੜੇ ਇਸ ਤਰ੍ਹਾਂ ਹਨ ਲੁਧਿਆਣਾ 19043, ਪਟਿਆਲਾ 13023, ਮੋਹਾਲੀ 11077, ਬਠਿੰਡਾ 13128 ਕੁਝ ਸ਼ਹਿਰਾਂ ਕੋਲ ਇਸ ਦਾ ਕੋਈ ਰਿਕਾਰਡ ਹੀ ਨਹੀਂ। ਗੱਲ ਇਕੱਲੀ ਵੱਡਣ ਤੱਕ ਸੀਮਤ ਨਹੀਂ ਬੱਚੇ, ਬਜ਼ੁਰਗ ਅਤੇ ਔਰਤਾਂ ਨੂੰ ਮਾਰ ਕੇ ਖਾਣ ਤੱਕ ਪਹੁੰਚ ਗਈ।



ਸਵਾਲ ਤਾਂ ਇਹ ਹੈ ਕਿ 2001 ਤੋਂ ਸਰਕਾਰਾਂ ਦੀਆਂ ਸਕੀਮਾਂ ਚੱਲਦੀਆਂ ਹਨ ਅਵਾਰਾ ਕੁੱਤਿਆਂ ਨੂੰ ਸਟਰਲਾਈਜ਼ ਕਰਕੇ ਇਹਨਾਂ ਦੀ ਅਬਾਦੀ ਘਟਾਓਣ ਦੀ ਪਰ ਇਹ ਵੱਧਦੀ ਜਾ ਰਹੀ ਹੈ। ਸਾਲ 2022 ਅਕਤੂਬਰ ਦੇ ਵਿਧਾਨ ਸਭਾ ਸੈਸ਼ਨ ਵਿੱਚ ਇਹ ਦੱਸਿਆ ਗਿਆ ਸੀ ਕਿ ਪੰਜਾਬ ਵਿੱਚ 2.90 ਲੱਖ ਕੁੱਤਿਆ ਵਿੱਚੋਂ 1.22 ਲੱਖ ਕੁੱਤਿਆਂ ਨੂੰ ਸਟਰਲਾਈਜ਼ ਕੀਤਾ ਗਿਆ ਜਿਸ ਤੇ 9.50 ਕਰੋੜ ਖਰਚ ਆਇਆ ਹੈ। ਮਾਹਿਰਾਂ ਵਲੋਂ ਇਹ ਦੱਸਿਆ ਜਾ ਰਿਹਾ ਹੈ ਕਿ ਜੇ 70 ਫੀਸਦੀ ਤੋਂ ਉੱਪਰ ਕੁੱਤੇ ਸਟਰਲਾਈਜ਼ ਹੋਣਗੇ ਤਾਂ ਅਬਾਦੀ ਘੱਟ ਸਕਦੀ ਹੈ। ਨਸਬੰਦੀ ਨਾਲ ਅਬਾਦੀ ਨਹੀਂ ਘੱਟਣੀ ਇਸ ਦੇ ਦੋ ਕਾਰਨ ਸਮੇਂ ਸਿਰ ਮਨਜੂਰੀ ਅਤੇ ਭਰਿਸ਼ਟਾਚਾਰ।

**ਕੁੱਤੇ ਦੇ ਵੱਢਣ ਦਾ ਲੋਕਾਂ ਦੀ ਆਰਥਿਕਤਾ 'ਤੇ ਬੋਝ:-** ਪੰਜਾਬ ਕੋਲ 201 ਐਂਟੀ ਰੈਬਿਜ਼ ਕਲਿਨਿਕ ਹਨ। ਜੇ ਕੁੱਤਾ ਵੱਢਦਾ ਹੈ ਤਾਂ ਇੱਕ ਵਿਅਕਤੀ ਨੂੰ ਪੰਜ ਰੈਬਿਜ਼ ਦੇ ਟੀਕੇ ਲੱਗਦੇ ਹਨ। ਇੱਕ ਟੀਕੇ ਦੀ ਕੀਮਤ 380 ਰੁਪਏ ਹੈ ਤੇ 20 ਰੁਪਏ ਲਵਾਈ ਦੇ ਯਾਨੀ ਸਿਰਫ ਟੀਕੇ ਦਾ ਖਰਚਾ 2000 ਰੁਪਏ ਹੋਇਆ। ਇਸ ਤੋਂ ਇਲਾਵਾ ਪਹਿਲੀ ਵੇਰ ਡਾਕਟਰ ਦੀ ਫੀਸ ਅਤੇ ਪੱਟੀਆਂ ਦਾ ਖਰਚਾ ਵੱਖਰਾ ਜਿਹੜਾ ਲੋਕਾਂ ਦਾ ਕੰਮ ਛੁੱਟਿਆ ਉਸ ਦੀ ਗਿਣਤੀ ਕਰਨੀ ਔਖੀ ਹੈ। ਇਕੱਲੇ ਲੁਧਿਆਣੇ ਵਿੱਚ ਹੀ ਸਾਲ 2022 ਵਿੱਚ 19043 ਲੋਕਾਂ ਨੇ 3.60 ਕਰੋੜ ਟੀਕਿਆਂ ਤੇ ਖਰਚੇ ਇਸੇ ਤਰ੍ਹਾਂ ਦੇਸ਼ ਭਰ ਵਿੱਚ 1.6 ਕਰੋੜ ਲੋਕਾਂ ਨੇ 3200 ਕਰੋੜ ਸਾਲ 2019-2022 ਤੱਕ ਖਰਚੇ। ਜਿਸ ਘਰ ਦਾ ਜੀਅ ਖਾ ਲਿਆ ਉਸ ਦਾ ਅੰਦਾਜਾ ਨਹੀਂ ਲਗਾਇਆ ਜਾ ਸਕਦਾ।

**ਸਿਹਤ 'ਤੇ ਅਸਰ:-** ਕੁੱਤਿਆਂ ਤੋਂ ਬੰਦਿਆਂ ਨੂੰ ਅਨੇਕਾਂ ਤਰ੍ਹਾਂ ਦੀਆਂ ਬੀਮਾਰੀਆਂ ਲੱਗਦੀਆਂ ਹਨ ਕਿਉਂਕਿ ਅਵਾਰਾ ਕੁੱਤੇ ਤਾਂ ਬਾਹਰੋਂ ਗਲੀ ਸੜੀ ਖੁਰਾਕ, ਮਰੇ ਹੋਏ ਜਾਨਵਰ ਅਤੇ ਹੋਰ ਗੰਦ ਮੰਦ ਖਾਂਦੇ ਹਨ ਪਰ ਜਿਹੜੇ ਪਾਲਤੂ ਕੁੱਤੇ ਹਨ ਉਹਨਾਂ ਨੂੰ ਜਦੋਂ ਕੱਚਾ ਮੀਟ ਜਾਂ ਕੱਚੇ ਆਂਡੇ ਖਵਾਏ ਜਾਂਦੇ ਹਨ ਤਾਂ ਉਹ ਵੀ ਕੁੱਤੇ ਦੀ ਪਾਚਣ ਨਾਲੀ ਵਿੱਚ ਅਨੇਕਾਂ ਤਰ੍ਹਾਂ ਦੀਆਂ ਵਾਇਰਸ, ਬੈਕਟੀਰੀਆ ਅਤੇ ਪਰੋਟੋਜੋਆ ਲੈ ਕੇ ਜਾਂਦੇ ਹਨ ਜਿਹੜੇ ਬਾਅਦ ਵਿੱਚ ਸਲਾਈਵਾ (ਰਾਲਾਂ) ਸਾਹ, ਪਿਸ਼ਾਬ ਅਤੇ ਟੱਟੀ ਰਸਤੇ ਬਾਹਰ ਆ ਕੇ ਅਗੋਂ ਹਵਾ ਅਤੇ ਪਾਣੀ ਦੇ ਮਾਧਿਅਮ ਰਾਹੀਂ ਇਨਸਾਨਾਂ ਦੇ ਅੰਦਰ ਵੀ ਚਲੇ ਜਾਂਦੇ ਹਨ। ਹਲਕਾਅ ਤੋਂ ਕਿਤੇ ਜ਼ਿਆਦਾ ਇਹ ਅੰਤੜੀਆਂ ਦੇ ਰੋਗਾਂ ਦਾ ਕਾਰਨ ਬਣਦੇ ਹਨ। ਅੱਜ ਅੰਤੜੀ ਰੋਗ ਦੇ ਡਾਕਟਰਾਂ ਕੋਲ ਮਰੀਜ਼ਾਂ ਦੀਆਂ ਲਾਈਨਾ ਲੱਗਦੀਆਂ ਹਨ ਅਤੇ ਕਈ-ਕਈ ਘੰਟੇ ਟਾਈਮ ਲੈ ਕੇ ਵੀ ਵਾਰੀ ਨਹੀਂ ਆਉਂਦੀ। ਕਈ ਇਸ ਤਰ੍ਹਾਂ ਦੇ ਬੈਕਟਰੀਆ ਹਨ ਜਿਹੜੇ ਬਹੁਤ ਸਾਰੇ ਪ੍ਰਚੱਲਤ ਐਂਟੀਬਾਇਓਟਿਕ ਨਾਲ ਵੀ ਨਹੀਂ ਮਰਦੇ ਜਿਵੇਂ ਕਿ ਮੈਥੀਸੀਲੀਨ ਸਟੇਫੀਲੋਕੋਕਸ ਔਰਮੀਅਸ (ਐਮ ਆਰ ਐਸ ਏ) ਬੈਕਟੀਰੀਆ ਦੀ ਇੰਨਫੈਕਸ਼ਨ ਇਨਸਾਨਾਂ ਲਈ ਘਾਤਕ ਸਿੱਧ ਹੋ ਸਕਦੀ ਹੈ। ਇਸ ਦੇ ਇਲਾਜ ਲਈ ਨਵੀਆਂ ਐਂਟੀਬਾਇਓਟਿਕਸ ਵੈਨਕੋਮਾਈਸੀਨ, ਲਿਨਜੋਲਿਡ ਅਤੇ ਡੈਪਟੋਮਾਈਸੀਨ ਵਰਤੀਆਂ ਜਾਂਦੀਆਂ ਹਨ। ਆਮ ਤੌਰ ਤੇ ਕੁੱਤੇ ਦੇ ਵੱਢਣ ਮਗਰੋਂ ਹਲਕਾਅ ਤੋਂ ਬਚਾਅ ਦੇ ਲਈ ਟੀਕੇ ਤਾਂ ਲਗਵਾ ਲਏ ਜਾਂਦੇ ਹਨ। ਪਰ ਤਿੰਨ ਚਾਰ ਦਿਨ ਬਾਅਦ ਖੂਨ ਅਤੇ ਸਟੂਲ ਟੈਸਟ ਵੀ ਕਰਵਾ ਲੈਣਾ ਚਾਹੀਦਾ ਹੈ ਤਾਂ ਕਿ ਬਾਕੀ ਇਲਾਜ ਵੀ ਨਾਲ ਹੋ ਜਾਵੇ। ਕਈ ਬੈਕਟੀਰੀਆ ਐਸੇ ਹਨ ਜਿਹੜੇ ਹੌਲੀ-ਹੌਲੀ ਵੱਧਦੇ ਹਨ। ਜਦੋਂ ਨੂੰ ਜਖਮ ਠੀਕ ਹੋਣ ਲੱਗਣ ਉਦੋਂ ਨੂੰ ਡਾਇਰੀਆ ਹੋ ਜਾਂਦਾ ਹੈ।

**ਨਿਚੋੜ:-** ਲੋਕਾਂ ਨੂੰ ਰਲ ਕੇ ਅਵਾਜ਼ ਉਠਾਉਣੀ ਚਾਹੀਦੀ ਹੈ ਕਿ ਜਿਹੜੇ ਪਾਲਤੂ ਕੁੱਤੇ ਹਨ ਉਹਨਾਂ ਨੂੰ ਮਾਲਕ ਟੱਟੀ ਲਿਫਾਫੇ ਵਿੱਚ ਕਰਵਾਉਣ ਅਤੇ ਜਿਹੜੇ ਅਵਾਰਾ ਹਨ ਉਹਨਾਂ ਲਈ ਸਰਕਾਰ ਗਊਸ਼ਾਲਾ ਵਾਂਗ ਅਹਾਤੇ ਬਣਾ ਕੇ ਉਹਨਾਂ ਵਿੱਚ ਛੱਡ ਦੇਣ। ਜਿਹੜੀਆਂ ਸੁਸਾਇਟੀਆਂ ਇਸ ਦਾ ਵਿਰੋਧ ਕਰਦੀਆਂ ਹਨ ਉਹ ਆਪਣੇ ਖਰਚੇ ਤੇ ਇਹਨਾਂ ਲਈ ਜਮੀਨ ਖਰੀਦ ਕੇ ਪਾਰਕ ਬਣਾਉਣ ਅਤੇ ਉਹਨਾਂ ਵਿੱਚ ਛੱਡ ਕੇ ਸੇਵਾ ਕਰਨਾ। ਜਿਹੜੇ ਕੁੱਤੇ ਦੇ ਮੂੰਹ ਨੂੰ ਇੱਕ ਵਾਰ ਇਨਸਾਨ ਦਾ ਖੂਨ ਲੱਗ ਗਿਆ ਉਹ ਆਦਮ ਖੋਰ ਬਣ ਜਾਂਦਾ ਹੈ। ਮਹਿਲਾਂ ਵਿੱਚ ਰਹਿਣ ਵਾਲਿਆਂ ਨੂੰ ਅਤੇ ਕਾਰਾਂ ਵਿੱਚ ਹੀ ਘਰੋਂ ਬਾਹਰ ਨਿਕਲਣ ਵਾਲਿਆਂ ਨੂੰ ਇਸ ਗੱਲ ਦਾ ਸ਼ਾਇਦ ਹੀ ਪਤਾ ਹੋਵੇ।

# ਪੰਜਾਬ ਟਾਈਮਜ਼

*1 ਫਰਵਰੀ, ਸ਼ਨਿਚਰਵਾਰ*


## ਭਾਰਤ-ਅਮਰੀਕਾ ਸੰਬੰਧ

ਭਾਰਤ ਅਤੇ ਅਮਰੀਕਾ ਦੇ ਸੰਬੰਧਾਂ ਦੀ ਦਾਸਤਾਨ ਹਮੇਸ਼ਾ ਹੀ ਬੇਹੱਦ ਗੁੰਝਲਦਾਰ ਰਹੀ ਹੈ। ਸਮੇਂ ਸਮੇਂ ਆਈਆਂ ਭਾਰਤ ਦੀਆਂ ਸਰਕਾਰਾਂ ਇਤਿਹਾਸ ਵਿਚ ਕਦੇ ਰੂਸ ਪ੍ਰਤੀ ਉਲਾਰ ਰਹੀਆਂ ਅਤੇ ਕਦੇ ਅਮਰੀਕਾ ਪ੍ਰਤੀ। ਆਮ ਤੌਰ 'ਤੇ ਭਾਰਤ ਦੀਆਂ ਸਰਕਾਰਾਂ ਦਾ ਯਤਨ ਦੋਹਾਂ ਮਹਾ ਸ਼ਕਤੀਆਂ ਨਾਲ ਆਪਣੇ ਸੰਬੰਧਾਂ ਦਾ ਇਕੋ ਜਿਹਾ ਤਵਾਜ਼ਨ ਬਣਾਉਣ ਵਾਲਾ ਰਿਹਾ ਹੈ। ਪਰ ਕਦੇ ਕਦੇ ਇਹ ਝੋਲ ਏਧਰ ਜਾਂ ਓਧਰ ਵੀ ਹੁੰਦੀ ਰਹੀ ਹੈ। ਤਾਜ਼ਾ ਘਟਨਾਕ੍ਰਮ ਦੀ ਰੌਸ਼ਨੀ ਵਿਚ ਅਮਰੀਕਾ ਨਾਲ ਭਾਰਤ ਦੇ ਸੰਬੰਧਾਂ ਉੱਤੇ ਨਜ਼ਰ ਟਿਕਾਈਏ ਤਾਂ ਇਸਦੇ ਕਈ ਪੱਖ ਉਜਾਗਰ ਹੋ ਰਹੇ ਹਨ। ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਲਡ ਟਰੰਪ ਦੇ ਸਹੁੰ ਚੁੱਕ ਸਮਾਗਮ ਤੋਂ ਬਾਅਦ ਕਈ ਗੱਲਾਂ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਸਭ ਤੋਂ ਜ਼ਿਆਦਾ ਚਰਚਾ ਇਸ ਗੱਲ ਦੀ ਹੈ ਕਿ ਅਮਰੀਕਾ ਵਿਚ ਵਸਣ ਵਾਲੇ ਭਾਰਤੀਆਂ ਨੂੰ ਮੁੜ ਕੇ ਉਨ੍ਹਾਂ ਦੀ ਜੰਮਣ ਭੋਇੰ ਭੇਜਿਆ ਜਾਵੇਗਾ। ਇਸ ਤੋਂ ਬਾਅਦ ਇਕ ਨਵੀਂ ਬਹਿਸ ਛਿੜੀ ਹੈ ਕਿ ਇਸ ਤਰੀਕੇ ਨਾਲ ਜੇ ਟਰੰਪ ਪ੍ਰਸ਼ਾਸਨ ਆਉਂਦਿਆਂ ਹੀ ਸਖ਼ਤ ਫ਼ੈਸਲੇ ਲਵੇਗਾ ਤਾਂ ਭਾਰਤ ਨਾਲ ਸੰਬੰਧ ਕਿਵੇਂ ਸੁਖਾਲੇ ਰਹਿਣਗੇ? ਟਰੰਪ ਦੇ ਕੁਰਸੀ ਸਾਂਭਦਿਆਂ ਹੀ ਕਈ ਸਖ਼ਤ ਨੀਤੀਆਂ ਘੜੀਆਂ ਗਈਆਂ ਹਨ। ਇਨ੍ਹਾਂ ਵਿਚ ਦੂਜੇ ਮੁਲਕਾਂ ਦੇ ਲੋਕਾਂ 'ਤੇ ਕਾਰਵਾਈ ਦੇ ਨਾਲ-ਨਾਲ ਦੇਸ਼ 'ਚ ਵੱਖਵਾਦੀ ਵਿਚਾਰਾਂ ਵਾਲੀਆਂ ਜਥੇਬੰਦੀਆਂ, ਨਸ਼ਾ ਤਸਕਰਾਂ 'ਤੇ ਕਾਰਵਾਈਆਂ ਵਰਗੇ ਕਰੜੇ ਫੈਸਲੇ ਵੀ ਲਏ ਗਏ ਹਨ ਪਰ ਭਾਰਤਵਾਸੀਆਂ 'ਤੇ ਕਾਰਵਾਈਆਂ ਨੂੰ ਲੈ ਕੇ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਵੀ ਆਪਣੀ ਸਥਿਤੀ ਸਪਸ਼ਟ ਕਰ ਦਿੱਤੀ ਹੈ। ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ ਹੈ ਕਿ ਜੇਕਰ ਅਮਰੀਕਾ ਭਾਰਤੀਆਂ 'ਤੇ ਕਾਰਵਾਈ ਕਰਦਾ ਹੈ ਤਾਂ ਉਸ ਲਈ ਭਾਰਤ ਪਹਿਲਾਂ ਤੋਂ ਹੀ ਤਿਆਰ ਹੈ। ਵਿਦੇਸ਼ ਮੰਤਰੀ ਦਾ ਦਾਅਵਾ ਹੈ ਕਿ ਉਨ੍ਹਾਂ ਵੱਲੋਂ ਕਾਰਵਾਈ ਦੀ ਮਾਰ ਹੇਠਾਂ ਆਉਣ ਵਾਲੇ ਲੋਕਾਂ ਦੀ ਨਿਸ਼ਾਨਦੇਹੀ ਕੀਤੀ ਜਾ ਰਹੀ ਹੈ। ਹਾਲਾਂਕਿ ਇਸ ਬਾਰੇ ਗਿਣਤੀ ਸਪਸ਼ਟ ਨਹੀਂ ਹੈ। ਉਨ੍ਹਾਂ ਇਸ ਗੱਲ ਦਾ ਵੀ ਖ਼ਦਸ਼ਾ ਜ਼ਾਹਰ ਕੀਤਾ ਹੈ ਕਿ ਅਮਰੀਕਾ ਸਰਕਾਰ ਦੀ ਅਜੇਹੀ ਕਾਰਵਾਈ ਨਾਲ ਦੋਵਾਂ ਦੇਸ਼ਾਂ ਦੇ ਸੰਬੰਧ ਬਹੁਤੇ ਸੁਖਾਵੇਂ ਨਹੀਂ ਰਹਿਣਗੇ। ਇਹ ਚਰਚਾ ਹਾਲੇ ਚੱਲ ਹੀ ਰਹੀ ਹੈ ਤੇ ਇਸ ਵਿਚਾਲੇ ਵਾਇਰਲ ਹੋ ਰਹੀ ਇਕ ਵੀਡੀਓ ਨੇ ਵੀ ਸਾਰਿਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਇਸ ਵੀਡੀਓ ਵਿਚ ਭਾਰਤ ਵੱਲੋਂ ਐਲਾਨੇ ਵੱਖਵਾਦੀ ਤੇ ਅੱਤਵਾਦੀ ਗੁਰਪਤਵੰਤ ਸਿੰਘ ਪੰਨੂੰ ਨੂੰ ਡੋਨਲਡ ਟਰੰਪ ਦੇ ਸਹੁੰ ਚੁੱਕ ਪ੍ਰੋਗਰਾਮ ਵਿਚ ਦੇਖਿਆ ਗਿਆ ਹੈ। ਵੀਡੀਓ ਵਿਚ ਪੰਨੂੰ ਸਾਫ਼ ਦਿਖਾਈ ਦੇ ਰਿਹਾ ਹੈ ਤੇ ਇਸ ਦੌਰਾਨ ਉਹ ਕੁਝ ਕਹਿ ਵੀ ਰਿਹਾ ਹੈ, ਜੋ ਫ਼ਿਲਹਾਲ ਸਪਸ਼ਟ ਨਹੀਂ ਹੋ ਸਕਿਆ। ਪਰ ਇਸ 'ਤੇ ਭਾਰਤ ਵੱਲੋਂ ਤਿੱਖੇ ਪ੍ਰਤੀਕਰਮ ਆਉਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪੰਨੂੰ ਦੀ ਟਰੰਪ ਦੇ ਸਹੁੰ ਚੁੱਕ ਸਮਾਗਮ ਵਿਚ ਮੌਜੂਦਗੀ ਨਾਲ ਦੋਵਾਂ ਦੇਸ਼ਾਂ ਦੇ ਸਬੰਧਾਂ 'ਤੇ ਕੀ ਅਸਰ ਪਵੇਗਾ? ਇਹ ਤਾਂ ਆਉਣ ਵਾਲੇ ਦਿਨਾਂ ਵਿਚ ਹੀ ਸਪਸ਼ਟ ਹੋਵੇਗਾ।

ਪਿਛਲੇ ਸਾਲ ਪੰਨੂੰ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦੇ ਮਾਮਲੇ ਦੀ ਜਾਂਚ ਲਈ ਅਮਰੀਕਾ ਤੋਂ ਇਕ ਵਿਸ਼ੇਸ਼ ਜਾਂਚ ਟੀਮ ਭਾਰਤ ਵੀ ਆ ਚੁੱਕੀ ਹੈ। ਇਸ ਬਾਰੇ ਬਾਕਾਇਦਾ ਭਾਰਤੀ ਗ੍ਰਹਿ ਮੰਤਰਾਲੇ ਨੇ ਅਮਰੀਕੀ ਪ੍ਰਸ਼ਾਸਨ ਵੱਲੋਂ ਅਪਰਾਧਕ ਗਰੁੱਪਾਂ, ਅੱਤਵਾਦੀ ਜਥੇਬੰਦੀਆਂ ਤੇ ਡਰੱਗਜ਼ ਮਾਫ਼ੀਆ ਬਾਰੇ ਜਾਣਕਾਰੀ ਉਨ੍ਹਾਂ ਦੀ ਜਾਂਚ ਕਮੇਟੀ ਨੂੰ ਸੌਂਪ ਦਿੱਤੀ ਸੀ। ਇਹ ਉਹ ਸਮਾਂ ਸੀ ਜਦੋਂ ਦੋਵਾਂ ਦੇਸ਼ਾਂ ਵਿਚ ਮਾਹੌਲ ਤਣਾਅ ਵਾਲਾ ਸੀ। ਇਸ ਤੋਂ ਇਲਾਵਾ ਭਾਰਤ ਦੇ ਕੈਨੇਡਾ ਨਾਲ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ ਵੀ ਸੰਬੰਧ ਖ਼ਰਾਬ ਰਹੇ ਹਨ। ਹਾਲਾਂਕਿ, ਅਮਰੀਕਾ ਦੀ ਨਵੀਂ ਸਰਕਾਰ ਬਣਨ ਤੋਂ ਬਾਅਦ ਇਸ ਗੱਲ ਦੇ ਅੰਦਾਜ਼ੇ ਲਗਾਏ ਜਾ ਰਹੇ ਸਨ ਕਿ ਭਾਰਤ ਤੇ ਅਮਰੀਕਾ ਦੇ ਸੰਬੰਧ ਸੁਖਾਵੇਂ ਹੋਣਗੇ। ਇਸ ਤੋਂ ਪਹਿਲਾਂ ਨਰਿੰਦਰ ਮੋਦੀ ਤੇ ਡੋਨਲਡ ਟਰੰਪ ਦੀ ਦੋਸਤੀ ਤੇ ਗਲਵੱਕੜੀ ਵਾਲੀਆਂ ਤਸਵੀਰਾਂ ਵੀ ਖ਼ੂਬ ਵਾਇਰਲ ਹੁੰਦੀਆਂ ਰਹੀਆਂ ਹਨ, ਪਰ ਹੁਣ ਪੰਨੂੰ ਦੇ ਇਸ ਤਰ੍ਹਾਂ ਟਰੰਪ ਦੇ ਸਹੁੰ ਚੁੱਕ ਪ੍ਰੋਗਰਾਮ ਵਿਚ ਸ਼ਾਮਲ ਹੋਣ ਦੀ ਵੀਡੀਓ ਨੇ ਨਵਾਂ ਵਿਵਾਦ ਛੇੜ ਦਿੱਤਾ ਹੈ। ਇਸ ਤਰ੍ਹਾਂ ਘੱਟੋ-ਘੱਟ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਭਾਰਤ ਨਾਲ ਅਮਰੀਕਾ ਦੀ ਦੋਸਤੀ ਨੂੰ ਕੋਈ ਧੱਕਾ ਨਹੀਂ ਲੱਗੇਗਾ। ਇਸ ਬਾਰੇ ਭਾਰਤੀ ਵਿਦੇਸ਼ ਮੰਤਰਾਲੇ ਨੂੰ ਆਪਣੀ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ।

ਇਸ ਦੇ ਨਾਲ ਹੀ ਵਿਦੇਸ਼ੀਆਂ ਦੇ ਅਮਰੀਕਾ ਵਿਚ ਵਸੇਵੇਂ ਅਤੇ ਸਿਰਫ਼ ਔਰਤ-ਮਰਦ ਵਸੇਵੇਂ ਸਮੇਤ ਟਰੰਪ ਸਰਕਾਰ ਵਲੋਂ ਕੀਤੇ ਗਏ ਤਾਬੜਤੋੜ ਫੈਸਲਿਆਂ ਪ੍ਰਤੀ ਲੋਕਾਂ ਵਿਚ ਪੈਦਾ ਹੋ ਰਹੀ ਹੜਬੜੀ ਅਤੇ ਅਮਰੀਕੀ ਅਦਾਲਤ ਵਲੋਂ ਕੁਝ ਫੈਸਲਿਆਂ ਉਤੇ ਲਗਾਈ ਗਈ ਰੋਕ ਸਾਬਤ ਕਰਦੀ ਹੈ ਕਿ ਰਾਸ਼ਟਰਪਤੀ ਡੋਨਲਡ ਟਰੰਪ ਵ੍ਹਾਈਟ ਹਾਊਸ ਵਿਚ ਪ੍ਰਵੇਸ਼ ਕਰਨ ਉਪਰੰਤ ਜਿੰਨੇ ਕਾਹਲੇ ਕਦਮੀਂ ਤੁਰਨ ਲੱਗ ਪਏ ਹਨ, ਏਨੇ ਕਾਹਲੇ ਤੁਰਨ ਦੇ ਰਾਹ ਵਿਚ ਅਜੇ ਬਹੁਤ ਰੁਕਾਵਟਾਂ ਹਨ। ਅਮਰੀਕਾ ਦੀਆਂ ਅੰਦਰੂਨੀ ਰੁਕਾਵਟਾਂ ਨਾਲ ਨਜਿੱਠਣ ਦੇ ਨਾਲ ਨਾਲ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਯੂਕਰੇਨ-ਰੂਸ ਜੰਗ, ਸੀਰੀਆ ਦੀ ਸਥਿਤੀ, ਇਜ਼ਰਾਈਲ-ਹਮਾਸ ਜੰਗ ਵਰਗੇ ਮਸਲਿਆਂ ਨਾਲ ਵੀ ਸਿੱਝਣਾ ਪੈਣਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਲਾ ਦਿਉ ਇਕ ਪਾਸੇ!*

ਚਮਚਾਗਿਰੀ ਇਕ ਟੱਬਰ ਦੀ ਕਰੀ ਜਾਂਦੇ, ਹਾਮੀ 'ਵਿਰਸੇ ਰਵਾਇਤਾਂ' ਦੇ ਇਕ ਪਾਸੇ।
'ਆਕੀ' ਹਾਰੀ ਲੜਾਈ ਹੀ ਲੜ ਰਹੇ ਐ, ਸ਼ਾਨੋ-ਤਖ਼ਤ ਲਈ ਲੜਦੇ ਨੇ ਇਕ ਪਾਸੇ।
'ਆਈ.ਟੀ ਸੈਲ' ਵਾਲੇ ਪੱਖ ਪੂਰ ਰਹੇ ਨੇ, ਸੱਚੀ ਧਿਰ ਲਈ ਪੰਥਕ ਹਨ ਇਕ ਪਾਸੇ।
ਕਿਹੜੇ ਸਾਂਭਣੇ 'ਸੁੱਟ ਦੇਣੇ' ਢੇਰ ਕਿਹੜੇ, ਕਰ ਹੀ ਦੇਣੇ 'ਇਤਿਹਾਸ' ਨੇ ਇਕ ਪਾਸੇ।
ਕਰਿਆ ਦਲ ਦਾ ਬੜਾ ਨੁਕਸਾਨ ਜਿਸਨੇ, ਕਰ ਦਿਉ ਉਹਨੂੰ 'ਨਿਖੇੜ' ਕੇ ਇਕ ਪਾਸੇ।
ਕਿਉਂ 'ਪਾਣੀ ਵਿਚ ਪਾਈ ਮਧਾਣੀ' ਹੋਈ ਐ, ਸਿੰਘ ਜੀ 'ਗੱਲ ਨਿਬੇੜੋ' ਹੁਣ ਇਕ ਪਾਸੇ!

# ਲੋਕਤੰਤਰ ਲਈ ਨਵੀਂ ਵੰਗਾਰ

***ਕਈ ਅਧਿਐਨ ਇਹ ਦੱਸਦੇ ਹਨ ਕਿ ਖੇਤੀ ਕਰਜ਼ਾ ਮਾਫ਼ੀ ਨਾਲ ਨਾ ਤਾਂ ਕਿਸਾਨਾਂ ਦਾ ਭਲਾ ਹੁੰਦਾ ਹੈ ਅਤੇ ਨਾ ਹੀ ਖੇਤੀ ਦਾ, ਪਰ ਰਾਜਨੀਤਕ ਪਾਰਟੀਆਂ ਖੇਤੀ ਕਰਜ਼ਾ ਮਾਫ਼ ਕਰਨ ਦਾ ਐਲਾਨ ਕਰਦੀਆਂ ਹੀ ਰਹਿੰਦੀਆਂ ਹਨ। ਮੁਫ਼ਤਖੋਰੀ ਵਾਲੀਆਂ ਯੋਜਨਾਵਾਂ ਦਾ ਖਰਚਾ ਕਿਤੇ ਨਾ ਕਿਤੇ ਅਰਥਚਾਰੇ 'ਤੇ ਬੁਰਾ ਅਸਰ ਪਾਉਂਦਾ ਹੈ ਕਿਉਂਕਿ ਸਰਕਾਰਾਂ ਨੂੰ ਆਪਣੀਆਂ ਇਨ੍ਹਾਂ ਯੋਜਨਾਵਾਂ ਨੂੰ ਪੂਰਾ ਕਰਨ ਲਈ ਹੋਰ ਵਸਤਾਂ ਜਾਂ ਸਹੂਲਤਾਂ ਨੂੰ ਮਹਿੰਗਾ ਕਰਨਾ ਪੈਂਦਾ ਹੈ।***

ਇਕ ਹਫ਼ਤਾ ਪਹਿਲਾਂ ਹੀ ਅਸੀਂ ਸਮਰੱਥ-ਸੰਪੰਨ ਭਾਰਤ ਦੇ 'ਨਿਰਮਾਣ ਦੀ ਬੁਨਿਆਦ ਰੱਖਣ ਵਾਲੇ ਸੰਵਿਧਾਨ ਦੇ ਲਾਗੂ ਹੋਣ ਦਾ 76ਵਾਂ ਦਿਵਸ ਮਨਾ ਕੇ ਹਟੇ ਹਾਂ। ਏਨੇ ਸਾਲਾਂ ਵਿੱਚ ਭਾਣੇ ਕੀ ਖੱਟਿਆ ਹੈ? ਦੇਸ਼ ਜਾਂ ਸੂਬਿਆਂ ਵਿੱਚ ਹੋਣ ਵਾਲੀ ਹਰ ਚੋਣ ਵੇਲੇ ਸਾਡੀਆਂ ਸਿਆਸੀ ਪਾਰਟੀਆਂ ਬਿਨਾਂ ਸਿਰ-ਪੈਰ ਦੇ ਲੋਕ ਲੁਭਾਉਣੇ ਐਲਾਨ ਕਰ

ਗੁਰਮੁੱਖ ਸਿੰਘ ਭੰਗੂ

ਕਰਦੀਆਂ ਹਨ। ਅਜਿਹੇ ਐਲਾਨ ਇਸ ਤੋਂ ਬਾਅਦ ਵੀ ਕਰ ਰਹੀਆਂ ਹਨ ਕਿ ਇਨ੍ਹਾਂ ਨਾਲ ਨਵੇਂ ਭਾਰਤ ਦਾ ਨਿਰਮਾਣ ਕਰਨ ਵਾਲਾ ਹਕੀਕੀ ਵਿਕਾਸ ਨਹੀਂ ਹੋ ਪਾ ਰਿਹਾ ਹੈ। ਲੋਕ ਲੁਭਾਉਣੇ ਐਲਾਨ ਪਹਿਲਾਂ ਵੀ ਕੀਤੇ ਜਾਂਦੇ ਸਨ, ਪਰ ਉਦੋਂ ਉਹ ਮੁਫ਼ਤ ਵਸਤਾਂ ਜਾਂ ਸੁਵਿਧਾਵਾਂ ਦੇਣ ਤੱਕ ਸੀਮਤ ਰਹਿੰਦੇ ਸਨ। ਹੁਣ ਤਾਂ ਮੁਫ਼ਤ ਸਹੂਲਤਾਂ ਦੇ ਨਾਲ-ਨਾਲ ਧਨ ਦੇਣ ਦੀਆਂ ਯੋਜਨਾਵਾਂ ਵੀ ਪੇਸ਼ ਕੀਤੀਆਂ ਜਾ ਰਹੀਆਂ ਹਨ। ਅਜਿਹੀਆਂ ਯੋਜਨਾਵਾਂ ਵਿਚ ਪ੍ਰਮੁੱਖ ਹਨ। ਮਹਿਲਾਵਾਂ ਨੂੰ ਹਰ ਮਹੀਨੇ ਇਕ ਨਿਸ਼ਚਤ ਰਕਮ ਦੇਣੀ। ਕਿਉਂਕਿ ਕੁਝ ਸੂਬਿਆਂ ਵਿਚ ਇਸ ਤਰ੍ਹਾਂ ਦੀਆਂ ਯੋਜਨਾਵਾਂ ਨੇ ਚੁਣਾਵੀ ਜਿੱਤ ਵਿਚ ਵੱਡੀ ਭੂਮਿਕਾ ਨਿਭਾਈ, ਇਸ ਲਈ ਦਿੱਲੀ ਵਿਚ ਜਿੱਥੇ ਭਾਜਪਾ ਅਤੇ ਕਾਂਗਰਸ ਨੇ ਮਹਿਲਾਵਾਂ ਨੂੰ 25-25 ਸੌ ਰੁਪਏ ਹਰ ਮਹੀਨੇ ਦੇਣ ਦਾ ਐਲਾਨ ਕੀਤਾ ਹੈ, ਓਥੇ ਹੀ ਆਮ ਆਦਮੀ ਪਾਰਟੀ (ਆਪ) ਨੇ 21 ਸੌ ਰੁਪਏ। ਦਿੱਲੀ ਇਕ ਅਜਿਹਾ ਰਾਜ ਹੈ ਜਿੱਥੇ ਸਰਕਾਰ ਦੀ ਆਮਦਨ ਖ਼ਰਚ ਨਾਲੋਂ ਜ਼ਿਆਦਾ ਹੈ। ਇਸੇ ਕਾਰਨ ਸਾਰੀਆਂ ਮੁੱਖ ਪਾਰਟੀਆਂ ਵਿਚ ਔਰਤਾਂ ਨੂੰ ਪ੍ਰਤੀ ਮਹੀਨਾ ਧਨ ਦੇਣ ਦੀ ਦੌੜ ਲੱਗੀ ਹੋਈ ਹੈ। ਦਿੱਲੀ ਵਿਚ ਕੁਝ ਹੋਰ ਲੋਕ ਲੁਭਾਊ ਐਲਾਨ ਕੀਤੇ ਗਏ ਹਨ। ਜਿਵੇਂ ਭਾਜਪਾ ਨੇ ਸੀਨੀਅਰ ਨਾਗਰਿਕਾਂ ਨੂੰ ਮਿਲਣ ਵਾਲੀ ਪੈਨਸ਼ਨ 2000 ਤੋਂ ਵਧਾ ਕੇ 2500 ਰੁਪਏ ਕਰਨ, ਗਰਭਵਤੀ ਔਰਤਾਂ ਨੂੰ 21 ਹਜ਼ਾਰ ਰੁਪਏ ਦੀ ਆਰਥਿਕ ਇਮਦਾਦ ਤੇ ਛੇ ਪੋਸ਼ਟ ਕਿੱਟਾਂ ਦੇ ਨਾਲ-ਨਾਲ ਹਰ ਗ਼ਰੀਬ ਪਰਿਵਾਰ ਦੀ ਮਹਿਲਾ ਨੂੰ 500 ਰੁਪਏ ਵਿਚ ਐੱਲਪੀਜੀ ਗੈਸ ਸਿਲੰਡਰ ਅਤੇ ਹੋਲੀ-ਦੀਵਾਲੀ 'ਤੇ ਇਕ-ਇਕ ਸਿਲੰਡਰ ਮੁਫ਼ਤ ਦੇਣ ਦਾ ਵਾਅਦਾ ਕੀਤਾ ਹੈ।

ਇਸ ਤੋਂ ਇਲਾਵਾ ਉਸ ਨੇ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਕੇਜੀ ਤੋਂ ਲੈ ਕੇ ਪੀਜੀ ਤੱਕ ਮੁਫ਼ਤ ਸਿੱਖਿਆ ਦੇਣ ਦੀ ਵੀ ਗੱਲ ਆਖੀ ਹੈ। ਮੁਫ਼ਤ ਬਿਜਲੀ, ਪਾਣੀ, ਇਲਾਜ, ਸਿੱਖਿਆ ਦੇ ਨਾਲ-ਨਾਲ ਮਹਿਲਾਵਾਂ ਨੂੰ ਮੁਫ਼ਤ ਬੱਸ ਸਫ਼ਰ, ਬਜ਼ੁਰਗਾਂ ਦੀ ਤੀਰਥ ਯਾਤਰਾ ਦੀ ਯੋਜਨਾ ਚਲਾ ਰਹੀ 'ਆਪ' ਨੇ ਹੁਣ ਬਜ਼ੁਰਗਾਂ ਦੇ ਇਲਾਜ ਦਾ ਪੂਰਾ ਖ਼ਰਚਾ ਦੇਣ, ਮੌਲਵੀਆਂ ਦੇ ਨਾਲ-ਨਾਲ ਪੁਜਾਰੀਆਂ-ਗ੍ਰੰਥੀਆਂ ਨੂੰ ਵੀ ਹਰ ਮਹੀਨੇ 18 ਹਜ਼ਾਰ ਰੁਪਏ ਦੀ ਸਨਮਾਨ ਰਾਸ਼ੀ ਪ੍ਰਦਾਨ ਕਰਨ, ਵਿਦਿਆਰਥੀਆਂ ਨੂੰ ਬੱਸਾਂ ਵਿਚ ਮੁਫ਼ਤ ਤੇ ਦਿੱਲੀ ਮੈਟਰੋ ਵਿਚ 50 ਫ਼ੀਸਦੀ ਛੋਟ ਦੇਣ ਦਾ ਵਾਅਦਾ ਵੀ ਕੀਤਾ ਹੈ। ਕਾਂਗਰਸ ਨੇ ਵੀ 200 ਯੂਨਿਟ ਫ੍ਰੀ ਬਿਜਲੀ ਦੀ ਯੋਜਨਾ ਨੂੰ ਵਧਾ ਕੇ 300 ਯੂਨਿਟ ਕਰਨ ਦੇ ਨਾਲ-ਨਾਲ ਮਹਿਲਾਵਾਂ ਲਈ ਪਿਆਰੀ ਦੀਦੀ ਯੋਜਨਾ, ਨੌਜਵਾਨ ਵਰਗ ਲਈ ਯੁਵਾ ਉਡਾਨ ਯੋਜਨਾ ਅਤੇ ਮਹਿੰਗਾਈ ਮੁਕਤੀ ਯੋਜਨਾ ਲਿਆਉਣ ਦੇ ਨਾਲ-ਨਾਲ ਕਈ ਮੁਫ਼ਤ ਸਹੂਲਤਾਂ ਦੇਣ ਦਾ ਵਾਅਦਾ ਕੀਤਾ ਹੈ।

ਕੁੱਲ ਮਿਲਾ ਕੇ ਤਿੰਨੋਂ ਮੁੱਖ ਪਾਰਟੀਆਂ ਦੇ ਚੋਣ ਮਨੋਰਥ ਪੱਤਰਾਂ ਵਿਚ ਲੋਕ ਲੁਭਾਊ ਯੋਜਨਾਵਾਂ ਦੀ ਭਰਮਾਰ ਹੈ। ਇਹ ਸਹੀ ਹੈ ਕਿ ਦੇਸ਼ ਵਿਚ ਇਕ ਤਬਕਾ ਅਜਿਹਾ ਹੈ ਜਿਸ ਨੂੰ ਆਪਣੇ ਗੁਜ਼ਾਰੇ ਲਈ ਸਰਕਾਰੀ ਮਦਦ ਦੀ ਜ਼ਰੂਰਤ ਪੈਂਦੀ ਹੈ। ਇਸੇ ਕਾਰਨ ਆਜ਼ਾਦੀ ਤੋਂ ਬਾਅਦ ਤੋਂ ਹੀ ਵੱਖ-ਵੱਖ ਮਦਾਂ ਵਿਚ ਸਬਸਿਡੀ ਦਿੱਤੀ ਜਾ ਰਹੀ ਹੈ।

ਕੁਝ ਮਦਾਂ ਵਿਚ ਸਬਸਿਡੀ ਦੇਣੀ ਜ਼ਰੂਰਤ ਵੀ ਹੈ, ਜਿਵੇਂ ਕਿਸਾਨਾਂ ਨੂੰ ਸਸਤੇ ਭਾਅ 'ਤੇ ਬੀਜ, ਖਾਦ ਆਦਿ ਮਿਲਣੇ ਚਾਹੀਦੇ ਹਨ ਕਿਉਂਕਿ ਵਿਕਸਤ ਦੇਸ਼ ਵੀ ਅਜਿਹਾ ਕਰ ਰਹੇ ਹਨ। ਕਿਸਾਨਾਂ ਨੂੰ ਸਬਸਿਡੀ ਦੇਣਾ ਇਸ ਲਈ ਵੀ ਜ਼ਰੂਰੀ ਹੈ ਤਾਂ ਕਿ ਅਨਾਜ ਮਹਿੰਗੇ ਨਾ ਹੋ ਸਕਣ। ਭਾਰਤ ਦੀ ਤਰ੍ਹਾਂ ਵਿਸ਼ਵ ਦੇ ਜ਼ਿਆਦਾਤਰ ਦੇਸ਼ ਸਿੱਖਿਆ, ਸਿਹਤ, ਜਨਤਕ ਟਰਾਂਸਪੋਰਟ ਦੇ ਖੇਤਰ ਵਿਚ ਸਬਸਿਡੀ ਦਿੰਦੇ ਹਨ। ਇਕ ਕਲਿਆਣਕਾਰੀ ਰਾਜ ਨੂੰ ਅਜਿਹਾ ਕਰਨਾ ਵੀ ਚਾਹੀਦਾ ਹੈ। ਪੜ੍ਹਿਆ ਲਿਖਿਆ ਅਤੇ ਸਿਹਤਮੰਦ ਸਮਾਜ ਦੇਸ਼ ਦੀ ਆਰਥਿਕ ਉਨਤੀ ਵਿਚ ਭਾਗੀਦਾਰ ਬਣਦਾ ਹੈ। ਭਾਰਤ ਵਿਚ ਕਿਉਂਕਿ ਵੱਡੀ ਗਿਣਤੀ ਗਰੀਬ ਹਨ। ਇਸ ਲਈ ਉਨ੍ਹਾਂ ਨੂੰ ਰਿਆਇਤੀ ਭਾਅ 'ਤੇ ਅੰਨ੍ਹ ਮੁਹੱਈਆ ਕਰਵਾਇਆ ਜਾਣਾ ਚਾਹੀਦਾ ਹੈ। ਪਰ ਗੱਲ ਉਦੋਂ ਵਿਗੜਨ ਲੱਗਦੀ ਹੈ ਜਦ ਸਿਰਫ਼ ਚੁਣਾਵੀ ਜਿੱਤ ਦੇ ਇਰਾਦੇ ਨਾਲ ਲੋਕਾਂ ਨੂੰ ਲੋਕ ਲੁਭਾਉਣੀਆਂ ਯੋਜਨਾਵਾਂ ਨਾਲ ਲਲਚਾਇਆ ਜਾਵੇ ਅਤੇ ਇਸ ਕ੍ਰਮ ਵਿਚ ਬੈਂਕ ਕਰਜ਼ਾ ਮਾਫ਼ ਕਰਨ



ਵਰਗੇ ਕਦਮ ਚੁੱਕੇ ਜਾਣ। ਅਜਿਹੇ ਕਦਮ ਕੇਂਦਰ ਤੇ ਸੂਬਾ ਸਰਕਾਰਾਂ ਦੇ ਖ਼ਜ਼ਾਨਿਆਂ ਦਾ ਕਬਾੜਾ ਕਰਨ ਲੱਗਦੇ ਹਨ। ਹਕੀਕਤ ਇਹ ਵੀ ਹੈ ਕਿ ਅਜਿਹੇ ਕਦਮ ਮੁਫ਼ਤਖੋਰੀ ਵਧਾਉਂਦੇ ਹਨ ਅਤੇ ਲੋਕਾਂ ਨੂੰ ਆਤਮ-ਨਿਰਭਰ ਬਣਨ ਤੋਂ ਰੋਕਦੇ ਹਨ।

ਕਈ ਅਧਿਐਨ ਇਹ ਦੱਸਦੇ ਹਨ ਕਿ ਖੇਤੀ ਕਰਜ਼ਾ ਮਾਫ਼ੀ ਨਾਲ ਨਾ ਤਾਂ ਕਿਸਾਨਾਂ ਦਾ ਭਲਾ ਹੁੰਦਾ ਹੈ ਅਤੇ ਨਾ ਹੀ ਖੇਤੀ ਦਾ, ਪਰ ਰਾਜਨੀਤਕ ਪਾਰਟੀਆਂ ਖੇਤੀ ਕਰਜ਼ਾ ਮਾਫ਼ ਕਰਨ ਦਾ ਐਲਾਨ ਕਰਦੀਆਂ ਹੀ ਰਹਿੰਦੀਆਂ ਹਨ। ਮੁਫ਼ਤਖੋਰੀ ਵਾਲੀਆਂ ਯੋਜਨਾਵਾਂ ਦਾ ਖਰਚਾ ਕਿਤੇ ਨਾ ਕਿਤੇ ਅਰਥਚਾਰੇ 'ਤੇ ਬੁਰਾ ਅਸਰ ਪਾਉਂਦਾ ਹੈ ਕਿਉਂਕਿ ਸਰਕਾਰਾਂ ਨੂੰ ਆਪਣੀਆਂ ਇਨ੍ਹਾਂ ਯੋਜਨਾਵਾਂ ਨੂੰ ਪੂਰਾ ਕਰਨ ਲਈ ਹੋਰ ਵਸਤਾਂ ਜਾਂ ਸਹੂਲਤਾਂ ਨੂੰ ਮਹਿੰਗਾ ਕਰਨਾ ਪੈਂਦਾ ਹੈ। ਮੁਫ਼ਤ ਵਾਲੇ ਪ੍ਰਾਜੈਕਟਾਂ ਦੀ ਕੀਮਤ ਲੋਕਾਂ ਨੂੰ ਹੀ ਤਾਰਨੀ ਪੈਂਦੀ ਹੈ। ਇਕ ਸਮੇਂ ਪ੍ਰਧਾਨ ਮੰਤਰੀ ਮੋਦੀ ਨੇ ਰਿਓੜੀ ਸੰਸਕ੍ਰਿਤੀ ਨੂੰ ਲੈ ਕੇ ਦੇਸ਼ ਨੂੰ ਆਗਾਹ ਕੀਤਾ ਸੀ ਪਰ ਉਸ ਦਾ ਸਿਆਸੀ ਪਾਰਟੀਆਂ 'ਤੇ ਕੋਈ ਅਸਰ ਨਾ ਹੋਇਆ ਅਤੇ ਹੁਣ ਇਹ ਦੇਖਣ ਨੂੰ ਮਿਲ ਰਿਹਾ ਹੈ ਕਿ ਖ਼ੁਦ ਭਾਜਪਾ ਵੀ ਅਜਿਹੇ ਐਲਾਨ ਕਰਨ ਲਈ ਮਜਬੂਰ ਹੈ ਕਿਉਂਕਿ ਉਨ੍ਹਾਂ ਦੀ ਅਣਹੋਂਦ ਵਿਚ ਚੋਣਾਂ ਵਿਚ ਹਾਰ ਦਾ ਮੂੰਹ ਦੇਖਣ ਦਾ ਖ਼ਤਰਾ ਹੈ। ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਸਿਆਸੀ ਪਾਰਟੀਆਂ ਦੀ ਇਹ ਕਿੰਨੀ ਵੱਡੀ ਮਜਬੂਰੀ ਬਣ ਗਈ ਹੈ ਕਿ ਉਹ ਲੋਕ ਲੁਭਾਊ ਚੁਣਾਵੀ ਐਲਾਨ ਜ਼ਰੂਰ ਕਰਨ। ਨਹੀਂ ਤਾਂ ਹਾਰ ਦਾ ਮੂੰਹ ਦੇਖਣਾ ਪਵੇਗਾ। ਕੁਝ ਵੀ ਹੋਵੇ, ਇਸ ਵਰਤਾਰੇ ਨੂੰ ਹਾਂ-ਪੱਖੀ ਬਿਲਕੁਲ ਵੀ ਨਹੀਂ ਕਿਹਾ ਜਾ ਸਕਦਾ। ਇਹ ਵੀ ਸਾਫ਼ ਦੇਖਣ ਨੂੰ ਮਿਲ ਰਿਹਾ ਹੈ ਕਿ ਮੁਫ਼ਤ ਜਾਂ ਰਿਆਇਤੀ ਸੁਵਿਧਾਵਾਂ ਵਧਾਉਂਦੇ ਜਾਣ ਨਾਲ ਬੁਨਿਆਦੀ ਸਹੂਲਤਾਂ ਦੀ ਗੁਣਵੱਤਾ ਪ੍ਰਭਾਵਤ ਹੋ ਰਹੀ ਹੈ। ਕੀ ਸਰਕਾਰੀ ਸਕੂਲਾਂ, ਹਸਪਤਾਲਾਂ ਜਾਂ ਜਨਤਕ ਟਰਾਂਸਪੋਰਟ ਦੀ ਵਿਵਸਥਾ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਉਤਰ ਪਾ ਰਹੀ ਹੈ? ਇਹ ਠੀਕ ਹੈ ਕਿ ਆਮ ਤੌਰ 'ਤੇ ਪੁਰਸ਼ਾਂ 'ਤੇ ਨਿਰਭਰ ਰਹਿਣ ਵਾਲੀਆਂ ਔਰਤਾਂ ਕੋਲ ਧਨ ਜਾਣ ਨਾਲ ਉਨ੍ਹਾਂ ਦਾ ਆਤਮ-ਸਨਮਾਨ ਵਧਦਾ ਹੈ ਪਰ ਕੀ ਇਹ ਉਚਿਤ ਨਹੀਂ ਹੋਵੇਗਾ ਕਿ ਉਨ੍ਹਾਂ ਨੂੰ ਪੈਰਾਂ 'ਤੇ ਖੜ੍ਹਾ ਕਰਨ ਵਾਲੀਆਂ ਜੋ ਯੋਜਨਾਵਾਂ ਲਿਆਂਦੀਆਂ ਜਾਣ ਅਤੇ ਜੋ ਅਜਿਹੀਆਂ ਯੋਜਨਾਵਾਂ ਪਹਿਲਾਂ ਤੋਂ ਚੱਲ ਰਹੀਆਂ ਹਨ, ਉਨ੍ਹਾਂ ਨੂੰ ਅਸਰਦਾਰ ਬਣਾਇਆ ਜਾਵੇ? ਅਜਿਹਾ ਕਰਨ ਨਾਲ ਸਮਾਜ ਦੇ ਨਾਲ-ਨਾਲ ਦੇਸ਼ ਦੀ ਵੀ ਆਰਥਿਕ ਸਥਿਤੀ ਸੁਧਰੇਗੀ।

ਸਿਆਸੀ ਪਾਰਟੀਆਂ ਇਸ ਤੋਂ ਅਣਜਾਣ ਨਹੀਂ ਹੋ ਸਕਦੀਆਂ ਕਿ ਜੋ ਸੂਬੇ ਸਿੱਧੇ ਧਨ ਜਾਂ ਮੁਫ਼ਤ ਸਹੂਲਤਾਂ ਦੇਣ ਦੀਆਂ ਯੋਜਨਾਵਾਂ ਲਿਆਉਂਦੇ ਹਨ, ਉਨ੍ਹਾਂ 'ਚੋਂ ਕਈਆਂ ਨੂੰ ਉਨ੍ਹਾਂ ਨੂੰ ਪੂਰਾ ਕਰਨਾ ਮੁਸ਼ਕਲ ਹੁੰਦਾ ਹੈ। ਕੁਝ ਤਾਂ ਉਨ੍ਹਾਂ ਨੂੰ ਅੱਧੇ-ਅਧੂਰੇ ਤਰੀਕੇ ਨਾਲ ਲਾਗੂ ਕਰਨ ਜਾਂ ਫਿਰ ਉਨ੍ਹਾਂ ਵਿਚ ਦੇਰੀ ਕਰਨ ਲਈ ਮਜਬੂਰ ਹੋ ਜਾਂਦੇ ਹਨ। ਇੰਨਾ ਹੀ ਨਹੀਂ, ਉਹ ਆਰਥਿਕ ਸੰਕਟ ਨਾਲ ਵੀ ਘਿਰ ਜਾਂਦੇ ਹਨ। ਦਿੱਲੀ ਆਰਥਿਕ ਪੱਖੋਂ ਸਮਰੱਥ ਰਾਜ ਜ਼ਰੂਰ ਹੈ ਪਰ ਕੀ ਇਹ ਕਿਸੇ ਤੋਂ ਛੁਪਿਆ ਹੈ ਕਿ ਇਸ ਤੋਂ ਬਾਅਦ ਵੀ ਰਾਜਧਾਨੀ ਕਈ ਬੁਨਿਆਦੀ ਸਮੱਸਿਆਵਾਂ ਨਾਲ ਜੂਝ ਰਹੀ ਹੈ?

ਕਈ ਇਲਾਕਿਆਂ ਵਿਚ ਲੋਕਾਂ ਨੂੰ ਸਾਫ਼ ਪੀਣ ਵਾਲਾ ਪਾਣੀ ਵੀ ਨਹੀਂ ਮਿਲ ਪਾ ਰਿਹਾ ਹੈ। ਆਖ਼ਰ ਉਮੀਦ ਮੁਤਾਬਕ ਖ਼ੁਸ਼ਹਾਲ ਦਿੱਲੀ ਦੇ ਲੋਕਾਂ ਨੂੰ ਮੁਫ਼ਤ ਸਹੂਲਤਾਂ ਦੇਣ ਦੀ ਜ਼ਰੂਰਤ ਕਿਉਂ ਪੈ ਰਹੀ ਹੈ? ਕੀ ਇਹ ਚੰਗਾ ਨਹੀਂ ਹੁੰਦਾ ਕਿ ਮੁਫ਼ਤ ਦੀਆਂ ਰਿਓੜੀਆਂ ਵੰਡਣ ਦੀ ਥਾਂ ਰੁਜ਼ਗਾਰ ਦੇ ਮੌਕੇ ਵਧਾਏ ਜਾਂਦੇ, ਕਾਰੋਬਾਰੀ ਹਾਲਾਤ ਸੁਧਾਰੇ ਜਾਣ ਦਾ ਵਾਅਦਾ ਕੀਤਾ ਜਾਂਦਾ ਅਤੇ ਜਨਤਕ ਸਹੂਲਤਾਂ ਨੂੰ ਪਾਏਦਾਰ ਬਣਾਉਣ ਵੱਲ ਕਦਮ ਪੁੱਟਣ ਦਾ ਤਹੱਈਆ ਕੀਤਾ ਜਾਂਦਾ। ਬਦਕਿਸਮਤੀ ਨਾਲ ਅਜਿਹਾ ਨਹੀਂ ਕੀਤਾ ਜਾ ਰਿਹਾ ਹੈ। ਇਹ ਦੇਸ਼ ਤੇ ਸਮਾਜ ਦੀ ਉੱਨਤੀ ਨਾਲ ਵੱਡਾ ਖਿਲਵਾੜ ਹੈ।

ਬਿਹਤਰ ਹੋਵੇਗਾ ਕਿ ਰਾਜਨੀਤਕ ਪਾਰਟੀਆਂ ਆਪਣੇ ਲੋਕ ਲੁਭਾਊ ਐਲਾਨਾਂ 'ਤੇ ਫਿਰ ਤੋਂ ਵਿਚਾਰ ਕਰਨ ਕਿਉਂਕਿ ਸਾਡੇ ਸੰਵਿਧਾਨ ਘਾੜਿਆਂ ਨੇ ਕਦੇ ਨਹੀਂ ਸੋਚਿਆ ਹੋਵੇਗਾ ਕਿ ਦੇਸ਼ ਦੇ ਨੇਤਾ ਬੁਨਿਆਦੀ ਸਹੂਲਤਾਂ ਦੀ ਗੁਣਵੱਤਾ ਵਧਾਉਣ ਦੀ ਥਾਂ ਇਕ ਤਰ੍ਹਾਂ ਨਾਲ ਵੋਟਾਂ ਖ਼ਰੀਦਣ ਦਾ ਕੰਮ ਕਰਨਗੇ।

ਕੀ ਇਹ ਕਿਹਾ ਜਾ ਸਕਦਾ ਹੈ ਕਿ ਸਰਕਾਰੀ ਸਕੂਲਾਂ, ਹਸਪਤਾਲਾਂ ਜਾਂ ਜਨਤਕ ਟਰਾਂਸਪੋਰਟ ਦੀ ਵਿਵਸਥਾ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਉਤਰ ਪਾ ਰਹੀ ਹੈ? ਇਹ ਠੀਕ ਹੈ ਕਿ ਆਮ ਤੌਰ 'ਤੇ ਪੁਰਸ਼ਾਂ 'ਤੇ ਨਿਰਭਰ ਰਹਿਣ ਵਾਲੀਆਂ ਔਰਤਾਂ ਕੋਲ ਧਨ ਜਾਣ ਨਾਲ ਉਨ੍ਹਾਂ ਦਾ ਆਤਮ-ਸਨਮਾਨ ਵਧਦਾ ਹੈ ਪਰ ਕੀ ਇਹ ਉਚਿਤ ਨਹੀਂ ਹੋਵੇਗਾ ਕਿ ਉਨ੍ਹਾਂ ਨੂੰ ਪੈਰਾਂ 'ਤੇ ਖੜ੍ਹਾ ਕਰਨ ਵਾਲੀਆਂ ਜੋ ਯੋਜਨਾਵਾਂ ਲਿਆਂਦੀਆਂ ਜਾਣ ਅਤੇ ਜੇ ਅਜਿਹੀਆਂ ਯੋਜਨਾਵਾਂ ਪਹਿਲਾਂ ਤੋਂ ਚੱਲ ਰਹੀਆਂ ਹਨ, ਉਨ੍ਹਾਂ ਨੂੰ ਅਸਰਦਾਰ ਬਣਾਇਆ ਜਾਵੇ? ਅਜਿਹਾ ਕਰਨ ਨਾਲ ਸਮਾਜ ਦੇ ਨਾਲ-ਨਾਲ ਦੇਸ਼ ਦੀ ਵੀ ਆਰਥਿਕ ਸਥਿਤੀ ਸੁਧਰੇਗੀ।

ਸਿਆਸੀ ਪਾਰਟੀਆਂ ਇਸ ਤੋਂ ਅਣਜਾਣ ਨਹੀਂ ਹੋ ਸਕਦੀਆਂ ਕਿ ਜੋ ਸੂਬੇ ਸਿੱਧੇ ਧਨ ਜਾਂ ਮੁਫ਼ਤ ਸਹੂਲਤਾਂ ਦੇਣ ਦੀਆਂ ਯੋਜਨਾਵਾਂ ਲਿਆਉਂਦੇ ਹਨ, ਉਨ੍ਹਾਂ 'ਚੋਂ ਕਈਆਂ ਨੂੰ ਉਨ੍ਹਾਂ ਨੂੰ ਪੂਰਾ ਕਰਨਾ ਮੁਸ਼ਕਲ ਹੁੰਦਾ ਹੈ। ਕੁਝ ਤਾਂ ਉਨ੍ਹਾਂ ਨੂੰ ਅੱਧੇ-ਅਧੂਰੇ ਤਰੀਕੇ ਨਾਲ ਲਾਗੂ ਕਰਨ ਜਾਂ ਫਿਰ ਉਨ੍ਹਾਂ ਵਿਚ ਦੇਰੀ ਕਰਨ ਲਈ ਮਜਬੂਰ ਹੋ ਜਾਂਦੇ ਹਨ।

ਇੰਨਾ ਹੀ ਨਹੀਂ, ਉਹ ਆਰਥਿਕ ਸੰਕਟ ਨਾਲ ਵੀ ਘਿਰ ਜਾਂਦੇ ਹਨ। ਦਿੱਲੀ ਆਰਥਿਕ ਪੱਖੋਂ ਸਮਰੱਥ ਰਾਜ ਜ਼ਰੂਰ ਹੈ ਪਰ ਕੀ ਇਹ ਕਿਸੇ ਤੋਂ ਛੁਪਿਆ ਹੈ ਕਿ ਇਸ ਤੋਂ ਬਾਅਦ ਵੀ ਰਾਜਧਾਨੀ ਕਈ ਬੁਨਿਆਦੀ ਸਮੱਸਿਆਵਾਂ ਨਾਲ ਜੂਝ ਰਹੀ ਹੈ?

ਇਹ ਮੁਫ਼ਤਖੋਰੀ ਸਾਡੇ ਲੋਕਤੰਤਰ ਲਈ ਇਕ ਨਵੀਂ ਵੰਗਾਰ ਹੈ,ਜਿਸ ਤੋਂ ਸੁਚੇਤ ਹੋਣਾ ਜ਼ਰੂਰੀ ਹੈ।

# ਜੰਗਬੰਦੀ: ਫ਼ਲਸਤੀਨੀ ਸਿਰੜ ਦਾ ਗਵਾਹ ਬਣੇਗੀ ਗਾਜ਼ਾ ਦੀ ਮੁੜ-ਉਸਾਰੀ







ਹਮਾਸ ਅਤੇ ਇਜ਼ਰਾਈਲ ਦਰਮਿਆਨ ਜੰਗਬੰਦੀ ਸਮਝੌਤਾ ਬਿਨਾ-ਸ਼ੱਕ ਰਾਹਤ ਦੇਣ ਵਾਲਾ ਹੈ, ਪਰ ਸਮਝੌਤੇ ਨੂੰ ਲਾਗੂ ਕਰਨ ਦਾ ਅਮਲ ਤੌਖਲਿਆਂ ਤੇ ਸਵਾਲਾਂ 'ਚ ਘਿਰਿਆ ਹੋਇਆ ਹੈ। 6 ਹਫ਼ਤੇ ਦਾ ਪਹਿਲਾ ਪੜਾਅ ਹਮਾਸ ਵੱਲੋਂ ਬੰਦੀ ਬਣਾਏ 33 ਬੰਦੀਆਂ ਅਤੇ ਇਜ਼ਰਾਈਲ ਵੱਲੋਂ ਜੇਲ੍ਹਾਂ ਵਿਚ

**ਬੂਟਾ ਸਿੰਘ ਮਹਿਮੂਦਪੁਰ**

ਡੱਕੇ 1000 ਫ਼ਲਸਤੀਨੀਆਂ ਦੀ ਰਿਹਾਈ ਦਾ ਹੈ ਜਦਕਿ ਦੂਜੇ ਅਤੇ ਤੀਜੇ ਪੜਾਵਾਂ 'ਚ ਜੰਗਬੰਦੀ ਨੂੰ ਵਧਾ ਕੇ ਗਾਜ਼ਾ 'ਚੋਂ ਸਾਰੀਆਂ ਇਜ਼ਰਾਇਲੀ ਫ਼ੌਜਾਂ ਵਾਪਸ ਬੁਲਾਈਆਂ ਜਾਣੀਆਂ ਹਨ ਅਤੇ ਗਾਜ਼ਾ ਪੱਟੀ ਦੀ ਮੁੜ-ਉਸਾਰੀ ਕੀਤੀ ਜਾਣੀ ਹੈ। ਸ਼ੁਰੂਆਤ ਵਜੋਂ ਹਮਾਸ ਨੇ ਤਿੰਨ ਇਜ਼ਰਾਇਲੀ ਬੰਦੀ ਅਤੇ ਇਜ਼ਰਾਇਲੀ ਹਕੂਮਤ ਨੇ 90 ਫਲਸਤੀਨੀ ਰਿਹਾਅ ਕਰ ਦਿੱਤੇ ਹਨ, ਜਿਨ੍ਹਾਂ ਵਿਚ ਮੁੱਖ ਤੌਰ 'ਤੇ ਔਰਤਾਂ ਅਤੇ ਨਾਬਾਲਗ ਬੱਚੇ ਹਨ। ਇਸ ਦੌਰਾਨ ਇਜ਼ਰਾਈਲ ਨੇ ਪੱਛਮੀ ਕੰਢੇ ਉੱਪਰ ਹਮਲੇ ਤੇਜ਼ ਕਰ ਦਿੱਤੇ ਹਨ। ਨਾਲ ਹੀ, ਇੱਥੇ ਧੱਕੇ ਨਾਲ ਵਸਾਏ ਇਜ਼ਰਾਇਲੀਆਂ ਵੱਲੋਂ ਫਲਸਤੀਨੀ ਪਿੰਡਾਂ ਉੱਪਰ ਹਮਲੇ ਕਰਨ ਦੀਆਂ ਰਿਪੋਰਟਾਂ ਵੀ ਆਈਆਂ ਹਨ, ਜੋ ਫ਼ਲਸਤੀਨੀ ਕੈਦੀਆਂ ਨੂੰ ਰਿਹਾਅ ਕੀਤੇ ਜਾਣ ਤੋਂ ਖ਼ਫ਼ਾ ਹਨ।

ਇਹ ਸਮਝੌਤਾ ਨੇਤਨਯਾਹੂ ਲਈ ਥੁੱਕ ਕੇ ਚੱਟਣ ਬਰਾਬਰ ਹੈ, ਜੋ ਐਲਾਨ ਕਰਦਾ ਰਿਹਾ ਹੈ ਕਿ 'ਜੰਗ ਤੋਂ ਬਾਅਦ ਵੀ ਗਾਜ਼ਾ ਦੀ ਸਕਿਉਰਿਟੀ ਉੱਪਰ ਸਾਡਾ ਕੰਟਰੋਲ ਰਹੇਗਾ'। ਕੀ ਇਜ਼ਰਾਇਲੀ ਨਸਲਵਾਦੀ ਰਾਜ ਆਪਣੀਆਂ ਪਸਾਰਵਾਦੀ ਯੋਜਨਾਵਾਂ ਤਿਆਗ ਦੇਵੇਗਾ, ਜਾਂ ਇਹ ਸਿਰਫ਼ ਕੌਮਾਂਤਰੀ ਦਬਾਅ ਹੇਠ ਅਤੇ ਅਮਰੀਕਾ ਦੀਆਂ ਗਿਣਤੀਆਂ-ਮਿਣਤੀਆਂ ਤਹਿਤ ਪਿੱਛੇ ਹਟਣ ਲਈ ਮਜਬੂਰ ਹੋਇਆ ਹੈ? ਕੀ ਇਜ਼ਰਾਇਲੀ-ਅਮਰੀਕੀ ਗੱਠਜੋੜ ਤਿੰਨ ਪੜਾਵੀ ਸਮਝੌਤੇ ਦੇ ਮੁੱਖ ਪੱਖ ਇਜ਼ਰਾਇਲੀ ਫ਼ੌਜਾਂ ਦੀ ਵਾਪਸੀ ਨੂੰ ਗੰਭੀਰਤਾ ਨਾਲ ਲਾਗੂ ਕਰੇਗਾ? ਕੀ ਇਹ ਸਮਝੌਤਾ ਫਲਸਤੀਨੀ ਲੋਕਾਂ ਨੂੰ ਇਜ਼ਰਾਈਲ-ਅਮਰੀਕਾ ਗੱਠਜੋੜ ਵੱਲੋਂ ਥੋਪੀ ਬੇਹੱਦ ਕਰੂਰ ਨਸਲਕੁਸ਼ੀ ਤੋਂ ਨਿਜ਼ਾਤ ਦਿਵਾ ਸਕੇਗਾ ਜਾਂ ਇਹ ਮਹਿਜ਼ ਵਕਤੀ ਰਾਹਤ ਬਣ ਕੇ ਰਹਿ ਜਾਵੇਗਾ? ਕੀ ਹੁਣ ਨੇਤਨਯਾਹੂ ਸਰਕਾਰ 'ਤੇ ਮੁਕੰਮਲ ਸਮਝੌਤੇ ਨੂੰ ਲਾਗੂ ਕਰਨ ਦੀ ਪਾਬੰਦੀ ਰਹੇਗੀ ਜਾਂ ਇਹ ਪਹਿਲਾ ਪੜਾਅ ਮੁਕੰਮਲ ਹੋਣ 'ਤੇ ਮੁੜ ਜੰਗ ਵਿੱਢ ਦੇਵੇਗੀ, ਜਿਵੇਂ ਨੇਤਨਯਾਹੂ ਵਜ਼ਾਰਤ ਦੇ ਘੋਰ ਨਸਲਵਾਦੀ ਪਹਿਲਾਂ ਹੀ ਕਹਿ ਰਹੇ ਹਨ? ਜੰਗਬੰਦੀ ਸਮਝੌਤੇ ਤੋਂ ਨਾਰਾਜ਼ ਇਕ ਇਜ਼ਰਾਇਲੀ ਮੰਤਰੀ ਦੇ ਅਸਤੀਫ਼ੇ ਅਤੇ ਦੂਜੇ ਦੀ ਧਮਕੀ ਦਰਮਿਆਨ ਨੇਤਨਯਾਹੂ ਵੱਲੋਂ ਉਨ੍ਹਾਂ ਨੂੰ ਇਹ ਯਕੀਨ ਦਿਵਾਉਣ ਦੀਆਂ ਰਿਪੋਰਟਾਂ ਵੀ ਆਈਆਂ ਹਨ ਕਿ ਜੰਗਬੰਦੀ ਵਕਤੀ ਹੈ ਅਤੇ ਛੇਤੀ ਹੀ ਜੰਗ ਮੁੜ ਸ਼ੁਰੂ ਕਰ ਦਿੱਤੀ ਜਾਵੇਗੀ। ਹਾਲੀਆ ਸਮਝੌਤੇ ਤੋਂ ਪਾਰ ਸਭ ਤੋਂ ਵੱਡਾ ਸਵਾਲ ਫਲਸਤੀਨੀ ਸਰਜ਼ਮੀਨ ਉੱਪਰ ਫ਼ਲਸਤੀਨੀ ਲੋਕਾਂ ਦੇ ਵਾਹਦ ਹੱਕ ਨੂੰ ਤਸਲੀਮ ਕਰਨ, ਇਜ਼ਰਾਇਲੀ ਧਾੜਵੀ ਕਬਜ਼ੇ ਦੇ ਖ਼ਾਤਮੇ ਅਤੇ ਫ਼ਲਸਤੀਨ ਦੀ ਮੁਕਤੀ ਦਾ ਹੈ।

ਲਗਾਤਾਰ ਪੰਦਰਾਂ ਮਹੀਨੇ ਗਾਜ਼ਾ ਪੱਟੀ ਵਿਚ ਇਸ ਭਿਆਨਕ ਤਬਾਹੀ ਅਤੇ ਨਸਲਕੁਸ਼ੀ ਨੂੰ ਅੰਜਾਮ ਦੇਣ 'ਚ ਪੱਛਮੀ ਸਾਮਰਾਜੀ ਗੁੱਟ ਦੀ ਫ਼ੈਸਲਾਕੁਨ ਭੂਮਿਕਾ ਰਹੀ ਹੈ, ਜਿਨ੍ਹਾਂ ਦੇ ਮੱਧ ਪੂਰਬ ਵਿਚ ਧਾੜਵੀ ਹਿਤ ਹਨ। ਜੰਗਬੰਦੀ ਕਈ ਮਹੀਨੇ ਪਹਿਲਾਂ ਹੋ ਸਕਦੀ ਸੀ, ਪਰ ਅਮਰੀਕਾ ਦੀ ਮਿਲੀਭੁਗਤ ਨੇ ਇਜ਼ਰਾਈਲ ਨੂੰ ਵੱਧ ਤੋਂ ਵੱਧ ਤਬਾਹੀ ਕਰਨ ਦਾ ਮੌਕਾ ਦਿੱਤਾ। ਮੱਧ ਪੂਰਬ ਅੰਦਰਲੇ ਰਾਜਨੀਤਕ ਘਟਨਾਕ੍ਰਮ ਨੂੰ ਉਹ ਆਪਣੀ ਭੂਗੋਲਿਕ-ਰਾਜਨੀਤਕ ਹਿਤ ਪੂਰਤੀ ਲਈ ਬਾਖ਼ੂਬੀ ਮੈਨੇਜ ਕਰ ਰਹੇ ਹਨ ਅਤੇ ਅੜਿੱਕਾ ਬਣਨ ਵਾਲੀਆਂ ਤਾਕਤਾਂ ਤੇ ਹੁਕਮਰਾਨਾਂ ਦਾ ਵੱਧ ਤੋਂ ਵੱਧ ਸਫ਼ਾਇਆ ਕਰ ਦੇਣ ਲਈ ਯਤਨਸ਼ੀਲ ਹਨ। ਟਰੰਪ ਦੀ ਰਾਸ਼ਟਰਪਤੀ ਵਜੋਂ ਤਾਜਪੋਸ਼ੀ ਅਤੇ ਸਮਝੌਤਾ ਲਾਗੂ ਕਰਨ ਲਈ ਤੈਅ ਕੀਤੀ ਤਰੀਕ (19 ਜਨਵਰੀ) ਦਾ ਮੌਕਾ-ਮੇਲ ਇਤਫ਼ਾਕੀਆ ਨਹੀਂ ਹੈ। ਰਾਜਨੀਤਕ ਡਰਾਮੇਬਾਜ਼ ਟਰੰਪ ਨੇ ਇਸ ਮੌਕੇ ਨੂੰ ਵੀ ਬੇਸ਼ਰਮੀ ਨਾਲ ਰਾਜਨੀਤਕ ਲਾਹਾ ਲੈਣ ਲਈ ਵਰਤਿਆ ਹੈ। ਉਹ ਇਹ ਪ੍ਰਭਾਵ ਦੇਣਾ ਚਾਹੁੰਦਾ ਹੈ ਕਿ ਜੰਗਬੰਦੀ ਉਸੇ ਨੇ ਕਰਾਈ ਹੈ।

ਪਿਛਲੇ 15 ਮਹੀਨਿਆਂ ਤੋਂ ਗਾਜ਼ਾ ਪੱਟੀ ਦੇ 23 ਲੱਖ ਲੋਕ ਜਿਸ ਤਰ੍ਹਾਂ ਦਿਨ-ਰਾਤ ਲਗਾਤਾਰ ਬੰਬਾਰੀ, ਕਤਲੇਆਮ, ਜੇਲ੍ਹ ਜ਼ੁਲਮਾਂ, ਬਿਨਾਂ ਇਲਾਜ ਮੌਤਾਂ, ਭੁੱਖਮਰੀ ਤੇ ਬੀਮਾਰੀਆਂ ਸਮੇਤ ਭਿਆਨਕ ਤਬਾਹੀ ਦਾ ਸਾਹਮਣਾ ਕਰ ਰਹੇ ਹਨ, ਗਾਜ਼ਾ ਤੋਂ ਬਾਹਰ ਉਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਪੂਰੀ ਵਸੋਂ ਵਾਰ-ਵਾਰ ਉਜਾੜੀ ਗਈ ਹੈ। ਘੱਟੋ-ਘੱਟ 47,000 ਲੋਕ ਮਾਰੇ ਗਏ ਹਨ ਅਤੇ 1,100,00 ਤੋਂ ਵੱਧ ਜ਼ਖ਼ਮੀ ਹਨ, ਜਦਕਿ ਅਸਲ ਗਿਣਤੀ ਅੰਕੜਿਆਂ ਤੋਂ ਕਿਤੇ ਜ਼ਿਆਦਾ ਹੈ। ਚੌਥਾ ਹਿੱਸਾ ਜ਼ਖ਼ਮੀ ਸਹਿਜ ਜ਼ਿੰਦਗੀ ਨਹੀਂ ਜੀ ਸਕਣਗੇ। ਘਰ, ਹਸਪਤਾਲ, ਸਕੂਲ, ਯੂਨੀਵਰਸਿਟੀਆਂ, ਲਾਇਬ੍ਰੇਰੀਆਂ, ਮਸਜਿਦਾਂ, ਚਰਚ, ਕਮਿਊਨਿਟੀ ਸੈਂਟਰ ਸਭ ਕੁਝ ਤਬਾਹ ਕਰ ਦਿੱਤਾ ਗਿਆ ਹੈ। 36 ਹਸਪਤਾਲਾਂ 'ਚੋਂ ਸਿਰਫ਼ ਅੱਧੇ ਹੀ ਕੁਝ ਕੰਮ ਰਹੇ ਹਨ। ਗਾਜ਼ਾ ਪੱਟੀ ਮਲਬੇ ਦਾ ਢੇਰ ਬਣਾ ਦਿੱਤੀ ਗਈ ਹੈ। ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਦੀ ਵਿਵਸਥਾ ਲਗਭਗ ਤਬਾਹ ਹੋ ਚੁੱਕੀ ਹੈ। ਬਾਰੂਦ ਦੀ ਵਾਛੜ ਨੇ ਪੌਣ-ਪਾਣੀ ਅਤੇ ਮਿੱਟੀ ਰਹਿਣ ਦੇ ਕਾਬਲ ਨਹੀਂ ਛੱਡੇ। ਇਜ਼ਰਾਇਲੀ ਹਮਲੇ ਫ਼ਲਸਤੀਨੀਆਂ ਦੀਆਂ ਜਾਨਾਂ ਅਜੇ ਵੀ ਲੈ ਰਹੇ ਹਨ। ਸ਼ਰਣਾਰਥੀ ਕੈਂਪਾਂ ਦੇ ਟੈਂਟ ਵਰਤਣ ਯੋਗ ਨਹੀਂ ਰਹੇ। ਤਬਾਹ ਹੋਈਆਂ ਇਮਾਰਤਾਂ ਦੇ ਮਲਬੇ ਨੂੰ ਹਟਾਉਣਾ ਵੀ ਵੱਡਾ ਮਸਲਾ ਹੈ। ਕਾਲ ਪੈਣ ਵਰਗੇ ਹਾਲਾਤ 'ਚ ਰਸਦ ਦੀ ਸਪਲਾਈ ਅਤੇ ਬੁਨਿਆਦੀ ਢਾਂਚੇ ਦੀ ਲਗਭਗ ਅਣਹੋਂਦ 'ਚ ਗਾਜ਼ਾ ਵਾਸੀ ਵਾਪਸ ਆ ਕੇ ਮੁੜ-ਵਸੇਬਾ ਕਿਵੇਂ ਕਰਨਗੇ, ਇਹ ਸਭ ਤੋਂ ਵੱਡਾ ਸਵਾਲ ਹੈ। ਸਮਝੌਤੇ ਦੇ ਭਵਿੱਖ ਬਾਰੇ ਯਕੀਨ ਨਾਲ ਕੁਝ ਵੀ ਕਹਿਣਾ ਮੁਸ਼ਕਲ ਹੈ, ਪਰ ਸਮਝੌਤੇ 'ਚ ਹਮਾਸ ਨੂੰ ਧਿਰ ਮੰਨਣ ਲਈ ਮਜਬੂਰ ਹੋਣਾ ਨੇਤਨਯਾਹੂ ਦੇ ਨਸਲਵਾਦੀ ਮਨਸੂਬਿਆਂ ਦੀ ਸਪਸ਼ਟ ਹਾਰ ਹੈ, ਜੋ ਹਮਾਸ ਦੇ ਮੁਕੰਮਲ ਸਫ਼ਾਏ ਤੋਂ ਬਾਅਦ ਹੀ ਜੰਗ ਰੋਕਣ ਦੇ ਦਮਗਜੇ ਮਾਰ ਰਿਹਾ ਸੀ। ਗਾਜ਼ਾ ਦੇ ਲੋਕਾਂ ਦੇ ਸਿਰੜ, ਸਿਦਕ ਤੇ ਲੜਾਕੂ ਜਜ਼ਬੇ ਨੇ ਇਕ ਵਾਰ ਫਿਰ ਸਿੱਧ ਕਰ ਦਿਖਾਇਆ ਹੈ ਕਿ ਕਰੂਰ ਤੋਂ ਕਰੂਰ ਨਸਲਕੁਸ਼ੀ ਵੀ ਮਨੁੱਖ ਦੀ ਆਜ਼ਾਦੀ ਦੀ ਰੀਝ ਨੂੰ ਖ਼ਤਮ ਨਹੀਂ ਕਰ ਸਕਦੀ। ਫ਼ਲਸਤੀਨੀਆਂ ਦਾ ਜੁਝਾਰੂ ਜਜ਼ਬਾ ਜ਼ਿੰਦਾਬਾਦ!

# ਫ਼ਲਸਤੀਨੀ ਸੰਘਰਸ਼ ਵਿਚ ਜੁਝਾਰੂ ਔਰਤਾਂ

ਇਜ਼ਰਾਈਲ-ਹਮਾਸ ਜੰਗਬੰਦੀ ਸਮਝੌਤੇ ਦੇ ਪਹਿਲੇ ਪੜਾਅ 'ਚ 21 ਬੱਚਿਆਂ ਅਤੇ 69 ਔਰਤਾਂ ਸਮੇਤ ਜੋ 90 ਫ਼ਲਸਤੀਨੀ ਰਿਹਾਅ ਕੀਤੇ ਗਏ ਉਨ੍ਹਾਂ ਵਿਚ ਤਿੰਨ ਜੁਝਾਰੂ ਸ਼ਖ਼ਸੀਅਤਾਂ ਖ਼ਾਲਿਦਾ ਜਰਾਰ, ਰੂਲਾ ਹਸਨੇਨ ਅਤੇ ਅਬਲਾ ਸਾਅਦਤ ਵੀ ਹਨ। ਇਸ ਮੌਕੇ ਉਨ੍ਹਾਂ ਨੂੰ ਜੀ ਆਇਆਂ ਨੂੰ ਕਹਿਣ ਲਈ ਪਰਿਵਾਰਾਂ ਦੇ ਨਾਲ ਆਮ ਫ਼ਲਸਤੀਨੀ ਵੀ ਉਨ੍ਹਾਂ ਨੂੰ ਆਪਣੇ ਸਮਝ ਕੇ ਇਜ਼ਰਾਇਲੀ ਜੇਲ੍ਹ ਵੱਲ ਧਾਅ ਪਏ। ਹਜੂਮ ਨੂੰ ਖਦੇੜਨ ਲਈ ਇਜ਼ਰਾਇਲੀ ਫ਼ੌਜ ਵੱਲੋਂ ਕੀਤੀਆਂ ਅੱਥਰੂ ਗੈਸ ਦੇ ਗੋਲਿਆਂ ਦੀਆਂ ਬੌਛਾੜਾਂ ਵੀ ਉਨ੍ਹਾਂ ਦੀਆਂ ਭਾਵਨਾਵਾਂ ਦੇ ਹੜ੍ਹ ਨੂੰ ਰੋਕ ਨਾ ਸਕੀਆਂ। ਕੁਝ ਫ਼ਲਸਤੀਨੀਆਂ ਨੇ ਹਮਾਸ, ਫਾਤਾਹ, ਫ਼ਲਸਤੀਨ ਇਸਲਾਮਿਕ ਜਹਾਦ ਅਤੇ ਹੋਰ ਹਥਿਆਰਬੰਦ ਗਰੁੱਪਾਂ ਦੇ ਝੰਡੇ ਵੀ ਚੁੱਕੇ ਹੋਏ ਸਨ। ਹਜ਼ਾਰਾਂ ਫ਼ਲਸਤੀਨੀਆਂ ਦੇ ਇਕੱਠ ਨੇ ਰਿਹਾਈ ਦੇ ਜਸ਼ਨ ਮਨਾਏ ਅਤੇ ਹਮਾਸ ਦੇ ਹਥਿਆਰਬੰਦ ਵਿੰਗ, ਅਲ-ਕਾਸਮ ਬਰਗੇਡ ਦੀ ਹਮਾਇਤ 'ਚ ਜੈਕਾਰੇ ਗੁੰਜਾਏ।


ਖ਼ਾਲਿਦਾ (61) ਪੀ.ਐਫ.ਐਲ.ਪੀ. (ਪਾਪੂਲਰ ਫਰੰਟ ਫਾਰ ਦ ਲਿਬਰੇਸ਼ਨ ਆਫ ਫ਼ਲਸਤੀਨ) ਦੀ ਆਗੂ ਅਤੇ ਔਰਤ ਹੱਕਾਂ ਦੀ ਕਾਰਕੁਨ ਹੈ, ਅਬਲਾ ਸਾਅਦਤ ਯੂਨੀਅਨ ਆਫ ਫ਼ਲਸਤੀਨੀਅਨ ਵੂਮੈਨ ਕਮੇਟੀ (ਜਿਸ ਨੂੰ ਇਜ਼ਰਾਈਲ ਨੇ 'ਦਹਿਸ਼ਤਗਰਦ ਜਥੇਬੰਦੀ' ਕਰਾਰ ਦਿੱਤਾ ਹੋਇਆ ਹੈ) ਦੀ ਆਗੂ ਤੇ ਫਰੰਟ ਦੇ ਜਨਰਲ ਸਕੱਤਰ ਅਹਿਮਦ ਸਾਅਦਤ ਦੀ ਜੀਵਨ-ਸਾਥੀ ਹੈ, ਜਦਕਿ 30 ਸਾਲਾ ਨਿਧੜਕ ਪੱਤਰਕਾਰ ਹਸਨੇਨ ਰਮੱਲਾ ਆਧਾਰਤ ਵਤਨ ਮੀਡੀਆ ਨੈੱਟਵਰਕ ਦੀ ਸੰਪਾਦਕ ਹੈ। ਅਹਿਮਦ ਇਜ਼ਰਾਇਲੀ ਸੈਰ-ਸਪਾਟਾ ਮੰਤਰੀ ਦੇ ਕਤਲ ਦੇ ਹੁਕਮ ਦੇਣ ਦੇ ਦੋਸ਼ 'ਚ 2002 ਤੋਂ ਜੇਲ੍ਹ ਵਿਚ ਕੈਦ ਹੈ ਅਤੇ ਅਬਲਾ ਨੂੰ ਹਰ ਵਾਰ ਸਿਰਫ਼ ਇਸ ਕਾਰਨ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ ਕਿ ਉਹ ਅਹਿਮਦ ਦੀ ਪਤਨੀ ਹੈ।

ਇਹ ਗ੍ਰਿਫ਼ਤਾਰੀਆਂ ਉਸ ਵਿਆਪਕ ਦਹਿਸ਼ਤਵਾਦੀ ਹਮਲੇ ਦੇ ਹਿੱਸੇ ਵਜੋਂ ਕੀਤੀਆਂ ਗਈਆਂ ਸਨ, ਜੋ ਇਜ਼ਰਾਇਲੀ ਸਟੇਟ ਵੱਲੋਂ ਫ਼ਲਸਤੀਨ ਦੀ ਸਰਜ਼ਮੀਨ ਉੱਪਰ ਇਜ਼ਰਾਇਲੀ ਕਬਜ਼ੇ ਦਾ ਵਿਰੋਧ ਕਰਨ ਵਾਲੀ ਹਰ ਜਮਹੂਰੀ ਆਵਾਜ਼ ਨੂੰ ਕੁਚਲਣ ਲਈ ਵਿੱਢਿਆ ਗਿਆ। ਇਜ਼ਰਾਇਲੀ ਹਕੂਮਤ ਦਾ ਫ਼ਲਸਤੀਨੀਆਂ ਨੂੰ ਦਬਾਉਣ ਦਾ ਇਕ ਵੱਡਾ ਹਥਿਆਰ 'ਪ੍ਰਸ਼ਾਸਨਿਕ ਨਜ਼ਰਬੰਦੀ' ਹੈ ਜੋ ਅੰਗਰੇਜ਼ ਹਕੂਮਤ ਵੱਲੋਂ ਭਾਰਤ ਵਿਚ ਲਾਗੂ ਕੀਤੀ ਇਹਤਿਹਾਤੀ ਨਜ਼ਰਬੰਦੀ ਨਾਲ ਮਿਲਦਾ-ਜੁਲਦਾ ਜਾਬਰ ਕਾਨੂੰਨ ਹੈ, ਜਿਸ ਤਹਿਤ ਹਕੂਮਤ ਜਿਸ ਨੂੰ ਵੀ ਚਾਹੇ 'ਸਟੇਟ ਦੀ ਸੁਰੱਖਿਆ ਲਈ ਖ਼ਤਰਾ' ਕਰਾਰ ਦੇ ਕੇ, ਬਿਨਾਂ ਕੋਈ ਦੋਸ਼ ਲਾਏ ਅਤੇ ਬਿਨਾਂ ਕੋਈ ਮੁਕੱਦਮਾ ਚਲਾਏ ਅਣਮਿੱਥੇ ਸਮੇਂ ਲਈ ਜੇਲ੍ਹ ਵਿਚ ਬੰਦ ਰੱਖ ਸਕਦੀ ਹੈ। ਹਸਨੇਨ ਨੂੰ ਇਜ਼ਰਾਇਲੀ ਫ਼ੌਜ ਵੱਲੋਂ ਫ਼ਲਸਤੀਨੀਆਂ ਦੀ ਵਿਆਪਕ ਪੈਮਾਨੇ 'ਤੇ ਫੜੋ-ਫੜੀ ਦੇ ਹਿੱਸੇ ਵਜੋਂ 19 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਉੱਪਰ ਦੋਸ਼ ਇਹ ਲਾਇਆ ਗਿਆ ਕਿ ਉਹ ਸੋਸ਼ਲ ਮੀਡੀਆ ਪਲੈਟਫਾਰਮ ਐਕਸ ਉੱਪਰ ਪੋਸਟਾਂ ਪਾ ਕੇ ਫ਼ਲਸਤੀਨੀਆਂ ਨੂੰ ਭੜਕਾਉਂਦੀ ਹੈ ਅਤੇ ਗਾਜ਼ਾ ਵਿਚ ਫਲਸਤੀਨੀ ਲੋਕਾਂ ਦੇ ਦੁੱਖ-ਤਕਲੀਫ਼ਾਂ ਬਾਰੇ ਵਾਰ-ਵਾਰ ਟਵੀਟ ਕਰਕੇ ਵਿਰੋਧ ਪ੍ਰਗਟਾਉਂਦੀ ਹੈ। ਉਸ ਵਿਰੁੱਧ ਇਜ਼ਰਾਈਲ ਦੀ ਓਫਰ ਜੇਲ੍ਹ ਵਿਖੇ ਇਜ਼ਰਾਇਲੀ ਫ਼ੌਜੀ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ। ਗ੍ਰਿਫ਼ਤਾਰੀ ਸਮੇਂ ਉਸ ਨੂੰ ਆਪਣੀ ਨਵ-ਜੰਮੀ ਨਿੱਕੀ ਜਹੀ ਬੱਚੀ ਨੂੰ ਇਕੱਲੀ ਛੱਡ ਕੇ ਜੇਲ੍ਹ ਜਾਣਾ ਪਿਆ।

ਖ਼ਾਲਿਦਾ ਵਿਦਿਆਰਥੀ ਜੀਵਨ ਦੇ ਸਮੇਂ ਤੋਂ ਹੀ ਹੱਕਾਂ ਲਈ ਸੰਘਰਸ਼ ਵਿਚ ਸ਼ਾਮਲ ਹੈ। ਉਸ ਦੀ ਪਹਿਲੀ ਗ੍ਰਿਫ਼ਤਾਰੀ ਮਾਰਚ 1989 'ਚ ਹੋਈ ਸੀ ਜਦੋਂ ਉਹ ਬਿਰਜ਼ੇਟ ਯੂਨੀਵਰਸਿਟੀ ਵਿਚ ਮਾਸਟਰ ਡਿਗਰੀ ਕਰ ਰਹੀ ਸੀ ਜਿੱਥੇ ਉਹ ਕੌਮਾਂਤਰੀ ਔਰਤ ਦਿਵਸ ਦੇ ਮੌਕੇ ਕੀਤੇ ਗਏ ਮੁਜ਼ਾਹਰੇ ਵਿਚ ਮੌਜੂਦ ਸੀ ਅਤੇ ਉਹ ਆਪਣੀ ਇਕ ਭੈਣ ਨੂੰ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਚਾਉਣ ਦੀ ਕੋਸ਼ਿਸ਼ ਕਰਦਿਆਂ ਫੜ ਲਈ ਗਈ ਸੀ। ਹੁਣ ਉਸ ਨੂੰ 26 ਦਸੰਬਰ 2023 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਓਦੋਂ ਤੋਂ ਹੀ ਉਹ ਜੇਲ੍ਹ ਵਿਚ ਸੀ।

ਆਪਣੀ ਸਰਗਰਮ ਭੂਮਿਕਾ ਦੀ ਬਦੌਲਤ ਖ਼ਾਲਿਦਾ ਪੱਛਮੀ ਕੰਢੇ ਵਿਚ ਮਕਬੂਲ ਆਗੂ ਬਣ ਕੇ ਉੱਭਰੀ ਅਤੇ ਉਸਨੇ ਔਰਤਾਂ ਦੇ ਹੱਕਾਂ ਲਈ ਜੂਝਦਿਆਂ ਔਰਤ ਵਿਰੋਧੀ ਰੂੜ੍ਹੀਵਾਦੀ ਵਿਚਾਰਾਂ ਵਿਰੁੱਧ ਵੀ ਡਟ ਕੇ ਸੰਘਰਸ਼ ਕੀਤਾ। ਉਹ ਜਨਤਕ ਥਾਂਵਾਂ ਦੀ ਸਾਫ਼-ਸਫ਼ਾਈ ਅਤੇ ਸਰਕਾਰੀ ਸਕੂਲਾਂ ਦੀ ਹਾਲਤ ਸੁਧਾਰਨ ਜਿਹੇ ਕਮਿਊਨਿਟੀ ਕੰਮਾਂ ਵਿਚ ਵੀ ਬਰਾਬਰ ਸਰਗਰਮ ਰਹਿੰਦੀ ਸੀ। ਇਸ ਮਕਬੂਲੀਅਤ ਕਾਰਨ ਉਹ ਫ਼ਲਸਤੀਨ ਦੀ ਸੰਵਿਧਾਨਕ ਤੌਰ 'ਤੇ ਚੁਣੀ ਹੋਈ ਫ਼ਲਸਤੀਨ ਵਿਧਾਨਸਾਜ਼ ਕੌਂਸਲ, ਫ਼ਲਸਤੀਨੀ ਅਥਾਰਟੀ, ਲਈ ਐਮ.ਪੀ. ਚੁਣੀ ਗਈ ਅਤੇ ਉਸ ਨੂੰ ਕੈਦੀਆਂ ਦੀ ਸਹਾਇਤਾ ਲਈ ਕਮੇਟੀ ਨੂੰ ਅਗਵਾਈ ਦੇਣ ਦੀ ਜ਼ਿੰਮੇਵਾਰੀ ਸੌਂਪੀ ਗਈ। 2015 'ਚ ਫ਼ਲਸਤੀਨ ਨੂੰ ਇੰਟਰਨੈਸ਼ਨਲ ਕ੍ਰਿਮੀਨਲ ਕੋਰਟ (ਆਈ.ਸੀ.ਸੀ.) ਨਾਲ ਮਜ਼ਬੂਤੀ ਨਾਲ ਜੋੜਨ ਦੀ ਅਗਵਾਈ ਉਸੇ ਨੇ ਕੀਤੀ। 1994 ਤੋਂ ਲੈ ਕੇ 2006 ਤਕ ਉਸਨੇ ਅਦਾਮੀਰ ਪ੍ਰਿਜ਼ਨਰਜ਼ ਸੁਪੋਰਟ ਅਤੇ ਹਿਊਮਨ ਰਾਈਟਸ ਐਸੋਸੀਏਸ਼ਨ ਦੀ ਡਾਇਰੈਕਟਰ ਅਤੇ





ਖ਼ਾਲਿਦਾ ਜਰਾਰ ਰੂਲਾ ਹਸਨੇਨ

ਬਾਅਦ ਵਿਚ ਫਾਊਂਡੇਸ਼ਨ ਦੇ ਬੋਰਡ ਆਫ ਡਾਇਰੈਕਟਰਜ਼ ਦੇ ਵਾਈਸ-ਚੇਅਰਪਰਸਨ ਦੀ ਜ਼ਿੰਮੇਵਾਰੀ ਨਿਭਾਈ। ਫ਼ਲਸਤੀਨੀ ਕੈਦੀਆਂ ਦੀ ਸਹਾਇਤਾ ਕਰਨ ਤੋਂ ਇਲਾਵਾ ਉਹ ਬਹੁਤ ਸਾਲਾਂ ਤੋਂ ਮਨੁੱਖੀ ਹੱਕਾਂ ਲਈ ਵੀ ਧੜੱਲੇ ਨਾਲ ਕੰਮ ਕਰ ਰਹੀ ਹੈ। ਜੇਲ੍ਹਬੰਦੀ ਦੌਰਾਨ ਉਸਨੇ ਸਾਥੀ ਕੈਦੀਆਂ ਨਾਲ ਮਿਲ ਕੇ ਨੌਜਵਾਨ ਕੁੜੀਆਂ ਲਈ ਸਕੂਲ ਬਣਾਇਆ, ਤਾਂ ਜੋ ਰਿਹਾਈ ਤੋਂ ਬਾਅਦ ਇਹ ਪੜ੍ਹਾਈ ਉਨ੍ਹਾਂ ਦੇ ਕੰਮ ਆਵੇ। ਖ਼ਾਲਿਦਾ ਉਨ੍ਹਾਂ ਨੂੰ ਅੰਗਰੇਜ਼ੀ ਪੜ੍ਹਾਉਂਦੀ ਸੀ। ਫ਼ਲਸਤੀਨੀ ਕੌਮਪ੍ਰਸਤ ਅਤੇ ਮਾਰਕਸਵਾਦੀ-ਲੈਨਿਨਵਾਦੀ ਜਥੇਬੰਦੀ ਪੀ.ਐਫ.ਐਲ.ਪੀ. ਨੂੰ ਇਜ਼ਰਾਈਲ, ਅਮਰੀਕਾ ਅਤੇ ਯੂਰਪੀ ਯੂਨੀਅਨ ਨੇ 'ਦਹਿਸ਼ਤਗਰਦ' ਗਰੁੱਪ ਕਰਾਰ ਦਿੱਤਾ ਹੋਇਆ ਹੈ ਅਤੇ ਖ਼ਾਲਿਦਾ ਫਰੰਟ ਦੀ ਪੋਲਿਟ ਬਿਊਰੋ ਮੈਂਬਰ ਰਹੀ ਹੈ। ਉਸ ਨੂੰ 'ਗ਼ੈਰਕਾਨੂੰਨੀ' ਪਾਰਟੀ ਨਾਲ ਸੰਬੰਧਤ ਹੋਣ ਅਤੇ ਫ਼ਲਸਤੀਨੀ ਕੈਦੀਆਂ ਦੇ ਹੱਕਾਂ ਲਈ ਆਵਾਜ਼ ਉਠਾਉਣ ਦਾ ਮੁੱਲ ਵਾਰ-ਵਾਰ ਜੇਲ੍ਹ ਵਿਚ ਡੱਕੇ ਜਾਣ ਦੇ ਰੂਪ 'ਚ ਚੁਕਾਉਣਾ ਪਿਆ ਹੈ। 1989 ਤੋਂ ਲੈ ਕੇ ਉਸ ਨੂੰ ਬਹੁਤ ਵਾਰ ਜੇਲ੍ਹ ਜਾਣਾ ਪਿਆ ਹੈ। 2015 'ਚ ਉਸ ਨੂੰ ਪਾਬੰਦੀਸ਼ੁਦਾ ਜਥੇਬੰਦੀ ਨਾਲ ਸੰਬੰਧਤ ਹੋਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਅਤੇ ਜੂਨ 2016 ਤੱਕ 15 ਮਹੀਨੇ ਨਜ਼ਰਬੰਦ ਰੱਖਿਆ ਗਿਆ। ਫ਼ੌਜੀ ਅਦਾਲਤ ਨੇ ਉਸ ਉੱਪਰ ਇੰਟਰਵਿਊਆਂ ਅਤੇ ਭਾਸ਼ਣ ਦੇਣ, ਮੁਜ਼ਾਹਰਿਆਂ ਵਿਚ ਹਿੱਸਾ ਲੈਣ ਅਤੇ ਫ਼ਲਸਤੀਨੀ ਕੈਦੀਆਂ ਦੀ ਰਿਹਾਈ ਦੀ ਮੰਗ ਕਰਨ ਸਮੇਤ 15 ਦੋਸ਼ ਲਗਾਏ ਸਨ। ਦਸੰਬਰ 2023 ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਉਹ 2017 ਤੋਂ ਲੈ ਕੇ 2021 ਤੱਕ ਜੇਲ੍ਹ 'ਚ ਬੰਦ ਰਹਿ ਚੁੱਕੀ ਸੀ। ਜੇਲ੍ਹਬੰਦੀ ਦੌਰਾਨ ਖ਼ਾਲਿਦਾ ਦੇ ਪਿਤਾ, ਉਸ ਦੀ ਧੀ ਅਤੇ ਭਤੀਜੇ ਦੀ ਮੌਤ ਹੋ ਗਈ ਪਰ ਇਜ਼ਰਾਇਲੀ ਅਧਿਕਾਰੀਆਂ ਨੇ ਉਸ ਨੂੰ ਕਿਸੇ ਦੀਆਂ ਵੀ ਅੰਤਮ ਰਸਮਾਂ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ।

ਜੇਲ੍ਹਾਂ ਵਿਚ ਫ਼ਲਸਤੀਨੀਆਂ ਨੂੰ ਇਜ਼ਰਾਇਲੀ ਰਾਜ ਮਸ਼ੀਨਰੀ ਵੱਲੋਂ ਕਰੂਰਤਾ ਨਾਲ ਸਰੀਰਕ ਤੇ ਮਾਨਸਿਕ ਤਸੀਹੇ ਦਿੱਤੇ ਜਾਂਦੇ ਹਨ। ਹਿੰਸਕ ਹਮਲੇ, ਅੱਥਰੂ ਗੈਸ ਦੇ ਗੋਲੇ ਸੁੱਟਣਾ ਅਤੇ ਤਰ੍ਹਾਂ-ਤਰ੍ਹਾਂ ਦਾ ਤਸ਼ੱਦਦ ਆਮ ਹੈ। ਖ਼ਾਲਿਦਾ ਦਾ ਮਨੋਬਲ ਤੋੜਨ ਲਈ ਜੇਲ੍ਹ ਵਿਚ ਉਸ ਨੂੰ ਬਹੁਤ ਹੀ ਭੈੜੇ ਹਾਲਾਤ ਵਿਚ ਕੈਦ ਰੱਖਿਆ ਗਿਆ। ਜੇਲ੍ਹ ਜਾਣ ਤੋਂ ਪਹਿਲੀਆਂ ਅਤੇ ਰਿਹਾਅ ਹੋਣ ਸਮੇਂ ਦੀਆਂ ਤਸਵੀਰਾਂ ਦੇ ਫ਼ਰਕ ਤੋਂ ਸਾਫ਼ ਨਜ਼ਰ ਆਉਂਦਾ ਹੈ ਕਿ ਕੈਦੀਆਂ ਨੂੰ ਕਿਸ ਤਰ੍ਹਾਂ ਖ਼ੌਫ਼ਨਾਕ ਅਣਮਨੁੱਖੀ ਹਾਲਾਤ ਵਿਚ ਬੰਦ ਰੱਖਿਆ ਜਾਂਦਾ ਹੈ। ਅਗਸਤ ਵਿਚ ਉਸ ਨੂੰ ਵੱਖਰੀ ਕੋਠੜੀ ਵਿਚ ਇਕੱਲੀ ਨੂੰ ਬੰਦ ਕਰ ਦਿੱਤਾ ਗਿਆ। ਰਾਮਲਾ ਜੇਲ੍ਹ ਦੀ ਇਹ ਕਾਲ ਕੋਠੜੀ ਸਿਰਫ਼ ਡੇਢ ਮੀਟਰ ਚੌੜੀ ਅਤੇ ਇਕ ਮੀਟਰ ਲੰਮੀ ਸੀ ਜਿਸ ਵਿਚ ਮੁਸ਼ਕਲ ਨਾਲ ਹੀ ਗੱਦਾ ਵਿਛਾਇਆ ਜਾ ਸਕਦਾ ਹੈ। ਸਾਹ ਲੈਣ ਲਈ ਉਸ ਨੂੰ ਕੋਠੜੀ ਦੇ ਦਰਵਾਜ਼ੇ ਨੇੜੇ ਲੇਟਣਾ ਪੈਂਦਾ ਸੀ। ਇਜ਼ਰਾਇਲੀ ਜੇਲ੍ਹ ਅਧਿਕਾਰੀਆਂ ਨੇ ਬੇਹੱਦ ਸਖ਼ਤੀ ਵਰਤਦਿਆਂ ਇਹ ਯਕੀਨੀ ਬਣਾਇਆ ਕਿ ਉਸ ਨੂੰ ਪਾਣੀ, ਭੋਜਨ, ਸਾਫ਼-ਸਫ਼ਾਈ, ਕੱਪੜੇ ਅਤੇ ਮਨੁੱਖੀ ਜ਼ਿੰਦਗੀ ਲਈ ਜ਼ਰੂਰੀ ਹੋਰ ਚੀਜ਼ਾਂ ਤੋਂ ਵਾਂਝੇ ਰੱਖਿਆ ਜਾਵੇ ਅਤੇ ਉਸਦਾ ਮਨੋਬਲ ਤੋੜਿਆ ਜਾਵੇ। ਕਿਸੇ ਨੂੰ ਵੀ ਜੇਲ੍ਹ ਵਿਚ ਉਸ ਨਾਲ ਮੁਲਾਕਾਤ ਨਹੀਂ ਕਰਨ ਦਿੱਤੀ ਗਈ। ਬਕੌਲ ਖ਼ਾਲਿਦਾ, "1967 'ਚ ਪੱਛਮੀ ਕੰਢੇ ਉੱਪਰ ਕਬਜ਼ਾ ਕੀਤੇ ਜਾਣ ਦੇ ਸਮੇਂ ਤੋਂ ਲੈ ਕੇ ਹੁਣ ਜੇਲ੍ਹਾਂ ਦੇ ਹਾਲਾਤ ਸਭ ਤੋਂ ਭੈੜੇ ਅਤੇ ਸਭ ਤੋਂ ਮੁਸ਼ਕਲ ਹਨ।"

ਫ਼ਲਸਤੀਨੀ ਰਾਜਨੀਤਕ ਕੈਦੀਆਂ ਨੂੰ ਕਾਨੂੰਨੀ ਸਹਾਇਤਾ ਦੇਣ ਵਾਲੀ ਸੰਸਥਾ ਦੇ ਅੰਕੜਿਆਂ ਅਨੁਸਾਰ ਇਜ਼ਰਾਇਲੀ ਜੇਲ੍ਹਾਂ ਵਿਚ ਦਸ ਹਜ਼ਾਰ ਫ਼ਲਸਤੀਨੀ ਰਾਜਨੀਤਕ ਕੈਦੀ ਬੰਦ ਹਨ। ਹਮਾਸ ਦੇ ਅਕਤੂਬਰ 2023 ਦੇ ਹਮਲੇ ਤੋਂ ਬਾਅਦ ਇਜ਼ਰਾਇਲੀ ਸਟੇਟ ਨੇ ਫ਼ਲਸਤੀਨੀ ਕੈਦੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਮੈਡੀਕਲ ਸਹਾਇਤਾ ਦੇਣੀ ਵੀ ਬੰਦ ਕੀਤੀ ਹੋਈ ਹੈ। ਇਸ ਲਈ, ਜਿੰਨੇ ਵੀ ਫ਼ਲਸਤੀਨੀ ਜੇਲ੍ਹਾਂ 'ਚੋਂ ਰਿਹਾਅ ਹੋ ਰਹੇ ਹਨ ਉਹ ਸਮੇਂ ਸਿਰ ਮੈਡੀਕਲ ਸਹਾਇਤਾ ਨਾ ਮਿਲਣ ਕਾਰਨ ਗੰਭੀਰ ਬੀਮਾਰੀਆਂ ਤੋਂ ਪੀੜਤ ਹਨ। ਖ਼ਾਲਿਦਾ ਅਤੇ ਰੂਲਾ ਵੀ ਗੰਭੀਰ ਬੀਮਾਰੀਆਂ ਲੈ ਕੇ ਜੇਲ੍ਹ 'ਚੋਂ ਪਰਤੀਆਂ ਹਨ ਅਤੇ ਉਨ੍ਹਾਂ ਨੂੰ ਤੁਰੰਤ ਇਲਾਜ ਲਈ ਹਸਪਤਾਲ ਭੇਜਣਾ ਪਿਆ। ਰਿਹਾਈ ਸਮੇਂ ਵੀ ਉਨ੍ਹਾਂ ਨੂੰ ਬੇਹੱਦ ਜ਼ਲੀਲ ਕੀਤਾ ਗਿਆ। ਜੇਲ੍ਹ 'ਚੋਂ ਬਾਹਰ ਲਿਆਉਣ ਸਮੇਂ ਔਰਤ ਕੈਦੀਆਂ ਨੂੰ ਕੇਸਾਂ ਤੋਂ ਫੜ ਕੇ ਜ਼ਮੀਨ 'ਤੇ ਸੁੱਟਿਆ ਗਿਆ, ਗਾਲ੍ਹਾਂ ਕੱਢੀਆਂ ਗਈਆਂ ਅਤੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਤਲਾਸ਼ੀ ਦੇ ਨਾਂ ਹੇਠ ਉਨ੍ਹਾਂ ਨੂੰ ਭੈੜੀ ਤਰ੍ਹਾਂ ਜ਼ਲੀਲ ਕੀਤਾ ਗਿਆ ਅਤੇ ਰਿਹਾਈ ਨੂੰ ਲਮਕਾਉਣ ਦੀ ਵੱਧ ਤੋਂ ਵੱਧ ਕੋਸ਼ਿਸ਼ ਕੀਤੀ ਗਈ।

ਖ਼ਾਲਿਦਾ ਨੇ ਦੱਸਿਆ, 'ਮੈਂ ਤਨਹਾ ਕੈਦ 'ਚੋਂ ਆ ਰਹੀ ਹਾਂ। ਮੈਨੂੰ ਅਜੇ ਵੀ ਯਕੀਨ ਨਹੀਂ ਆ ਰਿਹਾ। ਮੈਂ ਥੋੜ੍ਹਾ ਥੱਕ ਗਈ ਹਾਂ।...ਅਸੀਂ ਦੋਹਰੀ ਭਾਵਨਾ 'ਚ ਜੀ ਰਹੇ ਹਾਂ। ਇਕ ਪਾਸੇ ਇਹ ਆਜ਼ਾਦੀ ਦੀ ਭਾਵਨਾ, ਅਤੇ ਦੂਜੇ ਪਾਸੇ ਇਹ ਪੀੜ, ਐਨੇ ਫ਼ਲਸਤੀਨੀਆਂ ਦੇ ਸ਼ਹੀਦ ਹੋਣ ਦੀ।' ਉਸ ਉੱਪਰ ਜੇਲ੍ਹ ਦੇ ਤਸੀਹਿਆਂ ਦਾ ਅਸਰ ਜ਼ਰੂਰ ਹੈ, ਪਰ ਉਹ ਬਹੁਤ ਹੀ ਮਜ਼ਬੂਤ ਇਰਾਦੇ ਵਾਲੀ ਔਰਤ ਹੈ। ਪਹਿਲਾਂ ਵੀ ਆਪਣੀ ਧੀ ਦੀ ਮੌਤ ਦੇ ਸਦਮੇ ਦੇ ਬਾਵਜੂਦ ਜੇਲ੍ਹ ਵਿਚੋਂ ਬਾਹਰ ਆ ਕੇ ਉਹ ਮੁੜ ਸੰਘਰਸ਼ ਵਿਚ ਡੱਟ ਗਈ ਸੀ ਅਤੇ ਫ਼ਲਸਤੀਨੀ ਮੁਕਤੀ ਸੰਘਰਸ਼ ਵਿਚ ਪਹਿਲਾਂ ਦੀ ਤਰ੍ਹਾਂ ਸਰਗਰਮ ਹੋ ਗਈ ਸੀ। ਉਹ ਕਹਿੰਦੀ ਹੈ, 'ਅਸੀਂ ਸਬਰ ਰੱਖੀਏ, ਉਮੀਦ ਨਾ ਛੱਡੀਏ, ਰਾਹ ਤੋਂ ਨਾ ਭਟਕੀਏ। ਕੋਸ਼ਿਸ਼ਾਂ ਜੁੜਦੇ ਜਾਣ ਨਾਲ ਤਬਦੀਲੀ ਆਏਗੀ। ਸਾਨੂੰ ਉਮੀਦ ਰੱਖਣੀ ਚਾਹੀਦੀ ਹੈ ਕਿ ਅਸੀਂ ਜਿੱਤਾਂਗੇ।'

ਇਕ ਹੋਰ ਕੈਦੀ ਸਾਲਾਹ ਕਹਿੰਦੀ ਹੈ, 'ਜੇ ਗਾਜ਼ਾ ਦੇ ਲੋਕਾਂ 'ਚ ਸਿਰੜ ਨਾ ਹੁੰਦਾ ਤਾਂ ਅਸੀਂ ਆਪਣੇ ਪਰਿਵਾਰਾਂ ਨੂੰ ਨਹੀਂ ਸੀ ਮਿਲ ਸਕਣਾ, ਅਸੀਂ ਜੇਲ੍ਹ 'ਚੋਂ ਬਾਹਰ ਨਹੀਂ ਸੀ ਆ ਸਕਣਾ। ਅਸੀਂ ਸਾਰੀ ਜ਼ਿੰਦਗੀ ਉਨ੍ਹਾਂ ਦੇ ਰਿਣੀ ਰਹਾਂਗੇ।' ਅਜਿਹੀ ਸਿਦਕ ਅਤੇ ਸਿਰੜ ਵਾਲੀ ਫ਼ਲਸਤੀਨੀ ਕੌਮ ਨੂੰ ਕੌਣ ਹਰਾ ਸਕਦਾ ਹੈ।

**-ਬੂਟਾ ਸਿੰਘ ਮਹਿਮੂਦਪੁਰ**

# ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਅਤੇ ਸਿੱਖ ਚਿੰਤਕਾਂ ਦੀ ਸੁਪਨਸਾਜ਼ੀ!

ਪਿਛਲੇ ਅੰਕ ਵਿਚ ਸਿੱਖ ਪੰਥ ਦੇ ਤਿੰਨ ਵੱਡੇ ਵਿਦਵਾਨਾਂ ਪ੍ਰੋ. ਪੂਰਨ ਸਿੰਘ, ਪ੍ਰੋ. ਜੋਧ ਸਿੰਘ ਅਤੇ ਸ. ਕਪੂਰ ਸਿੰਘ ਦੇ ਵਿਚਾਰ ਪਾਠਕਾਂ ਸਾਹਮਣੇ ਰੱਖੇ ਸਨ ਤਾਂ ਕਿ ਅਸੀਂ 'ਧਰਮ ਤੇ ਰਾਜਨੀਤੀ' ਵਾਲ਼ੇ ਮਸਲੇ ਨੂੰ ਗੰਭੀਰਤਾ ਨਾਲ਼ ਵਿਚਾਰ ਸਕੀਏ। ਇਨ੍ਹਾਂ ਸਾਰੇ ਸਤਿਕਾਰਤ ਵਿਦਵਾਨਾਂ ਦੇ ਵਿਚਾਰਾਂ ਵਿਚ ਕਿਤਨਾ ਵਿਰੋਧਾਭਾਸ ਹੈ? ਹੁਣ ਸਿੱਖ ਭਾਈਚਾਰੇ ਦੀ ਮਾਡਰਨ ਵਰਲਡ ਦੀਆਂ ਲੋਕਤੰਤਰੀ ਤੇ ਧਰਮ-ਨਿਰਪੱਖ (ਸੈਕੂਲਰ) ਹਕੀਕਤਾਂ ਦੇ ਸੰਦਰਭ ਵਿਚ ਮੌਜੂਦਾ ਸਿੱਖ (ਪੰਥਕ) ਸਿਆਸਤ, 'ਧਰਮ ਤੇ ਰਾਜਨੀਤੀ' (ਮੀਰੀ-ਪੀਰੀ), 'ਸ਼੍ਰੋਮਣੀ



**ਹਰਚਰਨ ਸਿੰਘ ਪਰਹਾਰ**

**ਫੋਨ:** 403-681-8689

**ਈਮੇਲ:** hp8689@gmail.com

ਗੁਰਦੁਆਰਾ ਪ੍ਰਬੰਧਕ ਕਮੇਟੀ', 'ਸ੍ਰੀ ਅਕਾਲ ਤਖਤ ਸਾਹਿਬ', 'ਤਖਤਾਂ ਦੇ ਜਥੇਦਾਰਾਂ' ਦੇ ਰੋਲ ਬਾਰੇ ਹੋਰ ਵਿਦਵਾਨਾਂ ਦੇ ਵਿਚਾਰਾਂ ਨੂੰ ਅਧਾਰ ਬਣਾ ਕੇ ਪਿਛਲੀ ਅੱਧੀ ਸਦੀ ਤੋਂ ਚੱਲ ਰਹੇ ਵਾਦ-ਵਿਵਾਦ ਨੂੰ ਸਮਝਣ ਦਾ ਯਤਨ ਕਰਦੇ ਹਾਂ।

ਸਿੱਖ ਵਿਦਵਾਨਾਂ ਵਿਚ 'ਧਰਮ ਤੇ ਸਿਆਸਤ' ਬਾਰੇ ਨਵੀਂ ਚਰਚਾ ਸਾਲ 1996 ਵਿਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਤੋਂ ਬਾਅਦ ਸ਼ੁਰੂ ਹੁੰਦੀ ਹੈ, ਜਦੋਂ 1997 ਦੀਆਂ ਪੰਜਾਬ ਅਸੰਬਲੀ ਚੋਣਾਂ ਮੌਕੇ ਮਾਡਰੇਟ ਅਕਾਲੀ ਸਿਆਸਤ ਦੀ ਚੜ੍ਹਤ ਦੀਆਂ ਸੰਭਾਵਨਾਵਾਂ ਰੌਸ਼ਨ ਹੋਈਆਂ ਤਾਂ ਉਸ ਵਕਤ ਚੋਟੀ ਦੇ ਸਿੱਖ ਵਿਦਵਾਨ ਜਸਬੀਰ ਸਿੰਘ ਆਹਲੂਵਾਲ਼ੀਆ ਵਲੋਂ ਇਸ ਤਰ੍ਹਾਂ ਦੀ ਚਰਚਾ ਦੀ ਸ਼ੁਰੂਆਤ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਦੇ ਸਬੰਧਾਂ ਦੇ ਰੋਲ ਨੂੰ ਸਿਧਾਂਤਕ ਤੌਰ 'ਤੇ ਪਰਿਭਾਸ਼ਤ ਕਰਨ ਸਬੰਧੀ ਲਿਖੇ ਲੇਖ 'ਦੂਸਰੀ ਸਿੱਖ ਜਾਗ੍ਰਿਤੀ ਲਹਿਰ ਦੀ ਲੋੜ' ਰਾਹੀਂ ਕੀਤੀ। ਉਹ ਲਿਖਦੇ ਹਨ: 'ਗੁਰਦੁਆਰਾ ਹੋਰ ਧਰਮਾਂ ਦੇ ਧਾਰਮਿਕ ਅਸਥਾਨਾਂ ਵਾਂਗ ਸਿਰਫ ਪੂਜਾ-ਪਾਠ ਦਾ ਸਥਾਨ ਨਹੀਂ ਹੈ, ਜਿਸ ਤਰ੍ਹਾਂ ਕਿ ਗੁਰਦੁਆਰਾ ਐਕਟ 1925 ਵਿਚ ਦਰਜ ਕੀਤਾ ਗਿਆ ਹੈ। ਇਹ ਐਕਟ ਗੁਰਦੁਆਰੇ ਨੂੰ ਇੱਕ ਬਹੁ-ਪੱਖੀ ਇਤਿਹਾਸਕ ਸੰਸਥਾ ਦੀ ਥਾਂ ਸਿਰਫ ਇੱਕ ਜਾਇਦਾਦ ਹੀ ਮੰਨਦਾ ਹੈ। ਇਸ ਐਕਟ ਦੇ ਅਧਾਰ 'ਤੇ ਚੱਲ ਰਹੇ ਗੁਰਦੁਆਰਾ ਪ੍ਰਬੰਧ ਨੂੰ 'ਜਗੀਰਦਾਰੀ ਗੁਰਦੁਆਰਾ ਪ੍ਰਬੰਧ' ਹੀ ਕਿਹਾ ਜਾ ਸਕਦਾ ਹੈ'। ਇਸ ਸਬੰਧੀ ਉਹ ਅੱਗੇ ਸਿੱਖ ਪੰਥ ਨੂੰ ਸਲਾਹ ਦਿੰਦੇ ਹਨ: 'ਸਿਸਟਮ ਦੇ ਸੁਧਾਰ ਲਈ 1925 ਦੇ 'ਸਿੱਖ ਗੁਰਦੁਆਰਾ ਐਕਟ' ਵਿਚ ਸੋਧ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਅਹੁਦੇ ਨੂੰ ਸੁਤੰਤਰ ਕਰਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੋਂ ਉਚੇਰਾ ਕਰ ਦੇਣਾ ਚਾਹੀਦਾ ਹੈ। ਉਸ ਦੀਆਂ ਯੋਗਤਾਵਾਂ, ਸੇਵਾ-ਕਾਲ ਦਾ ਸਮਾਂ, ਚੋਣ-ਵਿਧੀ, ਕਾਰਜ ਖੇਤਰ ਅਤੇ ਕੇਵਲ ਮਹਾਂਦੋਸ਼ ਰਾਹੀਂ ਹਟਾਏ ਜਾਣ ਦੀ ਵਿਵਸਥਾ ਕਰ ਦੇਣੀ ਚਾਹੀਦੀ ਹੈ...। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਉਪਰ ਇਹ ਪਾਬੰਦੀ ਹੋਵੇ ਕਿ ਉਹ ਜਥੇਦਾਰੀ ਦੌਰਾਨ ਜਾਂ ਬਾਅਦ ਵਿਚ ਕਦੇ ਵੀ ਕਿਸੇ ਸਰਗਮਰਮ ਸਿਆਸਤ ਵਿਚ ਹਿਸਾ ਨਹੀਂ ਲੈ ਸਕਦਾ। ਕੋਈ ਸਿਆਸੀ ਪਾਰਟੀ ਨਹੀਂ ਬਣਾਏਗਾ, ਕਿਸੇ ਸਿਆਸੀ ਪਾਰਟੀ 'ਚ ਕੋਈ ਅਹੁਦਾ ਨਹੀਂ ਲਏਗਾ, ਅਥਵਾ ਕੋਈ ਨੌਕਰੀ ਨਹੀਂ ਕਰੇਗਾ ਆਦਿ।

ਡਾ. ਆਹਲੂਵਾਲੀਆ ਦੀਆਂ ਕੁਝ ਲਾਈਨਾਂ ਤੋਂ ਇੱਕ ਗੱਲ ਸਪੱਸ਼ਟ ਹੈ ਕਿ 1925 ਦੇ ਗੁਰਦੁਆਰਾ ਐਕਟ ਰਾਹੀਂ ਸਿੱਖ ਅੰਗਰੇਜ਼ਾਂ ਦੇ ਬੁਣੇ ਜਾਲ਼ ਵਿਚ ਫਸ ਚੁੱਕੇ ਹਨ। ਉਸ ਵਿਚੋਂ ਨਿਕਲਣ ਦਾ ਇੱਕ ਹੀ ਰਸਤਾ ਹੈ ਕਿ ਧਰਮ ਨੂੰ ਰਾਜਨੀਤੀ ਤੋਂ ਸਪੱਸ਼ਟ ਰੂਪ ਵਿਚ ਵੱਖ ਕਰ ਲਿਆ ਜਾਵੇ। ਡਾ. ਸਾਹਿਬ ਦੀ ਗੱਲ ਸਹੀ ਹੈ ਕਿ ਗੁਰਦੁਆਰਾ ਐਕਟ, ਗੁਰਦੁਆਰਿਆਂ ਨੂੰ ਸੰਸਥਾ ਦੀ ਥਾਂ 'ਜਾਇਦਾਦ' ਸਮਝਦਾ ਹੈ, ਜਿਸ ਦੀ ਸੇਵਾ-ਸੰਭਾਲ਼ ਤੇ ਪ੍ਰਬੰਧ ਲਈ ਸ਼੍ਰੋਮਣੀ ਕਮੇਟੀ ਬਣਾਈ ਗਈ ਸੀ, ਇਸੇ ਵਿਚੋਂ ਹੀ ਜਾਇਦਾਦ (ਗੁਰਦੁਆਰਾ) 'ਤੇ ਕਬਜ਼ਿਆਂ ਦੀ ਸਿਅਸਾਤ ਨਿਕਲ਼ੀ ਹੈ। ਦੂਸਰੀ ਗੱਲ ਡਾ. ਸਾਹਿਬ ਨੇ ਜਥੇਦਾਰਾਂ ਦੀਆਂ ਨਿਯੁਕਤੀਆਂ ਦੇ ਵਿਧੀ-ਵਿਧਾਨ ਬਾਰੇ ਉਠਾਈ ਹੈ। ਇਸ ਤੋਂ ਸਪਸ਼ਟ ਹੈ ਕਿ ਜਿਸ ਸੰਸਥਾ ਜਾਂ ਉਸਦੇ ਜਥੇਦਾਰ ਨੂੰ ਸਾਡੇ ਲੀਡਰ ਤੇ ਵਿਦਵਾਨ ਅਗਿਆਨਤਾ ਵੱਸ ਸਰਬਉਚ ਹੋਣ ਦਾ ਢਿੰਡੋਰਾ ਪਿੱਟ ਰਹੇ ਹਨ, ਉਸਦੇ ਸਰਬਉਚ ਹੋਣ ਬਾਰੇ ਨਾ ਇਤਿਹਾਸਕ ਅਤੇ ਨਾ ਹੀ ਗੁਰਦੁਆਰਾ ਐਕਟ ਵਿਚ ਕੋਈ ਆਧਾਰ ਹੈ। ਜੋ ਗੱਲ ਆਹਲੂਵਾ਼ਲੀਆ ਸਾਹਿਬ ਕਹਿ ਰਹੇ ਹਨ, ਉਸੇ ਦੁਖਦੀ ਰਗ 'ਤੇ ਹੱਥ ਕੁਝ ਸਾਲ ਬਾਅਦ ਜਥੇਦਾਰ ਵੇਦਾਂਤੀ ਕਰ ਰਹੇ ਸਨ। ਪਰ 2 ਦਹਾਕਿਆਂ ਬਾਅਦ ਅਸੀਂ ਉਥੇ ਦੇ ਉਥੇ ਹੀ ਖੜੇ ਹਾਂ, ਜਿੱਥੇ 100 ਸਾਲ ਪਹਿਲਾਂ ਖੜੇ ਸੀ? ਇੱਕ ਅਜੀਬ ਜਿਹੀ ਹੋਰ ਗੱਲ ਡਾ. ਆਹਲੂਵਾ਼ਲੀਆ ਕਹਿ ਰਹੇ ਹਨ ਕਿ ਅਕਾਲ ਤਖਤ ਦੇ ਜਥੇਦਾਰ ਦੇ ਅਹੁਦੇ ਨੂੰ ਸੁਤੰਤਰ ਬਣਾਉਣ ਦੇ ਨਾ਼ਲ-ਨਾ਼ਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੋਂ ਉਪਰ ਕਰ ਦਿੱਤਾ ਜਾਵੇ। ਕੀ ਅਜਿਹਾ ਸੰਭਵ ਹੈ? ਉਸ ਜਥੇਦਾਰ ਨੂੰ ਉਚੇਰਾ ਕੌਣ ਕਰੇਗਾ? ਸ਼੍ਰੋਮਣੀ ਕਮੇਟੀ ਲੋਕਾਂ ਵਲੋਂ ਚੁਣੀ ਹੋਈ, ਸੰਵਿਧਾਨ ਅਨੁਸਾਰ ਚੱਲਣ ਵਾ਼ਲੀ ਸੰਸਥਾ ਹੈ। ਜੇ ਜਥੇਦਾਰ ਨੂੰ ਸਰਬਉਚ ਸ਼੍ਰੋਮਣੀ ਕਮੇਟੀ ਹੀ ਬਣਾਏਗੀ ਤਾਂ ਫਿਰ ਉਹ ਸਰਬਉਚ ਕਿਵੇਂ ਹੋਵੇਗਾ? ਜੇ ਅਧਿਕਾਰ ਸ਼੍ਰੋਮਣੀ ਕਮੇਟੀ ਕੋ਼ਲ ਨਹੀਂ ਹੋਵੇਗਾ ਤਾਂ ਫਿਰ ਜਥੇਦਾਰ ਨੂੰ ਕੌਣ ਚੁਣੇਗਾ ਜਾਂ ਕਿਵੇਂ ਸਰਬਉਚ ਬਣਾਇਆ ਜਾਵੇਗਾ?

ਡਾ. ਆਹਲੂਵਾ਼ਲੀਆ ਦੇ ਲੇਖ ਤੋਂ ਤਕਰੀਬਨ 25 ਸਾਲ ਬਾਅਦ, ਇਨ੍ਹਾਂ ਲੀਹਾਂ 'ਤੇ ਚੱਲਦਿਆਂ, ਇੱਕ ਹੋਰ ਸਿੱਖ ਚਿੰਤਕ ਸ. ਅਮਰਜੀਤ ਸਿੰਘ ਗਰੇਵਾ਼ਲ, 'ਪੰਜਾਬ ਟਾਈਮਜ਼' ਅਖ਼ਬਾਰ ਦੇ 7 ਮਾਰਚ, 2020 ਦੇ ਅੰਕ ਵਿਚ 'ਗੁਰਦੁਆਰਾ ਸੁਧਾਰ ਲਹਿਰ-2' ਵਿਚ ਇਸੇ ਬਹਿਸ ਨੂੰ ਜਾਰੀ ਰੱਖਦਿਆਂ ਕਹਿੰਦੇ ਹਨ: '21ਵੀਂ ਸਦੀ ਦੀਆਂ ਮਾਨਵ ਜਾਤੀ ਦੀਆਂ ਚੁਣੌਤੀਆਂ ਦੇ ਸਨਮੁੱਖ ਗੁਰਬਾਣੀ ਦੇ ਬ੍ਰਹਿਮੰਡੀ ਸਿਧਾਂਤ ਨੂੰ ਲਾਗੂ ਕਰਨ ਲਈ ਦੂਜੀ ਗੁਰਦੁਆਰਾ ਸੁਧਾਰ ਰਾਹੀਂ ਯਤਨ ਕਰਨੇ ਪੈਣਗੇ ਕਿ ਮੌਜੂਦਾ ਗੁਰਦੁਆਰਾ ਸਿਸਟਮ ਰਾਹੀਂ ਮਾਡਰਨ ਵਰਲਡ ਦੀਆਂ ਚੁਣੌਤੀਆਂ ਦਾ ਹੱਲ ਕਿਉਂ ਨਹੀਂ ਨਿਕਲ ਰਿਹਾ। ਜਦਕਿ ਗੁਰਬਾਣੀ ਸਿਧਾਂਤ ਅੱਜ ਵੀ ਉਤਨੇ ਹੀ ਸਾਰਥਿਕ ਹਨ, ਜਿਤਨੇ ਗੁਰੂ ਨਾਨਕ ਸਾਹਿਬ ਨੇ ਕਰਤਾਰਪੁਰ ਸਾਹਿਬ ਵਸਾ ਕੇ ਅਮਲ ਵਿਚ ਲਿਆਂਦੇ ਸਨ'। ਉਹ ਅੱਗੇ ਸਿੱਖ ਪੰਥ ਨੂੰ ਕੁਝ ਸੁਝਾਅ ਦਿੰਦੇ ਹਨ ਕਿ ਅਜਿਹਾ ਕਰਨ ਲਈ ਸਭ ਤੋਂ ਪਹਿਲਾਂ ਸਾਨੂੰ ਇਹ ਕੁਝ ਕਰਨਾ ਪਵੇਗਾ: 'ਦੂਜੀ 'ਗੁਰਦੁਆਰਾ ਸੁਧਾਰ ਲਹਿਰ ਰਾਹੀਂ' ਸਭ ਤੋਂ ਪਹਿਲਾਂ 'ਗੁਰੂ ਗ੍ਰੰਥ' ਤੇ 'ਗੁਰੂ ਪੰਥ' ਨੂੰ ਸਿਆਸੀ ਜਮਾਤਾਂ ਦੇ ਨਿੱਜੀ ਹਿੱਤਾਂ ਤੋਂ ਮੁਕਤ ਕਰਵਾਉਣਾ ਪਵੇਗਾ। ਇਸ ਲਈ ਅਕਾਲ ਤਖਤ ਸਾਹਿਬ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿਆਸਤ ਤੋਂ ਮੁਕਤ ਕਰਾਉਣਾ ਪਵੇਗਾ। ਨਾ਼ਲ ਹੀ ਮਨੁੱਖੀ ਬਰਾਬਰਤਾ, ਅਜ਼ਾਦੀ, ਜਮਹੂਰੀਅਤ, ਸਰਬੱਤ ਦੇ ਭਲੇ ਵਰਗੇ ਗੁਣਾਂ ਵਾ਼ਲੀ ਸਿੱਖੀ ਨੂੰ ਉਤਸ਼ਾਹਿਤ ਕਰਨਾ ਪਵੇਗਾ। ਜੇ ਅਸੀਂ ਸਿੱਖਾਂ ਤੇ ਸਿੱਖੀ ਦਾ ਸੁਰੱਖਿਅਤ ਭਵਿੱਖ ਦੇਖਣਾ ਚਾਹੁੰਦੇ ਹਾਂ ਤਾਂ ਸਾਨੂੰ 21ਵੀਂ ਸਦੀ ਦੀਆਂ ਨਵੀਂਆਂ ਚੁਣੌਤੀਆਂ ਦੇ ਸੰਦਰਭ ਵਿਚ ਸਿੱਖਿਆ ਅਤੇ ਅਰਥ ਨਿਰਮਾਣ ਦੇ ਨਵੇਂ ਰਾਹ ਖੋਲਣੇ ਪੈਣਗੇ'।

ਗਰੇਵਾ਼ਲ ਸਾਹਿਬ ਦੇ ਸੁਝਾਅ ਤਾਂ ਬਹੁਤ ਚੰਗੇ ਹਨ, ਪਰ 'ਗੁਰੂ ਗ੍ਰੰਥ' ਤੇ 'ਗੁਰੂ ਪੰਥ' ਨੂੰ ਸਿਆਸੀ ਜਮਾਤਾਂ ਦੇ ਨਿੱਜੀ ਹਿੱਤਾਂ ਤੋਂ ਮੁਕਤ ਕਿਵੇਂ ਕਰਾਇਆ ਜਾ ਸਕਦਾ ਹੈ, ਜਦੋਂ ਪੰਥ ਵਲੋਂ ਇਹ ਮੰਨ ਲਿਆ ਗਿਆ ਹੈ ਕਿ 'ਮੀਰੀ-ਪੀਰੀ' ਦੇ ਸਿਧਾਂਤ ਅਨੁਸਾਰ 'ਧਰਮ ਤੇ ਸਿਆਸਤ' ਨੂੰ ਅੱਲਗ ਨਹੀਂ ਕੀਤਾ ਜਾ ਸਕਦਾ? ਦੂਸਰੀ ਗੱਲ ਮਾਡਰਨ ਸਿਆਸਤ ਵਿਚ ਹਮੇਸ਼ਾਂ ਸਭ ਦੇ ਹਿੱਤ ਪ੍ਰਮੁੱਖ ਤੌਰ 'ਤੇ ਜਾਤੀ ਹੀ ਹੁੰਦੇ ਹਨ, ਜਮਾਤੀ ਹਿੱਤਾਂ ਨੂੰ ਕੋਈ ਵਿਰਲਾ ਸਿਆਸਤਦਾਨ ਅਹਿਮੀਅਤ ਦਿੰਦਾ ਹੈ। ਜਿਹੜੇ ਸਿਆਸੀ ਲੋਕ ਗੁਰਦੁਆਰਾ ਪ੍ਰਬੰਧ ਚਲਾ ਰਹੇ ਹਨ, ਉਨ੍ਹਾਂ ਤੋਂ ਅਜਿਹੇ ਸੁਧਾਰਾਂ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ?

ਗਰੇਵਾ਼ਲ ਸਾਹਿਬ ਇਸੇ ਲੇਖ ਵਿਚ ਅੱਗੇ ਲਿਖਦੇ ਹਨ: 'ਸਿੱਖ ਸਿਆਸਤ ਅਤੇ ਧਰਮ ਵਿਚ ਆਇਆ ਨਿਘਾਰ, 'ਗੁਰੂ ਗ੍ਰੰਥ' ਅਤੇ 'ਗੁਰੂ ਪੰਥ' ਨੂੰ ਸਿਆਸੀ ਜਮਾਤਾਂ ਦੇ ਨਿੱਜੀ ਹਿੱਤਾਂ ਤੋਂ ਮੁਕਤ ਕਰਾਉਣ ਨਾ਼ਲ ਹੀ ਦੂਰ ਹੋ ਸਕੇਗਾ। ਅਜਿਹਾ ਕਰਨ ਲਈ ਸਭ ਤੋਂ ਪਹਿਲਾਂ ਤਾਂ ਅਕਾਲ ਤਖਤ ਨੂੰ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਨੂੰ ਸਿਆਸੀ ਧਿਰਾਂ ਤੋਂ ਮੁਕਤ ਕਰਾਉਣਾ ਹੋਵੇਗਾ।' ਇਨ੍ਹਾਂ ਅਨੁਸਾਰ ਸਿੱਖ ਸਿਆਸਤ ਅਤੇ ਸਿੱਖ ਧਰਮ ਵਿਚ ਨਿਘਾਰ ਦੂਰ ਕਰਨ ਲਈ ਪਹਿਲਾਂ ਅਕਾਲ ਤਖਤ ਨੂੰ ਸ਼੍ਰੋਮਣੀ ਕਮੇਟੀ ਅਤੇ ਫਿਰ ਸ਼੍ਰੋਮਣੀ ਕਮੇਟੀ ਨੂੰ ਸਿਆਸਤ (ਭਾਵ ਅਕਾਲੀ ਸਿਆਸਤ) ਤੋਂ ਮੁਕਤ ਕਰਾਉਣਾ ਪਵੇਗਾ। ਕੀ ਅਜਿਹੀ ਸਮਝ ਦਾ ਅਧਾਰ ਗਲਤ ਨਹੀਂ? ਜਦੋਂ ਇਹ ਪ੍ਰਵਾਨ ਕਰ ਲਿਆ ਗਿਆ ਹੈ ਕਿ ਸਿੱਖਾਂ ਦੀ ਸਿਆਸੀ ਜਮਾਤ ਅਕਾਲੀ ਦਲ ਦੀ ਸਥਾਪਨਾ ਸਿੱਖ ਪੰਥ ਦੇ ਹਿੱਤਾਂ ਦੀ ਰੱਖਿਆ ਲਈ ਕੀਤੀ ਗਈ ਸੀ ਤਾਂ ਅਸੀਂ ਆਪ ਹੀ ਸਿਆਸਤ ਦਾ ਧਰਮ ਵਿਚ ਦਖਲ ਪ੍ਰਵਾਨ ਕਰ ਲਿਆ ਸੀ। ਪੁਰਾਤਨ ਇਤਿਹਾਸ



ਡਾ. ਜਸਬੀਰ ਸਿੰਘ ਆਹਲੂਵਾਲੀਆ



ਅਮਰਜੀਤ ਗਰੇਵਾ਼ਲ



ਡਾ. ਗੁਰਭਗਤ ਸਿੰਘ



ਡਾ. ਸਰਦਾਰਾ ਸਿੰਘ ਜੌਹ਼ਲ

ਇਹੀ ਗਵਾਹੀ ਦਿੰਦਾ ਹੈ ਕਿ ਅਸਲੀ ਤਾਕਤ ਹਮੇਸ਼ਾਂ ਰਾਜਸੀ ਸਤਾ ਕੋ਼ਲ ਹੀ ਹੁੰਦੀ ਹੈ। ਸਿਆਸੀ ਧਿਰਾਂ ਆਪਣੇ ਰਾਜਸੀ ਮਨਸੂਬਿਆਂ ਲਈ ਧਾਰਮਿਕ ਭਾਵਨਾਵਾਂ ਨੂੰ ਵਰਤਣ ਲਈ ਅਜਿਹਾ ਪ੍ਰਚਾਰ ਕਰਦੀਆਂ ਹਨ ਕਿ ਧਰਮ ਸਰਵੋਤਮ ਹੁੰਦਾ ਹੈ। ਇਸੇ ਕਰਕੇ ਸਾਡਾ ਇਹ ਮੰਨਣਾ ਹੈ ਕਿ ਅਕਾਲ ਤਖਤ ਨੂੰ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਨੂੰ ਅਕਾਲੀ ਸਿਆਸਤ ਤੋਂ ਅਜ਼ਾਦ ਕਰਾਉਣ ਤੋਂ ਪਹਿਲਾਂ ਕੀ ਸਿੱਖ ਪੰਥ ਨੂੰ 'ਧਰਮ ਤੇ ਸਿਆਸਤ' ਦਾ ਰਿਸ਼ਤਾ ਤੈਅ ਨਹੀਂ ਕਰਨਾ ਚਾਹੀਦਾ? ਦੁਨੀਆਂ ਭਰ ਦਾ ਇਤਿਹਾਸ ਗਵਾਹ ਹੈ ਕਿ ਧਰਮ ਕਦੇ ਵੀ ਸਿਆਸਤ ਤੋਂ ਉਪਰ ਨਹੀਂ ਹੁੰਦਾ। ਧਰਮ ਨੂੰ ਸਰਬੋਤਮ, ਧਰਮ ਖਤਰੇ ਵਿਚ, ਧਰਮ ਬਚਾਓ ਆਦਿ ਦੇ ਨਾਹਰੇ ਸਿਆਸੀ ਜਮਾਤਾਂ ਧਰਮ ਨੂੰ ਆਪਣੇ ਹਿੱਤਾਂ ਲਈ ਵਰਤਣ ਲਈ ਹੀ ਲਗਾਉਂਦੀਆਂ ਹਨ।

ਕੇਂਦਰੀ ਯੂਨੀਵਰਸਿਟੀ, ਪੰਜਾਬ ਦੇ ਸਾਬਕਾ ਚਾਂਸਲਰ ਸਰਦਾਰਾ ਸਿੰਘ ਜੌਹਲ ਅਕਸਰ ਸਿੱਖਾਂ ਅਤੇ ਪੰਜਾਬ ਦੀ ਸਿਆਸਤ 'ਤੇ ਲਿਖਦੇ ਰਹਿੰਦੇ ਹਨ। ਉਹ 'ਸਿੱਖ ਧਰਮ, ਸਿਆਸਤ ਅਤੇ ਅਕਾਲ ਤਖਤ' (ਪੰਜਾਬ ਟਾਈਮਜ਼-16 ਫਰਵਰੀ, 2019) ਸਿਰਲੇਖ ਹੇਠਲੇ ਆਪਣੇ ਇੱਕ ਲੇਖ ਵਿਚ ਲਿਖਦੇ ਹਨ: 'ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮੀਰੀ-ਪੀਰੀ ਦਾ ਸਿਧਾਂਤ ਬੜਾ ਵਿਲੱਖਣ ਹੈ। ਇਸ ਤਹਿਤ ਸਿਆਸਤ, ਧਰਮ ਦੇ ਅਧੀਨ ਹੋ ਕੇ ਚੱਲਣੀ ਚਾਹੀਦੀ ਹੈ। ਪਰ ਜਦੋਂ ਅਕਾਲੀ ਦਲ ਦੀ ਲੀਡਰਸ਼ਿਪ ਨੇ ਪੰਜਾਬ 'ਚ ਮਿ਼ਲੀ ਸਤਾ ਦੌਰਾਨ ਇਹ ਸਿਧਾਂਤ ਉਲਟਾ ਕੇ ਧਾਰਮਿਕ ਸੰਸਥਾਵਾਂ ਵਿਚ ਬੁਰ੍ਹੀ ਤਰ੍ਹਾਂ ਸਿਅਸਾਤ ਵਾੜ ਦਿੱਤੀ ਤਾਂ ਸਭ ਕੁਝ ਉਲਟ-ਪੁਲਟ ਹੋ ਗਿਆ। ਸਿੱਖ ਲੀਡਰਸ਼ਿਪ ਨੇ ਧਰਮ ਨੂੰ ਅਧਾਰ ਬਣਾ ਕੇ ਨਿੱਜ-ਪ੍ਰਸਤੀ ਦੀ ਅਜਿਹੀ ਸਿਆਸਤ ਖੇਡੀ, ਜਿਸ ਨਾਲ ਹਰ ਸਿੱਖ ਸੰਸਥਾ ਦਾ ਵਕਾਰ ਦਾਅ 'ਤੇ ਲਾ ਦਿੱਤਾ'। ਉਨ੍ਹਾਂ ਅਨੁਸਾਰ 'ਮੀਰੀ-ਪੀਰੀ' ਦਾ ਸਿਧਾਂਤ ਬੜਾ ਵਿਲੱਖਣ ਸੀ, ਜਿਸ ਤਹਿਤ ਸਿਆਸਤ, ਧਰਮ ਦੇ ਅਧੀਨ ਚੱਲਣੀ ਚਾਹੀਦੀ ਸੀ, ਪਰ ਇਸਨੂੰ ਅਕਾਲੀਆਂ ਨੇ ਉਲਟਾ ਦਿੱਤਾ। ਕੀ ਜੌਹ਼ਲ ਸਾਹਿਬ, ਇਹ ਸਪੱਸ਼ਟ ਕਰ ਸਕਦੇ ਹਨ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਅਜਿਹਾ ਕੋਈ ਸਿਧਾਂਤ ਜਾਂ ਉਸਦੀ ਵਿਆਖਿਆ ਆਪਣੀ ਕਿਹੜੀ ਲਿਖਤ ਵਿਚ ਕੀਤੀ ਸੀ? ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਦਾ ਇਲਾਕਾ ਛੱਡ ਕੇ ਕੀਰਤਪੁਰ ਦੀਆਂ ਪਹਾੜੀਆਂ ਵਿਚ ਜਾ ਵਸੇ ਸਨ। ਫਿਰ ਉਨ੍ਹਾਂ ਤੋਂ ਬਾਅਦ ਚਾਰ ਗੁਰੂ ਸਾਹਿਬਾਨ ਮਾਝੇ ਵਿਚ ਵਾਪਿਸ ਨਹੀਂ ਆਏ। ਤਕਰਬੀਨ 80 ਕੁ ਸਾਲ ਦੇ ਗੁਰੂ ਕਾਲ ਵਿਚ ਹਰਮਿੰਦਰ ਸਾਹਿਬ ਅਤੇ 'ਅਕਾਲ ਬੁੰਗਾ' ਦਾ ਪ੍ਰਬੰਧ ਗੁਰੂਘਰ ਵਿਰੋਧੀ ਧੀਰਮੱਲੀਆਂ, ਰਾਮਰਾਈਆਂ, ਮੀਣਿਆਂ, ਮਸੰਦਾਂ ਕੋ਼ਲ ਰਿਹਾ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬੰਦਾ ਸਿੰਘ ਬਹਾਦਰ ਵੀ ਇਸ ਇਲਾਕੇ ਵਿਚ ਨਹੀਂ ਆਏ ਅਤੇ ਨਾ ਹੀ ਇਨ੍ਹਾਂ ਅਸਥਾਨਾਂ ਨੂੰ ਗੁਰੂਘਰ ਦੇ ਵਿਰੋਧੀਆਂ ਤੋਂ ਆਜ਼ਾਦ ਕਵਾਇਆ।

ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਭਾਈ ਮਨੀ ਸਿੰਘ ਨੇ 1721 ਤੋਂ ਬਾਅਦ ਇੱਥੇ ਦਾ ਪ੍ਰਬੰਧ ਸੰਭਾ਼ਲਿਆ। ਪਰ ਉਨ੍ਹਾਂ ਨੇ ਜੋ ਗੁਰੂ ਘਰ ਵਿਰੋਧੀਆਂ ਵਲੋਂ ਪ੍ਰਚਲਤ ਸੀ, ਉਸੇ ਨੂੰ ਹੀ ਜਾਰੀ ਰੱਖਿਆ। ਇਸ ਤੋਂ ਬਾਅਦ ਮਿਸਲਾਂ ਦੇ ਸਮੇਂ, ਮਾਹਾਰਾਜਾ ਰਣਜੀਤ ਸਿੰਘ ਦੇ ਰਾਜ ਅਤੇ ਅੰਗਰੇਜਾਂ ਵਲੋਂ ਬਣਾਏ ਸਿੱਖ ਗੁਰਦੁਆਰਾ ਐਕਟ 1925 ਤੱਕ ਅਕਾਲ ਤਖਤ, ਉਸਦੇ ਜਥੇਦਾਰਾਂ ਆਦਿ ਦੇ ਕਿਸੇ ਸਿਧਾਂਤ ਜਾਂ ਰੋਲ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ, ਜਿਸ ਬਾਰੇ ਸਰਦਾਰਾ ਸਿੰਘ ਜੌਹਲ ਗੱਲ ਕਰ ਰਹੇ ਹਨ। ਮੀਰੀ-ਪੀਰੀ ਜਾਂ ਅਕਾਲ ਤਖਤ ਸਾਹਿਬ ਦੇ ਵਿਲੱਖਣ ਸਿਧਾਂਤ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਵੀ ਆਪਣੇ ਕਾਰਜਕਾਲ ਵਿਚ ਕਦੇ ਨਹੀਂ ਮੰਨਿਆ ਸੀ। ਜਿਸ ਤਰ੍ਹਾਂ ਅਕਾਲੀਆਂ ਦੀਆਂ ਰਾਜਸੀ ਖੁਦਗਰਜੀਆਂ ਦੀਆਂ ਲੜਾਈਆਂ ਵਿਚ ਜਥੇਦਾਰ ਸਮਝੌਤੇ ਕਰਾਉਂਦੇ ਹਨ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਜਿਸ ਤਰ੍ਹਾਂ ਸਿੱਖ ਸਰਦਾਰਾਂ ਨੇ ਕਤਲੋਗਾਰਤ ਕੀਤੀ, ਕਿਵੇਂ 100 ਸਾਲ ਕੁਰਬਾਨੀਆਂ ਕਰਕੇ ਬਣਾਇਆ ਰਾਜ ਖਤਮ ਕੀਤਾ। ਜੇ ਅਜਿਹੀ ਕੋਈ ਵਿਵਸਥਾ ਹੁੰਦੀ ਤਾਂ ਉਸ ਵਕਤ ਕੋਈ ਜਥੇਦਾਰ ਅਜਿਹੇ ਖੂਨ-ਖਰਾਬੇ ਅਤੇ ਸਿੱਖ ਰਾਜ ਨੂੰ ਬਚਾਉਣ ਲਈ ਜਰੂਰ ਉਪਰਾਲੇ ਕਰਦਾ।

ਗੁਰੂ ਕਾਲ ਵਿਚ ਸਿੱਖ ਸਮਾਜ, ਪੰਜਾਬ ਤੱਕ ਸੀਮਤ ਸੀ। ਗੁਰੂ ਸਾਹਿਬਾਨ ਆਪ ਫੈਸਲੇ ਕਰਦੇ ਸਨ। ਉਸ ਵਕਤ ਕੋਈ ਲੋਕਤੰਤਰ ਵੀ ਨਹੀਂ ਸੀ ਅਤੇ ਅੱਜ ਵਾਂਗ ਸਿਆਸੀ ਪਾਰਟੀਆਂ ਚੋਣਾਂ ਵੀ ਨਹੀਂ ਲੜਦੀਆਂ ਸਨ? ਅੱਜ ਦੁਨੀਆਂ ਭਰ ਵਿਚ ਵਸਦੇ ਸਿੱਖ ਕਿਸੇ ਇੱਕ ਰਾਜਨੀਤਕ ਪਾਰਟੀ ਨਾ਼ਲ ਬੱਝੇ ਰਹਿਣ ਦੀ ਥਾਂ ਵੱਖ-ਵੱਖ ਵਿਚਾਰਧਾਰਾ ਵਾ਼ਲੀਆਂ ਪਾਰਟੀਆਂ ਵਿਚ ਸ਼ਾਮਿਲ ਹਨ। ਜਿਸ ਤੋਂ ਇਹ ਵੀ ਸਮਝ ਪੈਂਦੀ ਹੈ ਕਿ ਸਿੱਖ ਰਾਜਨੀਤਕ ਤੌਰ 'ਤੇ ਕਿਸੇ ਇੱਕ ਪਾਰਟੀ ਨਾ਼ਲ ਬੱਝੇ ਨਹੀਂ ਰਹਿਣਾ ਚਾਹੁੰਦੇ। ਕੀ ਇਸਦਾ ਭਾਵ ਇਹ ਸਮਝਿਆ ਜਾਵੇ ਕਿ ਗੁਰੂ ਗ੍ਰੰਥ ਸਾਹਿਬ ਵਿਚੋਂ ਅਜਿਹੀ ਕੋਈ ਠੋਸ ਰਾਜਨੀਤਕ ਵਿਚਾਰਧਾਰਾ ਨਹੀਂ ਨਿਕਲਦੀ, ਜਿਸਨੂੰ ਆਧਾਰ ਬਣਾ ਕੇ ਸਿੱਖ ਰਾਜਨੀਤੀ ਕਰਨ? ਅਜਿਹੇ ਹਾਲਾਤਾਂ ਵਿਚ ਅਕਾਲੀ ਦਲ, ਸ਼੍ਰੋਮਣੀ ਕਮੇਟੀ, ਅਕਾਲ ਤਖਤ ਸਾਹਿਬ ਆਦਿ ਆਪਣੇ ਆਪ ਨੂੰ ਸਾਰੇ ਪੰਥ ਦੀ ਨੁਮਾਇੰਦਾ ਜਮਾਤ ਕਿਵੇਂ ਐਲਾਨ ਸਕਦੇ ਹਨ?

ਜੌਹ਼ਲ ਸਾਹਿਬ ਦਾ ਵਿਸ਼ਵਾਸ ਹੈ: 'ਮੀਰੀ-ਪੀਰੀ ਦੇ ਸਿਧਾਂਤ ਨੂੰ ਅਜੋਕੇ ਹਾਲਾਤ ਵਿਚ ਅਸਰਦਾਰ ਕਰਨ ਲਈ ਜਰੂਰੀ ਹੈ ਕਿ ਅਕਾਲ ਤਖਤ ਦੀ ਸਰਬਉਚਤਾ, ਸ਼ਕਤੀ ਅਤੇ ਅਧਿਕਾਰ ਖੇਤਰ ਨੂੰ ਪੂਰੀ ਤਰ੍ਹਾਂ ਪ੍ਰੀਭਾਸ਼ਤ ਕਰਕੇ ਉਸ ਅਨੁਸਾਰ ਪ੍ਰਬੰਧ ਦੀ ਸਿਰਜਣਾ ਕੀਤੀ ਜਾਵੇ...। ਇਸ ਨਾ਼ਲ ਸ੍ਰੀ ਅਕਾਲ ਤਖਤ ਦੀ ਪਕੜ ਧਾਰਮਿਕ, ਆਰਥਿਕ, ਸਮਾਜਿਕ, ਵਿਦਿਅਕ, ਰਾਜਨੀਤਕ ਖੇਤਰਾਂ ਵਿਚ ਹੋ ਜਾਵੇਗੀ। ਫਿਰ ਅਕਾਲ ਤਖਤ ਦਾ ਜਥੇਦਾਰ ਇੱਕ ਉਚ ਕੋਟੀ ਦਾ ਵਿਦਵਾਨ, ਉਚ ਕੋਟੀ ਦਾ ਪ੍ਰਬੰਧਕ, ਰਹਿਤ ਮਰਿਯਾਦਾ ਵਿਚ ਪ੍ਰਪੱਕ, ਸਿੱਖੀ ਕਿਰਦਾਰ ਦੀ ਜਿਉਂਦੀ ਜਾਗਦੀ ਮਿਸਾਲ ਹੋਵੇ। ਪਰ ਜਰੂਰੀ ਹੋਵੇ ਕਿ ਅਜਿਹਾ ਜਥੇਦਾਰ ਕਿਸੇ ਸੰਸਥਾ ਵਲੋਂ ਥਾਪਿਆ ਨਾ ਹੋਵੇ ਅਤੇ ਨਾ ਹੀ ਕਿਸੇ ਸੰਸਥਾ ਦਾ ਮੁਲਾਜਮ ਹੋਵੇ'। ਡਾ. ਸਾਹਿਬ ਦੇ ਪੰਥ ਦੇ ਭਲੇ ਲਈ ਸੁਪਨੇ ਤਾਂ ਬਹੁਤ ਅੱਛੇ ਹਨ। ਪਰ ਸਵਾਲ ਤਾਂ ਇਹ ਹੈ ਕਿ ਡਾ. ਸਾਹਿਬ ਦੇ ਸੁਪਨਿਆਂ ਦਾ ਉਹ ਮਹਾਨ ਫਰਿਸ਼ਤਾ ਰੂਪੀ ਸੋ਼ਲਾਂ ਕਲਾਂ ਸੰਪੂਰਨ ਜਥੇਦਾਰ ਆਵੇਗਾ ਕਿੱਥੋਂ? ਕੀ ਫਿਰ ਅਜਿਹੇ ਵਿਅਕਤੀ ਦੀ ਚੋਣ ਕਰਨ ਵਾ਼ਲੇ ਉਸ ਤੋਂ ਵੀ ਮਹਾਨ ਨਹੀਂ ਹੋਣੇ ਚਾਹੀਦੇ? ਡਾ. ਜੌਹ਼ਲ ਅਨੁਸਾਰ ਗੁਰੂਘਰ ਵਿਚ ਸਜ਼ਾ ਦਾ ਵਿਧਾਨ ਹੀ ਕੋਈ ਨਹੀਂ, ਇੱਥੇ ਤਾਂ ਬਖਸ਼ਿਸ਼ਾਂ ਹੀ ਬਖਸ਼ਿਸ਼ਾਂ ਵਾ਼ਲੀ ਪ੍ਰੰਪਰਾ ਹੈ। ਪਰ ਇੱਥੇ ਤਾਂ ਛੋਟੇ-ਛੋਟੇ ਨਿੱਜੀ ਮਸਲਿਆਂ 'ਤੇ ਬਿਨਾਂ ਸੁਣਵਾਈ ਦੇ ਸਜ਼ਾ ਸੁਣਾ ਦਿੱਤੀ ਜਾਂਦੀ ਹੈ। ਅਸੀਂ ਤਾਂ ਅਰਦਾਸ ਹੀ ਕਰ ਸਕਦੇ ਹਾਂ ਕਿ 'ਵਾਹਿਗੁਰੂ' ਮਿਹਰ ਕਰੇ 'ਤੇ ਡਾ. ਸਾਹਿਬ ਦੇ ਸੁਪਨਿਆਂ ਦਾ ਸਿੱਖ ਸਮਾਜ ਕਦੇ ਹੋਂਦ ਵਿਚ ਆ ਜਾਵੇ, ਜਿਸ ਨਾ਼ਲ ਪੰਥ ਦੇ ਸਾਰੇ ਮਸਲੇ ਹੱਲ ਹੋ ਜਾਣ।

ਡਾ. ਜੌਹ਼ਲ ਸਾਹਿਬ ਦੇ ਸਮਕਾਲੀ ਅਤੇ ਉਸੇ ਯੂਨੀਵਰਸਿਟੀ ਵਿਚ ਮੁਲਾਜਮ ਰਹੇ ਸਿੱਖ ਵਿਦਵਾਨ ਸ. ਹਾਕਮ ਸਿੰਘ, ਉਪਰਲੇ ਵਿਦਵਾਨਾਂ ਤੋਂ ਉਲਟ ਪੁਜ਼ੀਸ਼ਨ ਲੈਂਦੇ ਹੋਏ, ਆਪਣੇ ਇੱਕ ਲੇਖ 'ਸਿੱਖ ਧਰਮ ਅਤੇ ਸਿਆਸਤ' ਵਿਚ ਲਿਖਦੇ ਹਨ: 'ਗੁਰੂ ਹਰਿਗੋਬਿੰਦ ਸਾਹਿਬ ਵਲੋਂ ਸਿਰਜੇ ਮੀਰੀ-ਪੀਰੀ ਦੇ ਸਿਧਾਂਤ ਬਾਰੇ ਸਿੱਖ ਜਗਤ ਵਿਚ ਗਲਤ ਧਾਰਨਾ ਬਣੀ ਹੋਈ ਹੈ। ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਦਾ ਅਰਥ ਹੈ ਕਿ ਧਰਮ ਅਤੇ ਰਾਜਨੀਤੀ ਇੱਕ ਦੂਜੇ ਤੋਂ ਵੱਖਰੇ ਹਨ ਤੇ ਇਨ੍ਹਾਂ ਨੂੰ ਰਲਗੱਡ ਨਹੀਂ ਕੀਤਾ ਜਾਣਾ ਚਾਹੀਦਾ। ਇਸੇ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਚਾਰਾਂ ਯੁੱਧਾਂ ਵਿਚ ਧਰਮ ਨੂੰ ਰਲਗੱਡ ਨਹੀਂ ਕੀਤਾ ਸੀ। ਉਨ੍ਹਾਂ ਯੁੱਧ ਅਨਿਆਂ ਅਤੇ ਵਧੀਕੀਆਂ ਦੇ ਵਿਰੁੱਧ ਕੀਤੇ, ਨਾ ਕਿ ਧਰਮ ਦੀ ਰੱਖਿਆ ਜਾਂ ਪਸਾਰ ਲਈ। ਇਹ ਕਹਿਣਾ ਕਿ ਗੁਰੂ ਹਰਿਗੋਬਿੰਦ ਜੀ ਨੇ ਗੁਰਬਾਣੀ ਤੋਂ ਉਲਟ ਧਰਮ ਤੇ ਰਾਜਨੀਤੀ ਦੇ ਸੁਮੇਲ ਵਾ਼ਲਾ ਮੀਰੀ-ਪੀਰੀ ਸਿਧਾਂਤ ਘੜਿਆ ਹੈ, ਉਨ੍ਹਾਂ ਦਾ ਨਿਰਾਦਰ ਕਰਨਾ ਹੈ। ਇਹ ਸਿਧਾਂਤ ਕੋਈ ਨਵਾਂ ਵੀ ਨਹੀਂ ਹੈ। ਪੋਪ ਗਿਲੇਸ਼ੀਅਸ ਪਹਿਲੇ ਨੇ 494 ਈਸਵੀ ਵਿਚ ਬਾਦਸ਼ਾਹ ਅਨਸਤੀਸੀਅਸ ਨੂੰ ਲਿਖੇ ਇੱਕ ਪੱਤਰ ਵਿਚ ਕਿਹਾ ਸੀ ਕਿ ਦੋ ਸ਼ਕਤੀਆਂ ਹਨ, ਜੋ ਵਿਸ਼ਵ 'ਤੇ ਰਾਜ ਕਰਦੀਆਂ ਹਨ। ਪੁਜਾਰੀਆਂ ਦੀ ਪਵਿੱਤਰ ਧਾਰਮਿਕ ਸਤਾ ਅਤੇ ਰਾਜ ਕੁਮਾਰਾਂ ਦੀ ਪ੍ਰਬੰਧਕੀ ਸ਼ਕਤੀ। ਇਸਨੂੰ ਗਿਲੇਸ਼ੀਅਸ ਦਾ ਦੋ ਤਲਵਾਰਾਂ ਦਾ ਸਿਧਾਂਤ ਵੀ ਕਿਹਾ ਜਾਂਦਾ ਹੈ। ਇਸ ਸਿਧਾਂਤ ਕਾਰਨ ਹੀ ਯੂਰਪ ਵਿਚ ਧਰਮ ਤੇ ਰਾਜ ਸ਼ਕਤੀ ਇੱਕ ਦੂਜੇ ਤੋਂ ਵੱਖਰੇ ਮੰਨੇ ਜਾਣ ਲੱਗੇ ਸਨ'।

ਡਾ. ਗੁਰਭਗਤ ਸਿੰਘ ਪਿਛਲੀ ਸਦੀ ਦੇ ਸਿੱਖ ਪੰਥ ਵਿਚ ਵੱਡੇ ਵਿਦਵਾਨ ਮੰਨੇ ਜਾਂਦੇ ਹਨ। ਉਹ ਪੁਸਤਕ 'ਸਿੱਖ ਦ੍ਰਿਸ਼ਟੀ ਦਾ ਗੌਰਵ' ਵਿਚਲੇ ਇੱਕ ਲੇਖ 'ਅਜੋਕਾ ਵਿਸ਼ਵ ਚਿੰਤਨ ਅਤੇ ਅਕਾਲ ਤਖਤ' ਦੇ ਪੰਨਾ 29 ਉਪਰ ਅਕਾਲ ਤਖਤ ਦੀ ਵਡਿਆਈ ਕਰਦੇ ਲਿਖਦੇ ਹਨ: 'ਦੋ ਖੜਗਾਂ ਦਾ ਰੱਖਿਅਕ, ਸੰਚਾਲਕ ਅਤੇ ਵਿਆਖਿਆਕਾਰ ਹੋਣ ਦੇ ਨਾਤੇ ਅਕਾਲ ਤਖਤ ਦੀ ਇਹ ਜ਼ਿੰਮੇਵਾਰੀ ਹੈ ਕਿ ਸਮੇਂ-ਸਮੇਂ ਅਨੁਸਾਰ ਇਹ ਇਤਿਹਾਸ 'ਚ ਰੌਸ਼ਨ ਦਖਲ ਦੇਵੇ। ਇਹ ਦਖਲ ਕੇਵਲ ਸਿੱਖੀ ਦੇ ਪ੍ਰਸੰਗ ਵਿਚ ਹੀ ਨਹੀਂ, ਸਗੋਂ ਦੁਨੀਆਂ ਦੀਆਂ ਬਾਕੀ ਕੌਮਾਂ ਅਤੇ ਰਾਸ਼ਟਰਾਂ ਦੇ ਪ੍ਰਸੰਗ ਵਿਚ ਵੀ ਹੋਵੇ। ਰਾਜਨੀਤਕ, ਆਰਥਿਕ, ਨੈਤਿਕ ਜਾਂ ਧਾਰਮਿਕ ਪੱਧਰ 'ਤੇ ਜਿੱਥੇ ਵੀ ਜ਼ਿੰਦਗੀ ਦੀ ਜੋਤ ਬੁਝਾਈ ਜਾ ਰਹੀ ਹੈ, ਉਥੇ ਅਕਾਲ ਤਖਤ ਲਈ ਦਖਲ ਦੇਣਾ ਜਾਇਜ ਹੀ ਨਹੀਂ, ਸਗੋਂ ਅਕਾਲ ਪੁਰਖ ਵਲੋਂ ਥਾਪੀ ਹੋਈ ਜ਼ਿੰਮੇਵਾਰੀ ਦੀ ਪਾਲਣਾ ਕਰਨਾ ਹੈ। ਝੂਠੇ ਪਾਤਸ਼ਾਹ, ਕਿਸੇ ਵੀ ਦੇਸ਼ ਜਾਂ ਕੌਮ 'ਚ ਹੋ ਸਕਦੇ ਹਨ, ਉਨ੍ਹਾਂ ਨੂੰ ਨਕਾਰਾ ਕਰਨ ਵਿਚ ਦੁਨੀਆਂ ਭਰ ਦੇ ਲੋਕਾਂ ਦੀ ਸਹਾਇਤਾ ਕਰਨੀ, ਅਕਾਲ ਤਖਤ ਦੇ ਬਚਨ ਵਿਚ ਹੀ ਸ਼ਾਮਿਲ ਹੈ'। ਡਾ. ਸਾਹਿਬ, ਪਿਛਲੀ ਸਦੀ ਦੇ ਵੱਡੇ ਵਿਦਵਾਨ ਹਨ। ਅਸੀਂ ਉਨ੍ਹਾਂ ਦੀ ਵਿਦਵਤਾ 'ਤੇ ਉਂਗਲ ਉਠਾਉਣ ਦੀ ਗੁਰਤਾਖੀ ਤਾਂ ਨਹੀਂ ਕਰ ਸਕਦੇ। ਪਰ ਉਹ ਜਿਸ ਢੰਗ ਨਾ਼ਲ ਅਕਾਲ ਤਖਤ ਨੂੰ ਪੇਸ਼ ਕਰ ਰਹੇ ਹਨ, ਕੀ ਸਿੱਖਾਂ ਕੋ਼ਲ 400 ਸਾਲ ਬਾਅਦ ਵੀ ਅਕਾਲ ਤਖਤ ਬਾਰੇ ਅਜਿਹਾ ਕੋਈ ਸਿਧਾਂਤਕ ਦਸਤਾਵੇਜ ਹੈ, ਜਿਸ ਵਿਚੋਂ ਅਜਿਹੀ ਵਿਆਖਿਆ ਨਿਕਲਦੀ ਹੋਵੇ, ਜਿਸਦਾ ਉਹ ਜ਼ਿਕਰ ਕਰ ਰਹੇ ਹਨ? ਇਸੇ ਲੇਖ ਵਿਚ ਅਸੀਂ ਜ਼ਿਕਰ ਕੀਤਾ ਸੀ ਕਿ ਜਿਸ ਅਕਾਲ ਤਖਤ ਦੇ ਜਥੇਦਾਰ ਨੂੰ ਸਿੱਖ ਪੰਥ ਦੁਨੀਆਂ ਭਰ ਦੀਆਂ ਦੁਨਿਆਵੀ ਅਦਾਲਤਾਂ ਤੋਂ ਸਰਬਉਚ ਅਕਾਲ ਪੁਰਖ ਦੇ ਤਖਤ ਦਾ ਵਾਰਿਸ ਮੰਨਦਾ ਹੈ, ਉਸੇ ਤਖਤ ਦਾ ਜਥੇਦਾਰ ਸ਼੍ਰੋਮਣੀ ਕਮੇਟੀ ਨੂੰ ਲਿਖਤੀ ਬੇਨਤੀ ਕਰ ਰਿਹਾ ਹੈ ਕਿ ਸਾਨੂੰ ਦੱਸੋ ਸਾਡਾ ਅਧਿਕਾਰ ਖੇਤਰ ਕੀ ਹੈ? ਜਥੇਦਾਰਾਂ ਨੂੰ ਲਗਾਉਣ ਅਤੇ ਹਟਾਉਣ ਦਾ ਕੋਈ ਵਿਧੀ-ਵਿਧਾਨ ਹੋਣਾ ਚਾਹੀਦਾ ਹੈ। ਡਾ. ਸਾਹਿਬ, ਜਿਤਨੀਆਂ ਵੱਡੀਆਂ ਆਸਾਂ ਅਕਾਲ ਤਖਤ ਦੇ ਜਥੇਦਾਰ ਸਾਹਿਬ 'ਤੋਂ ਲਗਾ ਰਹੇ ਹਨ, ਉਹ ਜ਼ਰਾ ਪਿਛਲੇ 400 ਸਾਲ ਇਤਿਹਾਸ ਹੀ ਪੜ੍ਹ ਲੈਂਦੇ ਕਿ ਇੱਥੇ ਲੱਗਣ ਵਾ਼ਲਿਆਂ ਦੀ ਯੋਗਤਾ ਕੀ ਸੀ ਜਾਂ ਉਨ੍ਹਾਂ ਨੇ ਕਿਤਨੇ ਕੁ ਫੈਸਲੇ ਅਜਿਹੇ ਕੀਤੇ ਹਨ, ਜਿਨ੍ਹਾਂ 'ਤੇ ਸਿੱਖ ਕੌਮ ਮਾਣ ਕਰ ਸਕਦੀ ਹੋਵੇ?

ਇਸੇ ਬਹਿਸ ਲੜੀ ਵਿਚ ਖਾਲਿਸਤਾਨੀ ਸਿੱਖ

*(ਬਾਕੀ ਅਗਲੇ ਸਫੇ 'ਤੇ)*

# ਪ੍ਰਾਚੀਨ ਭਾਰਤੀ ਇਤਿਹਾਸ ਦਾ ਅਹਿਮ ਦਸਤਾਵੇਜ਼ - ਮੈਗਸਥਨੀਜ਼ ਕ੍ਰਿਤ ਇੰਡੀਕਾ

ਮੈਗਸਥਨੀਜ਼ ਨੂੰ ਦੁਨੀਆ ਭਰ ਵਿਚ ਆਪਣੀ ਰਚਨਾ ''ਇੰਡੀਕਾ'' ਲਈ ਜਾਣਿਆ ਜਾਂਦਾ ਹੈ, ਜਿਹੜੀ ਕਿ ਚੌਥੀ ਸਦੀ ਈਸਾ ਪੂਰਵ ਵਿਚ ਚੰਦਰਗੁਪਤ ਮੌਰੀਆ ਦੇ ਸ਼ਾਸਨ-ਕਾਲ ਦੌਰਾਨ ਭਾਰਤ ਬਾਰੇ ਉਸ ਦੇ ਨਿਰੀਖਣਾਂ ਦਾ ਵਿਸਥਾਰ ਪੂਰਵਕ ਵੇਰਵਾ ਪ੍ਰਦਾਨ



**ਪਰਮਿੰਦਰ ਸਿੰਘ ਸ਼ੌਂਕੀ**
ਸੰਪਰਕ : 94643-46677


ਕਰਦੀ ਹੈ। ਇਹ ਕਿਤਾਬ ਵਿਦੇਸ਼ੀ ਦ੍ਰਿਸ਼ਟੀਕੋਣ ਤੋਂ ਭਾਰਤੀ ਸਮਾਜ, ਰਾਜਨੀਤੀ ਅਤੇ ਸਭਿਆਚਾਰ ਦੇ ਸਭ ਤੋਂ ਪੁਰਾਣੇ ਵਿਆਪਕ ਵੇਰਵਿਆਂ ਵਿੱਚੋਂ ਇਕ ਹੈ। ਜਿਸ ਨੇ ਨਾ ਸਿਰਫ਼ ਪ੍ਰਾਚੀਨ ਭਾਰਤ ਬਾਰੇ ਸਾਡੀ ਸਮਝ ਨੂੰ ਅਮੀਰ ਬਣਾਇਆ, ਬਲਕਿ ਭਾਰਤੀ ਉਪ ਮਹਾਂਦੀਪ ਬਾਰੇ ਪੱਛਮੀ ਧਾਰਨਾ ਨੂੰ ਆਕਾਰ ਦੇਣ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਜਿਨ੍ਹਾਂ ਸਮਿਆਂ 'ਚ ਮੈਗਸਥਨੀਜ਼ ਭਾਰਤ ਆਏ, ਉਨ੍ਹਾਂ ਸਮਿਆਂ ਦੌਰਾਨ ਮੌਰੀਆ ਸਮਰਾਟ ਚੰਦਰਗੁਪਤ ਮੌਰੀਆ ਦੇ ਅਧੀਨ ਆਪਣੇ ਖੇਤਰ ਦਾ ਵਿਸਥਾਰ ਕਰ ਰਿਹਾ ਸੀ, ਜਿਨ੍ਹਾਂ ਨੇ ਭਾਰਤੀ ਉਪ-ਮਹਾਂਦੀਪ ਦੇ ਵਿਸ਼ਾਲ ਖੇਤਰਾਂ ਨੂੰ ਏਕੀਕ੍ਰਿਤ ਕੀਤਾ ਸੀ। ਇਸ ਸਾਮਰਾਜ ਨੂੰ ਇਸ ਦੀ ਪ੍ਰਸ਼ਾਸਕੀ ਸੂਝ, ਫ਼ੌਜੀ ਤਾਕਤ ਅਤੇ ਗੁਆਂਢੀ ਦੇਸ਼ਾਂ ਨਾਲ ਵਧਦੇ ਵਪਾਰਕ ਸੰਬੰਧਾਂ ਦੁਆਰਾ ਦਰਸਾਇਆ ਗਿਆ ਸੀ। ਭਾਰਤ ਦੀ ਉਸ ਦੀ ਯਾਤਰਾ ਨੇ ਯੂਨਾਨੀ ਅਤੇ ਭਾਰਤੀ ਸਭਿਅਤਾਵਾਂ ਵਿਚਕਾਰ ਗੱਲਬਾਤ ਨੂੰ ਦਰਸਾਇਆ, ਜਿਸ ਵਿਚ ਵਪਾਰ, ਸਭਿਆਚਾਰਕ ਅਦਾਨ-ਪ੍ਰਦਾਨ ਅਤੇ ਆਪਸੀ ਮੋਹ ਸ਼ਾਮਲ ਸਨ। ਹੇਲੇਨਿਸਟਿਕ ਕਾਲ ਵਿਚ ਦੋਵਾਂ ਸੰਸਾਰਾਂ ਵਿਚਕਾਰ ਸੰਪਰਕ ਵਧਿਆ, ਜਿਸ ਨੂੰ ਮੈਗਸਥਨੀਜ਼ ਨੇ ਆਪਣੇ ਨਿਰੀਖਣਾਂ ਦੁਆਰਾ ਸਾਹਮਣੇ ਲਿਆਂਦਾ।

ਹਾਲਾਂਕਿ ''ਇੰਡੀਕਾ'' ਸਮੇਂ ਦੇ ਨਾਲ ਵੱਡੇ ਪੱਧਰ 'ਤੇ ਗੁੰਮ ਗਈ ਹੈ, ਪਰ ਉਸ ਦੇ ਹਵਾਲੇ ਅਤੇ ਹੋਰ ਪ੍ਰਾਚੀਨ ਲੇਖਕਾਂ, ਜਿਵੇਂ ਕਿ ਸਟ੍ਰੈਬੋ ਅਤੇ ਏਰਿਯਨ ਦੁਆਰਾ ਦਿੱਤੇ ਗਏ ਹਵਾਲਿਆਂ ਦੁਆਰਾ ਇਹ ਕਾਫ਼ੀ ਹੱਦ ਤਕ ਬਚ ਗਈ ਹੈ। ਇਸ ਸਾਰੇ ਕੰਮ ਨੂੰ ਕਈ ਥੀਮੈਟਿਕ ਭਾਗਾਂ ਵਿਚ ਵੰਡਿਆ ਗਿਆ ਹੈ, ਜੋ ਭਾਰਤੀ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਸੰਬੋਧਿਤ ਕਰਦੇ ਹਨ।

ਮੈਗਸਥਨੀਜ਼ ਨੇ ਭਾਰਤ ਦੇ ਭੂਗੋਲ ਦਾ ਵਿਸਥਾਰ ਪੂਰਵਕ ਵਰਨਣ ਕੀਤਾ ਹੈ। ਉਸ ਨੇ ਇਸ ਦੀਆਂ ਨਦੀਆਂ, ਪਹਾੜਾਂ ਅਤੇ ਜਲਵਾਯੂ ਬਾਰੇ ਵਿਸਤ੍ਰਿਤ ਵਿਚਾਰ-ਵਟਾਂਦਰੇ ਕੀਤੇ ਹਨ। ਉਸ ਨੇ ਇਕ ਵਿਸ਼ਾਲ ਅਤੇ ਵਿਭਿੰਨ ਧਰਤੀ ਦੀ ਤਸਵੀਰ ਬਣਾਈ ਹੈ, ਜੋ ਇਸ ਦੀ ਅਮੀਰ ਜੈਵ-ਵਿਭਿੰਨਤਾ ਦੁਆਰਾ ਨਿਸ਼ਾਨਬੱਧ ਸੀ। ਇਸ ਪਿਛੋਕੜ ਨੇ ਭਾਰਤੀ ਸਮਾਜ ਦੇ ਉਸ ਦੇ ਨਿਰੀਖਣਾਂ ਲਈ ਮੰਚ ਤਿਆਰ ਕੀਤਾ, ਜਿਸ ਨੂੰ ਉਸ ਨੇ ਸੱਤ ਵਰਗਾਂ ਵਿਚ ਵੰਡਿਆ ਹੋਇਆ ਦੱਸਿਆ ਹੈ ਦਾਰਸ਼ਨਿਕ, ਕਿਸਾਨ, ਚਰਵਾਹੇ, ਵਪਾਰੀ, ਸਿਪਾਹੀ, ਮਜ਼ਦੂਰ ਅਤੇ ਸ਼ਿਲਪਕਾਰੀ ਵਿਚ ਲੱਗੇ ਲੋਕ। ਇਹ ਵਰਗੀਕਰਨ ਆਧੁਨਿਕ ਮਿਆਰਾਂ ਦੁਆਰਾ ਸਰਲ ਹੋਣ ਦੇ ਨਾਅਤੇ ਇਕ ਸਮਾਜਿਕ ਢਾਂਚੇ ਦਾ ਸੰਕੇਤ ਦਿੰਦੇ ਹਨ, ਜਿਨ੍ਹਾਂ ਨੇ ਰੁਤਬੇ ਦੇ ਨਿਰਧਾਰਕ ਵਜੋਂ ਕਿੱਤੇ 'ਤੇ ਜ਼ੋਰ ਦਿੱਤਾ ਹੈ। ਇਹ ਨਿਰੀਖਣ ਪ੍ਰਾਚੀਨ ਭਾਰਤੀ ਸਮਾਜਕ ਵੰਡ ਪ੍ਰਣਾਲੀ ਨੂੰ ਸਮਝਣ ਲਈ ਮਹੱਤਵਪੂਰਨ ਪ੍ਰਭਾਵ ਰੱਖਦਾ ਹੈ।

''ਇੰਡੀਕਾ'' ਵਿਚ, ਮੈਗਸਥਨੀਜ਼ ਨੇ ਮੌਰੀਆ ਸਾਮਰਾਜ ਦੇ ਰਾਜਨੀਤਿਕ ਸੰਗਠਨ ਦਾ ਵੀ ਵਿਸਥਾਰ ਪੂਰਵਕ ਵੇਰਵਾ ਪੇਸ਼ ਕੀਤਾ। ਉਸ ਨੇ ਰਾਜੇ ਨੂੰ ਇਕ ਦਿਆਲੂ ਸ਼ਾਸਕ ਦੱਸਿਆ ਹੈ, ਜਿਹੜਾ ਕਿ ਆਪਣੀ ਪਰਜਾ ਦੀ ਭਲਾਈ ਵਿਚ ਡੂੰਘੀ ਤਰ੍ਹਾਂ ਸ਼ਾਮਲ ਸੀ। ਉਸ ਨੇ ਮੰਤਰੀ ਮੰਡਲ (ਜਿਸ ਨੂੰ ਉਸ ਸਮੇਂ ਪਰਿਸਾ ਕਿਹਾ ਜਾਂਦਾ ਸੀ। ਇਹ ਅੱਜ ਦੀ ਸੁਪਰੀਮ ਕੋਰਟ ਵਾਂਗ ਸੀ. ਪਰਿਸਾ ਰਾਜੇ ਨੂੰ ਹੁਕਮ ਦਿੰਦੀ ਸੀ. ਪਰਿਸਾ




ਦੇ ਹੁਕਮ ਨਾਲ ਸਮਰਾਟ ਚੰਦਰਗੁਪਤ ਨੂੰ ਰਾਜ ਗੱਦੀ ਦਿੱਤੀ ਗਈ ਸੀ, ਸਮਰਾਟ ਅਸ਼ੋਕ ਨੂੰ ਨਿੱਜੀ ਸੰਪਤੀ ਬੋਧ ਸੰਘ ਨੂੰ ਦਾਨ ਦੇਣ ਤੋਂ ਰੋਕਿਆ ਸੀ ਅਤੇ ਸਮੁੰਦਰ ਗੁਪਤ ਨੂੰ ਗੱਦੀ ਦੇਣ ਦੇ ਹੁਕਮ ਦਿੱਤੇ ਸਨ।) ਦਾ ਜ਼ਿਕਰ ਕਰਦਿਆਂ, ਜਿਸ ਨੇ ਫ਼ੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਵਿਚ ਰਾਜੇ ਨੂੰ ਆਦੇਸ਼ ਦਿੱਤੇ, ਮੌਰੀਆ ਸ਼ਾਸਨ ਮਾਡਲ ਦੀ ਵਿਸ਼ੇਸ਼ਤਾ ਵਾਲੀ ਪ੍ਰਸ਼ਾਸਕੀ ਕੁਸ਼ਲਤਾ ਨੂੰ ਉਜਾਗਰ ਕੀਤਾ ਹੈ। ਮੈਗਸਥਨੀਜ਼ ਦੁਆਰਾ ਇਕ ਚੰਗੀ ਤਰ੍ਹਾਂ ਸੰਗਠਿਤ ਨੌਕਰਸ਼ਾਹੀ ਪ੍ਰਣਾਲੀ ਦਾ ਚਿੱਤਰ ਅਤੇ ਇਕ ਸਰਗਰਮ ਸ਼ਾਹੀ ਨਿਗਰਾਨੀ ਸ਼ਾਸਨ ਦੇ ਤੱਤਾਂ ਦੀ ਉਮੀਦ ਕੀਤੀ ਗਈ, ਸੀ ਜੋ ਭਵਿੱਖ ਦੇ ਭਾਰਤੀ ਰਾਜਾਂ ਵਿਚ ਗੂੰਜਣਗੇ।

ਇਹੀ ਨਹੀਂ, ''ਇੰਡੀਕਾ'' ਵਿਚਲੇ ਸਭਿਆਚਾਰਕ ਨਿਰੀਖਣ, ਧਾਰਮਿਕ ਅਭਿਆਸਾਂ ਸਮੇਤ ਪ੍ਰਾਚੀਨ ਭਾਰਤੀ ਪਰੰਪਰਾਵਾਂ ਨੂੰ ਸਮਝਣ ਲਈ ਇਕ ਅਨਮੋਲ ਸਰੋਤ ਵੀ ਪ੍ਰਦਾਨ ਕਰਦੇ ਹਨ। ਦਾਰਸ਼ਨਿਕ ਪ੍ਰਵਚਨ ਦੀ ਇਹ ਪ੍ਰਵਾਨਗੀ ਉਸ ਸਮੇਂ ਦੀ ਬੌਧਿਕ ਅਮੀਰੀ 'ਤੇ ਜ਼ੋਰ ਦਿੰਦੀ ਹੈ ਅਤੇ ਪ੍ਰਾਚੀਨ ਭਾਰਤ ਨੂੰ ਵਿਸ਼ਵ-ਵਿਆਪੀ ਦਾਰਸ਼ਨਿਕ ਵਿਚਾਰਾਂ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਵਜੋਂ ਦਰਸਾਉਂਦੀ ਹੈ।

ਮੌਰੀਆ ਸਾਮਰਾਜ ਦੀ ਆਰਥਿਕਤਾ, ਜਿਵੇਂ ਕਿ ''ਇੰਡੀਕਾ'' ਵਿਚ ਦਰਸਾਇਆ ਗਿਆ ਹੈ, ਨੇ ਵਪਾਰਕ ਮਾਰਗਾਂ ਦੇ ਇਕ ਗੁੰਝਲਦਾਰ ਤਾਣੇ-ਬਾਣੇ ਨੂੰ ਪ੍ਰਦਰਸ਼ਿਤ ਕੀਤਾ ਹੈ, ਜਿਸ ਨੇ ਉਪ-ਮਹਾਂਦੀਪ ਦੇ ਅੰਦਰ ਅਤੇ ਫ਼ਾਰਸ ਅਤੇ ਮੈਡੀਟੇਰੀਅਨ ਵਰਗੇ ਹੋਰ ਖੇਤਰਾਂ ਨਾਲ ਵਪਾਰ ਦੀ ਸਹੂਲਤ ਦਿੱਤੀ। ਮੈਗਸਥਨੀਜ਼ ਨੇ ਟੈਕਸਟਾਈਲ, ਮਸਾਲੇ ਅਤੇ ਕੀਮਤੀ ਪੱਥਰਾਂ ਸਮੇਤ ਭਾਰਤੀ ਚੀਜ਼ਾਂ ਦਾ ਵਰਨਣ ਕੀਤਾ। ਆਰਥਿਕ ਅਭਿਆਸਾਂ ਦੀ ਇਹ ਸਮਝ ਨਾ ਸਿਰਫ਼ ਭਾਰਤੀ ਵਪਾਰ ਦੀ ਸੂਝ-ਬੂਝ ਨੂੰ ਦਰਸਾਉਂਦੀ ਹੈ, ਬਲਕਿ ਵਿਸ਼ਵ ਨਾਲ ਇਸ ਦੇ ਆਪਸੀ ਸਬੰਧਾਂ ਦਾ ਸੰਕੇਤ ਵੀ ਦਿੰਦੀ ਹੈ।

ਇਸ ਸਾਰੇ ਪ੍ਰਸੰਗ ਵਿਚ ਮੈਗਸਥਨੀਜ਼ ਦੀ ''ਇੰਡੀਕਾ'' ਦੀ ਇਤਿਹਾਸਕ ਮਹੱਤਤਾ ਸਮਕਾਲੀ ਅਤੇ ਆਧੁਨਿਕ ਦਰਸ਼ਕਾਂ ਦੋਵਾਂ ਲਈ ਪ੍ਰਾਚੀਨ ਭਾਰਤ ਬਾਰੇ ਗਿਆਨ ਦੇ ਮੁੱਢਲੇ ਸਰੋਤ ਵਜੋਂ ਇਸ ਦੀ ਭੂਮਿਕਾ ਵਿਚ ਹੈ। ਉਨ੍ਹਾਂ ਦੀਆਂ ਟਿੱਪਣੀਆਂ ਇਕ ਵਿਲੱਖਣ ਦ੍ਰਿਸ਼ਟੀਕੋਣ ਪ੍ਰਦਾਨ ਕਰਦੀਆਂ ਹਨ, ਜਿਸ ਨਾਲ ਇਤਿਹਾਸਕਾਰਾਂ, ਮਾਨਵ ਵਿਗਿਆਨੀਆਂ ਅਤੇ ਵਿਦਵਾਨਾਂ ਨੂੰ ਭਾਰਤੀ ਸਭਿਅਤਾ ਦੇ ਉਨ੍ਹਾਂ ਪਹਿਲੂਆਂ ਦਾ ਪੁਨਰ ਨਿਰਮਾਣ ਕਰਨ ਦੀ ਆਗਿਆ ਮਿਲਦੀ ਹੈ, ਜੋ ਨਹੀਂ ਤਾਂ ਗੁੰਮ ਹੋ ਸਕਦੇ ਹਨ।

ਇਸ ਤੋਂ ਇਲਾਵਾ ''ਇੰਡੀਕਾ'' ਨੇ ਭਾਰਤ ਬਾਰੇ ਕਲਾਸੀਕਲ ਅਤੇ ਬਾਅਦ ਵਿਚ ਪੱਛਮੀ ਧਾਰਨਾਵਾਂ ਨੂੰ ਆਕਾਰ ਦੇਣ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ। ਭਾਰਤੀ ਜੀਵਨ ਅਤੇ ਸ਼ਾਸਨ ਦੇ ਵਿਸਥਾਰ ਪੂਰਵਕ ਵਰਨਣ ਦੀ ਪੇਸ਼ਕਸ਼ ਕਰਕੇ, ਮੈਗਸਥਨੀਜ਼ ਨੇ ਹੈਲੇਨਿਸਟਿਕ ਕਾਲ ਦੌਰਾਨ ਉਪ-ਮਹਾਂਦੀਪ ਵਿਚ ਵਧਦੀ ਦਿਲਚਸਪੀ ਵਿਚ ਯੋਗਦਾਨ ਪਾਇਆ, ਜਿਸ ਨੇ ਯੂਰਪ ਅਤੇ ਮੱਧ ਪੂਰਬ ਦੇ ਬਾਅਦ ਦੇ ਯਾਤਰੀਆਂ, ਵਪਾਰੀਆਂ ਅਤੇ ਵਿਦਵਾਨਾਂ ਨੂੰ ਪ੍ਰਭਾਵਿਤ ਕੀਤਾ ਸੀ। ਮੈਂ ਸਮਝਦਾ ਹਾਂ ਕਿ ਮੈਗਸਥਨੀਜ਼ ਦੀ ਇਹ ਰਚਨਾ ਜਾਣਕਾਰੀ ਦਾ ਇਕ ਅਨਮੋਲ ਖ਼ਜ਼ਾਨਾ ਹੈ, ਜੋ ਸਮੇਂ ਨੂੰ ਪਾਰ ਕਰਦਾ ਹੋਇਆ ਪ੍ਰਾਚੀਨ ਭਾਰਤੀ ਸਮਾਜ, ਰਾਜਨੀਤੀ ਅਤੇ ਆਰਥਿਕਤਾ ਬਾਰੇ ਸੂਝ ਪ੍ਰਦਾਨ ਕਰਦਾ ਹੈ।

ਇਕ ਰਾਜਦੂਤ ਅਤੇ ਇਕ ਨਿਰੀਖਕ ਦੋਵਾਂ ਵਜੋਂ, ਮੈਗਸਥਨੀਜ਼ ਨੇ ਸਭਿਆਚਾਰਕ ਵੰਡਾਂ ਨੂੰ ਦੂਰ ਕੀਤਾ ਤੇ ਇਕ ਸਭਿਅਤਾ ਦੀ ਦੁਰਲੱਭ ਝਲਕ ਪ੍ਰਦਾਨ ਕੀਤੀ, ਜਿਸ ਦਾ ਮਨੁੱਖੀ ਇਤਿਹਾਸ 'ਤੇ ਡੂੰਘਾ ਅਤੇ ਸਥਾਈ ਪ੍ਰਭਾਵ ਪਿਆ ਹੈ। ਉਨ੍ਹਾਂ ਦੀ ਲਿਖਤ ਨਾ ਸਿਰਫ਼ ਪ੍ਰਾਚੀਨ ਭਾਰਤ ਬਾਰੇ ਸਾਡੀ ਸਮਝ ਨੂੰ ਅਮੀਰ ਬਣਾਉਂਦੀ ਹੈ, ਬਲਕਿ ਸ਼ੁਰੂਆਤੀ ਸਭਿਅਤਾਵਾਂ ਦੇ ਆਪਸੀ ਸੰਬੰਧਾਂ ਨੂੰ ਵੀ ਉਜਾਗਰ ਕਰਦੀ ਹੈ। ਜਿਸ ਨੂੰ ਲੇਖਕ ਕੁਲਦੀਪ ਕੁਮਾਰ ਨੇ ਆਪਣੀ ਸਮਝ ਨਾਲ ਹੋਰ ਮਹੱਤਵਪੂਰਨ ਬਣਾਉਂਦੇ ਹੋਏ, ਕਈ ਅਜਿਹੀਆਂ ਮੁੱਲਵਾਨ ਦ੍ਰਿਸ਼ਟੀਆਂ ਤੇ ਨੁਕਤੇ ਇਸ ਕਿਤਾਬ ਅੰਦਰ ਸ਼ਾਮਲ ਕਰ ਦਿੱਤੇ ਹਨ, ਜਿਹੜੇ ਕਿ ਇਸ ਕਿਤਾਬ ਦੀ ਅਹਿਮੀਅਤ ਨੂੰ ਹੋਰ ਵਧੇਰੇ ਉਘਾੜ ਦਿੰਦੇ ਹਨ।

---

## *ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ*

***(ਪਿਛਲੇ ਸਫੇ ਦਾ ਬਾਕੀ)***

ਵਿਦਵਾਨ ਪ੍ਰਭਸ਼ਰਨਦੀਪ ਸਿੰਘ ਅਪਰੈਲ, 2023 ਵਿਚ ਲਿਖੇ ਆਪਣੇ ਇੱਕ ਲੇਖ 'ਸ੍ਰੀ ਅਕਾਲ ਤਖਤ ਸਾਹਿਬ, ਸਰਬੱਤ ਖਾਲਸਾ ਅਤੇ ਸਿੱਖਾਂ ਦੀ ਮੌਜੂਦਾ ਸਥਿਤੀ' ਵਿਚ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕਰਦੇ ਹਨ: 'ਸ੍ਰੀ ਅਕਾਲ ਤਖਤ ਸਾਹਿਬ ਖਾਲਸਾਈ ਪ੍ਰਭੂਸਤਾ ਦਾ ਸਰਬਉਚ ਕੇਂਦਰ ਹੈ। ਸਿੱਖਾਂ ਦੀ ਦੁਸ਼ਮਣ ਹਿੰਦੁਸਤਾਨ ਦੀ ਹਕੂਮਤ ਇਸ ਸੰਸਥਾ ਨੂੰ ਅੰਦਰੋਂ ਢਾਹ ਲਾਉਣ 'ਤੇ ਤੁਲੀ ਹੋਈ ਹੈ। ਜੂਨ, 84 ਦੇ ਘੱਲੂਘਾਰੇ ਦੌਰਾਨ ਹਕੂਮਤ ਨੇ ਇਸਦੀ ਬਿਲਡਿੰਗ ਢਾਹ ਕੇ ਆਪਣੀ ਸਤਾ ਜਮਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਹ ਕਾਮਯਾਬ ਨਹੀਂ ਹੋਈ'। ਹੁਣ ਉਹ ਸਿੱਖਾਂ ਦੇ ਕੁਝ ਸਮਝੌਤਾਵਾਦੀ ਧੜਿਆਂ ਦੀ ਮੱਦਦ ਨਾਲ਼ ਸ਼੍ਰੋਮਣੀ ਕਮੇਟੀ ਰਾਹੀਂ ਇਸਨੂੰ ਢਾਹ ਲਾ ਰਹੀ ਹੈ...। ਜੂਨ, 84 ਤੋਂ ਬਾਅਦ ਸੰਘਰਸ਼ ਲੜ ਰਹੀਆਂ ਧਿਰਾਂ ਨੇ 'ਸਰਬੱਤ ਖਾਲਸਾ' ਦੀ ਪ੍ਰੰਪਰਾ ਸੁਰਜੀਤ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਲਗਾਉਣ ਦੀ ਪ੍ਰੰਪਰਾ ਵੀ ਸ਼ੁਰੂ ਕੀਤੀ, ਪਰ ਉਹ ਕਾਮਯਾਬ ਨਾ ਹੋਏ ਕਿਉਂਕਿ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਨੂੰ ਮਾਨਤਾ ਨਹੀਂ ਦਿੱਤੀ'। ਉਹ ਅੱਗੇ ਲਿਖਦੇ ਹਨ: 'ਸ਼੍ਰੋਮਣੀ ਕਮੇਟੀ ਦੀ ਦਲੀਲ ਹੈ ਕਿ ਉਹ ਲੋਕਾਂ ਦੀ ਚੁਣੀ ਸੰਸਥਾ ਹੈ, ਇਸ ਲਈ ਇਹ ਹੀ 'ਸਰਬੱਤ ਖਾਲਸੇ' ਦਾ ਨਵਾਂ ਰੂਪ ਹੈ ਅਤੇ ਉਨ੍ਹਾਂ ਨੂੰ ਹੀ ਜਥੇਦਾਰ ਚੁਣਨ ਜਾਂ ਹਟਾਉਣ ਦਾ ਅਧਿਕਾਰ ਹੈ। ਪਰ ਸ਼੍ਰੋਮਣੀ ਕਮੇਟੀ ਸਾਰੀ ਦੁਨੀਆਂ ਵਿਚ ਵੱਸਦੇ ਸਿੱਖਾਂ ਦੀ ਨੁਮਾਇੰਦਗੀ ਨਹੀਂ ਕਰਦੀ। ਇਸ ਲਈ ਉਹ ਸਰਬੱਤ ਖਾਲਸਾ ਨਹੀਂ ਹੋ ਸਕਦੀ'?

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਿਨ੍ਹਾਂ ਸਰਬੱਤ ਖਾਲਸਿਆਂ ਦੀ ਪ੍ਰਭਸ਼ਰਨਦੀਪ ਹਮਾਇਤ ਕਰਦਾ ਹੈ, ਕੀ ਉਹ ਵਿਸ਼ਵ ਭਰ ਵਿਚ ਵਸਦੇ ਸਿੱਖਾਂ ਦੀ ਨੁਮਾਇੰਦਗੀ ਕਰਦੇ ਸਨ? 1986 ਵਾਲ਼ਾ ਸਰਬੱਤ ਖਾਲਸਾ ਤਾਂ ਸਿਰਫ ਦਮਦਮੀ ਟਕਸਾਲ ਦੇ ਖਾੜਕੂਆਂ ਵਲੋਂ ਸੱਦਿਆ ਗਿਆ ਸੀ। ਦੂਸਰਾ ਸਰਬੱਤ ਖਾਲਸਾ 2015 ਵਿਚ ਅਕਾਲੀ ਦਲ ਮਾਨ ਵਲੋਂ ਬੁਲਾਇਆ ਗਿਆ ਸੀ। ਪੰਥ ਦੇ ਇਨ੍ਹਾਂ ਛੋਟੇ ਜਿਹੇ ਦੋ ਧੜਿਆਂ ਨੂੰ 'ਸਰਬੱਤ ਖਾਲਸਾ' ਸੱਦਣ ਦਾ ਅਧਿਕਾਰ ਕਿਸਨੇ ਦਿੱਤਾ ਸੀ? ਜਦਕਿ ਸ਼੍ਰੋਮਣੀ ਕਮੇਟੀ ਨੂੰ ਲੱਖਾਂ ਦੀ ਗਿਣਤੀ ਵਿਚ ਸਿੱਖ ਲੋਕਤੰਤਰੀ ਢੰਗ ਨਾਲ਼ ਚੁਣਦੇ ਹਨ। ਪ੍ਰਭਸ਼ਨਦੀਪ ਸਿੰਘ ਅਨੁਸਾਰ ਅਕਾਲ ਤਖਤ ਸਾਹਿਬ, ਖਾਲਸਾਈ ਪ੍ਰਭੂਸਤਾ ਦਾ ਸਰਬਉਚ ਕੇਂਦਰ ਹੈ। ਪਰ ਉਨ੍ਹਾਂ ਵਲੋਂ ਅਜਿਹੀ ਵੱਡੀ ਸਟੇਟਮੈਂਟ ਦੇਣ ਪਿੱਛੇ ਆਧਾਰ ਕੀ ਹੈ? ਉਨ੍ਹਾਂ ਕੋਲ਼ ਕਿਹੜੇ ਇਤਿਹਾਸਕ ਸ੍ਰੋਤ ਹਨ, ਜਿਨ੍ਹਾਂ ਅਨੁਸਾਰ ਉਹ ਵੱਡੇ ਦਾਅਵੇ ਕਰ ਰਹੇ ਹਨ? ਕੀ ਉਹ ਪੰਥ ਅੱਗੇ ਆਪਣਿਆਂ ਦਾਅਵਿਆਂ ਬਾਰੇ ਕੋਈ ਇਤਿਹਾਸਕ ਪ੍ਰਮਾਣ ਪੇਸ਼ ਕਰਨਗੇ? ਜੇ ਅਕਾਲ ਤਖਤ ਸਾਹਿਬ ਪ੍ਰਭੂਸਤਾ ਦਾ ਸਰਬਉਚ ਕੇਂਦਰ ਸੀ ਤਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਕੁਝ ਸਾਲਾਂ ਦੇ ਸਿੱਖ ਰਾਜ ਵਿਚ ਅਕਾਲ ਤਖਤ ਨੂੰ ਮਾਨਤਾ ਤਾਂ ਕੀ ਦੇਣੀ ਸੀ, ਹਰਿਮੰਦਰ ਸਾਹਿਬ ਜਾਂ ਅਕਾਲ ਤਖਤ ਦੇ ਦਰਸ਼ਨ ਵੀ ਕਰਨ ਨਹੀਂ ਗਏ। ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਜਾਂ ਖਾਲਸਾ ਦਰਬਾਰ ਵਿਚ ਪ੍ਰਭੂਸਤਾ ਦਾ ਕੇਂਦਰ ਲਾਹੌਰ ਸੀ ਨਾ ਕਿ ਅਕਾਲ ਤਖਤ (ਅੰਮ੍ਰਿਤਸਰ)? ਮਹਾਰਾਜੇ ਨੇ ਕਦੇ ਅਕਾਲ ਤਖਤ ਜਾਂ ਉਸਦੇ ਜਥੇਦਾਰ ਨੂੰ ਮਾਨਤਾ ਨਹੀਂ ਦਿੱਤੀ, ਸਗੋਂ ਉਸਨੇ 18ਵੀਂ ਸਦੀ ਵਿਚ ਮਿਸਲਾਂ ਦੇ ਦੌਰ 'ਚ ਪ੍ਰਚਲਤ 'ਸਰਬੱਤ ਖਾਲਸੇ' ਵੀ ਬੰਦ ਕਰਾ ਦਿੱਤੇ ਸਨ। ਮਹਾਰਾਜਾ ਰਣਜੀਤ ਸਿੰਘ ਨਾਲ਼ ਸਬੰਧਤ ਇੱਕ ਵਾਕਿਆ ਜੋੜਿਆ ਜਾਂਦਾ ਹੈ ਕਿ ਅਕਾਲੀ ਫੂਲਾ ਸਿੰਘ ਨੇ ਉਸਨੂੰ ਮੋਰਾਂ ਨਾਚੀ ਨਾਲ਼ ਵਿਆਹ ਕਰਾਉਣ 'ਤੇ ਸਜ਼ਾ ਦਿੱਤੀ। ਇਤਿਹਾਸਕ ਸ੍ਰੋਤਾਂ ਅਨੁਸਾਰ ਅਕਾਲੀ ਫੂਲਾ ਸਿੰਘ ਮਿਸਲ ਸ਼ਹੀਦਾਂ ਦੇ ਨਿਹੰਗ ਜਥੇ ਦਾ ਮੁੱਖੀ ਸੀ, ਜਿਹੜੇ ਭੰਗੀ ਮਿਸਲ ਨਾਲ਼ 18ਵੀਂ ਸਦੀ ਤੋਂ ਹਰਿਮੰਦਰ ਸਾਹਿਬ ਕੰਪਲੈਕਸ ਦੀ ਮੁਗਲ ਹਮਲਾਵਰਾਂ ਦੇ ਹਮਲਿਆਂ ਤੋਂ ਰਾਖੀ ਕਰਦੇ ਸਨ। ਅਕਾਲੀ ਫੂਲਾ ਸਿੰਘ ਅਕਾਲ ਤਖਤ ਸਾਹਿਬ ਦੇ ਜਥੇਦਾਰ ਨਹੀਂ ਸਨ, ਜਿਸ ਤਰ੍ਹਾਂ ਹੁਣ ਕੁਝ ਵਿਦਵਾਨਾਂ ਵਲੋਂ ਪੇਸ਼ ਕੀਤਾ ਜਾਂਦਾ ਹੈ। ਇਤਿਹਾਸਕ ਤੌਰ 'ਤੇ 1925 ਤੋਂ ਪਹਿਲਾਂ ਜਥੇਦਾਰ ਚੁਣਨ ਦੀ ਕੋਈ ਪ੍ਰੰਪਰਾ ਹੀ ਨਹੀਂ ਸੀ। ਜੇ ਅਕਾਲੀ ਫੂਲਾ ਸਿੰਘ ਜਥੇਦਾਰ ਸੀ ਤਾਂ ਉਸ ਤੋਂ ਪਹਿਲ਼ਾਂ ਤੇ ਬਾਅਦ ਵਿਚ ਕੌਣ ਜਥੇਦਾਰ ਸਨ? ਉਨ੍ਹਾਂ ਦਾ ਸਿੱਖ ਇਤਿਹਾਸ ਵਿਚ ਕੀ ਰੋਲ ਸੀ? ਉਨ੍ਹਾਂ ਨੇ ਸਿੱਖ ਕੌਮ ਲਈ ਕੀ ਫੈਸਲੇ ਕੀਤੇ ਸਨ?

ਇਸੇ ਲੜੀ ਵਿਚ ਅਮਰੀਕਾ ਰਹਿੰਦੇ ਇੱਕ ਹੋਰ ਵਿਦਵਾਨ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇਕਨੌਮਿਕਸ ਦੇ ਸਾਬਕਾ ਪ੍ਰੋ ਗੋਬਿੰਦਰ ਸਿੰਘ ਸਮਰਾਓ ਨੇ ਪ੍ਰਭਸ਼ਰਨਦੀਪ ਸਿੰਘ ਵਲੋਂ ਲਿਖੇ ਲੇਖ ਦੇ ਜਵਾਬ ਵਿਚ ਲਿਖੇ ਲੇਖ 'ਸਿੱਖ ਸੰਸਥਾਵਾਂ, ਸਰਬੱਤ ਖਾਲਸਾ ਅਤੇ ਅੱਜ ਦੇ ਸਿੱਖ' ਵਿਚ ਕਈ ਸਿਧਾਂਤਕ ਮੁੱਦੇ ਉਭਾਰੇ ਹਨ। ਜੇ ਸਿੱਖ ਪੰਥ ਨੇ ਲੰਬੇ ਸਮੇਂ ਤੋਂ ਚੱਲ ਰਹੇ ਧਾਰਮਿਕ ਤੇ ਰਾਜਨੀਤਕ ਸੰਕਟ ਵਿਚੋਂ ਨਿਕਲਣਾ ਹੈ ਤਾਂ ਇਨ੍ਹਾਂ 'ਤੇ ਗੰਭੀਰਤਾ ਨਾਲ਼ ਵਿਚਾਰ ਕਰਨ ਦੀ ਲੋੜ ਹੈ। ਪ੍ਰਭਸ਼ਰਨਦੀਪ ਸਿੰਘ ਆਪਣੇ ਲੇਖ ਵਿਚ ਅਕਾਲ ਤਖਤ ਸਾਹਿਬ ਨੂੰ ਖਾਲਸਾਈ ਪ੍ਰਭੂਸਤਾ ਦਾ ਸਰਬਉਚ ਕੇਂਦਰ ਦੱਸਦਾ ਹੈ। ਪਰ ਪ੍ਰੋ ਸਮਰਾਓ ਲਿਖਦੇ ਹਨ: 'ਕਈ ਸਿੱਖ ਵਿਦਵਾਨ ਸ੍ਰੀ ਅਕਾਲ ਤਖਤ ਸਾਹਿਬ ਨੂੰ 'ਖਾਲਸਾਈ ਪ੍ਰਭੂਸਤਾ' ਦਾ ਸਰਬਉਚ ਕੇਂਦਰ ਦੱਸਦੇ ਹਨ, ਜਦਕਿ ਅਸਲੀਅਤ ਇਹ ਹੈ ਕਿ ਜਿਸ ਵਕਤ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖਤ ਸਾਹਿਬ ਦੀ ਸਿਰਜਨਾ ਕੀਤੀ ਸੀ, ਉਸ ਵਕਤ ਨਾ ਖਾਲਸਾ ਸਾਜਨਾ ਹੋਈ ਸੀ ਅਤੇ ਨਾ ਹੀ ਖਾਲਸੇ ਵਲੋਂ ਪ੍ਰਭੂਸਤਾ ਸੰਪਨ ਰਾਜ ਸਥਾਪਿਤ ਕਰਨ ਦਾ ਕੋਈ ਸੰਕਲਪ ਹੋਂਦ 'ਚ ਆਇਆ ਸੀ। ਗੁਰੂ ਸਾਹਿਬ ਦਾ ਮਨੋਰਥ ਵਿਦੇਸ਼ੀ ਧਾੜਵੀਆਂ ਦੇ ਰਾਜ ਕਾਲ ਵਿਚ ਸਿੱਖਾਂ ਨੂੰ ਆਤਮ ਰੱਖਿਆ ਲਈ ਹਥਿਆਰਬੰਦ ਕਰਨਾ ਸੀ। ਉਸ ਵਕਤ ਪ੍ਰਭੂਸਤਾ ਜਹਾਂਗੀਰ ਕੋਲ਼ ਸੀ, ਜਿਸਨੇ ਗੁਰੂ ਸਾਹਿਬ ਨੂੰ ਬਗਾਵਤ ਦਾ ਦੋਸ਼ ਲਾ ਕੇ ਜ਼ੇਲ੍ਹ ਭੇਜਿਆ ਸੀ। ਫਿਰ ਸਰਕਾਰ ਨੇ ਆਹਲਾ ਕਿਰਦਾਰ ਕਰਕੇ ਰਿਹਾਅ ਕਰ ਦਿੱਤਾ ਸੀ। ਪਰ ਗੁਰੂ ਸਾਹਿਬ ਨੇ ਕਿਤੇ ਵੀ ਕਿਸੇ ਤਰ੍ਹਾਂ ਦਾ ਰਾਜ ਸਥਾਪਿਤ ਕਰਨ ਲਈ ਬਗਾਵਤ ਨਹੀਂ ਕੀਤੀ ਸੀ। ਉਨ੍ਹਾਂ ਤੋਂ ਬਾਅਦ ਚਾਰ ਗੁਰੂ ਸਾਹਿਬਾਨ ਨੇ ਵੀ ਅਜਿਹਾ ਨਹੀਂ ਕੀਤਾ। ਸਗੋਂ ਉਹ ਇੱਕ ਧਾਰਮਿਕ ਆਗੂ ਵਜੋਂ ਹੀ ਵਿਚਰਦੇ ਰਹੇ। ਇਸ ਸਾਰੇ ਗੁਰੂ ਕਾਲ ਵਿਚ ਪ੍ਰਭੂਸਤਾ ਮੁਗਲਾਂ ਕੋਲ਼ ਹੀ ਰਹੀ, ਪਰ ਕਿਸੇ ਗੁਰੂ ਨੇ ਇਸ ਸਤਾ ਨੂੰ ਚੈਲਿੰਜ ਨਹੀਂ ਕੀਤਾ। ਇੱਥੋਂ ਤੱਕ ਕਿ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਛੱਡ ਗਏ ਅਤੇ ਉਹ ਅਤੇ ਉਨ੍ਹਾਂ ਤੋਂ ਬਾਅਦ ਕੋਈ ਗੁਰੂ ਵਾਪਿਸ ਅੰਮ੍ਰਿਤਸਰ ਨਹੀਂ ਆਏ। ਬੰਦਾ ਸਿੰਘ ਬਹਾਦਰ ਨੇ ਜਿਹੜਾ ਸਿੱਖ ਰਾਜ ਕਾਇਮ ਕੀਤਾ ਸੀ, ਉਸ ਲਈ ਵੀ ਪ੍ਰਭੂਸਤਾ ਅਕਾਲ ਤਖਤ 'ਤੇ ਨਹੀਂ ਬਣਾਈ ਸੀ ਅਤੇ ਨਾ ਹੀ ਕਦੇ ਅੰਮ੍ਰਿਤਸਰ ਆਏ ਸਨ।

19ਵੀਂ ਸਦੀ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਪ੍ਰਭੂਸਤਾ ਸੰਪਨ ਰਾਜ ਜਰੂਰ ਸਥਾਪਿਤ ਕੀਤਾ ਸੀ, ਪਰ ਉਹ ਸਹੀ ਸ਼ਬਦਾਂ ਵਿਚ ਸਿੱਖ ਰਾਜ ਨਹੀਂ ਸੀ, ਸਗੋਂ ਸਾਰੇ ਪੰਜਾਬੀਆਂ (ਸਿੱਖਾਂ, ਹਿੰਦੂਆਂ, ਮੁਸਲਮਾਨਾਂ) ਦਾ ਸਾਂਝਾ ਰਾਜ ਸੀ। ਉਸਦਾ ਕੋਈ ਧਾਰਮਿਕ ਏਜੰਡਾ ਨਹੀਂ ਸੀ। ਉਸ ਰਾਜ ਵਿਚ ਅਕਾਲ ਤਖਤ ਸਾਹਿਬ ਜਾਂ ਉਸਦੇ ਜਥੇਦਾਰ ਦਾ ਕੋਈ ਰੋਲ ਨਹੀਂ ਸੀ। ਬੇਸ਼ੱਕ ਅਕਾਲੀ ਫੂਲਾ ਸਿੰਘ ਨੇ ਉਸਨੂੰ ਸਜ਼ਾ ਲਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਹ ਵੀ ਧਾਰਮਿਕ ਗੁਨਾਹ ਦੀ ਸਜ਼ਾ ਸੀ, ਨਾ ਕਿ ਕਿਸੇ ਰਾਜਨੀਤਕ ਕਾਰਨ ਕਰਕੇ। ਮਹਾਰਾਜੇ ਨੇ ਨਾ ਕਦੇ ਅਕਾਲ ਤਖਤ ਨੂੰ ਆਪਣੇ ਰਾਜਸੀ ਫੈਸਲਿਆਂ ਲਈ ਵਰਤਿਆ ਅਤੇ ਨਾ ਹੀ ਅਕਾਲ ਤਖਤ ਨੇ ਉਸਦੇ ਦਰਬਾਰ ਵਿਚ ਕਦੇ ਦਖਲ ਦਿੱਤਾ ਸੀ। ਮਹਾਰਾਜੇ ਦੀ ਮੌਤ ਤੋਂ ਬਾਅਦ ਉਸਦੇ ਉਤਰਾਧਿਕਾਰੀਆਂ ਜਾਂ ਖਾਲਸਾ ਫੌਜਾਂ ਨੇ ਅੰਗਰੇਜਾਂ ਨਾਲ਼ ਲੜੀਆਂ ਜੰਗਾਂ ਵਿਚ ਕਦੇ ਅਕਾਲ ਤਖਤ ਤੋਂ ਦਖਲ ਨਹੀਂ ਮੰਗਿਆ ਸੀ ਅਤੇ ਨਾ ਸਰਬੱਤ ਖਾਲਸਾ ਸੱਦਿਆ ਸੀ। ਇਤਿਹਾਸਕਾਰਾਂ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ਼ ਹੀ ਸਰਬੱਤ ਖਾਲਿਸਆਂ ਅਤੇ ਰਾਜਨੀਤਕ ਗੁਰਮਤਿਆਂ ਦਾ ਭੋਗ ਪੈ ਗਿਆ ਸੀ। ਸਿੱਖਾਂ ਵਲੋਂ ਚੁਣੀ ਜਾਣ ਵਾਲ਼ੀ ਲੋਤੰਤਰੀ ਸੰਸਥਾ ਸ਼੍ਰੋਮਣੀ ਕਮੇਟੀ ਦੇ ਆਉਣ ਨਾਲ਼ ਅਜਿਹੇ ਰਾਜਨੀਤਕ ਗੁਰਮਤਿਆਂ ਦੀ ਲੋੜ ਹੀ ਖਤਮ ਹੋ ਗਈ ਸੀ। ਜੋ ਸਰਬੱਤ ਖਾਲਸਾ ਵਾਂਗ ਸਾਲ ਵਿਚ ਦੋ ਵਾਰ ਆਪਣਾ ਇਜਲਾਸ ਕਰਦੇ ਹਨ।' ਅਸੀਂ ਸ. ਗੋਬਿੰਦਰ ਸਿੰਘ ਸਮਰਾਓ ਦੇ ਵਿਚਾਰਾਂ ਨਾਲ਼ ਸਹਿਮਤ ਹਾਂ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਗੁਰਦੁਆਰਾ ਐਕਟ 1925 ਤੱਕ ਅਕਾਲ ਤਖਤ ਦੀ ਸੰਸਥਾ ਜਾਂ ਉਸਦੇ ਜਥੇਦਾਰ ਦੇ ਕਿਸੇ ਰੋਲ ਦਾ ਕੋਈ ਇਤਿਹਾਸਕ ਹਵਾਲਾ ਨਹੀਂ ਮਿਲਦਾ, ਸਿਵਾਏ ਅਕਾਲੀ ਫੂਲਾ ਸਿੰਘ ਦੀ ਘਟਨਾ ਦੇ। ਇਤਨਾ ਜਰੂਰ ਹੈ ਕਿ ਇਸ ਅਸਥਾਨ 'ਤੇ 18ਵੀਂ ਸਦੀ ਵਿਚ ਮੁਗਲਾਂ ਨਾਲ਼ ਲੜ ਰਹੇ ਖਾਲਸਾ ਜਥੇ ਵੈਸਾਖੀ ਅਤੇ ਦੀਵਾਲ਼ੀ ਮੌਕੇ ਆਪਣਾ ਸਰਬੱਤ ਖਾਲਸਾ ਕਰਦੇ ਸਨ ਜਾਂ ਆਪਣੇ ਗੁਰਮਤੇ ਕਰਦੇ ਸਨ। ਪਰ ਉਸ ਦੌਰ ਵਿਚ ਵੀ ਕਿਸੇ ਜਥੇਦਾਰ ਦੇ ਰੋਲ ਦਾ ਕੋਈ ਹਵਾਲਾ ਨਹੀਂ ਮਿਲਦਾ।

ਪ੍ਰੋ ਸਮਰਾਓ ਅਖੀਰ 'ਚ ਕਹਿੰਦੇ ਹਨ: ਸਭ ਨੂੰ ਪਤਾ ਹੈ ਕਿ ਪੁਰਾਤਨ ਸਿੱਖ ਸੰਸਥਾਵਾਂ, ਜਿਨ੍ਹਾਂ ਨੂੰ ਗੁਰੂਆਂ ਅਤੇ ਯੋਧਿਆਂ ਨੇ ਕੁਰਬਾਨੀਆਂ ਦੇ ਕੇ ਸਿਰਜਿਆ ਸੀ। ਉਹ ਹੁਣ ਸਿੱਖ ਇਤਿਹਾਸ ਦੇ ਮਾਣਮੱਤੇ ਵਿਰਸੇ ਦਾ ਭਾਗ ਹਨ। ਕਾਲ ਦੇ ਗੇੜ ਕਾਰਨ, ਇਨ੍ਹਾਂ ਵਿਚੋਂ ਕਈ ਬਿਰਧ ਹੋ ਗਈਆਂ ਹਨ ਤੇ ਇਨ੍ਹਾਂ ਦੀ ਮਹਾਨਤਾ ਸੰਕੇਤਕ ਬਣ ਕੇ ਰਹਿ ਗਈ ਹੈ। ਇਹ ਕੇਵਲ ਸਨਮਾਨ ਦੀਆਂ ਪਾਤਰ ਹਨ ਕਿਉਂਕਿ ਇਨ੍ਹਾਂ ਨੂੰ ਹੁਣ ਉਸੇ ਹਾਲਤ ਵਿਚ ਮੁੜ ਕਾਰਜ਼ਸ਼ੀਲ ਨਹੀਂ ਕੀਤਾ ਜਾ ਸਕਦਾ...। ਹੁਣ ਸਿਰਮੌਰਤਾ ਅਕਾਲ ਤਖਤ ਅਤੇ ਉਸਦੇ ਜਥੇਦਾਰ ਦੀ ਨਹੀਂ, ਸਗੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਹੈ। ਅਕਾਲ ਤਖਤ ਦਾ ਜਥੇਦਾਰ ਤਾਂ ਤਖਤ 'ਤੇ ਉਸਦੀ ਸੇਵਾ-ਸੰਭਾਲ਼ ਲਈ ਮੁੱਖ ਸੇਵਾਦਾਰ ਹੈ। ਪ੍ਰਭਸ਼ਰਨਦੀਪ ਸਿੰਘ ਪਤਾ ਨਹੀਂ ਕਿਉਂ ਜਥੇਦਾਰ ਤੋਂ ਉਹ ਕੁਝ ਕਰਾਉਣਾ ਚਾਹੁੰਦਾ ਹੈ, ਜੋ ਕਿ ਜਥੇਦਾਰ ਦੇ ਖੇਤਰ 'ਚ ਹੀ ਨਹੀਂ ਹੈ।


ਧਰਮ ਨੂੰ ਰਾਜਨੀਤੀ ਨਾਲ਼ ਜੋੜਨ ਵਾਲ਼ੀਆਂ ਧਿਰਾਂ ਦੀ ਮਨਸ਼ਾ ਤਾਂ ਬੇਸ਼ਕ ਇਹੀ ਹੈ ਕਿ 'ਧਰਮ', 'ਰਾਜਨੀਤੀ' ਤੋਂ ਉਪਰ ਹੈ, ਜੇ ਰਾਜਨੀਤੀ ਉਪਰ ਧਰਮ ਦਾ ਕੁੰਡਾ ਨਾ ਹੋਵੇ ਤਾਂ ਰਾਜਸੀ ਲੋਕ ਆਪ-ਹੁਦਰੇ ਹੋ ਕੇ ਲੋਕ-ਵਿਰੋਧੀ ਕਾਰਜ ਕਰਨਗੇ। ਪਰ ਦੁਨੀਆਂ ਭਰ ਦੇ 2000 ਸਾਲਾਂ ਦੇ ਇਤਿਹਾਸ ਵਿਚ ਧਰਮ ਅਧਾਰਿਤ ਚੱਲੇ ਜਾਂ ਚੱਲ ਰਹੇ ਰਾਜਾਂ ਵਿਚ ਕਿਸੇ ਧਰਮ ਗ੍ਰੰਥ ਦੇ ਅਸੂਲਾਂ ਅਧਾਰਿਤ ਰਾਜ ਕਾਇਮ ਹੋਇਆ ਹੋਵੇ, ਅਜਿਹਾ ਕਿਤੇ ਨਜ਼ਰ 'ਤੇ ਨਹੀਂ ਆਉਂਦਾ। ਧਰਮ ਨੂੰ ਰਾਜਨੀਤੀ ਨਾਲ਼ ਜੋੜਨ ਲਈ ਇਨ੍ਹਾਂ ਵਿਦਵਾਨਾਂ ਕੋਲ਼ ਕੋਈ ਠੋਸ ਇਤਿਹਾਸਕ ਗਵਾਹੀ ਵੀ ਨਹੀਂ ਹੈ। ਜਿਸ ਬਾਰੇ ਸਿੱਖ ਪੰਥ ਦੇ ਕੁਝ ਵਿਦਵਾਨਾਂ ਦਾ ਇਹ ਵੀ ਮੱਤ ਹੈ ਕਿ ਸ੍ਰੀ ਅਕਾਲ ਤਖਤ ਦੇ ਸੰਕਲਪ ਦਾ ਜ਼ਿਕਰ ਸਿੱਖ ਇਤਿਹਾਸ ਦੇ ਮੁੱਖ ਸੋਮਿਆਂ ਵਿਚ ਕਿਤੇ ਨਹੀਂ ਮਿਲਦਾ। ਇਸਦਾ ਪਹਿਲੀ ਵਾਰ ਜ਼ਿਕਰ 19ਵੀਂ ਸਦੀ ਵਿਚ ਲਿਖੇ ਗਏ ਗ੍ਰੰਥਾਂ 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਅਤੇ ਕਵੀ ਸੰਤੋਖ ਸਿੰਘ ਦੇ 'ਸੂਰਜ ਪ੍ਰਕਾਸ਼ ਗ੍ਰੰਥ' ਵਿਚ ਹੀ ਮਿਲਦਾ ਹੈ। ਇਸ ਤੋਂ ਇਲਾਵਾ ਪ੍ਰਾਚੀਨ ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ), ਮਹਿਮਾ ਪ੍ਰਕਾਸ਼, ਕੋਇਰ ਸਿੰਘ, ਖੁਸ਼ਵੰਤ ਰਾਏ, ਬੂਟੇ ਸ਼ਾਹ, ਮੁਹੰਮਦ ਲਤੀਫ, ਕਨਿੰਘਮ, ਮੈਕਾਲਿਫ ਆਦਿ ਕਿਸੇ ਵੀ ਨਾਮਵਰ ਇਤਿਹਾਸਕਾਰ ਨੇ ਇਸਦਾ ਜ਼ਿਕਰ ਨਹੀਂ ਕੀਤਾ। ਪਰ ਫਿਰ ਵੀ ਜੇ ਇਹ ਸੰਸਥਾ ਬਣ ਹੀ ਗਈ ਹੈ ਤਾਂ ਕੀ ਸਿੱਖ ਪੰਥ ਦੇ ਵਿਦਵਾਨਾਂ ਦੇ ਸਹਿਯੋਗ ਨਾਲ਼ ਸ਼੍ਰੋਮਣੀ ਕਮੇਟੀ ਨੂੰ ਜਥੇਦਾਰ ਵੇਦਾਂਤੀ ਅਤੇ ਹੋਰ ਵਿਦਵਾਨਾਂ ਦੀ ਸਲਾਹ ਅਨੁਸਾਰ, ਮਾਡਰਨ ਵਰਲਡ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਸਿੱਖੀ ਦੇ ਗੁਰਬਾਣੀ ਅਧਾਰਿਤ ਸਾਂਝੀਵਾਲਤਾ, ਮਨੁੱਖੀ ਬਰਾਬਰੀ, ਸਮਾਜਿਕ ਤੇ ਰਾਜਸੀ ਨਿਆਂ ਵਰਗੇ ਬੁਨਿਆਦੀ ਅਸੂਲਾਂ ਅਨੁਸਾਰ ਇਸਦਾ ਰੋਲ ਤੈਅ ਨਹੀਂ ਕਰ ਲੈਣਾ ਚਾਹੀਦਾ?

***(ਚੱਲਦਾ)***

# ਦੇਸ਼ ਦੀ ਅਜ਼ਾਦੀ ਲਹਿਰ ਦੇ ਉਭਾਰ ਵਿਚ ਸਤਿਗੁਰੂ ਰਾਮ ਸਿੰਘ ਦਾ ਯੋਗਦਾਨ

**ਜਨਮ ਦਿਹਾੜੇ 'ਤੇ ਵਿਸ਼ੇਸ਼**

ਜਦੋਂ ਅਸੀਂ ਭਾਰਤ ਦੀ ਅਜ਼ਾਦੀ ਲਹਿਰ ਦੇ ਇਤਿਹਾਸ ਤੇ ਪਿੱਛਲਝਾਤ ਮਾਰਦੇ ਹਾਂ ਤਾਂ ਸਾਨੂੰ ਮਾਣ ਹੁੰਦਾ ਹੈ ਕਿ ਪੰਜਾਬ ਵਿਚ ਅਜ਼ਾਦੀ ਪੱਖੀ ਸਿਆਸੀ ਚੇਤਨਾ ਦਾ ਪਸਾਰ ਦੇਸ਼ ਦੇ ਦੂਜੇ ਹਿੱਸਿਆ ਨਾਲੋਂ ਵੱਧ ਰਿਹਾ ਹੈ। ਭਾਰਤ ਦੀ ਖੜਗ ਭੁਜਾ ਹੋਣ ਕਾਰਨ ਵਿਦੇਸ਼ੀ ਹਮਾਲਾਵਰਾਂ ਦਾ ਸੱਭ ਤੋਂ ਵੱਧ ਸਾਹਮਣਾ ਪੰਜਾਬ ਦੇ ਲੋਕਾਂ ਨੂੰ ਹੀ ਕਰਨਾ ਪਿਆ ਹੈ। ਇਸ ਲਈ ਸੁਭਾਵਿਕ ਤੌਰ 'ਤੇ ਇਸ ਖੇਤਰ ਦੀ ਸਿਆਸੀ ਚੇਤਨਾ ਜੁਝਾਰੂ ਖਾਸਾ ਰੱਖਦੀ ਹੈ। ਇਹ ਖੇਤਰ ਮੁੱਢ ਤੋਂ ਹੀ ਲੋਕ ਘੋਲਾਂ ਦੇ ਅਗਵਾਨੂੰ ਰਹੇ ਯੋਧਿਆਂ ਦੀ ਕਰਮ ਭੂਮੀ ਰਿਹਾ ਹੈ। ਪੰਜਾਬ ਖੇਤਰ ਦੀ



**ਨਿਰੰਜਣ ਬੋਹਾ**
**ਫੋਨ: 89682-82700**

ਲੋਕ ਮੁਖੀ ਸਿਆਸੀ ਚੇਤਨਾ ਕਾਰਨ ਹੀ ਅੰਗਰੇਜ਼ ਸਾਮਰਾਜ ਸਾਰੇ ਭਾਰਤ 'ਤੇ ਕਬਜ਼ਾ ਕਰਨ ਤੋਂ ਬਾਅਦ ਹੀ ਪੰਜਾਬ ਨੂੰ ਆਪਣੇ ਵਿਚ ਸ਼ਾਮਿਲ ਕਰਨ ਵਿਚ ਕਾਮਯਾਬ ਹੋ ਸਕਿਆ। ਪੰਜਾਬ ਵਿਚ ਦੋ-ਤਿੰਨ ਦਹਾਕਿਆਂ ਬਾਅਦ ਲੋਕ ਚੇਤਨਾ ਨੂੰ ਪ੍ਰਚੰਡ ਕਰਨ ਵਾਲੀ ਕੋਈ ਨਾ ਕੋਈ ਲਹਿਰ ਪੈਦਾ ਹੁੰਦੀ ਰਹਿੰਦੀ ਹੈ। ਇਸ ਖੇਤਰ ਨਾਲ ਸੰਬਧਤ ਬਜ਼ੁਰਗਾਂ ਨੇ ਅਜ਼ਾਦੀ ਪੱਖੀ ਚੇਤਨਾ ਰੱਖਣ ਵਾਲੀ ਗੁਰਦੁਆਰਾ ਸੁਧਾਰ ਲਹਿਰ, ਕੂਕਾ ਲਹਿਰ, ਗਦਰ ਲਹਿਰ ਤੇ ਪਰਜਾ ਮੰਡਲ ਲਹਿਰ ਵਿਚ ਵਧ-ਚੜ੍ਹ ਕੇ ਹਿੱਸਾ ਪਾਇਆ ਹੈ।

ਗੁਰਦੁਆਰਾ ਸੁਧਾਰ ਲਹਿਰ ਤੇ ਕੂਕਾ ਲਹਿਰ ਦਾ ਸ਼ੁਮਾਰ ਭਾਵੇਂ ਧਾਰਮਿਕ ਖੇਤਰ ਨਾਲ ਜੋੜ ਕੇ ਹੀ ਕੀਤਾ ਜਾਂਦਾ ਹੈ ਪਰ ਇਨ੍ਹਾਂ ਦੋਹੇਂ ਲਹਿਰਾਂ ਵਲੋਂ ਦੇਸ਼ ਵਿਚ ਜਿਹੜੀ ਰਾਜਸੀ ਚੇਤਨਾ ਪੈਦਾ ਕੀਤੀ ਗਈ, ਉਸ ਭਾਰਤ ਦੇ ਅਜ਼ਾਦੀ ਸੰਗਰਾਮ ਨੂੰ ਭਖਦਾ ਹੀ ਨਹੀਂ ਕੀਤਾ ਸਗੋਂ ਜੇਤੂ ਮੁਕਾਮ ਤੱਕ ਪਹੁੰਚਾਉਣ ਲਈ ਵੀ ਅਸਰਦਾਰ ਭੂਮਿਕਾ ਨਿਭਾਈ ਹੈ। ਇਨ੍ਹਾਂ ਲਹਿਰਾਂ ਵਿਚਲਾ ਜੋਸ਼ ਅਜ਼ਾਦੀ ਸੰਗਰਾਮ ਨੂੰ ਭਖਦਾ ਰੱਖਣ ਲਈ ਵਿਸ਼ੇਸ਼ ਪ੍ਰੇਰਣਾ ਦਾ ਸਰੋਤ ਹੋ ਨਿਬੜਿਆ ਪਰ ਅਫਸੋਸ ਦੀ ਗੱਲ ਹੈ ਕਿ ਭਾਰਤ ਤੇ ਪੰਜਾਬ ਦਾ ਇਤਿਹਾਸ ਲਿਖਣ ਵਾਲੇ ਵਿਦਵਾਨਾਂ ਨੇ ਭਾਰਤ ਦੀ ਅਜ਼ਾਦੀ ਲਹਿਰ ਦੇ ਉਭਾਰ ਵਿਚ ਕੂਕਾ ਲਹਿਰ ਵਲੋਂ ਪਾਏ ਯੋਗਦਾਨ ਨੂੰ ਲਗਭਗ ਨਜ਼ਰ-ਅੰਦਾਜ਼ ਹੀ ਕਰੀ ਰੱਖਿਆ ਹੈ। ਜੇ ਮਹਾਨ ਸ਼ਹਾਦਤਾਂ ਵਾਲੀ ਇਸ ਲਹਿਰ ਦਾ ਕਿਤੇ ਜ਼ਿਕਰ ਵੀ ਹੋਇਆ ਹੈ ਤਾਂ ਬਿਗਾਨਿਆ ਵਾਂਗ ਹੀ ਕੀਤਾ ਗਿਆ ਹੈ। ਕੂਕਾ ਲਹਿਰ ਦੇ ਇਤਿਹਾਸ ਨੂੰ ਬਰਤਾਨਵੀ ਹਾਕਮਾਂ ਦੀ ਨਜ਼ਰ ਨਾਲ ਵੇਖਣ ਵਾਲੇ ਉਸ ਦੌਰ ਦੇ ਇਤਿਹਾਸਕਾਰਾਂ ਨੇ ਤਾਂ ਇਸ ਲਹਿਰ ਨੂੰ ਆਤੰਕੀ ਲਹਿਰ ਠਹਿਰਾਉਣ ਵਿਚ ਵੀ ਕੋਈ ਕਸਰ ਬਾਕੀ ਨਹੀਂ ਸੀ ਛੱਡੀ।

ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸੇਵਾਵਾਂ ਨਿਭਾਉਣ ਵੇਲੇ ਹੀ ਇਸ ਲਹਿਰ ਦੇ ਸੰਚਾਲਕ ਸਤਿਗੁਰੂ ਰਾਮ ਸਿੰਘ ਨਾਮਧਾਰੀ ਨੇ ਦੇਸ਼ ਨੂੰ ਬਰਤਾਨਵੀ ਸਾਮਰਾਜ ਦੀ ਕੈਦ ਤੋਂ ਮੁਕਤ ਕਰਾਉਣ ਦਾ ਸੰਕਲਪ ਲੈ ਲਿਆ ਸੀ। ਇਸ ਸੰਕਲਪ ਦੀ ਦ੍ਰਿੜਤਾ ਕਾਰਨ ਹੀ ਉਨ੍ਹਾਂ ਦਾ ਸਾਰਾ ਜੀਵਨ ਤੇ ਸ਼ਖਸੀਅਤ ਪੰਜਾਬ ਦੀ ਸਿਆਸੀ ਚੇਤਨਾ ਤੇ ਅਜ਼ਾਦੀ ਲਹਿਰ ਨੂੰ ਨਵੀਂ ਜਾਗ ਲਾਉਣ ਦੇ ਸਮਰੱਥ ਬਣੀ। ਭਜਨ ਬੰਦਗੀ ਕਰਨ ਵਾਲੀ ਜ਼ਿੰਦਗੀ ਜਿਉਣ ਵਾਲੇ ਇਸ ਇਨਕਲਾਬੀ ਪੁਰਸ਼ ਨੂੰ ਦੇਸ਼ ਭਗਤੀ ਦਾ ਅਜਿਹਾ ਖੁਮਾਰ ਚੜ੍ਹਿਆ ਕਿ ਦੇਸ਼ ਨੂੰ ਅਜ਼ਾਦ ਹੋਇਆ ਵੇਖਣਾ ਹੀ ਉਸਦਾ ਵੱਡਾ ਸੁਪਨਾ ਤੇ ਜੀਵਨ ਦਾ ਅੰਤਿਮ ਉਦੇਸ਼ ਬਣ ਗਿਆ। ਦੇਸ਼ ਭਗਤੀ ਦੀਆਂ ਪ੍ਰਬਲ ਭਾਵਨਾਵਾਂ ਨੇ ਹੀ ਨਾਮ ਸਿਮਰਨ ਨਾਲ ਜੁੜੇ ਨਾਮਧਾਰੀਆਂ ਦੀ ਪਹਿਚਾਣ ਦੇਸ਼ ਭਗਤੀ ਯੁਕਤ ਸਿਆਸੀ ਸਰਗਰਮੀਆਂ ਕਰਨ ਵਾਲੇ ਜੁਝਾਰੂ ਸੰਗਠਨ ਵਜੋਂ ਕਰਵਾਈ। ਵਿਦੇਸ਼ੀ ਹਾਕਮਾਂ ਖਿਲਾਫ ਨਾ- ਮਿਲਵਰਤਨ ਲਹਿਰ ਦਾ ਅਰੰਭ ਕਰਨ ਤੇ ਆਪਣੇ ਘਰਾਂ ਦੀਆ ਛੱਤਾਂ 'ਤੇ ਬਗਾਵਤ ਦੇ ਝੰਡੇ ਝੁਲਾਉਣ ਕਾਰਨ ਉਹ ਪੂਰੀ ਤਰ੍ਹਾਂ ਅੰਗਰੇਜ਼ ਸਾਮਰਾਜੀਆਂ ਦੀਆਂ ਅੱਖਾਂ ਦੀ ਰੜਕਣ ਬਣ ਗਏ। ਜਦੋਂ ਦੇਸ਼ ਦੀ ਅਜ਼ਾਦੀ ਲਈ ਲੜਾਈ ਹੀ ਉਨ੍ਹਾਂ ਦਾ ਧਰਮ ਬਣ ਗਈ ਤਾਂ ਅੰਗਰੇਜ਼ ਹਾਕਮਾਂ ਤੇ ਉਨ੍ਹਾਂ ਦੇ ਭਾਰਤੀ ਦਲਾਲ ਉਨ੍ਹਾਂ ਨੂੰ ਪੂਰੀ ਤਰ੍ਹਾਂ ਆਪਣਾ ਦੁਸ਼ਮਣ ਸਮਝਣ ਲੱਗੇ।



ਭਾਰਤ ਦੀ ਅਜ਼ਾਦੀ ਲਹਿਰ ਵਿਚ ਸਤਿਗੁਰੂ ਰਾਮ ਸਿੰਘ ਵੱਲੋਂ ਪਾਏ ਵਡਮੁੱਲੇ ਯੋਗਦਾਨ ਦਾ ਪ੍ਰਤੱਖ ਪ੍ਰਮਾਣ ਸ਼ਹੀਦ ਭਗਤ ਸਿੰਘ ਵਲੋਂ 1928 ਵਿਚ ਦਿਲੀ ਦੇ ਹਿੰਦੀ ਮਾਸਿਕ ਪੱਤਰ 'ਮਹਾਰਥੀ' ਵਿਚ ਇਸ ਲਹਿਰ ਬਾਰੇ ਲਿਖੇ ਲੇਖ ਤੋਂ ਮਿਲਦਾ ਹੈ। ਸਰਦਾਰ ਭਗਤ ਸਿੰਘ ਇਸ ਲੇਖ ਵਿਚ ਕੂਕਾ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਨੂੰ ਕੱਟੜ ਇਨਕਲਾਬੀ ਤੇ ਇਸ ਲਹਿਰ ਨੂੰ ਪੰਜਾਬ ਦੀ ਪਹਿਲੀ ਮਹਾਨ ਇਨਕਲਾਬੀ ਲਹਿਰ ਦਾ ਦਰਜਾ ਦੇਂਦੇ ਹਨ। ਭਾਵੇਂ ਸ਼ਹੀਦ ਭਗਤ ਸਿੰਘ ਸਮੇਤ ਬਹੁਤ ਸਾਰੇ ਵਿਦਵਾਨ ਉਨ੍ਹਾਂ ਵੱਲੋਂ ਲੜੇ ਅਜ਼ਾਦੀ ਘੋਲ ਦੇ ਢੰਗ-ਤਰੀਕਿਆਂ ਨਾਲ ਸਹਿਮਤ ਨਹੀਂ ਸਨ, ਪਰ ਜਿਸ ਉੱਚੀ-ਸੁੱਚੀ ਭਾਵਨਾ ਨਾਲ ਕੂਕਿਆਂ ਨੇ ਕੁਰਬਾਨੀਆਂ ਕੀਤੀਆਂ, ਉਸ ਭਾਵਨਾ ਦੇ ਉਹ ਪੂਰੇ ਕਦਰਦਾਨ ਸਨ। ਕੁਝ ਇਤਿਹਾਸਕਾਰ ਕੂਕਿਆਂ ਦੀਆਂ ਅੰਨ੍ਹੇ ਜੋਸ਼ ਵਿਚ ਅੰਗਰੇਜ਼ ਸਾਮਰਾਜ ਵਿਰੁਧ ਕੀਤੀਆਂ ਕਾਰਵਾਈਆਂ ਨੂੰ ਆਤਮਘਾਤੀ ਤੇ ਮੂਰਖਤਾ ਭਰਪੂਰ ਕਰਾਰ ਦੇਂਦੇ ਹਨ ਪਰ ਸ਼ਹੀਦ ਭਗਤ ਸਿੰਘ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਕਥਿਤ ਮੂਰਖਤਾ ਵਿਚ ਵੀ ਦੇਸ਼ ਭਗਤੀ ਕੁੱਟ-ਕੁੱਟ ਕੇ ਭਰੀ ਹੋਈ ਸੀ। ਭਾਵੇਂ ਅੰਗਰੇਜ਼ ਹਾਕਮਾਂ ਵਲੋਂ ਇਸ ਲਹਿਰ ਨੂੰ ਸਖਤੀ ਨਾਲ ਦਬਾ ਦਿੱਤਾ ਗਿਆ ਪਰ ਕਿਸੇ ਲਹਿਰ ਦੇ ਅਸਫ਼ਲ ਹੋ ਜਾਣ ਨਾਲ ਉਸ ਲਹਿਰ ਦੇ ਸ਼ਹੀਦਾਂ ਦੀਆ ਕੁਰਬਾਨੀਆਂ ਦਾ ਮੁੱਲ ਘਟ ਨਹੀਂ ਜਾਂਦਾ। ਇਸ ਲਈ ਸ਼ਹੀਦ ਭਗਤ ਸਿੰਘ ਵਲੋਂ ਪੰਜਾਬ ਵਾਸੀਆਂ ਨੂੰ ਇਹ ਲਿਖਤੀ ਸਲਾਹ ਦਿੱਤੀ ਗਈ ਹੈ ਕਿ ਪੰਜਾਬ ਵਿਚ ਮਾਨਵਤਾ ਤੇ ਅਜ਼ਾਦੀ ਪੱਖੀ ਸਿਆਸੀ ਚੇਤਨਾ ਦੇ ਪਸਾਰ ਵਿਚ ਕੂਕੇ ਨਾਮਧਾਰੀਆਂ ਵਲੋਂ ਪਾਏ ਯੋਗਦਾਨ ਨੂੰ ਕਦੇ ਵੀ ਭੁਲਾਉਣਾ ਨਹੀਂ ਚਾਹੀਦਾ।

ਕੀ ਇਹ ਸਾਡੇ ਇਤਿਹਾਸਕਾਰਾਂ ਦੀ ਵੱਡੀ ਭੁੱਲ ਤੇ ਕੁਤਾਹੀ ਨਹੀਂ ਕਿ ਉਨ੍ਹਾਂ ਸਤਿਗੁਰੂ ਰਾਮ ਸਿੰਘ ਵਲੋਂ ਅੰਗਰੇਜ਼ ਸਾਮਾਰਾਜ ਵਿਰੁਧ ਸ਼ੁਰੂ ਕੀਤੀ ਨਾ-ਮਿਲਵਰਤਣ ਲਹਿਰ ਨੂੰ ਮਹਾਤਮਾ ਗਾਂਧੀ ਵਲੋਂ 1920 ਵਿਚ ਚਲਾਈ ਨਾ-ਮਿਲਵਰਤਣ ਲਹਿਰ ਦੇ ਮੁਕਾਬਲੇ ਦਾ ਸਤਿਕਾਰ ਦੇਣ ਵੇਲੇ ਹਮੇਸ਼ਾ ਸੰਕੋਚ ਹੀ ਵਰਤਿਆ ਹੈ। ਜਦੋਂ ਕਿ ਕੂਕਿਆਂ ਵਲੋਂ ਚਲਾਈ ਨਾ-ਮਿਲਵਰਤਨ ਲਹਿਰ ਆਪਣੇ ਅਕੀਦਿਆਂ ਤੇ ਕੱਟੜਤਾ ਦੀ ਹੱਦ ਤੱਕ ਪਹਿਰਾ ਦੇਣ ਵਾਲੀ ਸੀ ਤੇ ਦੇਸ਼ ਭਗਤੀ ਦੀ ਭਾਵਨਾ ਨਾਲ ਪੂਰੀ ਤਰ੍ਹਾਂ ਲਬਰੇਜ਼ ਸੀ। ਅੰਗਰੇਜ਼ਾਂ ਦੀ ਸਿੱਖਿਆ ਪ੍ਰਣਾਲੀ ਦਾ ਮੁਕੰਮਲ ਬਾਈਕਾਟ, ਉਨ੍ਹਾਂ ਦੀ ਨਿਆਂ ਪ੍ਰਣਾਲੀ, ਰੇਲ ਸੇਵਾਵਾਂ ਤੇ ਡਾਕ ਵਰਗੀਆਂ ਸਹੂਲਤਾਂ ਦਾ ਮੁਕੰਮਲ ਬਾਈਕਾਟ ਵਰਗੀਆਂ ਕਈ ਔਖੀਆਂ ਸ਼ਰਤਾਂ ਕੂਕਿਆਂ ਦੇ ਨਾ-ਮਿਲਵਰਤਨ ਲਹਿਰ ਨੂੰ ਵੱਡੀ ਇਤਿਹਾਸਕ ਮਹੱਤਤਾ ਹਾਸਿਲ ਕਰਨ ਦੇ ਯੋਗ ਬਣਾਉਂਦੀਆਂ ਹਨ, ਪਰ ਅੰਗਰੇਜ਼ ਪ੍ਰਸਤ ਇਤਿਹਾਸਕਾਰੀ ਨੇ ਇਸ ਲਹਿਰ ਨੂੰ ਇਸ ਦੇ ਹਿੱਸੇ ਆਉਂਦੇ ਸਨਮਾਨ ਤੇ ਚਰਚਾ ਦੇਣ ਦੇ ਮਾਮਲੇ ਵਿਚ ਹਮੇਸ਼ਾ ਪੱਖਪਾਤ ਹੀ ਕੀਤਾ ਹੈ।

ਕੂਕਿਆਂ ਨੇ ਆਪਣੀ ਨਾ-ਮਿਲਵਰਤਨ ਲਹਿਰ ਲਈ ਨਿਰਧਾਰਤ ਕੀਤੀਆਂ ਸ਼ਰਤਾਂ ਦੀ ਬਹੁਤ ਕਰੜਾਈ ਨਾਲ ਪਾਲਣਾ ਕੀਤੀ। ਉਨ੍ਹਾਂ ਨੇ ਨਾ ਕੇਵਲ ਪੇਂਡੂ ਖੇਤਰਾਂ ਦਾ ਅੰਗਰੇਜ਼ੀ ਸਾਮਰਾਜ ਨਾਲੋਂ ਵੱਖਰਾ ਪ੍ਰਸ਼ਾਸਕੀ ਢਾਂਚਾ ਤਿਆਰ ਕਰਨ ਲਈ ਆਪਣੀਆਂ ਪੰਚਾਇਤਾਂ ਸਥਾਪਿਤ ਕੀਤੀਆਂ, ਸਗੋਂ ਆਪਣਾ ਵੱਖਰਾ ਡਾਕ ਪ੍ਰਬੰਧ ਵੀ ਸਥਾਪਿਤ ਕਰ ਲਿਆ ਸੀ। ਉਨ੍ਹਾਂ ਦਾ ਨਾ-ਮਿਲਵਰਤਨ ਅੰਦੋਲਨ ਅੰਗਰੇਜ਼ਾਂ ਨਾਲ ਕਿਸੇ ਵੀ ਤਰ੍ਹਾਂ ਦੇ ਸੰਵਾਦ ਦੀ ਗੁੰਜਾਇਸ਼ ਨਹੀਂ ਸੀ ਰੱਖਦਾ ਤੇ ਤਨੋਂ-ਮਨੋਂ ਵਿਦੇਸ਼ੀ ਹਾਕਮਾਂ ਨੂੰ ਆਪਣਾ ਦੁਸ਼ਮਣ ਮੰਨ ਕੇ ਉਨ੍ਹਾਂ ਦਾ ਮੁਕੰਮਲ ਬਾਈਕਾਟ ਕੀਤੇ ਜਾਣ ਦਾ ਹਾਮੀ ਸੀ।

ਦੇਸ਼ ਦੀ ਸਿਆਸੀ ਚੇਤਨਾ ਦੇ ਪਸਾਰ ਵਿਚ ਸਤਿਗੁਰੂ ਰਾਮ ਸਿੰਘ ਵੱਲੋਂ ਪਾਏ ਇਨਕਲਾਬੀ ਯੋਗਦਾਨ ਦੀ ਗੰਭੀਰਤਾ ਨੂੰ ਪਹਿਚਾਣ ਕੇ ਹੀ ਵਿਦੇਸ਼ੀ ਸਰਕਾਰ ਉਨ੍ਹਾਂ 'ਤੇ ਕਰੜੀ ਨਜ਼ਰ ਰੱਖਣ ਲੱਗੀ ਸੀ। ਇਸ ਲਹਿਰ ਦੇ ਭਵਿੱਖਮੁਖੀ ਪ੍ਰਭਾਵਾਂ ਨੂੰ ਪਹਿਚਾਨਣ ਵਾਲੇ ਉਸ ਸਮੇਂ ਦੇ ਪੰਜਾਬ ਸਰਕਾਰ ਦੇ ਚੀਫ ਸਕੱਤਰ ਟੀ.ਫੋਰਥਸਾਈਥ ਨੇ ਆਪਣੀ ਆਤਮ-ਕਥਾ ਵਿਚ ਲਿਖਿਆ ਹੈ ਕਿ ਮੈਂ ਸੰਨ 1863 ਵਿਚ ਹੀ ਇਸ ਲਹਿਰ ਦੀ ਤੈਅ ਤੱਕ ਪਹੁੰਚ ਗਿਆ ਸੀ ਤੇ ਸਮਝ ਗਿਆ ਸੀ ਕਿ ਇਹ ਕਿਹੜੇ ਖਤਰਨਾਕ ਨਤੀਜੇ ਲਿਆ ਸਕਦੀ ਹੈ। ਇਸ ਲਈ ਮੈਂ ਉਨ੍ਹਾਂ ਦੇ ਪ੍ਰਚਾਰ ਉੱਤੇ ਸਾਰੀਆਂ ਪਾਬੰਦੀਆਂ ਲਾ ਦਿੱਤੀਆਂ ਸਨ, ਜਿਸ ਨਾਲ ਉਨ੍ਹਾਂ ਦੇ ਪ੍ਰਚਾਰ ਦੀ ਰਫਤਾਰ ਕਾਫੀ ਘਟ ਗਈ ਸੀ। ਬਾਅਦ ਵਿਚ ਅੰਗਰੇਜ਼ ਹਾਕਮਾਂ ਨੇ ਇਸ ਲਹਿਰ ਨੂੰ ਸਖਤੀ ਨਾਲ ਕੁਚਲਿਆ ਤਾਂ ਦੇਸ਼ ਦੀਆਂ ਉਸ ਸਮੇ ਕਾਰਜਸ਼ੀਲ ਸਿਆਸੀ ਪਾਰਟੀਆਂ ਦੇ ਕੁਝ ਅੰਗਰੇਜ਼ ਪੱਖੀ ਆਗੂ ਵੀ ਇਸ ਸਾਜ਼ਿਸ਼ ਵਿਚ ਸ਼ਾਮਿਲ ਰਹੇ।

ਸਾਕਾ ਮਲੇਰਕੋਟਲਾ, ਨਾਮਧਾਰੀਆਂ ਵਲੋਂ ਅੰਗਰੇਜ਼ ਹਾਕਮਾਂ ਖਿਲਾਫ ਕੀਤੇ ਸੰਘਰਸ਼ ਦਾ ਸਿਖਰ ਹੈ। ਇਹ ਇਤਿਹਾਸ ਦੀ ਅਜਿਹੀ ਅਦੁੱਤੀ ਘਟਨਾ ਹੈ, ਜਿਸ ਨੇ ਅੰਗਰੇਜ਼ ਸਾਮਰਾਜ ਦੇ ਪੈਰਾਂ ਹੇਠੋਂ ਮਿੱਟੀ ਖਿਸਕਾ ਦਿੱਤੀ ਸੀ। ਕੂਕਾ ਲਹਿਰ ਦੇ ਖੋਜੀ ਸਵਰਨ ਸਿੰਘ ਸਨੇਹੀ ਲਿਖਦੇ ਹਨ ਕਿ ਜੇ ਅਸੀਂ ਜ਼ਰਾ ਕੁ ਉਦਾਰ ਦਿਲੀ ਤੇ ਦੀਰਘ ਦ੍ਰਿਸ਼ਟੀ ਨਾਲ ਵੇਖੀਏ ਤਾਂ ਵਿਸ਼ਵ ਇਤਿਹਾਸ ਵਿਚ ਸ਼ਾਇਦ ਹੀ ਕੋਈ ਅਜਿਹੀ ਉਦਾਹਰਣ ਮਿਲ ਸਕੇ ਕਿ ਕਿਸੇ ਧਾਰਮਿਕ ਆਗੂ ਵਲੋਂ ਆਰੰਭੀ ਲਹਿਰ ਨੇ ਰਾਜਸੀ ਚੇਤਨਾ ਪੈਦਾ ਕਰ ਕੇ ਅਜਿਹੇ ਅੰਦੋਲਨ ਦਾ ਰੂਪ ਧਾਰਿਆ ਹੋਵੇ ਕਿ ਵੇਲੇ ਦੀ ਸਰਕਾਰ ਨੂੰ ਉਸ ਲਹਿਰ ਦੇ ਪੈਰੋਕਾਰਾਂ ਨੂੰ ਏਡੀ ਵੱਡੀ ਗਿਣਤੀ ਵਿਚ ਤੋਪਾਂ ਨਾਲ ਉਡਾਉਣ ਦੀ ਲੋੜ ਪੈ ਜਾਵੇ। ਸਾਕਾ ਮਲੇਰਕੋਟਲਾ, ਮਲੇਰਕੋਟਲੇ ਦੇ ਕੁਝ ਗਊ ਮਾਰਨ ਵਾਲੇ ਬੁੱਚੜਾਂ ਦਾ ਨਾਮਧਾਰੀਆਂ ਵੱਲੋਂ ਕੀਤੇ ਖਾਤਮੇ ਦਾ ਸਬੱਬ ਬਣਿਆ। ਜਿਸ ਬਰਬਰਤਾ ਤੇ ਨਿਰਕੁੰਸ਼ਤਾ ਨਾਲ ਅੰਗਰੇਜ਼ ਹਾਕਮਾਂ ਨੇ ਸਤਿਗੁਰ ਰਾਮ ਸਿੰਘ ਦੇ ਪੈਰੋਕਾਰਾਂ 'ਤੇ ਜ਼ੁਲਮ ਕੀਤੇ ਤੇ ਉਨ੍ਹਾਂ ਦਾ ਖੁਰਾ-ਖੋਜ ਮਿਟਾਉਣ ਦੀ ਕੋਸ਼ਿਸ਼ ਕੀਤੀ, ਉਸ ਤੋਂ ਲੱਗਦਾ ਹੈ ਕਿ ਹਾਕਮ ਕੂਕਾ ਲਹਿਰ ਤੋਂ ਇੰਨੇ ਭੈਅ-ਭੀਤ ਸਨ ਕਿ ਉਨ੍ਹਾਂ ਦੇ ਅੰਦੋਲਨ ਨੂੰ ਕੁਚਲਣ ਲਈ ਕਿਸੇ ਵੀ ਹੱਦ ਤਕ ਜਾ ਸਕਦੇ ਸਨ।

ਸਾਕਾ ਮਲੇਰਕੋਟਲਾ ਧਰਮ ਮਾਨਵਤਾ ਤੇ ਅਜ਼ਾਦੀ ਲਈ ਕੁਰਬਾਨ ਹੋਣ ਲਈ ਜਨੂੰਨ ਦੀ ਹੱਦ ਤੱਕ ਪਹੁੰਚੀ ਮਨੁੱਖੀ ਭਾਵਨਾ ਦੀ ਤਰਜ਼ਮਾਨੀ ਵੀ ਕਰਦਾ ਹੈ। ਛੋਟੇ ਸਾਹਿਬਜ਼ਾਦਿਆਂ ਦੀ ਧਰਮ, ਕੌਮ, ਦੇਸ਼ ਤੇ ਮਾਨਵਤਾ ਲਈ ਕੀਤੀ ਲਾ- ਮਿਸਾਲ ਕੁਰਬਾਨੀ ਤੋਂ ਇਲਾਵਾ ਸੰਸਾਰ ਇਤਿਹਾਸ ਵਿਚ ਕਿੰਨੀਆਂ ਕੁ ਉਦਾਹਰਣਾਂ ਮਿਲਦੀਆਂ ਹਨ ਜਦੋਂ ਇੱਕ 12 ਸਾਲ ਦੇ ਬੱਚੇ ਨੇ ਆਪਣੇ ਧਰਮ ਤੇ ਮਾਨਵਤਾ ਲਈ ਹੱਸ ਕੇ ਜਾਨ ਕੁਰਬਾਨ ਕੀਤੀ ਹੋਵੇ। ਸਾਕਾ ਮਲੇਰਕੋਟਲਾ ਵੇਲੇ ਵੀ ਨਾਮਧਾਰੀ ਬਾਲਕ ਬਿਸ਼ਨ ਸਿੰਘ ਕੋਲ ਜੀਵਨ ਤੇ ਮੌਤ ਵਿਚੋਂ ਇਕ ਦੀ ਚੋਣ ਕਰਨ ਦਾ ਪੂਰਾ ਮੌਕਾ ਸੀ, ਪਰ ਉਸ ਨੇ ਗੁਲਾਮੀ ਦੇ ਜੀਵਨ ਨਾਲੋਂ ਅਣਖ ਭਰੀ ਮੌਤ ਦੀ ਹੀ ਚੋਣ ਕੀਤੀ। ਇਸੇ ਤਰ੍ਹਾਂ ਨਾਮਧਾਰੀ ਵਰਿਆਮ ਸਿੰਘ ਨੇ ਵੀ ਕੁਰਬਾਨੀ ਦੇ ਤੀਬਰ ਜਜ਼ਬੇ ਦੀ ਇਕ ਵੱਖਰੀ ਹੀ ਮਿਸਾਲ ਪੇਸ਼ ਕੀਤੀ। ਆਪਣੇ ਮੱਧਰੇ ਕੱਦ ਕਾਰਨ ਉਹ ਤੋਪਾਂ ਦੇ ਨਿਸ਼ਾਨੇ 'ਤੇ ਨਹੀਂ ਆ ਰਿਹਾ ਸੀ, ਤਾਂ ਉਸ ਵੇਲੇ ਦੇ ਨਿਆਂਇਕ ਨਿਯਮਾਂ ਅਨੁਸਾਰ ਉਸਦੀ ਜਾਨ ਬਖਸ਼ੀ ਹੋ ਸਕਦੀ ਸੀ। ਪਰ ਵੱਖਰੀ ਹੀ ਮਿੱਟੀ ਦੇ ਬਣੇ ਇਸ ਯੋਧੇ ਨੇ ਲਾਗਲੇ ਵਾਹਣ ਵਿਚੋਂ ਇੱਟਾਂ ਤੇ ਢੀਮਾਂ ਇਕੱਠੀਆਂ ਕੀਤੀਆਂ ਤੇ ਆਪਣਾ ਕੱਦ ਤੋਪਾਂ ਦੇ ਮੂੰਹ ਦੇ ਬਰਾਬਰ ਕਰ ਲਿਆ, ਤਾਂ ਕਿ ਤੋਪਚੀ ਕੋਲ ਉਸਦੀ ਜਾਨ ਬਖਸ਼ੀ ਦਾ ਕੋਈ ਬਹਾਨਾ ਨਾ ਰਹੇ। ਮਲੇਰਕੋਟਲਾ ਸਾਕੇ ਵੇਲੇ 68 ਨਾਮਧਾਰੀ ਤੋਪਾਂ ਨਾਲ ਉਡਾਏ ਗਏ। ਇਨ੍ਹਾਂ ਵਿਚੋਂ ਕਿਸੇ ਨੇ ਵੀ ਮੁਆਫੀ ਮੰਗ ਕੇ ਤੋਪਾਂ ਵੱਲ ਪਿੱਠ ਨਹੀਂ ਕੀਤੀ। ਸਗੋਂ ਹੱਸ-ਹੱਸ ਕੇ ਸੀਨੇ ਵਿਚ ਗੋਲੀਆਂ ਖਾਧੀਆਂ। ਸਾਕੇ ਤੋਂ ਬਾਅਦ ਲਹਿਰ ਦੇ ਮੋਢੀ ਸਤਿਗੁਰੂ ਰਾਮ ਸਿੰਘ ਤੇ ਉਸਦੇ ਬਹੁਤ ਸਾਰੇ ਸੂਬੇਦਾਰਾਂ ਨੂੰ ਦੂਰ-ਦੁਰਾਡੇ ਦੀਆਂ ਧਰਤੀਆਂ 'ਤੇ ਜਲਾਵਤਨ ਕਰ ਦਿੱਤਾ ਗਿਆ ਪਰ ਸਿਰਾਂ 'ਤੇ ਕਫਨ ਬੰਨ੍ਹ ਕੇ ਨਿਕਲੇ ਕੂਕਿਆਂ ਨੂੰ ਇਹ ਜਲਾਵਤਨੀਆਂ ਕਿਵੇਂ ਆਪਣੇ ਇਰਾਦੇ ਤੋਂ ਮੋੜ ਸਕਦੀਆਂ ਸਨ?

ਵਿਸ਼ਵੀਕਰਨ ਦੌਰ ਦੇ ਮੌਜੂਦਾ ਪੜਾਅ 'ਤੇ ਲੋਕ ਇਤਿਹਾਸ ਤੇ ਇਸ ਵਿਚਲੀ ਸਿਆਸੀ ਚੇਤਨਾ ਸਾਡੇ ਲਈ ਬੀਤੇ ਦੀ ਅਜਿਹੀ ਗੱਲ ਬਣਦੀ ਜਾ ਰਹੀ ਹੈ, ਜਿਸ ਨਾਲ ਸਾਡਾ ਕੋਈ ਵੀ ਸਰੋਕਾਰ ਨਾ ਹੋਵੇ। ਦੇਸ਼ ਦੀ ਨੌਜਵਾਨ ਪੀੜ੍ਹੀ ਤਾਂ ਇਸ ਇਤਿਹਾਸ ਤੋਂ ਬਹੁਤ ਹੀ ਦੂਰੀ ਬਣਾ ਕੇ ਰੱਖਦੀ ਹੈ। ਜੇ ਅਸੀਂ ਪੰਜਾਬ ਨੂੰ ਅੱਗੇ ਲੈ ਕੇ ਜਾਣਾ ਹੈ ਤਾਂ ਸਾਨੂੰ ਇਸਦੇ ਇਤਿਹਾਸ ਦਾ ਗੰਭੀਰ ਪਾਠਕ ਬਣਨਾ ਪਵੇਗਾ ਤੇ ਇਸ ਤੋਂ ਪ੍ਰੇਰਣਾ ਵੀ ਲੈਣੀ ਪਵੇਗੀ। ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ ਦੀਆਂ ਕੁਰਬਾਨੀਆਂ ਦੇ ਸਨਮਾਨ ਸਹਿਤ ਜ਼ਿਕਰ ਤੋਂ ਬਿਨਾ ਪੰਜਾਬ ਦਾ ਲੋਕ-ਪੱਖੀ ਇਤਿਹਾਸ ਅਧੂਰਾ ਹੈ। ਇਸ ਲਈ ਇਤਿਹਾਸ ਦੀ ਸ਼ੁੱਧ ਪੇਸ਼ਕਾਰੀ ਲਈ ਸਮਾਜਿਕ ਤੇ ਧਾਰਮਿਕ ਮੱਤਭੇਦਾਂ ਤੋਂ ਉਪਰ ਉੱਠ ਕੇ ਕੂਕਾ ਲਹਿਰ ਦੇ ਪਿੱਛੇ ਕਾਰਜਸ਼ੀਲ ਰਹੀ ਲੋਕ-ਪੱਖੀ ਤੇ ਮਾਨਵਤਾਵਾਦੀ ਭਾਵਨਾ ਨੂੰ ਇਸ ਦੇ ਹਿੱਸੇ ਆਉਂਦਾ ਸਤਿਕਾਰ ਦੇਣਾ ਸਾਡਾ ਕੌਮੀ ਫਰਜ਼ ਹੈ।

# ਵਾਸ਼ਿੰਗਟਨ ਦੀ ਨੈਸ਼ਨਲ ਕੈਥੀਡਰਲ ਦੀ ਬਿਸ਼ਪ ਮਰੀਅਮ ਐਡਗਰ ਬਡੀ ਵਲੋਂ ਟਰੰਪ ਨੂੰ ਸੰਦੇਸ਼

ਮਰੀਅਮ ਐਡਗਰ ਬੱਡੀ ਨਾਂ ਦੀ ਇਕ ਧਾਰਮਿਕ ਮੁਖੀ ਔਰਤ ਵਲੋਂ ਸੰਸਾਰ ਦਾ ਥਾਣੇਦਾਰ ਕਹਾਉਣ ਵਾਲੇ ਸ਼ਕਤੀਸ਼ਾਲੀ ਮੁਲਕ ਦੇ ਆਪ-ਹੁਦਰੇ ਹਾਕਮ ਟਰੰਪ ਦੇ ਐਨ ਮੂੰਹ 'ਤੇ ਬੋਲੇ ਗਏ ਇਹ ਸ਼ਬਦ, 'ਕੀ ਤੁਸੀਂ ਸਾਡੇ ਦੇਸ਼ ਦੇ ਅਜੋਕੇ ਧਾਰਮਿਕ ਮੁਖੀਆਂ ਤੋਂ - ਜੋ ਦਿਨ ਰਾਤ ਸਾਨੂੰ

**ਅੰਗਰੇਜ਼ੀ ਤੋਂ ਅਨੁਵਾਦ:**
**ਸੁਖਵੰਤ ਹੁੰਦਲ**

ਸਰੀਰ ਦੀ ਨਾਸ਼ਮਾਨਤਾ ਅਤੇ ਆਤਮਾ ਦੀ ਅਮਰਤਾ ਦਾ ਉਪਦੇਸ਼ ਦਿੰਦੇ ਹਨ - ਸਾਡੇ ਤਾਨਾਸ਼ਾਹ ਹੁਕਮਰਾਨ ਦੇ ਮੂੰਹ 'ਤੇ ਉਸ ਦੀ ਐਨੀ ਸਪਸ਼ਟ ਆਲੋਚਨਾ ਕਰਨ ਦੀ ਅਜਿਹੀ ਹਿੰਮਤ ਕਰਨ ਦੀ ਉਮੀਦ ਕਰ ਸਕਦੇ ਹੋ?' ਉਸ ਬੀਬੀ ਦੀ ਨੈਤਿਕ ਹਿੰਮਤ ਤੇ ਦਲੇਰੀ ਦਾ ਨਿਵੇਕਲਾ ਇਜ਼ਹਾਰ ਹਨ!

ਅਮਰੀਕਾ ਦਾ ਪ੍ਰੈਜ਼ੀਡੈਂਟ ਡੌਨਲਡ ਟਰੰਪ ਆਪਣੀ ਪ੍ਰੈਜ਼ੀਡੈਂਸੀ ਦੇ ਪਹਿਲੇ ਦਿਨ ਵਾਸ਼ਿੰਗਟਨ ਸ਼ਹਿਰ ਦੇ ਨੈਸ਼ਨਲ ਕੈਥੀਡਰਲ ਵਿਚ ਗਿਆ। ਇਸ ਸਮੇਂ ਦੌਰਾਨ ਇਸ ਕੈਥੀਡਰਲ ਦੀ ਬਿਸ਼ਪ ਮਰੀਅਮ ਐਡਗਰ ਬਡੀ ਨੇ ਆਪਣੇ ਸੰਦੇਸ਼ ਵਿਚ ਪ੍ਰੈਜ਼ੀਡੈਂਟ ਟਰੰਪ ਨੂੰ ਕਿਹਾ:



'ਮਿਸਟਰ ਪ੍ਰੈਜ਼ੀਡੈਂਟ ਮੈਨੂੰ ਆਖਰੀ ਅਪੀਲ ਕਰਨ ਦੀ ਇਜਾਜ਼ਤ ਦਿਓ। ਕਰੋੜਾਂ ਲੋਕਾਂ ਨੇ ਤੁਹਾਡੇ ਵਿਚ ਭਰੋਸਾ ਜਤਾਇਆ ਹੈ, ਅਤੇ ਜਿਵੇਂ ਤੁਸੀਂ ਕੱਲ੍ਹ ਕੌਮ (ਨੇਸ਼ਨ) ਨੂੰ ਦੱਸਿਆ ਸੀ ਕਿ ਤੁਸੀਂ ਪਿਆਰੇ ਰੱਬ ਦਾ ਮਿਹਰ ਭਰਿਆ ਹੱਥ ਮਹਿਸੂਸ ਕੀਤਾ ਹੈ। ਆਪਣੇ ਰੱਬ ਦੇ ਨਾਂ, ਮੈਂ ਤੁਹਾਨੂੰ ਆਪਣੇ ਦੇਸ਼ ਵਿਚਲੇ ਉਨ੍ਹਾਂ ਲੋਕਾਂ 'ਤੇ ਰਹਿਮ ਕਰਨ ਦੀ ਬੇਨਤੀ ਕਰਦੀ ਹਾਂ, ਜੋ ਡਰੇ ਹੋਏ ਹਨ। ਡੈਮੋਕਰੈਟਿਕ, ਰਿਪਬਲਕਿਨ ਅਤੇ ਆਜ਼ਾਦ ਪਰਿਵਾਰਾਂ ਵਿਚ ਗੇਅ, ਲੈਸਬੀਅਨ ਅਤੇ ਟ੍ਰਾਂਸਜੈਂਡਰ ਬੱਚੇ ਹਨ- ਜਿਨ੍ਹਾਂ ਵਿਚੋਂ ਕੁੱਝ ਨੂੰ ਆਪਣੀਆਂ ਜ਼ਿੰਦਗੀਆਂ ਦਾ ਡਰ ਹੈ। ਉਹ ਲੋਕ ਜਿਹੜੇ ਸਾਡੀਆਂ ਫਸਲਾਂ ਕੱਟਦੇ/ਵੱਢਦੇ/ਚੁਗਦੇ ਹਨ ਅਤੇ ਸਾਡੇ ਦਫਤਰਾਂ ਦੀਆਂ ਬਿਲਡਿੰਗਾਂ ਨੂੰ ਸਾਫ ਕਰਦੇ ਹਨ, ਜਿਹੜੇ ਸਾਡੇ ਪੋਲਟਰੀ ਫਾਰਮਾਂ ਅਤੇ ਮੀਟ-ਪੈਕਿੰਗ ਦੇ ਪਲਾਂਟਾਂ ਵਿਚ ਕੰਮ ਕਰਦੇ ਹਨ, ਜਿਹੜੇ ਸਾਡੇ ਵਲੋਂ ਰੈਸਟੋਰੈਂਟਾਂ ਵਿਚ ਖਾਣ ਤੋਂ ਬਾਅਦ ਭਾਂਡੇ ਧੋਂਦੇ ਹਨ ਅਤੇ ਹਸਪਤਾਲਾਂ ਵਿਚ ਨਾਈਟ ਸ਼ਿਫਟਾਂ ਕਰਦੇ ਹਨ- ਹੋ ਸਕਦਾ ਹੈ ਉਹ ਸਿਟੀਜ਼ਨ ਨਾ ਹੋਣ ਜਾਂ ਉਨ੍ਹਾਂ ਕੋਲ ਸਹੀ ਕਾਗਜ਼ ਨਾ ਹੋਣ, ਪਰ ਬਹੁਗਿਣਤੀ ਇੰਮੀਗ੍ਰੈਂਟ ਮੁਜਰਮ ਨਹੀਂ ਹਨ। ਉਹ ਟੈਕਸ ਦਿੰਦੇ ਹਨ ਅਤੇ ਚੰਗੇ ਗਵਾਂਢੀ ਹਨ। ਉਹ ਸਾਡੀਆਂ ਚਰਚਾਂ ਅਤੇ ਮਸਜਿਦਾਂ, ਸਿਨਾਗੌਗਾਂ, ਗੁਰਦਵਾਰਿਆਂ ਅਤੇ ਮੰਦਿਰਾਂ ਵਿਚ ਵਿਸ਼ਵਾਸ ਕਰਨ ਵਾਲੇ ਮੈਂਬਰ ਹਨ।

ਮਿਸਟਰ ਪ੍ਰੈਜ਼ੀਡੈਂਟ, ਮੈਂ ਤੁਹਾਨੂੰ ਉਨ੍ਹਾਂ ਲੋਕਾਂ 'ਤੇ ਰਹਿਮ ਕਰਨ ਦੀ ਅਪੀਲ ਕਰਦੀ ਹਾਂ, ਜਿਨ੍ਹਾਂ ਦੇ ਬੱਚਿਆਂ ਨੂੰ ਡਰ ਹੈ ਕਿ ਉਨ੍ਹਾਂ ਦੇ ਮਾਪਿਆਂ ਨੂੰ ਚੁੱਕ ਲਿਆ ਜਾਵੇਗਾ, ਅਤੇ ਉਨ੍ਹਾਂ ਲੋਕਾਂ ਦੀ ਮਦਦ ਕਰਨ ਦੀ ਅਪੀਲ ਕਰਦੀ ਹਾਂ ਜਿਹੜੇ ਆਪਣੇ ਦੇਸ਼ਾਂ ਵਿਚ ਲੱਗੀਆਂ ਜੰਗਾਂ ਅਤੇ ਜ਼ੁਲਮ ਤੋਂ ਭੱਜ ਕੇ ਇੱਥੇ ਦਇਆ ਲਈ ਆਉਂਦੇ ਹਨ। ਸਾਡਾ ਰੱਬ ਸਾਨੂੰ ਸਿਖਾਉਂਦਾ ਹੈ ਕਿ ਅਸੀਂ ਅਜਨਬੀਆਂ 'ਤੇ ਰਹਿਮ ਕਰੀਏ, ਕਿਉਂਕਿ ਕਿਸੇ ਸਮੇਂ ਅਸੀਂ ਵੀ ਇਸ ਧਰਤੀ 'ਤੇ ਅਜਨਬੀ ਸਾਂ। ਕਾਮਨਾ ਕਰਦੀ ਹਾਂ ਕਿ ਰੱਬ ਸਾਨੂੰ ਹਰ ਇਕ ਇਨਸਾਨ ਦੇ ਸਵੈਮਾਣ ਦੀ ਇੱਜ਼ਤ ਕਰਨ, ਪਿਆਰ ਨਾਲ ਇਕ ਦੂਸਰੇ ਅੱਗੇ ਸੱਚ ਬੋਲਣ, ਅਤੇ ਇਸ ਮੁਲਕ ਅਤੇ ਸਮੁੱਚੀ ਦੁਨੀਆ ਦੇ ਸਾਰੇ ਲੋਕਾਂ ਦੀ ਭਲਾਈ ਲਈ ਇਕ ਦੂਸਰੇ ਨਾਲ ਅਤੇ ਆਪਣੇ ਰੱਬ ਨਾਲ ਨਿਰਮਾਣਤਾ ਨਾਲ ਤੁਰਨ ਲਈ ਤਾਕਤ ਅਤੇ ਹੌਂਸਲਾ ਦੇਵੇ।' ਅਮੀਨ।

# ਡਾ. ਮਨਮੋਹਨ ਸਿੰਘ ਦਾ ਆਰਥਿਕ ਦ੍ਰਿਸ਼ਟੀਕੋਣ

ਭੇਟ ਕਰਦਿਆਂ ਜਿਸ ਬਿਰਤਾਂਤ ਨੂੰ ਪ੍ਰਮੁੱਖਤਾ ਨਾਲ ਪ੍ਰਚਾਰਿਆ ਗਿਆ, ਉਹ ਸੀ ਉਨ੍ਹਾਂ ਵੱਲੋਂ 1991 ਦੇ ਭਾਰਤ ਦੇ ਆਰਥਿਕ ਉਦਾਰੀਕਰਨ 'ਚ ਨਿਰਮਾਤਾ ਵਜੋਂ ਪਾਇਆ ਸਭ ਤੋਂ ਮਹੱਤਵਪੂਰਨ ਹਿੱਸਾ। ਇਹ ਬਿਰਤਾਂਤ ਕਈ ਪੱਖਾਂ ਤੋਂ ਅਧੂਰਾ ਹੈ। ਪਹਿਲੀ ਗੱਲ ਤਾਂ ਇਹ ਕਿ ਭਾਰਤ ਵਿਚ ਪੈਸੇ ਦੀ ਆਮਦੋ-ਰਫਤ (ਬੈਲੇਂਸ ਆਫ ਪੇਅਮੈਂਟ) ਸੰਕਟ ਦੇ ਮੱਦੇਨਜ਼ਰ ਜੁਲਾਈ 1991 ਵਿਚ ਲਾਂਚ ਕੀਤਾ ਗਿਆ 'ਆਰਥਿਕ



**ਪ੍ਰੋ. ਪ੍ਰੀਤਮ ਸਿੰਘ**
**ਫੋਨ: +44-7922-657-957**

ਉਦਾਰੀਕਰਨ ਪ੍ਰੋਗਰਾਮ' ਪੱਕੇ ਤੌਰ 'ਤੇ ਅਜਿਹਾ ਉਦਾਰੀਕਰਨ ਪ੍ਰੋਗਰਾਮ ਸੀ, ਜਿਹੜਾ ਆਈਐਮਐਫ-ਵਿਸ਼ਵ ਬੈਂਕ ਤੋਂ ਕਰਜ਼ਾ ਮੰਗਣ ਵਾਲੇ ਕਿਸੇ ਵੀ ਮੁਲਕ ਨੂੰ ਅਪਨਾਉਣਾ ਪੈਂਦਾ ਹੈ। ਤਤਕਾਲੀ ਪ੍ਰਧਾਨ ਮੰਤਰੀ ਪੀਵੀ ਨਰਸਿਮਹਾ ਰਾਓ ਨੇ ਭਾਰਤ ਨੂੰ ਅਦਾਇਗੀਆਂ 'ਚ ਅਸਫਲ ਹੋਣ ਤੋਂ ਬਚਾਉਣ ਲਈ ਆਈਐਮਐਫ ਦੇ ਕਰਜ਼ੇ ਦੀਆਂ ਸ਼ਰਤਾਂ ਨੂੰ ਸਵੀਕਾਰ ਕੀਤਾ ਸੀ। ਦੂਜਾ, ਮਨਮੋਹਨ ਸਿੰਘ ਨੇ 2004-2014 ਤਕ ਪ੍ਰਧਾਨ ਮੰਤਰੀ ਹੁੰਦਿਆਂ ਆਦਰਸ਼ ਆਈਐਮਐਫ-'ਵਿਸ਼ਵ ਬੈਂਕ ਪ੍ਰੋਗਰਾਮ' ਵਿਚ ਮਹੱਤਵਪੂਰਨ ਸਮਾਨਤਾਵਾਦੀ ਸੁਧਾਰ ਕੀਤੇ, ਜੋ ਸੁਧਾਰ ਆਈਐਮਐਫ ਤੋਂ ਕਰਜ਼ਾ ਮੰਗਣ ਵਾਲਾ ਦੁਨੀਆ ਦਾ ਕੋਈ ਹੋਰ ਮੁਲਕ ਕਦੇ ਵੀ ਕਰਨ ਦੇ ਯੋਗ ਨਹੀਂ ਹੋ ਸਕਿਆ। ਮਨਮੋਹਨ ਸਿੰਘ ਆਰਥਿਕ ਨੀਤੀਘਾੜੇ ਵਜੋਂ ਆਪਣੇ ਬੌਧਿਕ ਪੱਧਰ ਕਰ ਕੇ ਇਸ ਨੂੰ ਸਿਰੇ ਚੜ੍ਹਾ ਸਕੇ, ਜਿਸ ਨੂੰ ਆਈਐਮਐਫ ਤੇ ਵਿਸ਼ਵ ਬੈਂਕ ਨੇ ਸਤਿਕਾਰਿਆ ਤੇ ਮੰਨਿਆ ਵੀ। ਤੀਜਾ, ਮਨਮੋਹਨ ਸਿੰਘ ਨੇ ਇੰਦਰਾ ਗਾਂਧੀ ਦੇ ਸ਼ਾਸਨ ਕਾਲ ਦੌਰਾਨ ਆਰ ਬੀ ਆਈ ਮੁਖੀ ਵਜੋਂ ਪ੍ਰਾਈਵੇਟ ਬੈਂਕਾਂ ਦੇ ਕੌਮੀਕਰਨ ਦੀ ਸਰਗਰਮੀ ਨਾਲ ਹਮਾਇਤ ਕੀਤੀ ਸੀ। ਵੈਸੇ, ਉਹ ਕੋਈ ਨਿੱਜੀਕਰਨ ਦੇ ਹਮਾਇਤੀ ਨਹੀਂ ਸਨ ਪਰ ਆਰਥਿਕ ਨੀਤੀ ਦੀ ਮੰਗ ਦੇ ਪ੍ਰਸੰਗ 'ਚ ਅੱਗੇ ਵਧ ਰਹੇ ਸਨ। ਚੌਥਾ, ਉਨ੍ਹਾਂ ਦੇ ਆਰਥਿਕ ਦ੍ਰਿਸ਼ਟੀਕੋਣ 'ਤੇ ਕੈਂਬਰਿਜ ਅਤੇ ਆਕਸਫੋਰਡ ਵਿਚ ਪੜ੍ਹਿਆ ਅਰਥਸ਼ਾਸਤਰ ਦਾ ਕੇਅਨਜ਼ੀਅਨ ਮਾਡਲ ਭਾਰੂ ਸੀ, ਜਿਸ ਨੇ ਇਸ ਨਜ਼ਰੀਏ ਨੂੰ ਅਕਾਰ ਦਿੱਤਾ, ਇਸ ਦੇ ਨਾਲ ਹੀ ਉਹ ਗੁਰੂ ਨਾਨਕ ਦੀਆਂ ਸਮਾਨਤਾਵਾਦੀ ਸਿੱਖਿਆਵਾਂ ਤੋਂ ਵੀ ਪ੍ਰਭਾਵਿਤ ਸਨ। ਉਨ੍ਹਾਂ ਦੇ ਆਰਥਿਕ ਨਜ਼ਰੀਏ 'ਤੇ ਸਿੱਖ ਪਾਲਣ-ਪੋਸ਼ਣ ਦੇ ਸ਼ੁਰੂ ਤੋਂ ਰਹੇ ਅਸਰ ਬਾਰੇ ਬਹੁਤੇ ਲੋਕ ਖਾਸ ਤੌਰ 'ਤੇ ਅਰਥ-ਸ਼ਾਸਤਰੀ ਜਾਣੂ ਨਹੀਂ ਹਨ।

ਜਦੋਂ ਉਹ ਕੈਂਬਰਿਜ ਅਤੇ ਆਕਸਫੋਰਡ 'ਚ ਪੜ੍ਹਦੇ ਸਨ, ਉਹ ਜੰਗ ਤੋਂ ਬਾਅਦ ਦਾ ਪੂੰਜੀਵਾਦ ਦਾ ਦੌਰ ਸੀ, ਜਿਸ 'ਤੇ ਕੇਅਨਜ਼ੀਅਨ ਵਿਚਾਰਧਾਰਾ ਭਾਰੂ ਸੀ। ਕੇਅਨਜ਼ੀਅਨਵਾਦ, 'ਨੀਓ-ਕਲਾਸੀਕਲ' ਅਰਥਸ਼ਾਸਤਰ ਦਾ ਆਲੋਚਕ ਸੀ। ਆਰਥਿਕ ਅਸਮਾਨਤਾ ਦੂਰ ਕਰਨ 'ਚ 'ਨੀਓ-ਕਲਾਸੀਕਲ' ਅਰਥਸ਼ਾਸਤਰ 'ਤੇ ਪੱਕਾ ਵਿਸ਼ਵਾਸ ਰੱਖਣ ਵਾਲਿਆਂ ਨੂੰ 1929-33 ਦੀ ਵੱਡੀ ਮੰਦੀ ਨੇ ਮਾਰੂ ਝਟਕਾ ਦਿੱਤਾ। ਵਿਆਪਕ ਬੇਰੁਜ਼ਗਾਰੀ ਤੇ ਘੱਟ ਉਜਰਤਾਂ ਕਰ ਕੇ ਮੰਗ ਦੇ ਘਟਣ ਨਾਲ 'ਨੀਓ-ਕਲਾਸੀਕਲ' ਅਰਥਸ਼ਾਸਤਰ ਮਾਡਲ 'ਤੇ ਟਿਕਿਆ ਪੂੰਜੀਕਰਨ ਦਾ ਮੰਡੀ ਆਧਾਰਿਤ ਨਮੂਨਾ ਢਹਿ-ਢੇਰੀ ਹੋ ਗਿਆ। ਬਾਜ਼ਾਰ 'ਚ ਸਰਕਾਰੀ ਦਖ਼ਲ ਨਾਲ ਕਲਿਆਣਕਾਰੀ ਅਰਥਸ਼ਾਸਤਰ ਨੂੰ ਲਾਗੂ ਕਰਨਾ ਅਤੇ ਗ਼ਰੀਬਾਂ ਦੀ ਖ਼ਰੀਦ ਸ਼ਕਤੀ ਵਧਾਉਣ ਲਈ ਆਮਦਨ ਦੀ ਪੁਨਰ ਵੰਡ ਕਰਨਾ, ਇਹ ਸਭ ਮੰਡੀ 'ਤੇ ਨਿਰਭਰਤਾ ਘਟਾਉਣ ਬਾਰੇ ਕੇਅਨਜ਼ੀਅਨ ਮਾਡਲ 'ਚ ਕੀਤੇ ਗਏ ਖੰਡਨ ਦੀ ਸਪੱਸ਼ਟ ਵਿਆਖਿਆ ਸੀ। ਇਸ ਦਾ ਮਨਮੋਹਨ ਸਿੰਘ ਉੱਤੇ ਬਹੁਤ ਡੂੰਘਾ ਅਸਰ ਹੋਇਆ।

ਉਨ੍ਹਾਂ ਦੇ ਆਲਮੀ ਦ੍ਰਿਸ਼ਟੀਕੋਣ 'ਤੇ ਸਿੱਖ ਧਰਮ ਦੇ ਪ੍ਰਭਾਵ ਬਾਰੇ ਮੇਰੀ ਸਮਝ, ਕੈਂਬਰਿਜ ਯੂਨੀਵਰਸਿਟੀ ਦੇ ਮਰਹੂਮ ਪ੍ਰੋਫੈਸਰ ਅਜੀਤ ਸਿੰਘ ਨਾਲ ਹੋਈਆਂ ਚਰਚਾਵਾਂ ਅਤੇ 2019 'ਚ ਡਾ. ਮਨਮੋਹਨ ਸਿੰਘ ਤੇ ਉਨ੍ਹਾਂ ਦੀ ਪਤਨੀ ਗੁਰਸ਼ਰਨ ਕੌਰ ਨਾਲ ਉਨ੍ਹਾਂ ਦੇ ਘਰ ਬਿਤਾਏ ਸਮੇਂ ਵਿਚੋਂ ਬਣੀ। ਸਾਲ 2019 ਦਾ ਮੇਰਾ ਦੌਰਾ ਸ੍ਰੀ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਦੇ ਕੌਮਾਂਤਰੀ ਪੱਧਰ 'ਤੇ ਮਨਾਏ ਜਾ ਰਹੇ ਜਸ਼ਨਾਂ ਮੌਕੇ ਹੋਇਆ ਸੀ। ਮੈਨੂੰ ਦਿੱਲੀ ਦੇ ਭਾਈ ਵੀਰ ਸਿੰਘ ਸਾਹਿਤ ਸਦਨ ਵਿਚ 'ਗੁਰੂ ਨਾਨਕ ਤੇ ਵਾਤਾਵਰਨ' ਵਿਸ਼ੇ ਉੱਤੇ ਭਾਸ਼ਣ ਦੇਣ ਲਈ



**ਡਾ. ਮਨਮੋਹਨ ਸਿੰਘ ਦੀ ਆਪਣੀ ਪਤਨੀ ਤੇ ਧੀ ਨਾਲ ਇਕ ਪੁਰਾਣੀ ਤਸਵੀਰ।**

ਸੱਦਿਆ ਗਿਆ ਸੀ, ਜਿਸ ਦੇ ਡਾ. ਮਨਮੋਹਨ ਸਿੰਘ ਪ੍ਰਧਾਨ ਸਨ।

ਡਾ. ਮਨਮੋਹਨ ਸਿੰਘ ਦੇ ਕਰੀਬੀ ਦੋਸਤ ਡਾ. ਅਜੀਤ ਸਿੰਘ ਕੈਂਬਰਿਜ ਦੇ ਅਰਥਸ਼ਾਸਤਰ ਵਿਭਾਗ ਦੀ ਮੋਹਰੀ ਹਸਤੀ ਸਨ, ਉਹ ਸੰਸਥਾ ਜੋ 'ਨੀਓ-ਕਲਾਸੀਕਲ' ਅਰਥਸ਼ਾਸਤਰ ਮਾਡਲ ਦੀ ਆਲੋਚਕ ਸੀ। ਇਹ ਤੱਥ ਕਿ ਡਾ. ਮਨਮੋਹਨ ਸਿੰਘ ਦੇ ਡਾ. ਅਜੀਤ ਸਿੰਘ ਵਰਗੇ ਆਈਐਮਐਫ-ਵਿਸ਼ਵ ਬੈਂਕ ਨੀਤੀ ਦੇ ਤਿੱਖੇ ਆਲੋਚਕ ਨਾਲ ਐਨੇ ਕਰੀਬੀ ਰਿਸ਼ਤੇ ਸਨ, ਦਰਸਾਉਂਦਾ ਹੈ ਕਿ ਆਰਥਿਕ ਸਿਧਾਂਤ ਅਤੇ ਨੀਤੀ ਨਿਰਧਾਰਨ 'ਤੇ ਮਨਮੋਹਨ ਸਿੰਘ ਦੀ ਪਹੁੰਚ ਕਿੰਨੀ ਗੁੰਝਲਦਾਰ ਸੀ। ਅਜੀਤ ਸਿੰਘ ਤੇ ਮੈਂ ਮਨਮੋਹਨ ਸਿੰਘ ਨੂੰ ਗ਼ੈਰ-ਰਵਾਇਤੀ ਪਹੁੰਚ ਰੱਖਣ ਵਾਲਾ ਅਰਥਸ਼ਾਸਤਰੀ ਮੰਨਦੇ ਸੀ, ਜੋ ਵਿੱਤੀ ਸਿਧਾਂਤ ਤੇ ਨੀਤੀ ਘੜਨ ਲੱਗਿਆਂ ਕਈ ਬਦਲ ਖੁੱਲ੍ਹੇ ਰੱਖਦਾ ਸੀ।

ਗ਼ੈਰ-ਰਵਾਇਤੀ ਅਰਥਸ਼ਾਸਤਰ ਨਾ ਕੇਵਲ 'ਨੀਓ-ਕਲਾਸੀਕਲ' ਵਿਸ਼ਲੇਸ਼ਣ ਦੇ ਪੈਮਾਨਿਆਂ ਨੂੰ ਪੂਰੀ ਤਰ੍ਹਾਂ ਨਕਾਰਦਾ ਹੈ, ਬਲਕਿ ਨਿਰੋਲ ਰਵਾਇਤੀ ਅਰਥਸ਼ਾਸਤਰ 'ਤੇ ਹੀ ਟੇਕ ਰੱਖਣ ਦੀ ਆਲੋਚਨਾ ਕਰਦਿਆਂ ਅਰਥਸ਼ਾਸਤਰ ਦੇ ਹੋਰਨਾਂ ਨਮੂਨਿਆਂ ਨੂੰ ਪਰਖਣ ਦੀ ਗੱਲ ਵੀ ਕਰਦਾ ਹੈ, ਜਿਵੇਂ ਮਾਰਕਸਵਾਦੀ, ਕੇਅਨਜ਼ੀਅਨ, ਸੰਸਥਾਈ ਤੇ ਹੋਰ। ਡਾ. ਮਨਮੋਹਨ ਸਿੰਘ ਇਸ ਤਰ੍ਹਾਂ ਦੀ ਪਹੁੰਚ ਰੱਖਣ ਵਾਲੇ ਅਰਥਸ਼ਾਸਤਰੀਆਂ ਤੇ ਚਿੰਤਕਾਂ ਨਾਲ ਨਿੱਜੀ ਤੌਰ 'ਤੇ ਅਤੇ ਪੇਸ਼ੇਵਰ ਰੂਪ ਵਿਚ ਮਿਲਦੇ ਰਹਿੰਦੇ ਸਨ।

ਇਹ ਵਿਆਪਕ ਗ਼ੈਰ-ਰਵਾਇਤੀ ਵਿਚਾਰਧਾਰਾ, ਮੰਡੀ ਆਧਾਰਿਤ ਤੰਗ ਸੋਚ 'ਤੋਂ ਕਿਤੇ ਦੂਰ ਤੱਕ ਮਾਰ ਕਰਦੀ ਹੈ। ਕੌਮੀ ਦਿਹਾਤੀ ਰੁਜ਼ਗਾਰ ਗਰੰਟੀ ਕਾਨੂੰਨ-2005 (ਨਰੇਗਾ) ਜਿਹੀਆਂ ਕਲਿਆਣਕਾਰੀ ਯੋਜਨਾਵਾਂ ਵਿਚ ਇਹ ਨਜ਼ਰ ਵੀ ਆਉਂਦਾ ਹੈ, ਜਿਸ ਨੇ ਪੇਂਡੂ ਗ਼ਰੀਬ ਤਬਕੇ ਨੂੰ ਕੰਮ ਦਿੱਤਾ। ਇਹ ਬੇਮਿਸਾਲ ਸਮਾਨਤਾਵਾਦੀ ਯੋਜਨਾ ਸੀ, ਜਿਸ ਨੇ ਬਾਜ਼ਾਰ ਦੀ ਕਾਰਜਪ੍ਰਣਾਲੀ ਦੇ ਠੰਢੇ ਤਰਕ ਨੂੰ ਖਾਰਜ ਕੀਤਾ। ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨਾ ਵੀ ਇਸੇ ਤਰ੍ਹਾਂ ਦਾ ਉੱਦਮ ਸੀ। ਖਾਸ ਤੌਰ 'ਤੇ ਦਿਹਾਤੀ ਇਲਾਕਿਆਂ ਵਿਚ ਸਿੱਖਿਆ ਫੈਲਾਉਣ ਅਤੇ ਗ਼ਰੀਬ ਤਬਕੇ ਨੂੰ ਮਜ਼ਬੂਤ ਕਰਨ ਲਈ ਕੰਮ ਕਰ ਰਹੇ ਗ਼ੈਰ-ਸਰਕਾਰੀ ਸੰਗਠਨਾਂ ਤੇ ਸਮਾਜਿਕ ਕਾਰਕੁਨਾਂ ਦੀ ਮਦਦ ਤੇ ਸਵਾਗਤ ਕੀਤਾ ਗਿਆ। ਡਾ. ਮਨਮੋਹਨ ਸਿੰਘ ਇਸ ਚੀਜ਼ ਤੋਂ ਪੂਰੀ ਤਰ੍ਹਾਂ ਜਾਣੂ ਸਨ ਕਿ ਉਦਾਰੀਕਰਨ ਦੀਆਂ ਨੀਤੀਆਂ ਨੇ ਜੀਡੀਪੀ ਦਰ ਨੂੰ ਹੁਲਾਰਾ ਦਿੱਤਾ ਹੈ, ਪਰ ਇਸ ਤਰੱਕੀ ਦਾ ਲਾਭ ਜ਼ਿਆਦਾ ਅਮੀਰ ਕਾਰਪੋਰੇਟ ਅਦਾਰਿਆਂ ਨੂੰ ਮਿਲਿਆ ਹੈ- ਜਿਸ ਕਾਰਨ ਅਸਮਾਨਤਾ ਵਧੀ ਹੈ ਤੇ ਇਸ ਨੂੰ ਘਟਾਉਣ ਲਈ ਸਰਕਾਰੀ ਦਖ਼ਲ ਦੀ ਲੋੜ ਹੈ।

ਅਤਿ ਬੁੱਧੀਮਾਨ ਸ਼ਖ਼ਸ ਦੀ ਇਹ ਨਿਸ਼ਾਨੀ ਹੁੰਦੀ ਹੈ ਕਿ ਉਹ ਆਪਣੇ ਗਿਆਨ ਦੀਆਂ ਸੀਮਾਵਾਂ ਨੂੰ ਮੰਨਦਾ ਹੋਵੇ। ਮਨਮੋਹਨ ਸਿੰਘ ਦੇ ਘਰ ਜਾਣ ਮੌਕੇ ਜਦੋਂ ਮੈਂ ਭਾਰਤ ਦੇ ਬਾਕੀ ਸੰਸਾਰ 'ਚ ਫੈਲ ਰਹੀਆਂ ਦੋ ਵੱਡੀਆਂ ਸਮੱਸਿਆਵਾਂ- ਅਸਮਾਨਤਾ ਤੇ ਵਾਤਾਵਰਨ ਵਿਨਾਸ਼ 'ਤੇ ਆਪਣੇ ਵਿਚਾਰ ਰੱਖੇ ਤਾਂ ਉਨ੍ਹਾਂ ਮੰਨਿਆ ਕਿ ਵਾਤਾਵਰਨ ਨਾਲ ਸਬੰਧਿਤ ਅਰਥਸ਼ਾਸਤਰ ਤੋਂ ਉਹ ਪੂਰੀ ਤਰ੍ਹਾਂ ਜਾਣੂ ਨਹੀਂ ਹੋ ਸਕੇ ਹਨ। ਮੈਨੂੰ ਵਿਸ਼ਵ ਪ੍ਰਸਿੱਧ ਆਰਥਿਕ ਸਿਧਾਂਤਵਾਦੀ ਅਮ੍ਰਿਤਿਆ ਸੇਨ ਦਾ ਚੇਤਾ ਆਇਆ, ਜਿਨ੍ਹਾਂ ਇੱਕ ਵਾਰ ਕਿਹਾ ਸੀ ਕਿ ਵਿੱਤੀ ਪੂੰਜੀਵਾਦ ਦਾ ਨਵਾਂ ਦੌਰ ਉਨ੍ਹਾਂ ਨੂੰ ਸਮਝ ਨਹੀਂ ਆਇਆ ਜੋ ਹੁਣ ਆਲਮੀ ਪੱਧਰ 'ਤੇ ਪਹਿਲਾਂ ਦੇ ਉਦਯੋਗਕ ਪੂੰਜੀਵਾਦ ਨਾਲੋਂ ਵੱਧ ਦਬਦਬਾ ਰੱਖਦਾ ਹੈ।

ਪਰਤਣ ਲੱਗਿਆਂ ਮੈਂ ਉਨ੍ਹਾਂ ਨੂੰ ਆਪਣੀ ਕਿਤਾਬ 'ਫੈਡਰਲਿਜ਼ਮ, ਨੈਸ਼ਨਲਿਜ਼ਮ ਤੇ ਡਿਵੈਲਪਮੈਂਟ: ਇੰਡੀਅਨ ਐਂਡ ਦਿ ਪੰਜਾਬ ਇਕਾਨਮੀ' ਦੀ ਕਾਪੀ ਭੇਟ ਕੀਤੀ। ਉਨ੍ਹਾਂ ਆਪਣੇ ਮੇਜ 'ਤੇ ਪਈਆਂ ਕਿਤਾਬਾਂ 'ਤੇ ਇਸ ਨੂੰ ਸਭ ਤੋਂ ਉੱਤੇ ਰੱਖ ਦਿੱਤਾ ਅਤੇ ਜਲਦੀ ਤੋਂ ਜਲਦੀ ਇਸ ਨੂੰ ਪੜ੍ਹਨ ਦਾ ਵਾਅਦਾ ਕੀਤਾ।

ਸਾਲ ਬਾਅਦ ਮੈਂ ਫਿਰ ਉਨ੍ਹਾਂ ਨੂੰ ਕਿਸੇ ਅਕਾਦਮਿਕ ਕਾਨਫਰੰਸ ਵਿਚ ਮਿਲਿਆ। ਸਾਡੀ ਗੱਲਬਾਤ ਭਾਵੇਂ ਸੰਖੇਪ ਜਿਹੀ ਸੀ, ਪਰ ਉਹ ਅਜੇ ਪੂਰੇ ਜੋਸ਼ 'ਚ ਸਨ। ਮੈਂ ਉਨ੍ਹਾਂ ਨਾਲ ਈਮੇਲ 'ਤੇ ਗੱਲਬਾਤ ਜਾਰੀ ਰੱਖੀ ਪਰ ਉਨ੍ਹਾਂ ਦੇ ਜਵਾਬ ਪਹਿਲਾਂ ਨਾਲੋਂ ਵੱਧ ਸੰਖੇਪ ਹੁੰਦੇ ਗਏ।

ਉਨ੍ਹਾਂ ਨੂੰ ਬੌਧਿਕ ਯੋਗਤਾ ਵਾਲੇ ਅਜਿਹੇ ਪ੍ਰਧਾਨ ਮੰਤਰੀ ਵਜੋਂ ਯਾਦ ਰੱਖਿਆ ਜਾਵੇਗਾ ਜਿਸ ਦਾ ਸੰਸਾਰ ਸਤਿਕਾਰ ਕਰਦਾ ਸੀ, ਜਿਸ ਦੀ ਇਮਾਨਦਾਰੀ ਦਾ ਦੁਨੀਆ 'ਚ ਕੋਈ ਹੋਰ ਨੇਤਾ ਸਾਨੀ ਨਹੀਂ ਸੀ ਤੇ ਜਿਹੜਾ ਪੂੰਜੀਵਾਦੀ ਤੰਤਰ ਦੀਆਂ ਸੀਮਾਵਾਂ ਅੰਦਰ ਅਰਥਚਾਰੇ ਨੂੰ ਦ੍ਰਿੜਤਾ ਨਾਲ ਚਲਾਉਂਦਾ ਰਿਹਾ ਅਤੇ ਨਾਲ ਹੀ ਸਮਾਜਿਕ ਤੌਰ 'ਤੇ ਪਛੜੇ ਵਰਗ ਦੀ ਮਜ਼ਬੂਤੀ ਲਈ ਕੋਸ਼ਿਸ਼ਾਂ ਵੀ ਕਰਦਾ ਰਿਹਾ।

***ਲੇਖਕ ਆਕਸਫੋਰਡ ਬਰੂਕਸ ਬਿਜ਼ਨਸ ਸਕੂਲ, ਆਕਸਫੋਰਡ (ਯੂ.ਕੇ.) ਦੇ ਪ੍ਰੋਫੈਸਰ ਐਮੀਰੇਟਸ ਹਨ।**

# ਧਰਮ ਦੀ ਖਾਤਰ ਸ਼ਹੀਦੀ ਜਾਮ ਪੀਣ ਵਾਲਾ- ਵੀਰ ਹਕੀਕਤ ਰਾਇ

ਵੀਰ ਹਕੀਕਤ ਰਾਏ ਦਾ ਜਨਮ 22 ਮੱਘਰ ਸੰਨ 1716 ਈਸਵੀ ਵਿਚ ਪਿਤਾ ਸ੍ਰੀ ਭਾਗਮਲ ਦੇ ਘਰ ਮਾਤਾ ਕੌਰਾਂ ਦੀ ਕੁੱਖੋਂ ਹੋਇਆ। ਉਨ੍ਹਾਂ ਦੇ ਦਾਦੇ ਦਾ ਨਾਂ ਸ੍ਰੀ ਨੰਦ ਲਾਲ ਅਤੇ ਪਿਛੋਂ ਕਸੂਰ (ਪਾਕਿ) ਦੇ ਰਹਿਣ ਵਾਲੇ ਸਨ, ਪਰ ਪਠਾਨਾਂ ਦੇ ਜ਼ੁਲਮ ਤੋਂ ਤੰਗ ਆ ਕੇ ਸਿਆਲਕੋਟ ਆ ਗਏ। ਇਕ ਦਿਨ ਅਚਾਨਕ ਕੁਝ ਮੁਸਲਮਾਨ ਬੱਚੇ ਵੀਰ ਹਕੀਕਤ ਰਾਏ ਨਾਲ ਲੜ ਪਏ। ਬੱਚਿਆਂ ਦੀ ਲੜਾਈ ਗਾਲੀ-ਗਲੋਚ 'ਤੋਂ ਹੋਈ। ਇਸ ਦੌਰਾਨ

**ਬਲਵਿੰਦਰ ਬਾਲਮ**
**ਫੋਨ: 98156-25409**

ਇੱਕ ਮੁੱਲਾਂ ਉਥੋਂ ਦੀ ਲੰਘ ਰਿਹਾ ਸੀ, ਉਸ ਨੇ ਝਗੜੇ ਦਾ ਕਾਰਨ ਪੁੱਛਿਆ। ਮੁਸਲਮਾਨ ਲੜਕਿਆਂ ਨੇ ਕਿਹਾ ਇਸ ਨੇ ਫਾਤਮਾ ਦਾ ਨਾਂਅ ਲੈ ਕੇ ਗਾਲ੍ਹਾਂ ਕੱਢੀਆਂ ਹਨ। ਕਿਉਂ ਬਾਲਕ, ਤੂੰ ਬੀਬੀ ਫਾਤਮਾ ਨੂੰ ਗਾਲ੍ਹਾਂ ਕੱਢੀਆਂ ਹਨ, ਮੁਫਤੀ ਨੇ ਪੁੱਛਿਆ। ਵੀਰ ਹਕੀਕਤ ਰਾਏ ਨੇ ਕਿਹਾ, ਪਹਿਲਾਂ ਇਨ੍ਹਾਂ ਮੁੰਡਿਆਂ ਨੇ ਦੁਰਗਾ ਭਵਾਨੀ ਨੂੰ ਗਾਲ੍ਹਾਂ ਕੱਢੀਆਂ ਹਨ। ਮੁਫਤੀ ਨੇ ਜ਼ੋਰ ਦੇ ਕੇ ਕਿਹਾ, ਮੈਂ ਸਿਰਫ ਇਹ ਪੁੱਛਣਾ ਚਾਹੁੰਦਾ ਹਾਂ ਕਿ ਤੂੰ ਗਾਲ੍ਹਾਂ ਕੱਢੀਆਂ ਸਨ। ਮੈਂ ਫਿਰ ਤੈਨੂੰ ਇਹੋ ਪੁੱਛਣਾ ਚਾਹੁੰਦਾ ਹਾਂ ਕਿ ਤੂੰ ਗਾਲ੍ਹੀ ਪਹਿਲਾਂ ਕੱਢੀ ਜਾਂ ਪਿੱਛੋਂ? 'ਪਿੱਛੋਂ' ਮੈਂ ਉਦਾਂ ਹੀ ਆਖਿਆ ਜਿੱਦਾਂ ਮੁੰਡਿਆਂ ਮੇਰੀ ਭਵਾਨੀ ਨੂੰ ਆਖਿਆ ਸੀ। ਜੁਰਮ ਇਕਬਾਲ ਏ ਇੰਦੀ ਸਜ਼ਾ ਸਿਰਫ ਇਕੋ ਹੀ ਏ...ਕਬੂਲ ਇਸਲਾਮ। ਅਗਰ ਮੁਜਰਮ ਇਨਕਾਰੀ ਹੈ ਤਾਂ ਗਰਦਨਜ਼ਨੀ ਕੀਤੀ ਜਾਏ। ਇਹ ਗੱਲ ਸੁਣ ਕੇ ਸਾਰੇ ਇਲਾਕੇ ਵਿਚ ਹਾ-ਹਾ-ਕਾਰ ਮੱਚ ਗਈ। ਹਕੀਕਤ ਰਾਏ ਨੂੰ ਫੜ ਲਿਆ ਗਿਆ। ਉਸ ਦੀ ਮਾਤਾ ਕੌਰਾਂ ਆਪਣੇ ਪੁੱਤਰ ਦੀ ਜਾਨ ਬਖ਼ਸ਼ੀ ਲਈ ਵਾਸਤੇ ਪਾਉਣ ਲਗੀ। ਸਿਆਲਕੋਟ ਦੀ ਭਰੀ ਕਚਹਿਰੀ ਵਿਚ ਮਾਤਾ ਕੌਰਾਂ ਝੋਲੀ ਅੱਡੀ ਕਹਿ ਰਹੀ ਸੀ-ਮੇਰੀ ਸਾਰੀ ਦੌਲਤ, ਮੇਰਾ ਮਕਾਨ, ਮੇਰੀ ਜਾਇਦਾਦ, ਸਭ ਕੁਝ ਲੈ ਲਉ ਤੇ ਮੇਰੇ ਅੱਖਾਂ ਦੇ ਨੂਰ, ਮੇਰੇ ਲਾਡਲੇ ਨੂੰ ਬਖ਼ਸ਼ ਦਿਉ। ਜੇ ਇਹ ਕਸੂਰਵਾਰ ਏ ਤਾਂ ਮੈਂ ਮਾਫ਼ੀ ਮੰਗਦੀ ਹਾਂ। ਮੇਰਾ ਇਕੋ-ਇਕ ਇਹੋ ਹੀ ਲਾਡਲਾ ਏ। ਮੈਨੂੰ ਅੱਖੋਂ ਅੰਨਿਆਂ ਨਾ ਕਰੋ ਮੁਫ਼ਤੀ ਸਾਹਿਬ, ਤੁਸੀਂ ਵੀ ਬਾਲ-ਬੱਚਿਆਂ ਵਾਲੇ "।

ਪਰ ਕੌਣ ਸੁਣਦਾ ਏ ਨਗਾਰਖਾਨੇ ਵਿਚ ਤਤੀ ਦੀ ਆਵਾਜ਼, ਕਿਸੇ ਨੇ ਵੀ ਗੱਲ ਨਾ ਗੌਲੀ। ਮੁਫ਼ਤੀ ਨੇ ਕੜਕਦੀ ਆਵਾਜ਼ ਵਿਚ ਫਿਰ ਕਿਹਾ, ਕਿਉਂ, ਛੋਕਰੇ, ਤੈਨੂੰ ਇਸਲਾਮ ਕਬੂਲ ਏ?

ਮਜ਼ਹਬ ਬਦਲਿਆ ਨਹੀਂ ਜਾਂਦਾ, ਇਸ ਲਈ ਮੈਂ ਮਜ਼ਹਬ ਬਦਲਣ ਲਈ ਤਿਆਰ ਨਹੀਂ, ਹਕੀਕਤ ਰਾਏ ਦੇ ਤੇਜਸਵੀ ਬੋਲ ਸਨ।

ਇਸ ਦੀ ਜ਼ੁਬਾਨ 'ਚੋਂ ਸਾਜਿਸ਼ ਦੀ ਬੂ ਆਉਂਦੀ ਹੈ, ਹਕੂਮਤ ਲਈ ਕਿਸੇ ਵੇਲੇ ਵੀ ਇਨ ਖ਼ਤਰਨਾਕ ਸਾਬਤ ਹੋ ਸਕਦਾ ਹੈ। ਇਸ ਲਈ ਇਸ ਦੀ ਸਜ਼ਾ ਬਹਾਲ ਰੱਖੀ ਜਾਵੇ।

ਭਾਗਮਲ ਅਤੇ ਉਸ ਦੇ ਕੁੜਮਾਂ ਨੇ ਮੁਫ਼ਤੀ ਦੇ ਕੋਲ ਕਈ ਸਿਫਾਰਸ਼ਾਂ ਖੜ੍ਹੀਆਂ, ਕਈ ਪਤਵੰਤੇ ਤਰਲੇ-ਮਿੰਨਤ ਮਾਰਨ ਲੱਗੇ, ਪਰ ਉਹ ਟੱਸ ਤੋਂ ਮੱਸ ਨਾ ਹੋਇਆ।

ਅਗਲੇ ਦਿਨ ਕਤਲਗਾਹ ਵਿਚ ਫਿਰ ਹਕੀਕਤ ਨੂੰ ਪੁੱਛਿਆ ਗਿਆ, ਕਈ ਲਾਲਚ ਦਿੱਤੇ ਗਏ, ਖ਼ੂਬਸੂਰਤ ਲੜਕੀ, ਚਾਰ ਪਿੰਡ ਜਗੀਰ, ਵਧੀਆ ਅਹੁਦਾ-ਇਹ ਸਭ ਸਰਕਾਰ ਵਲੋਂ ਤੇ ਪੰਜ ਹਜ਼ਾਰ ਮੋਹਰਾਂ ਅਪਣੇ ਵਲੋਂ ਦੇਵਾਂਗਾ...ਤੁਮ ਬਰਖੁਰਦਾਰ...ਇਸਲਾਮ ਕਬੂਲ ਕਰ ਲੋ...ਤੁਮਾਰੀ ਮਾਂ ਕਾ ਦੁੱਖ ਮੈਥੋਂ ਦੇਖਿਆ ਨਹੀਂ ਜਾਂਦਾ...ਮਾਨ ਜਾਓ ਬੇਟਾ-ਮਾਨ ਜਾਓ, ਮੁਫ਼ਤੀ ਵੀ ਤਰਸ ਖਾ ਕੇ ਆਖ ਰਿਹਾ ਸੀ।



ਵੀਰ ਹਕੀਕਤ ਰਾਏ ਨੇ ਅਪਣੇ ਬੁਲੰਦ ਹੌਸਲੇ ਵਿਚ ਕਿਹਾ, ਕੀ ਇਸਲਾਮ ਕਬੂਲ ਕਰ ਲੈਣ ਨਾਲ ਮੌਤ ਨਹੀਂ ਆਏਗੀ? ਮੌਤ ਨੇ ਤਾਂ ਆਉਣਾ ਹੀ ਹੈ। ਹੁਣ ਤਾਂ ਘੋੜੀ ਲੈ ਕੇ ਆਓ...ਜੰਝ ਚੜ੍ਹਨ ਦਿਓ (ਮੌਤ)...ਇਸ ਤੋਂ ਸੁਹਣਾ ਵੇਲਾ ਫਿਰ ਨਹੀਂ ਆਉਣਾ...ਮਾਂ! ਤੂੰ ਸਮਝ ਲਈ ਮਾਂ...ਇਕ ਮੇਰਾ ਮੁੰਡਾ ਸੀ, ਉਹ ਵੀ ਧਰਮ ਦੀ ਖਾਤਿਰ ਕੁਰਬਾਨ ਕਰ ਦਿੱਤਾ। ਹਕੀਕਤ ਧਰਮ ਨਹੀਂ ਛੱਡ ਸਕਦਾ...ਜਾਨ ਦੇ ਸਕਦਾ ਏ...ਮਾਂ! ਮਾਂਵਾਂ ਤਾਂ ਸਿਹਰੇ ਬੰਨ ਕੇ ਟੋਰਦੀਆਂ ਆਈਆਂ...ਖਤਰਾਣੀਆਂ ਤਾਂ ਗਾਨੇ ਬੰਨ੍ਹ ਕੇ ਟੋਰਦੀਆਂ ਹਨ...ਮਾਂ! ਤੇਰੀਆਂ ਅੱਖਾਂ ਵਿਚ ਅਥਰੂ ਨੇ...ਸਾਫ ਕਰ ਦੇਹ ਅਥਰੂ...ਮੇਰਾ ਰਾਹ ਨਾ ਰੋਕ, ਮੰਜ਼ਿਲ...ਬੜੀ ਖ਼ੂਬਸੂਰਤ ਏ...ਮੈਨੂੰ ਅੱਜ ਹੁਲਾਰੇ ਲੈ ਲੈਣ ਦੇ...ਇਹ ਘੋੜੀ ਮੁੜ ਕੇ ਨਹੀਂ ਆਉਣੀ...ਮਾਂ! ਮੇਰੀ ਜੇ ਇਕ ਭਾਬੀ ਹੁੰਦੀ...ਮਹਿੰਦੀ ਭਰੇ ਹੱਥਾਂ ਨਾਲ ਸੁਰਮਾ ਪਾਉਂਦੀ...ਮਾਂ! ਮੇਰੀ ਕੋਈ ਭੈਣ ਵੀ ਨਹੀਂ...ਕਿਸੇ ਗੁਆਂਢਣ ਨੂੰ ਸੱਦ ਲੈ...ਮੇਰੀ ਘੋੜੀ ਦੀਆਂ ਵਾਗਾਂ ਗੁੰਧ ਦੇਵ...ਪਿਤਾ ਜੀ ਨੂੰ ਕਵੋ...ਮੋਹਰਾਂ ਦੀ ਛੋਟ ਕਰਨ...ਪੁੱਤਰ ਘੋੜੀ ਚੜ੍ਹਿਆ ਏ...ਜ਼ਿੰਦਗੀ ਵਿਚ ਇਸ ਤੋਂ ਖ਼ੂਬਸੂਰਤ ਦਿਨ ਕਦੇ ਨਹੀਂ ਚੜਨਾ...ਮਾਂ! ਅਪਨੀ ਨੂੰਹ ਨੂੰ ਆਖੀਂ...ਫਿਰ ਮਿਲਾਂਗੇ...ਮੈਂ ਫਿਰ ਆਵਾਂਗਾ...ਕਰਮਾਂ ਵਾਲੀ ਦੀ ਕੁੱਖ ਵਿਚੋਂ। ਫਿਰ ਸਹੀ...ਪਰਸੋਂ ਬਸੰਤ ਏ...ਫੁੱਲ ਖਿੜੇ ਹਨ...ਮਾਂ! ਤੂੰ ਆਪਣੇ ਵਿਹੜੇ ਵਿਚ ਫੁੱਲ ਲਾ ਛੱਡ...ਸਾਰੀ ਉਮਰ ਮਹਿਕ ਦੇਣਗੇ...ਧਰਮ ਦੀ ਸੱਚੀ-ਸੁੱਚੀ ਪਾਕ-ਪਵਿੱਤਰ ਸ਼ਹੀਦੀ ਦੀ...ਲਾਹ ਲੈਣ ਦੇ ਚਾਅ ਇਨ੍ਹਾਂ ਨੂੰ...ਗਾਂ ਕਸਾਈਆਂ ਦੇ ਹੱਥ ਆ ਗਈ ਹੈ...ਇਹ ਬੁਲਬੁਲਾਂ ਸਦਾ ਬਾਗੀ ਨਹੀਂ ਬੋਲਣਗੀਆਂ...ਅੱਗੇ ਕਿਸੇ ਨੇ ਧਰਮ ਛੱਡਿਆ ਏ, ਜਿਹੜਾ ਮੈਂ ਛੱਡ ਦੇਣਾ।

ਹਕੀਕਤ ਰਾਏ ਮੁਸਕੁਰਾ ਰਿਹਾ ਸੀ, ਉਸ ਦੇ ਚਿਹਰੇ ਤੇ ਇਕ ਜਲੌ ਸੀ, ਇਸ ਅਲੌਕਿਕ ਸ਼ਕਤੀ ਦਾ ਜਲਣਾ। ਦੂਸਰੇ ਮੁਫ਼ਤੀ ਦੇ ਕਹਿਣ 'ਤੇ ਹਕੀਕਤ ਨੂੰ ਲਾਹੌਰ ਲੈ ਆਏ। ਬਸੰਤ ਪੰਚਮੀ ਵਾਲੇ ਦਿਨ ਜੱਲਾਦਾਂ ਅੱਗੇ ਪੇਸ਼ ਕੀਤਾ ਗਿਆ। ਹਕੀਕਤ ਰਾਏ ਨੇ ਖੁਸ਼ ਹੋ ਕੇ ਕਿਹਾ, 'ਮੈਂ ਆਪੇ ਹੀ ਚਲਦਾ ਹਾਂ ਕਤਲਗਾਹ ਤਕ, ਮੌਤ ਦਾ ਦਿਨ ਹੀ ਤਾਂ ਸਭ ਤੋਂ ਖ਼ੂਬਸੂਰਤ ਦਿਨ ਹੈ।'

ਜੱਲਾਦਾਂ ਦਾ ਦਿਲ ਵੀ ਕੰਬ ਗਿਆ, ਖੁਦਾਇਆ ਰਹਿਮ। ਅਸੀਂ ਇਕ ਬੇਕਸੂਰ, ਬੇਗੁਨਾਹ ਮਾਸੂਮ ਬਾਲਕ ਦੀ ਗਰਦਨ ਉਤਾਰਨ ਲੱਗੇ ਹਾਂ। ਹਕੀਕਤ ਰਾਏ ਨੇ ਆਪ ਆਪਣੀ ਧੌਣ ਪੇਸ਼ ਕਰ ਦਿੱਤੀ। ਜੱਲਾਦਾਂ ਨੇ ਇਕੋ ਟੱਕ ਨਾਲ ਧੜ ਨਾਲੋਂ ਧੌਣ ਅੱਡ ਕਰ ਦਿੱਤੀ।

ਹਕੀਕਤ ਰਾਏ ਸ਼ਹੀਦੀ ਪਾ ਗਿਆ ਪਰ ਉਸ ਦਾ ਮੁਬਾਰਕ ਨਾਓਂ ਕਿਆਮਤ ਤਕ ਜ਼ਿੰਦਾ ਰਹੇਗਾ। ਧਰਮ ਦੀ ਖ਼ਾਤਿਰ ਸ਼ਹੀਦ ਹੋਣ ਵਾਲੇ ਵੀਰ ਹਕੀਕਤ ਰਾਏ ਦਾ ਨਾਂਅ ਭਾਰਤ ਤੇ ਧਰਮ-ਇਤਿਹਾਸ ਵਿਚ ਧਰੂ-ਤਾਰੇ ਵਾਂਗ ਚਮਕਦਾ ਰਹੇਗਾ। ਉਸ ਦੀ ਕੁਰਬਾਨੀ ਭਾਰਤ ਦੇ ਨੌਜਵਾਨਾਂ ਲਈ ਪਥ-ਪ੍ਰਦਰਸ਼ਕ ਦਾ ਕੰਮ ਕਰਦੀ ਰਵੇਗੀ।

ਬਸੰਤ ਹਰ ਸਾਲ ਆਏਗੀ ਤੇ ਹਕੀਕਤ ਰਾਏ ਦੀ ਸਮਾਧ 'ਤੇ ਹਰ ਸਾਲ ਸ਼ਰਧਾ ਦੇ ਫੁੱਲ ਖਿੜ੍ਹਦੇ ਰਹਿਣਗੇ। ਮਾਵਾਂ ਸੁੱਖਣਾ-ਸੁਖਣ ਆਇਆ ਕਰਨਗੀਆਂ ਕਿ ਉਨ੍ਹਾਂ ਦੀ ਕੁੱਖ ਵਿਚੋਂ ਹਕੀਕਤ ਵਰਗੇ ਪੁੱਤ ਜੰਮਣ। ਪੰਜਾਬ (ਭਾਰਤ) ਨੂੰ ਫਖ਼ਰ ਦੇਹ ਇਨ੍ਹਾਂ ਸ਼ਹੀਦਾਂ 'ਤੇ। ਸ਼ਹੀਦਾਂ ਦਾ ਖ਼ੂਨ ਧਰਮ ਦਾ ਬੀਜ ਹੁੰਦਾ ਹੈ।

ਪ੍ਰਰਾਥਨਾ ਸਭਾ, ਸਰਸਵਤੀ ਮੰਦਿਰ, ਕਿਲਾ ਮੰਡੀ, ਬਟਾਲਾ, ਜ਼ਿਲ੍ਹਾ, ਗੁਰਦਾਸਪੁਰ ਪੰਜਾਬ ਵਲੋਂ ਹਰ ਸਾਲ ਬਸੰਤ ਪੰਚਮੀ ਦੇ ਦਿਨ ਵੀਰ ਹਕੀਕਤ ਰਾਏ ਦਾ ਸ਼ਹੀਦੀ ਦਿਵਸ ਭਾਰੀ ਮੇਲੇ ਦੇ ਰੂਪ ਵਿਚ ਧੂਮ-ਧਾਮ ਤੇ ਸ਼ਰਧਾ-ਭਾਵ ਨਾਲ ਮਨਾਇਆ ਜਾਂਦਾ ਹੈ। ਸਾਰਾ ਦਿਨ ਦੇਸੀ ਘਿਓ ਦਾ ਲੰਗਰ ਚਲਦਾ ਹੈ।

# ਪਤੀ-ਪਤਨੀ ਦੇ ਸੁਖਾਵੇਂ ਸੰਬੰਧਾਂ ਬਾਰੇ ਨੁਸਖਾ

ਦਿਲਚਸਪ ਕਿੱਸੇ



ਵਰਿਆਮ ਸਿੰਘ ਸੰਧੂ
ਫੋਨ: 647-535-1539
ਵਟਸਐਪ-98726-02296

***ਵਰਿਆਮ ਸਿੰਘ ਸੰਧੂ ਨੇ ਚੜ੍ਹਦੀ ਵਰੇਸੇ ਪੰਜਾਬੀ ਸਾਹਿਤ ਜਗਤ ਵਿਚ ਪਹਿਲਾਂ ਕਵਿਤਾ ਨਾਲ ਭਰਪੂਰ ਹਾਜ਼ਰੀ ਲਵਾਈ, ਫਿਰ ਕਹਾਣੀ ਦੇ ਖੇਤਰ ਵਿਚ ਨਵੇਂ ਪੂਰਨੇ ਪਾਏ ਅਤੇ ਫਿਰ ਵਾਰਤਕ ਦੀ ਦੁਨੀਆ ਵਿਚ ਵੀ ਆਪਣੀ ਕਲਮ ਦਾ ਲੋਹਾ ਮਨਵਾਇਆ। ਉਸ ਦੀਆਂ ਰਚਨਾਵਾਂ ਪੰਜਾਬ ਦੇ ਸਰੋਕਾਰਾਂ ਨਾਲ ਡੂੰਘੀਆਂ ਜੁੜੀਆਂ ਹੋਈਆਂ ਹਨ। ਇਸ ਕਾਲਮ ਰਾਹੀਂ ਅਸੀਂ ਉਨ੍ਹਾਂ ਦੀ ਵਾਰਤਕ ਦੇ ਦਿਲਚਸਪ ਕਿੱਸਿਆਂ ਦੀ ਲੜੀ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ।***

ਨਿੱਜੀ ਤੌਰ 'ਤੇ ਜ਼ਿੰਦਗੀ ਵਿਚ ਅਪਣਾਇਆ ਇਹ ਨੁਸਖਾ, ਮੈਂ ਬੜੇ ਸਾਲ ਪਹਿਲਾਂ ਬਰੈਂਪਟਨ ਵਿਚ ਇਕ ਵਿਆਹੁਤਾ ਜੋੜੇ ਦੇ ਆਨੰਦ ਕਾਰਜ ਦੀ ਰਸਮ ਵੇਲੇ ਆਸ਼ੀਰਵਾਦੀ ਸ਼ਬਦ ਕਹਿੰਦਿਆਂ ਸਾਂਝਾ ਕੀਤਾ ਸੀ। ਬੜੇ ਸਿਆਣੇ-ਨਿਆਣੇ ਲੋਕਾਂ ਨੇ ਇਹਦੇ ਫ਼ਾਇਦੇਮੰਦ ਹੋਣ ਦੀ ਗਵਾਹੀ ਦਿੱਤੀ ਸੀ। ਗੱਲ ਕੁਝ ਇੰਜ ਕੀਤੀ ਸੀ।

-ਮੇਰਾ ਦਾਦਾ ਕਦੀ-ਕਦੀ ਕਿਸੇ ਗੱਲੋਂ ਮੇਰੀ ਦਾਦੀ ਨਾਲ ਲੜ ਪੈਂਦਾ। ਰੁੱਸ ਪੈਂਦਾ ਤੇ ਰੋਟੀ ਖਾਣੀ ਬੰਦ ਕਰ ਦਿੰਦਾ। ਦਾਦੀ ਮਾਂ ਬੜੀ ਸਾਊ ਤੇ ਸਮਝਦਾਰ ਔਰਤ ਸੀ। ਪਰ ਪਤੀ-ਪ੍ਰਮੇਸ਼ਰ ਰੁਸਿਆ ਹੋਵੇ ਤਾਂ ਮਨ ਨੂੰ ਚੈਨ ਕਿਵੇਂ ਆਵੇ! ਪੂਰੇ ਘਰ ਵਿਚ ਉਦਾਸੀ ਤੇ ਬੇਚੈਨੀ ਦਾ ਆਲਮ ਹੁੰਦਾ। ਉਹ ਰੋਟੀ ਦਾ ਥਾਲ ਲੈ ਕੇ ਬਾਪੂ ਕੋਲ ਜਾਂਦੀ ਤੇ ਬੜੀ ਆਜਜ਼ੀ ਨਾਲ ਆਖਦੀ, 'ਦੀਦਾਰ ਦੇ ਬਾਪੂ! ਲਓ ਹੱਥ ਧੋ ਲਓ।'

ਦਾਦਾ ਚਿਣਕ ਕੇ ਆਖਦਾ, 'ਦੂਰ ਹੋ ਜਾ ਮੇਰੀਆਂ ਅੱਖਾਂ ਅੱਗੋਂ। ਮੈਨੂੰ ਸ਼ਕਲ ਨਾ ਵਿਖਾਈਂ।'

ਮਾਯੂਸ ਹੋ ਕੇ ਬੱਬੋਲਿੱਕੀ ਹੋਈ ਮਾਂ ਮੁੜ ਆਉਂਦੀ ਤੇ ਮੇਰੇ ਪਿਓ ਨੂੰ ਆਖਦੀ, 'ਜਾਹ! ਤੂੰ ਆਖ ਵੇਖ।'

ਮੇਰਾ ਪਿਓ ਜਾਂਦਾ ਤਾਂ ਬਾਪੂ ਆਖਦਾ, 'ਤੁਹਾਨੂੰ ਟੱਬਰ ਨੂੰ ਸਮਝ ਕਿਉਂ ਨਹੀਂ ਪੈਂਦੀ, ਜਦੋਂ ਮੈਂ ਆਖਿਐ, ਪਈ ਨਹੀਂ ਖਾਣੀ, ਤਾਂ, ਨਹੀਂ ਖਾਣੀ।'

ਜੇ ਮੇਰਾ ਪਿਤਾ ਜ਼ਿਦ ਕਰਦਾ ਤਾਂ ਬਾਪੂ ਦਾ ਪਾਰਾ ਸਤਵੇਂ ਅਸਮਾਨ ਚੜ੍ਹ ਜਾਂਦਾ, 'ਬੰਦੇ ਦਾ ਪੁੱਤ ਬਣ ਕੇ ਤੁਰ ਜਾਹ। ਹੋਰ ਨਾ ਮੇਰੇ ਤੋਂ ਸਲੋਕ ਸੁਣਦਾ ਹੋਵੀਂ।'

ਪਿਤਾ ਮੁਸਕੜੀਆਂ ਵਿਚ ਹੱਸਦਾ ਮੁੜ ਆਉਂਦਾ, 'ਮਾਂ! ਤੂੰ ਬਹੁਤੇ ਤਰਲੇ ਨਾ ਮਾਰ। ਜਦੋਂ ਭੁੱਖ ਲੱਗੂ ਆਪੇ ਖਾ ਲੂ।'

-ਦਾਦੀ ਮਾਂ, ਫਿਰ, ਸਾਨੂੰ ਬੱਚਿਆਂ ਨੂੰ 'ਟਰਾਈ' ਕਰਦੀ। ਨਤੀਜਾ ਓਹੀ 'ਢਾਕ ਕੇ ਤੀਨ ਪਾਤ!'

ਅਸਲ ਗੱਲ ਇਹ ਸੀ ਕਿ ਸਾਡਾ ਘਰ ਬਜ਼ਾਰ ਵਿਚ ਹੋਣ ਕਰ ਕੇ ਬਾਪੂ ਦੁਕਾਨ ਤੋਂ ਦੁੱਧ ਤੇ ਖੋਆ ਵਗ਼ੈਰਾ ਖਾ ਕੇ 'ਆਨੰਦ' ਲੈ ਰਿਹਾ ਹੁੰਦਾ ਤੇ ਰੋਸਾ ਵੀ ਕਾਇਮ ਰੱਖੀ ਰੱਖਦਾ। ਦਾਦੀ ਦਾ ਰੋਜ਼ ਓਹੋ ਤਰਲਾ। ਸਾਰਿਆਂ ਦੇ ਯਤਨ ਫ਼ੇਲ ਹੁੰਦੇ। ਘਰ ਦਾ ਮਾਹੌਲ ਨਰਕ ਬਣਿਆ ਰਹਿੰਦਾ। ਦਾਦੀ ਬੁਰਾ-ਭਲਾ ਸੁਣ ਕੇ ਅੱਥਰੂ ਪੂੰਝਦੀ ਰਹਿੰਦੀ। ਬਾਲ ਉਮਰੇ ਹੀ ਮੈਨੂੰ ਬੁਰੀ ਤਰ੍ਹਾਂ ਮਹਿਸੂਸ ਹੁੰਦਾ ਕਿ ਬਾਪੂ ਦਾਦੀ-ਮਾਂ ਨਾਲ ਬਹੁਤ ਜ਼ਿਆਦਤੀ ਕਰ ਰਿਹਾ ਏ। ਪਰ ਕੀ ਕਰ ਸਕਦਾ ਸਾਂ।

-ਜਦੋਂ ਹਫ਼ਤੇ ਕੁ ਬਾਅਦ ਬਾਪੂ ਦਾ ਦੁੱਧ ਤੇ ਮਿੱਠੇ ਤੋਂ ਮੂੰਹ ਮੁੜ ਜਾਂਦਾ ਤਾਂ ਮੇਰੇ ਜਾਂ ਹੋਰ ਕਿਸੇ ਨਿੱਕੇ ਨਿਆਣੇ ਦੇ ਆਖਣ 'ਤੇ, 'ਬਾਪੂ ਲੈ ਹੱਥ ਧੋ ਲੈ।' ਬਾਪੂ ਬਨਾਉਟੀ ਗੁੱਸੇ ਨਾਲ ਆਖਦਾ, 'ਭੱਜ ਜਾਹ! ਮੈਂ ਨਹੀਂ ਧੋਣੇ ਹੱਥ।'

-ਫਿਰ ਉਹ ਮੇਰੇ ਜਾਂ ਕਿਸੇ ਮੇਰੇ ਭੈਣ-ਭਰਾ ਵੱਲ ਵੇਖ ਕੇ ਆਖਣਾ, 'ਹੱਛਾਅਅ! ਤੂੰ ਆਂ। ਲੈ ਤੇਰੇ ਆਖੇ ਖਾ ਲੈਂਦਾਂ। ਨਹੀਂ ਤਾਂ।'

ਤੇ ਕਿਲ੍ਹਾ ਫ਼ਤਿਹ ਹੋ ਜਾਂਦਾ। ਹਫ਼ਤੇ ਭਰ ਦੀ ਬੇਸਵਾਦੀ ਤੇ ਬਦਮਗਜ਼ੀ ਤੋਂ ਬਾਅਦ ਘਰ ਦਾ ਜੀਵਨ ਮੁੜ ਰਵਾਂ ਚਾਲੇ ਤੁਰਨ ਲੱਗਦਾ। ਬਾਪੂ, ਮਾਂ ਨਾਲ ਨਿੱਕੇ ਮੋਟੇ ਮਖ਼ੌਲ ਵੀ ਕਰਨ ਲੱਗਦਾ। ਆਖਦਾ, 'ਵੇਖ ਉਏ ਵਰਿਆਮ! ਤੇਰੀ ਦਾਦੀ ਕੁੱਬੀ ਹੋਈ ਜਾਂਦੀ ਏ।

ਪਰ ਪਹਿਲਾਂ, ਜਵਾਨੀ ਵਾਰੇ, ਕਿਹੜੀ ਇਹ ਹੀਰ ਦੀ ਭੈਣ ਸੀ?'

-ਦਾਦੀ ਵੀ ਆਖਦੀ, ' ਹੇ ਖਾਂ! ਵੱਡੇ ਰਾਂਝੇ ਦਾ ਮੂੰਹ ਤਾਂ ਵੇਖ।'

-ਪਰ ਮੇਰੇ ਮਨ ਵਿਚ ਇਕ ਗੰਢ ਜਿਹੀ ਬੱਝ ਗਈ ਕਿ ਬਾਪੂ ਦੇ ਮਾਂ ਨਾਲ ਰੋਸੇ ਨੇ ਉਨ੍ਹਾਂ ਦੋਵਾਂ ਦਾ ਹੀ ਨਹੀਂ ਸਾਰੇ ਟੱਬਰ ਦਾ ਜੀਵਨ ਹੀ ਹਫ਼ਤਾ ਭਰ ਕਲੇਸ਼ ਨਾਲ ਭਰ ਦਿੱਤਾ ਸੀ। ਹਫ਼ਤੇ ਭਰ ਦਾ ਇਹ ਜਿਊਣਾ ਕੋਈ ਜਿਊਣਾ ਥੋੜ੍ਹਾ ਸੀ, ਨਰਕ ਸੀ ਇਹ ਤਾਂ! ਨਾਲੇ ਦਾਦੀ ਵਿਚਾਰੀ ਦਾ ਤਾਂ ਕਸੂਰ ਵੀ ਕੋਈ ਨਹੀਂ ਸੀ। ਬਾਪੂ ਦੀ ਮਰਦਾਵੀਂ ਹੈਂਕੜ ਸੀ ਬੱਸ! ਮੈਂ ਇਹ ਵੀ ਸੋਚਣਾ ਕਿ ਜੇ



ਹਫ਼ਤੇ ਬਾਅਦ ਮੰਨ ਹੀ ਜਾਣਾ ਹੈ ਤਾਂ ਸੱਤ ਦਿਨ ਆਪਣਾ, ਮਾਂ ਤੇ ਸਾਰੇ ਟੱਬਰ ਦਾ ਜੀਵਨ ਕਿਉਂ ਸੂਲੀ ਉਤੇ ਟੰਗ ਛੱਡਿਆ ਸੀ?

-ਜਿਹੜੇ ਕਲੇਸ਼ ਦੇ ਦਿਨ ਜ਼ਿੰਦਗੀ ਵਿਚੋਂ ਨਿਕਲ ਗਏ, ਉਹ ਕਿਸ ਲੇਖੇ ਗਏ? ਜੇ ਬਾਪੂ ਆਪਣੀ ਹਿੰਡ ਛੇਤੀ ਛੱਡ ਦਿੰਦਾ ਤਾਂ ਇਹ ਦਿਨ ਖ਼ੁਸ਼ੀ ਨਾਲ ਵੀ ਤਾਂ ਲੰਘਾਏ ਜਾ ਸਕਦੇ ਸਨ।

-ਆਪਣੇ ਵਿਆਹ ਤੋਂ ਬਾਅਦ ਮੈਂ ਸੋਚਿਆ ਕਿ ਜੇ ਆਪਣੀ 'ਏਸੇ ਹੀ' ਪਤਨੀ ਨਾਲ ਜੀਵਨ ਜਿਊਣਾ ਹੈ ਤਾਂ ਮੈਂ ਬਾਪੂ ਵਾਂਗ ਹਰ ਚੌਥੇ-ਪੰਜਵੇਂ ਮਹੀਨੇ, ਹਫ਼ਤਾ-ਹਫ਼ਤਾ ਕਰ ਕੇ ਆਪਣੀ ਜ਼ਿੰਦਗੀ ਦੇ ਖ਼ੂਬਸੂਰਤ ਦਿਨ ਬਰਬਾਦ ਨਹੀਂ ਹੋਣ ਦੇਣੇ। ਜੇ ਸੱਤਾਂ ਦਿਨਾਂ ਬਾਅਦ ਸੁਲਾਹ ਹੋ ਹੀ ਜਾਣੀ ਏਂ ਤਾਂ ਇਹ ਸੱਤ ਦਿਨ ਕਿਉਂ ਗਵਾਏ ਜਾਣ? ਗਵਾਉਣਾ ਤਾਂ ਇਕ ਪਲ ਨਹੀਂ ਚਾਹੀਦਾ।

-ਲੜਾਈ ਕਿੱਥੇ ਨਹੀਂ ਹੁੰਦੀ ਤੇ ਈਗੋ ਜਾਂ ਹਉਂ ਦਾ ਮਸਲਾ ਕਿਹੜੇ ਟੱਬਰ ਤੇ ਕਿਹੜੀ ਦੰਪਤੀ ਵਿਚ ਨਹੀਂ ਹੁੰਦਾ। ਮੈਂ ਸੋਚਿਆ ਕਿ ਜਦੋਂ ਵੀ ਸਾਡੇ ਦੋਵਾਂ ਜੀਆਂ ਵਿਚ ਮਨ-ਮੁਟਾਓ ਹੋਵੇਗਾ ਤਾਂ ਸੱਤਾਂ ਦਿਨਾਂ ਦੀ ਥਾਂ ਮੈਂ ਆਪਣੀ ਪਤਨੀ ਨੂੰ ਸੱਤਾਂ ਮਿੰਟਾਂ ਵਿਚ ਹੀ ਮਨਾ ਲੈਣਾ ਏਂ। ਕਸੂਰ ਭਾਵੇਂ ਉਹਦਾ ਹੋਵੇ ਭਾਵੇਂ ਮੇਰਾ। ਤੇ ਮੈਂ ਇੰਜ ਹੀ ਕੀਤਾ। ਆਪਣੀ ਲੜਾਈ ਨੂੰ ਕਦੀ ਵੀ ਬਾਪੂ ਦੀ ਲੜਾਈ ਵਾਂਗ ਲੰਮਾ ਨਾ ਹੋਣ ਦਿੱਤਾ। ਅਸੀਂ ਅਨੇਕਾਂ ਉਹ ਖ਼ੂਬਸੂਰਤ ਦਿਨ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਲਏ ਜੋ ਸਾਡੀ ਹਉਂ ਦੀ ਭੇਟਾ ਚੜ੍ਹ ਜਾਣੇ ਸਨ। ਉਂਜ ਸਾਡਾ ਇਸ ਗੱਲ ਬਾਰੇ ਸਦਾ 'ਮਤਭੇਦ' ਬਣਿਆ ਰਹਿੰਦਾ ਏ। ਪਤਨੀ ਕਹਿੰਦੀ ਏ ਕਿ ਉਹ ਜ਼ਿਆਦਾ ਵਾਰ ਮਨਾਉਂਦੀ ਰਹੀ ਏ। ਆਪਾਂ ਇਹ ਵੀ ਮੰਨ ਲੈਂਦੇ ਹਾਂ। ਪਰਿਵਾਰਕ ਜੀਵਨ ਵਿਚ ਅੜਨ ਦੀ ਥਾਂ ਮੰਨਣ ਵਿਚ ਹੀ ਭਲਾਈ ਹੁੰਦੀ ਏ। ਏਸੇ ਵਿਚ ਸੁਖ ਹੈ।

-ਮੇਰਾ ਸੱਤਾਂ ਮਿੰਟਾਂ ਵਾਲਾ ਇਹ ਨੁਸਖਾ ਉਸ ਸਮਾਗਮ ਵਿਚ ਬੈਠੇ ਨਾਮੀ-ਗਰਾਮੀ ਲੋਕਾਂ ਨੇ ਸੁਣਿਆਂ ਤੇ ਬਾਅਦ ਵਿਚ ਜਦੋਂ ਮਿਲਦੇ ਰਹੇ ਤਾਂ ਦੱਸਦੇ ਕਿ ਉਨ੍ਹਾਂ ਨੇ ਇਸ 'ਤੇ ਅਮਲ ਸ਼ੁਰੂ ਕਰ ਦਿੱਤਾ ਏ। ਬਰੈਂਪਟਨ ਦੀ ਨਾਮੀ ਸਿੱਖ ਹਸਤੀ ਇੰਦਰਜੀਤ ਸਿੰਘ ਬੱਲ ਅਤੇ ਪ੍ਰਸਿੱਧ ਸ਼ਾਇਰ ਤੇ ਚਿੰਤਕ ਅਮਰਜੀਤ ਸਾਥੀ ਹੁਰਾਂ ਦੀਆਂ ਸਤਿਕਾਰਯੋਗ ਪਤਨੀਆਂ ਨੇ ਬਾਅਦ ਵਿਚ ਮਿਲਣ ਸਮੇਂ ਮੈਨੂੰ ਇਹ ਆਖ ਕੇ ਸਕੂਨ ਨਾਲ ਭਰ ਦਿੱਤਾ, 'ਭਾਅ ਜੀ! ਅਸੀਂ ਤੁਹਾਡੇ ਸੱਤਾਂ ਮਿੰਟਾਂ ਵਾਲੇ ਫਾਰਮੂਲੇ 'ਤੇ ਅਮਲ ਸ਼ੁਰੂ ਕਰ ਦਿੱਤਾ ਏ'

-ਉਸ ਵੇਲੇ ਪੰਝੀ-ਤੀਹ ਸਾਲਾ ਵਿਆਹੁਤਾ ਜੀਵਨ ਵਾਲੇ ਏਡੇ ਨਾਮਵਰ ਸੱਜਣਾਂ ਦੀਆਂ ਪਤਨੀਆਂ ਜੇ ਇਹ ਗੱਲ ਕਹਿੰਦੀਆਂ ਨੇ, ਤਾਂ ਇਹ ਨੁਸਖ਼ਾ ਵਾਕਿਆ ਹੀ ਵਰਤਣ ਯੋਗ ਹੋਵੇਗਾ। ਤੇ ਬਾਅਦ ਵਿਚ ਮੈਂ ਕਈ ਨਵੇਂ ਵਿਆਹੇ ਜੋੜਿਆਂ ਨੂੰ ਇਹੋ ਨੁਸਖਾ ਅਪਨਾਉਣ ਦੀ ਸਲਾਹ ਦਿੱਤੀ ਤੇ ਉਨ੍ਹਾਂ ਦੀ ਕਿਰੜ-ਕਿਰੜ ਕਰਦੀ ਗੱਡ ਠੀਕ ਚਾਲੇ ਤੁਰਨ ਲੱਗੀ।

-ਅੱਜ ਤੋਂ ਬਾਅਦ ਤੁਸੀਂ ਵੀ ਇਹ ਫ਼ਾਰਮੂਲਾ ਅਪਣਾ ਵੇਖਿਓ। ਫ਼ਾਇਦਾ ਈ ਫ਼ਾਇਦਾ। ਨੁਕਸਾਨ ਕੋਈ ਨਹੀਂ। ਵਿਆਹੁਤਾ ਜੀਵਨ ਨੂੰ ਭਾਵੇਂ ਜਿੰਨੇ ਸਾਲ ਮਰਜ਼ੀ ਹੋ ਗਏ ਹੋਣ।

-ਦੇਰ-ਆਇਦ ਦਰੁਸਤ ਆਇਦ!

# ਸੁਤੰਤਰਤਾ, ਸੰਵਿਧਾਨ ਤੋਂ ਗਣਤੰਤਰ ਦਿਵਸ 2025

ਇਨ੍ਹਾਂ ਸਤਰਾਂ ਦੇ ਲਿਖੇ ਜਾਣ ਸਮੇਂ ਇਸ ਵਰ੍ਹੇ ਦਾ ਗਣਤੰਤਰ ਦਿਵਸ ਮਨਾਉਣ ਦੀ ਵਿਉਂਤਬੰਦੀ ਹੋ ਰਹੀ ਹੈ। ਦੇਸ਼ ਦਾ ਭਵਿੱਖ ਕਿਧਰੋਂ ਕਿਧਰ ਜਾ ਰਿਹਾ ਹੈ ਤੇ ਦੇਸ਼ ਵੰਡ ਤੋਂ ਪਿੱਛੇ ਅਣਵੰਡਿਆ ਪੰਜਾਬ ਤੇ ਅਖੰਡ ਹਿੰਦੁਸਤਾਨ ਜਿਨ੍ਹਾਂ ਹਾਲਤਾਂ ਵਿਚੋਂ ਲੰਘਿਆ ਤੇ ਸੰਵਿਧਾਨ ਕੀ ਕਹਿੰਦਾ ਹੈ ਇਸਦਾ ਲੇਖਾ-ਜੋਖਾ ਵੀ ਹੋ ਰਿਹਾ ਹੈ। ਏਥੋਂ ਤੱਕ ਕਿ ਸੰਸਦ ਦਾ ਸਰਦ ਰੁੱਤ ਸੈਸ਼ਨ ਵੀ ਸੰਵਿਧਾਨ ਦੇ 75 ਸਾਲਾਂ ਦੇ ਸ਼ਾਨਦਾਰ ਸਫਰ ਨੂੰ ਸਮਰਪਤ ਸੀ। ਇਹ ਗੱਲ ਵੱਖਰੀ ਹੈ ਕਿ ਹਾਕਮ ਪਾਰਟੀ ਦੇ ਪ੍ਰਮੁੱਖ ਬੁਲਾਰਿਆਂ ਨੇ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਇਸ ਸਫਰ ਦੀਆਂ ਬੁਲੰਦੀਆਂ ਮਾਪਣ ਦੀ ਥਾਂ ਵਿਰੋਧੀ ਧਿਰ ਦੇ ਕੱਪੜੇ ਫਰੋਲਣ ਵਾਲਾ ਤਵਾ ਹੀ ਲਾਈ ਰਖਿਆ।

ਸਰਦ ਰੁੱਤ ਸੈਸ਼ਨ 'ਚ ਮਹਿੰਗਾਈ, ਬੇਰੋਜ਼ਗਾਰੀ, ਦੂਜੀ ਤਿਮਾਹੀ 'ਚ ਘਟੀ ਵਾਧਾ ਦਰ ਅਤੇ ਵਧ ਰਹੀ ਆਰਥਿਕ ਨਾਬਰਾਬਰੀ 'ਤੇ ਭਖ਼ਵੀਂ ਬਹਿਸ ਹੋਣੀ ਚਾਹੀਦੀ ਸੀ ਪਰ ਜਵਾਹਰ ਲਾਲ ਨਹਿਰੂ ਬਾਰੇ ਤੋਹਮਤਾਂ ਭਰੇ ਭਾਸ਼ਣ ਹੀ ਹੁੰਦੇ ਰਹੇ। ਆਖ਼ਰੀ ਦਿਨਾਂ 'ਚ ਬਾਬਾ ਸਾਹਿਬ ਅੰਬੇਦਕਰ ਬਾਰੇ ਹੋਈ ਚਰਚਾ ਦਾ ਜਵਾਬ ਦਿੰਦੇ ਸਮੇਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅਜਿਹਾ ਫ਼ਿਕਰਾ ਬੋਲ ਦਿੱਤਾ ਜੋ ਦੇਸ਼ ਦੇ ਗ੍ਰਹਿ ਮੰਤਰੀ ਨੂੰ ਸ਼ੋਭਾ ਨਹੀਂ ਦਿੰਦਾ। ਉਸਦੇ ਸ਼ਬਦ ਸਨ ''ਅੰਬੇਦਕਰ ਨਾਮ ਲੈਣਾ ਅੱਜ-ਕੱਲ੍ਹ ਫੈਸ਼ਨ ਹੋ ਗਿਆ ਹੈ। ਅੰਬੇਦਕਰ, ਅੰਬੇਦਕਰ, ਅੰਬੇਦਕਰ, ਅੰਬੇਦਕਰ, ਅੰਬੇਦਕਰ... ਜੇ ਕਰ ਤੁਸੀਂ ਪ੍ਰਮਾਤਮਾ ਦਾ ਨਾਮ ਐਨੀ ਵਾਰ ਲਿਆ ਹੁੰਦਾ ਤਾਂ ਸੱਤ ਜਨਮਾਂ ਲਈ ਸਵਰਗ ਚਲੇ ਜਾਂਦੇ।'' ਇਸ 'ਤੇ ਵਿਰੋਧੀ ਪਾਰਟੀਆਂ ਦੇ ਆਗੂ ਮਲਿਕਾਰੁਜਨ ਖੜਗੇ ਨੇ ਫੌਰੀ ਪ੍ਰਤੀਕਰਮ ਦਿੰਦਿਆਂ ਕਿਹਾ ''ਜਨਾਬ, ਤੁਸੀਂ ਜੋ ਕਿਹਾ ਹੈ, ਉਸ ਤੋਂ ਲੱਗਦਾ ਹੈ ਕਿ ਤੁਹਾਨੂੰ ਅੰਬੇਦਕਰ ਨਾਲ ਬਹੁਤ ਸਮੱਸਿਆ ਹੈ, ਪਰ ਕਿਉਂ...?'' ਇਹ ਗੱਲ ਸੁਣ ਕੇ ਅਮਿਤ ਸ਼ਾਹ ਦੇ ਬਿਆਨ 'ਤੇ ਅਜਿਹਾ ਹੰਗਾਮਾ ਹੋਇਆ ਕਿ ਗ੍ਰਹਿ ਮੰਤਰੀ ਨੂੰ ਸੋਸ਼ਲ ਮੀਡੀਆ ਤੋਂ ਆਪਣੀ ਤਕਰੀਰ ਹਟਾਉਣ ਲਈ ਕਹਿਣਾ ਪਿਆ।

ਭਾਰਤੀ ਜਨਤਾ ਪਾਰਟੀ, ਇਸ ਦੀ ਸਰਕਾਰ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ 26 ਨਵੰਬਰ ਨੂੰ ਮਨਾਏ ਗਏ ਸੰਵਿਧਾਨ ਦਿਵਸ ਤੋਂ ਬਾਅਦ ਬਾਬਾ ਸਾਹਿਬ ਅੰਬੇਦਕਰ ਪ੍ਰਤੀ ਆਦਰ ਅਤੇ ਸਨੇਹ ਜਤਾਉਣਾ ਬਣਦਾ ਸੀ ਪਰ ਰਾਸ਼ਟਰੀ ਸਵੈਮ ਸੇਵਕ ਸਿੰਘ ਅਤੇ ਜਨ ਸੰਘ ਦੀ ਬਹੁਲਤਾ ਵਾਲੀ ਭਾਰਤੀ ਜਨਤਾ ਪਾਰਟੀ ਨੂੰ ਤਾਂ ਭਾਰਤ ਦਾ ਸੰਵਿਧਾਨ, ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਰਾਹ 'ਚ ਮੁੱਖ ਰੁਕਾਵਟ ਲੱਗਦਾ ਹੈ। ਉਨ੍ਹਾਂ ਨੇ ਇਸ ਪਾਸੇ ਕੋਈ ਧਿਆਨ ਹੀ ਨਹੀਂ ਦਿੱਤਾ।

ਕੌਣ ਨਹੀਂ ਜਾਣਦਾ ਕਿ ਵਰਤਮਾਨ ਹਾਕਮਾਂ ਦੇ ਕਾਨੂੰਨ ਘਾੜੇ ਵੀ ਕਾਰਪੋਰੇਟ ਸੰਸਥਾਵਾਂ ਦੇ ਹੱਥਾਂ ਵਿਚ ਖੇਡ ਰਹੇ ਹਨ। ਖੇਤੀ ਅਤੇ ਖੇਤਾਂ ਦੀ ਉਪਜ ਨੂੰ ਵੱਢਣ-ਵੇਚਣ ਲਈ ਘੜੇ ਗਏ ਤਿੰਨ ਕਾਲੇ ਕਾਨੂੰਨਾਂ ਦੀ ਫੂਕ ਕੱਢਣ ਲਈ ਦੇਸ਼ ਭਰ ਦੇ ਕਿਸਾਨਾਂ ਨੂੰ ਇਕ ਮੰਚ 'ਤੇ ਇੱਕਠੇ ਹੋਣਾ ਪਿਆ ਤੇ ਉਨ੍ਹਾਂ ਦੀ ਸ਼ਕਤੀ ਵੇਖਦਿਆਂ ਸਰਕਾਰ ਨੂੰ ਇਹ ਕਾਨੂੰਨ ਵਾਪਸ ਲੈਣੇ ਪਏ। ਹਰ ਕੋਈ ਜਾਣਦਾ ਹੈ ਕਿ ਕਾਰਪੋਰੇਟ ਸੰਸਥਾਵਾਂ ਤਾਂ ਪਿੱਛੇ ਹਟ ਗਈਆਂ ਪਰ ਹਾਕਮ ਧਿਰ ਉਨ੍ਹਾਂ ਨਿਯਮਾਂ ਦਾ ਰੂਪ ਬਦਲ ਕੇ ਮੁੜ ਮੈਦਾਨ ਵਿਚ ਨਿੱਤਰ ਆਈ ਹੈ। ਘੱਟੋ-ਘੱਟ ਸਮਰਥਨ ਮੁੱਲ ਦੀ ਧਾਰਨਾ ਨੂੰ ਵੀ ਬੂਰ ਨਹੀਂ ਪੈਣ ਦਿੰਦੀ। ਕਿਸਾਨ ਵਡਭਾਗੇ ਹਨ ਕਿ ਉਨ੍ਹਾਂ ਨੂੰ ਜੁਗਿੰਦਰ ਸਿੰਘ ਤੂਰ ਤੇ ਐਸ.ਐਸ. ਬੋਪਾਰਾਏ ਵਰਗੇ ਬੁੱਧੀਜੀਵੀ ਮਿਲ ਗਏ ਜਿਨ੍ਹਾਂ ਨੇ ਦਿਨ-ਰਾਤ ਇਕ ਕਰ ਕੇ ਇਨ੍ਹਾਂ ਕਾਨੂੰਨਾਂ ਵਿਚਲੀ ਕਾਲਖ ਨੂੰ ਲਿਖਤੀ ਰੂਪ ਦਿੱਤਾ ਤੇ ਹਜ਼ਾਰਾਂ ਦੀ ਗਿਣਤੀ ਵਿਚ ਪ੍ਰਕਾਸ਼ਤ ਕਰ ਕੇ ਲੋਕਾਂ ਵਿਚ ਵੰਡਿਆ। ਚੇਤੇ ਰਹੇ ਕਿ ਤੂਰ ਪੇਸ਼ੇ ਵਜੋਂ ਵਕੀਲ ਹੈ ਤੇ ਬੋਪਾਰਾਏ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਵਾਈਸ ਚਾਂਸਲਰ ਰਹਿ ਚੁੱਕਿਆ ਹੈ। ਉਨ੍ਹਾਂ ਦੇ ਇਸ ਉਦੇਸ਼ ਦਾ ਨਤੀਜਾ ਸੀ ਕਿ ਕਿਸਾਨਾਂ ਨੇ ਧਰਨੇ ਸਮੇਂ ਆਪਣੇ ਪੈਰ ਚੰਗੀ ਤਰ੍ਹਾਂ ਧਰਤੀ ਵਿਚ ਗੱਡ ਦਿਤੇ। ਹਾਕਮ ਧਿਰ ਇਹ ਨਹੀਂ ਜਾਣਦੀ ਕਿ ਕਿਸਾਨਾਂ ਦਾ ਦਮ-ਖਮ ਹਾਲੀ ਵੀ ਕਾਇਮ ਹੈ।

ਜਿਥੋਂ ਤੱਕ ਤੂਰ ਦੇ ਗ੍ਰਾਮੀਣ ਜੀਵਨ ਪ੍ਰਤੀ ਮੋਹ ਤੇ ਵਿਸ਼ਵਾਸ ਦਾ ਸਬੰਧ ਹੈ ਤਾਂ ਉਸਦੀ 1947 ਵਿਚ ਹੰਢਾਈਆਂ ਕਠਿਨਾਈਆਂ ਦਾ ਪੂਰਾ ਗਿਆਨ ਸੀ।

ਉਨ੍ਹਾਂ ਦੋਨਾਂ ਤੋਂ ਉਮਰ ਵਿਚ ਥੋੜ੍ਹਾ ਵੱਡਾ ਹੋਣ ਦੇ ਨਾਤੇ ਮੈਂ ਵੀ ਉਸ ਸਮੇਂ ਦੀਆਂ ਅਕੱਥ ਕਥਾਵਾਂ ਦਾ ਚਸ਼ਮਦੀਦ ਗਵਾਹ ਹਾਂ। ਇਹੀਓ ਕਾਰਨ ਹੈ ਕਿ ਤੂਰ ਦੀ ਇਹ ਰਚਨਾ ਮੈਨੂੰ ਵੀ ਆਪਣੇ ਆਪ ਨਾਲ ਤੋਰਨ ਵਾਲੀ ਹੈ। ਜੇ ਫਰਕ ਹੈ ਤਾਂ ਕੇਵਲ ਏਨਾ ਕਿ ਮੈਂ ਏਧਰੋਂ ਓਧਰ ਧੱਕੇ ਗਏ



ਪੁਸਤਕ 'ਵੰਡ ਦੀ ਅਕੱਥ ਕਥਾ' (ਲੋਕਗੀਤ ਪ੍ਰਕਾਸ਼ਨ, ਪੰਨੇ 288, ਮੁੱਲ 400 ਰੁਪਏ) ਇਸਦਾ ਦੁਰਲੱਭ ਪ੍ਰਮਾਣ ਹੈ ਜਿਹੜੀ 2024 ਦੇ ਅੰਤਲੇ ਸਪਤਾਹ ਵਿਚ ਚੰਡੀਗੜ੍ਹ ਦੇ ਲਾਅ ਭਵਨ ਵਿਚ ਲੋਕ ਅਰਪਣ ਕੀਤੀ ਗਈ। ਇਸ ਵਿਚ ਸੇਵਾ ਮੁਕਤ ਪ੍ਰੋਫੈਸਰਾਂ, ਕਾਇਮ-ਮੁਕਾਮ ਵਕੀਲਾਂ ਤੇ ਸਾਹਿਤ ਰਸੀਆਂ ਤੇ ਵੱਡੇ ਅਖਬਾਰਾਂ ਦੇ ਸੰਪਾਦਕਾਂ ਦੀ ਸ਼ਿਰਕਤ ਦਸਦੀ ਹੈ ਕਿ ਉਨ੍ਹਾਂ ਨੂੰ ਤੂਰ ਦੀ ਤਿੰਨ ਸਾਲ ਪਹਿਲਾਂ ਵਾਲੀ ਕਿਸਾਨ-ਮੁਖੀ ਭਾਵਨਾ ਭੁੱਲੀ ਨਹੀਂ ਸੀ। ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਅਜੀਤ ਸਮਾਚਾਰ ਸਮੂਹ ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਦਾ ਜਲੰਧਰ ਤੋਂ ਆਉਣਾ ਵੀ ਘੱਟ ਅਰਥ ਨਹੀਂ ਸੀ ਰੱਖਦਾ। ਏਸ ਲਈ ਵੀ ਕਿ ਬਰਜਿੰਦਰ ਸਿੰਘ ਨੂੰ ਤੂਰ ਤੇ ਉਸਦੀ ਜੀਵਨ ਸਾਥਣ ਦੇ ਪਰਿਵਾਰਾਂ ਵਲੋਂ ਮੁਸਲਮਾਨਾਂ ਦਾ ਦਰਦ ਪਛਾਣਿਆ ਹੈ ਤੇ ਤੂਰ ਨੇ ਓਧਰੋਂ ਏਧਰ ਆਏ ਹਿੰਦੂ ਸਿੱਖਾਂ ਦਾ।

ਨਿੱਜੀ ਵਾਰਦਾਤਾਂ ਤੋਂ ਤੂਰ ਨੇ ਇਸ ਵਰਤਾਰੇ ਨੂੰ ਵਕੀਲੀ ਅੱਖਾਂ ਨਾਲ ਜਾਨਣ ਦਾ ਯਤਨ ਵੀ ਕੀਤਾ ਹੈ। ਵੰਡ ਕਿਉਂ ਹੋਈ ਤੇ ਇਸ ਦੌਰਾਨ ਹੋਈਆਂ ਬੀਤੀਆਂ ਘਟਨਾਵਾਂ ਦਾ ਪਿਛੋਕੜ ਦੱਸਣਾ ਤਾਂ ਬਣਦਾ ਹੀ ਸੀ ਪਰ ਲੇਖਕ ਨੇ ਇਸਨੂੰ ਰਾਜਿਆਂ ਨਵਾਜਾਂ ਤੇ ਮਹਾਰਾਜਿਆਂ ਦੀ ਰਾਜਸ਼ਾਹੀ ਨਾਲ ਜੋੜ ਕੇ ਏਨੀ ਇਤਿਹਾਸਕ ਜਾਣਕਾਰੀ ਦਿੱਤੀ ਹੈ ਕਿ ਦੇਸ਼ ਵੰਡ ਦੇ ਮਸਲੇ ਨੂੰ ਅਜੋਕੀਆਂ ਸੰਵਿਧਾਨਕ ਗਤੀਵਿਧੀਆਂ ਨਾਲ ਜੋੜ ਦਿੱਤਾ ਹੈ।

ਦੇਸ਼ ਵੰਡ ਸਮੇਂ ਅਖੰਡ ਹਿੰਦੁਸਤਾਨ ਵਿਚ 565 ਰਿਆਸਤਾਂ ਸਨ ਜਿਨ੍ਹਾਂ ਅਧੀਨ ਭਾਰਤ ਦੇ ਕੁੱਲ ਰਕਬੇ ਦਾ ਤੀਜਾ ਹਿੱਸਾ ਤੇ ਕੁੱਲ ਵਸੋਂ ਦਾ ਚੌਥਾ ਭਾਗ ਆਉਂਦਾ ਸੀ। ਗੋਰੀ ਸਾਰਕਾਰ ਨੇ ਉਨ੍ਹਾਂ ਨੂੰ ਆਪਣੇ ਅਧੀਨ ਰੱਖਣ ਲਈ ਉਨ੍ਹਾਂ ਦੇ ਵਸਨੀਕਾਂ ਨੂੰ ਨਹਿਰਾਂ, ਰੇਲ ਗੱਡੀਆਂ, ਆਵਾਜਾਈ ਦੇ ਸਾਧਨਾਂ ਤੇ ਡਾਕ ਤਾਰ ਦੇ ਢਾਂਚੇ ਨਾਲ ਵਰਚਾਇਆ ਤੇ ਹਾਕਮ ਨੂੰ ਅਖੌਤੀ ਪਦਵੀਆਂ ਤੇ ਰੁਤਬੇ ਪ੍ਰਦਾਨ ਕਰ ਕੇ ਲੁਭਾਅ ਰੱਖਿਆ ਸੀ। ਸੁਤੰਤਰਤਾ ਪ੍ਰਾਪਤੀ ਤੋਂ ਪਿਛੋਂ ਉਨ੍ਹਾਂ ਦੀ ਮੂਲ ਚਾਹਨਾ ਇਹ ਸੀ ਕਿ ਬਰਤਾਨਵੀ ਹਾਕਮਾਂ ਦੀ ਅਧੀਨਗੀ ਪ੍ਰਾਪਤ ਕਰਦੇ ਸਮੇਂ ਅਸੀਂ ਆਪਣੀ ਪ੍ਰਭੂਸੱਤਾ ਤਾਜ ਬਰਤਾਨੀਆ ਨੂੰ ਸੌਂਪ ਦਿੱਤੀ ਸੀ ਜਿਹੜੀ ਸੁਤੰਤਰਤਾ ਪ੍ਰਾਪਤੀ ਤੋਂ ਪਿੱਛੋਂ ਉਨ੍ਹਾਂ ਨੂੰ ਵਾਪਸ ਮਿਲਣੀ ਚਾਹੀਦੀ ਹੈ। ਏਥੋਂ ਤੱਕ ਕਿ ਕਈ ਰਾਜਿਆਂ ਨੇ ਆਪਣੇ ਰਾਜਾਂ ਵਿਚੋਂ ਰੇਲਵੇ ਲਾਈਨਾਂ ਤੇ ਡਾਕ ਤਾਰ ਦੇ ਵਸੀਲੇ ਚੁੱਕੇ ਜਾਣ ਦੀ ਪੇਸ਼ਕਸ਼ ਵੀ ਕੀਤੀ ਜਿਸ ਨਾਲ ਨਵੇਂ ਭਾਰਤ ਦੀ ਏਕਤਾ ਤੇ ਅਖੰਡਤਾ ਭੰਗ ਹੋਣ ਦੀ ਸਥਿਤੀ ਬਣ ਜਾਂਦੀ ਸੀ। ਰਾਜੇ-ਮਹਾਰਾਜਿਆਂ ਦੇ ਆਪੋ ਵਿਚ ਵੀ ਸਿੰਗ ਫਸਣ ਦੀ ਪੂਰੀ ਸੰਭਾਵਨਾ ਸੀ ਤੇ ਗੈਰ-ਰਿਆਸਤੀ ਹਲਕਿਆਂ ਉੱਤੇ ਵੀ ਪ੍ਰਭਾਵ ਪੈ ਸਕਦਾ ਸੀ। ਇਨ੍ਹਾਂ ਰਾਜਿਆਂ ਤੇ ਨਵਾਬਾਂ ਨੂੰ ਡਰਾਉਣ, ਧਮਕਾਉਣ ਤੇ ਵਰਚਾਉਣ ਦਾ ਕੰਮ ਸੌਖਾ ਤਾਂ ਨਹੀਂ ਸੀ ਪਰ ਉਸ ਵੇਲੇ ਕੀਤਾ ਗਿਆ ਤੇ ਉਹ ਵੀ ਪੂਰੀ ਸਮਰੱਥਾ ਨਾਲ। ਇਹ ਪੁਸਤਕ ਅਸਿੱਧੇ ਤੌਰ 'ਤੇ ਉਨ੍ਹਾਂ ਰਾਜਨੀਤਕਾਂ ਦਾ ਮਾਰਗ-ਦਰਸ਼ਨ ਕਰਦੀ ਹੈ ਜਿਹੜੇ ਸੰਸਦ ਵਿਚ ਬਿਨਾ ਤੋਲੇ ਬੋਲਣ ਦੇ ਆਦੀ ਹੋ ਚੁੱਕੇ ਹਨ ਜਾਂ ਹੋ ਰਹੇ ਹਨ।

ਮਸਲਾ ਵੱਡਾ ਹੈ। ਪੂਰਾ ਵਿਸਥਾਰ ਕਦੀ ਫੇਰ ਸਹੀ।

**ਅੰਤਿਕਾ**

ਆਜ਼ਾਦੀ ਤਰੰਗ/ਰਾਮ ਪ੍ਰਸਾਦ ਬਿਸਮਲ/ਪ੍ਰਸੰਗ ਗਣਤੰਤਰ॥

ਸਰ ਫਰੋਸ਼ੀ ਦੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ,

ਦੇਖਨਾ ਹੈ ਜ਼ੋਰ ਕਿਤਨਾ ਬਾਜੂ-ਏ-ਕਾਤਲ ਮੇਂ ਹੈ।

ਵਕਤ ਆਨੇ ਦੇ ਬਤਾ ਦੇਂਗੇ ਤੁਝੇ ਐ ਆਸਮਾਂ,

ਹਮ ਅਭੀ ਸੇ ਕਿਆ ਬਤਾਏਂ ਕਿਆ ਹਮਾਰੇ ਦਿਲ ਮੇਂ ਹੈ।

## ਪੁਰਾਣਾ ਸ਼ਹਿਦ

***ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ***

# ਧੂਆਂ

**ਲੇਖਕ: ਗੁਲਜ਼ਾਰ**
**ਅਨੁਵਾਦਕ: ਸੁਭਾਸ਼ ਰਾਬੜਾ**

...ਗੱਲ ਧੁਖੀ ਤਾਂ ਬੜੀ ਹੌਲੀ-ਹੌਲੀ ਸੀ ਪਰ ਵੇਖਦਿਆਂ ਹੀ ਵੇਖਦਿਆਂ ਪੂਰਾ ਕਸਬਾ 'ਧੂੰਏ' ਨਾਲ ਭਰ ਗਿਆ। ਚੌਧਰੀ ਸਾਹਿਬ ਦੀ ਮੌਤ ਸਵੇਰੇ ਚਾਰ ਵਜੇ ਹੋਈ, ਸੱਤ ਵਜੇ ਤੱਕ ਚੌਧਰਾਇਣ ਨੇ ਰੋ-ਧੋ ਕੇ ਆਪਾ ਸੰਭਾਲਿਆ। ਸਭ ਤੋਂ ਪਹਿਲਾਂ ਮੌਲਵੀ ਖੈਰੂਦੀਨ ਨੂੰ ਸੱਦ ਬੁਲਾਇਆ। ਨਾਲ ਹੀ ਨੌਕਰ ਨੂੰ ਤਾਕੀਦ ਕੀਤੀ ਕਿ ਗੱਲ ਬਾਹਰ ਨਾ ਨਿਕਲੇ। ਨੌਕਰ ਜਦੋਂ ਮੌਲਵੀ ਸਾਹਿਬ ਨੂੰ ਵਿਹੜੇ 'ਚ ਛੱਡ ਕੇ ਗਿਆ ਤਾਂ ਚੌਧਰਾਇਣ ਉਨ੍ਹਾਂ ਨੂੰ ਛੱਤ 'ਤੇ ਬਣੇ ਸੌਣ ਵਾਲੇ ਕਮਰੇ 'ਚ ਲੈ ਗਈ, ਜਿੱਥੇ ਚੌਧਰੀ ਦੀ ਲਾਸ਼ ਪਲੰਘ ਤੋਂ ਲਾਹ ਕੇ ਭੁੰਜੇ ਰੱਖ ਦਿੱਤੀ ਹੋਈ ਸੀ। ਦੋ ਚਿੱਟੀਆਂ ਚਾਦਰਾਂ 'ਚ ਲਿਪਟਿਆ ਸਫੈਦ ਜ਼ਰਦ ਚਿਹਰਾ, ਸਫੈਦ ਭਰਵੱਟੇ, ਸਫੈਦ ਵਾਲ, ਸਫੈਦ ਦਾੜ੍ਹੀ। ਚਿਹਰਾ ਬੜਾ ਨੂਰਾਨੀ ਲੱਗ ਰਿਹਾ ਸੀ।

ਮੌਲਵੀ ਨੇ ਬੈਠਦਿਆਂ ਹੀ 'ਇੰਨਾਲਾਹੇ ਵ ਇਨਾਂ ਇਲੇਹੇ ਰਾਜ਼ੇ ਉਨ' ਪੜ੍ਹਿਆ ਅਤੇ ਕੁਝ ਰਸਮੀ ਜਿਹੇ ਜੁਮਲੇ ਕਹੇ। ਅਜੇ ਉਹ ਠੀਕ ਤਰ੍ਹਾਂ ਬੈਠਿਆ ਵੀ ਨਹੀਂ ਸੀ ਕੀ ਚੌਧਰਾਇਣ ਅਲਮਾਰੀ 'ਚੋਂ ਵਸੀਅਤਨਾਮਾ ਕੱਢ ਲਿਆਈ, ਉਨਹੂੰ ਮੌਲਵੀ ਸਾਹਿਬ ਨੂੰ ਵਿਖਾਇਆ ਵੀ ਤੇ ਪੜ੍ਹਾਇਆ ਵੀ। ਚੌਧਰੀ ਸਾਹਿਬ ਦੀ ਆਖਿਰੀ ਖਵਾਹਿਸ਼ ਸੀ ਕਿ ਉਨ੍ਹਾਂ ਦੀ ਲਾਸ਼ ਨੂੰ ਚਿਤਾ ਉੱਤੇ ਰੱਖ ਕੇ ਜਲਾਇਆ ਜਾਵੇ ਅਤੇ ਸੁਆਹ ਨੂੰ ਪਿੰਡ ਨਾਲ ਲੱਗਦੀ ਉਸ ਨਦੀ 'ਚ ਪ੍ਰਵਾਹ ਕਰ ਦਿੱਤਾ ਜਾਵੇ ਜਿਹੜੀ ਉਨ੍ਹਾਂ ਦੇ ਖੇਤਾਂ ਨੂੰ ਸਿੰਜਦੀ ਰਹੀ ਹੈ।


ਮੌਲਵੀ ਜੀ ਨੇ ਵਸੀਅਤਨਾਮਾ ਪੜ੍ਹਿਆ ਅਤੇ ਚੁੱਪ ਹੋ ਗਏ। ਚੌਧਰੀ ਸਾਹਿਬ ਨੇ ਜਿਉਂਦੇ ਜੀ ਦੀਨ-ਈਮਾਨ ਦੇ ਬੜੇ ਕੰਮ ਕੀਤੇ। ਹਿੰਦੂਆਂ ਤੇ ਮੁਸਲਮਾਨਾਂ ਨੂੰ ਇੱਕੋ ਜਿਹਾ ਦਾਨ ਦਿੰਦੇ। ਪਿੰਡ ਦੀ ਕੱਚੀ ਮਸਜਿਦ ਪੱਕੀ ਕਰਵਾ ਦਿੱਤੀ ਸੀ। ਹੋਰ ਤਾਂ ਹੋਰ ਹਿੰਦੂਆਂ ਦੇ ਸ਼ਮਸ਼ਾਨ ਘਾਟ ਨੂੰ ਵੀ ਪੱਕਾ ਕਰਵਾ ਦਿੱਤਾ ਸੀ। ਪਿਛਲੇ ਲੰਬੇ ਸਮੇਂ ਤੋਂ ਉਹ ਬੀਮਾਰ ਚੱਲ ਰਹੇ ਸਨ ਪਰ ਇਸ ਬੀਮਾਰੀ ਦੌਰਾਨ ਵੀ ਰਮਜ਼ਾਨ ਦੇ ਦਿਨੀਂ ਗਰੀਬ-ਗੁਰਬੇ ਲਈ ਅਫਗਰੀ (ਰੋਟੀ-ਪਾਣੀ) ਦਾ ਇੰਤਜ਼ਾਮ ਮਸਜਿਦ 'ਚ ਉਨ੍ਹਾਂ ਵੱਲੋਂ ਹੀ ਹੁੰਦਾ। ਇਲਾਕੇ ਦੇ ਮੁਸਲਮਾਨ ਬੜੇ ਹੀ ਮੁਰੀਦ ਸਨ ਉਨ੍ਹਾਂ ਦੇ। ਬੜਾ ਹੀ ਇਤਬਾਰ ਕਰਿਆ ਕਰਦੇ ਸਨ ਉਹ ਚੌਧਰੀ ਸਾਹਿਬ 'ਤੇ, ਪਰ ਹੁਣ ਚੌਧਰੀ ਸਾਹਿਬ ਦੀ ਵਸੀਅਤ ਪੜ੍ਹ ਕੇ ਮੌਲਵੀ ਸਾਹਿਬ ਨੂੰ ਬੜਾ ਧੱਕਾ ਲੱਗਾ। ਕਿਤੇ ਕੋਈ ਹੋਰ ਹੀ ਪੰਗਾ ਨਾ ਖੜਾ ਹੋ ਜਾਏ। ਮੁਲਕ ਦੀ ਹਵਾ ਅੱਜ ਕੱਲ ਵੈਸੇ ਹੀ ਖਰਾਬ ਹੋ ਰਹੀ ਹੈ। ਮੁਸਲਮਾਨ ਕੁਝ ਜ਼ਿਆਦਾ ਹੀ ਮੁਸਲਮਾਨ ਬਣਦੇ ਜਾ ਰਹੇ ਹਨ ਤੇ ਹਿੰਦੂ ਕੁਝ ਜ਼ਿਆਦਾ ਹੀ ਹਿੰਦੂ।

ਚੌਧਰਾਇਣ ਨੇ ਮੌਲਵੀ ਸਾਹਿਬ ਨੂੰ ਕਿਹਾ, 'ਵੇਖੋ ਮੌਲਵੀ ਜੀ! ਮੈਂ ਕੋਈ ਪੂਜਾ-ਪਾਠ ਤਾਂ ਕਰਵਾਉਣਾ ਨਹੀਂ...ਮੈਂ ਤਾਂ ਬਸ ਇਹੋ ਚਾਹੁਨੀ ਹਾਂ ਕਿ ਸ਼ਮਸ਼ਾਨ 'ਚ ਇਨ੍ਹਾਂ ਦਾ ਦਾਹ-ਸੰਸਕਾਰ ਹੋ ਜਾਏ। ਮੈਂ ਪੰਡਿਤ ਰਾਮ ਚੰਦਰ ਨੂੰ ਵੀ ਸੱਦ ਬੁਲਾਉਂਦੀ, ਪਰ ਫਿਰ ਸੋਚਿਆ ਗੱਲ ਵਿਗੜ ਨਾ ਜਾਵੇ।

ਗੱਲ ਤਾਂ ਦੱਸਣ ਨਾਲ ਹੀ ਵਿਗੜ ਗਈ, ਜਦੋਂ ਮੌਲਵੀ ਸਾਹਿਬ ਨੇ ਪੰਡਿਤ ਰਾਮ ਚੰਦਰ ਨੂੰ ਬੁਲਾਇਆ ਤੇ ਕਿਹਾ, 'ਪੰਡਿਤ! ਤੁਸੀਂ ਆਪਣੇ ਸ਼ਮਸ਼ਾਨ 'ਚ ਚੌਧਰੀ ਸਾਹਿਬ ਨੂੰ ਜਲਾਉਣ ਨਾ ਦੇਣਾ... ਮੁਸਲਮਾਨਾਂ ਵੱਲੋਂ ਐਵੇਂ ਨਾ ਕੋਈ ਹੋਰ ਪੰਗਾ ਖੜਾ ਹੋ ਜਾਏ...ਆਖਿਰਕਾਰ ਚੌਧਰੀ ਸਾਹਿਬ ਕਸਬੇ ਦੇ ਮੁਅਜ਼ਜ਼ ਸਨ...ਕੋਈ ਆਮ ਆਦਮੀ ਨਹੀਂ...ਹਰ ਪਾਸੇ ਦੇ ਲੋਕ ਕਈ ਤਰ੍ਹਾਂ ਉਨ੍ਹਾਂ ਨਾਲ ਜੁੜੇ ਹੋਏ ਸਨ।

ਪੰਡਿਤ ਰਾਮ ਚੰਦਰ ਨੇ ਭਰੋਸਾ ਦਿਵਾਇਆ ਕਿ ਉਹ ਆਪਣੇ ਇਲਾਕੇ 'ਚ ਕਿਸੇ ਕਿਸਮ ਦੀ ਸ਼ਰ ਅੰਗੇਜ਼ੀ ਨਹੀਂ ਚਾਹੁੰਦੇ। ਇਸ ਤੋਂ ਪਹਿਲਾਂ ਕਿ ਗੱਲ ਫੈਲੇ, ਮੈਂ ਆਪਣੇ ਲੋਕਾਂ ਨੂੰ ਸਮਝਾ ਦਿਆਂਗਾ।

ਅੱਗ ਜਿਹੜੀ ਹੁਣ ਤੱਕ ਧੁਖ ਰਹੀ ਸੀ, ਲਪਟਾਂ 'ਚ ਬਦਲਣ ਲੱਗੀ। ਗੱਲ ਚੌਧਰੀ ਤੇ ਚੌਧਰਾਇਣ ਦੀ ਨਹੀਂ ਸੀ, ਗੱਲ ਤਾਂ ਅਕੀਦਿਆਂ ਦੀ ਸੀ... ਪੂਰੀ ਕੌਮ ਦਾ, ਪੂਰੇ ਮਜ਼ਹਬ ਦਾ। ਚੌਧਰਾਇਣ ਦੀ ਆਖਿਰ ਇਹ ਹਿੰਮਤ ਕਿਵੇਂ ਪਈ ਕਿ ਉਸ ਨੇਂ ਚੌਧਰੀ ਨੂੰ ਦਫਨਾਉਣ ਦੀ ਬਜਾਏ ਜਲਾਉਣ ਦੀ ਗੱਲ ਛੇੜੀ...ਐਨੀਂ ਗਾਫਿਲ ਤਾਂ ਉਹ ਨਹੀਂ, ਇਸਲਾਮ ਦੇ ਕਾਇਦੇ ਕ਼ਾਨੂਨਾਂ ਤੋਂ।



ਕੁਝ ਲੋਕਾਂ ਚੌਧਰਾਇਣ ਨੂੰ ਮਿਲਣ ਦੀ ਜਿਦ ਵੀ ਕੀਤੀ। ਚੌਧਰਾਇਣ ਨੇ ਬੜੀ ਹੀ ਤਹਮੱਲ ਮਿਜਾਜੀ ਨਾਲ ਜੁਆਬ ਦਿੱਤਾ, 'ਭਾਈ ਜਾਂ! ਇਹ ਉਨ੍ਹਾਂ ਦੀ ਆਖਿਰੀ ਖਵਾਹਿਸ਼ ਸੀ...ਹੁਣ ਮਿੱਟੀ ਹੀ ਤਾਂ ਹੈ...ਸਾੜ ਦਿਓ ਭਾਵੇਂ ਦੱਬ ਦਿਓ...ਬਸ ਉਨ੍ਹਾਂ ਦੀ ਰੂਹ ਨੂੰ ਤਸਕੀਨ ਮਿਲਣੀ ਚਾਹੀਦੀ ਹੈ...ਤੁਹਾਨੂੰ ਭਲਾ ਇਸ 'ਚ ਕੀ ਇਤਰਾਜ਼ ਹੋ ਸਕਦੈ?'

ਇੱਕ ਸਾਹਿਬ ਕੁਝ ਜ਼ਿਆਦਾ ਹੀ ਤੈਸ਼ ਚ ਆ ਗਏ...ਪੁਛਣ ਲੱਗੇ, 'ਉਨ੍ਹਾਂ ਨੂੰ ਜਲਾ ਕੇ ਤੁਹਾਨੂੰ ਤਸਕੀਨ ਮਿਲੇਗੀ? ਚੌਧਰਾਇਣ ਦਾ ਜੁਆਬ ਸੀ, 'ਹਾਂ ਉਨ੍ਹਾਂ ਦੀ ਆਖਿਰੀ ਖਵਾਹਿਸ਼ ਪੂਰੀ ਕਰ ਕੇ ਮੈਨੂੰ ਤਸਕੀਨ ਮਿਲੇਗੀ।'

ਦਿਨ ਚੜ੍ਹਦਿਆਂ-ਚੜ੍ਹਦਿਆਂ ਚੌਧਰਾਇਣ ਦੀ ਬੇਚੈਨੀ ਵਧਣ ਲੱਗੀ। ਜਿਸ ਗੱਲ ਨੂੰ ਉਹ ਸੁਲਾਹ-ਸਫਾਈ ਨਾਲ ਨਿਪਟਾਣਾ ਚਾਹੁੰਦੀ ਸੀ, ਉਹ ਤਾਂ ਹੱਥੋਂ ਬਾਹਰ ਹੁੰਦੀ ਜਾ ਰਹੀ ਸੀ। ਚੌਧਰੀ ਸਾਹਿਬ ਦੀ ਇਸ ਖਾਹਿਸ਼ ਪਿਛੇ ਨਾ ਤਾਂ ਕੋਈ ਰਾਜ਼ ਸੀ ਤੇ ਨਾਂ ਕੋਈ ਗੁੰਝਲਦਾਰ ਪਲਾਟ...ਨਾ ਹੀ ਕੋਈ ਫਲਸਫਾ, ਜਿਹੜਾ ਕਿਸੇ ਦੀਨ ਜਾਂ ਮਜ਼ਹਬ ਨਾਲ ਜੁੜਿਆ ਹੋਇਆ ਹੋਵੇ। ਇੱਕ ਸਿਧੀ-ਸਾਧੀ ਇਨਸਾਨੀ ਖਾਹਿਸ਼ ਸੀ ਕਿ ਮਰਨ ਤੋਂ ਬਾਅਦ ਮੇਰਾ ਕੋਈ ਨਾਮੋਂ-ਨਿਸ਼ਾਂ ਨਾਂ ਰਹੇ।

'ਜਦ ਤੱਕ ਹਾਂ ਤਦ ਤੱਕ ਹਾਂ...ਜਦ ਨਹੀਂ ਤਾਂ ਕਿਤੇ ਵੀ ਨਹੀਂ'

ਵਰ੍ਹਿਆਂ ਪਹਿਲਾਂ ਚੌਧਰੀ ਸਾਹਿਬ ਨੇ ਗੱਲ ਛੇੜੀ ਸੀ, ਪਰ ਜਿਉਂਦੇ-ਜੀਅ ਕਿਹੜਾ ਐਨੀਆਂ ਡੂੰਘਾਈਆਂ 'ਚ ਜਾਂਦਾ ਹੈ। ਚੌਧਰੀ ਸਾਹਿਬ ਦੀ ਆਖਿਰੀ ਖਵਾਹਿਸ਼ ਨੂੰ ਪੂਰਾ ਕਰਨ ਦੀਆਂ ਕੋਸ਼ਿਸ਼ਾਂ ਰਾਹੀਂ ਤਾਂ ਜਿਵੇਂ ਉਹ ਚੌਧਰੀ ਸਾਹਿਬ ਦੀ ਮੁਹਬੱਤ ਤੇ ਭਰੋਸੇ ਉੱਤੇ ਪੂਰਾ ਉਤਰਨ ਦੀ ਕੋਸ਼ਿਸ਼ ਕਰ ਰਹੀ ਸੀ। ਆਖਿਰ ਇਹ ਵੀ ਕੀ ਗੱਲ ਹੋਈ ਕਿ ਓਧਰ ਕਿਸੇ ਨੇ ਅੱਖਾਂ ਮੀਟੀਆਂ ਤੇ ਐਧਰ ਸਾਰੇ ਕੌਲ-ਕਰਾਰ ਮਿੱਟੀ ਘੱਟੇ 'ਚ।

ਚੌਧਰਾਇਣ ਨੇ ਵੀਰੂ ਨੂੰ ਇੱਕ ਵਾਰ ਫਿਰ ਭੇਜ ਕੇ ਪੰਡਤ ਰਾਮ ਚੰਦਰ ਨੂੰ ਬੁਲਾਉਣ ਦੀ ਕੋਸ਼ਿਸ਼ ਵੀ ਕੀਤੀ। ਪੰਡਿਤ ਨਹੀਂ ਮਿਲਿਆ, ਉਸ ਦੇ ਚੌਕੀਦਾਰ ਨੇ ਕਿਹਾ, 'ਵੇਖ ਭਰਾਵਾ! ਜਲਾਉਣ ਤੋਂ ਪਹਿਲਾਂ ਮੰਤਰ ਪੜ੍ਹ ਕੇ ਅਸੀਂ ਚੌਧਰੀ ਦੇ ਤਿਲਕ ਜਰੂਰ ਲਾਂਵਾਂਗੇ'

'ਪਰ ਭਰਾਵਾ! ਜਿਹੜਾ ਹੁਣ ਮਰ ਹੀ ਗਿਆ ਉਹਦਾ ਧਰਮ ਕਿਵੇਂ ਬਦਲੋਗੇ?'

'ਵੇਖ! ਤੂੰ ਸਾਡੇ ਨਾਲ ਜਿਆਦਾ ਬਹਿਸ ਤਾਂ ਕਰ ਨਾ। ਭਲਾ ਇਹ ਕਿਵੇਂ ਹੋ ਸਕਦੈ ਕਿ ਅਸੀਂ ਗੀਤਾ ਦੇ ਚਾਰ ਸ਼ਲੋਕ ਪੜ੍ਹੇ ਬਿਨਾ ਹੀ ਚਿਤਾ ਨੂੰ ਅਗਨ ਭੇਂਟ ਕਰ ਦਈਏ? ਇਓਂ ਨਾ ਕੀਤਾ ਤਾਂ ਚੌਧਰੀ ਸਾਹਿਬ ਦੀ ਆਤਮਾ ਨੇ ਨਾ ਸਾਨੂੰ ਬਖਸ਼ਣਾ ਨਾ ਤੁਹਾਨੂੰ। ਚੌਧਰੀ ਸਾਹਿਬ ਦੇ ਸਾਡੇ ਤੇ ਬੜੇ ਅਹਿਸਾਨ ਰਹੇ ਹਨ ਇਸ ਲਈ ਅਸੀਂ ਉਨ੍ਹਾਂ ਦੀ ਆਤਮਾ ਨੂੰ ਭਟਕਦਾ ਨਹੀਂ ਛੱਡ ਸਕਦੇ।

ਵੀਰੂ ਵਾਪਿਸ ਮੁੜ ਆਇਆ। ਵੀਰੂ ਜਦੋਂ ਪੰਡਿਤ ਜੀ ਦੇ ਘਰੋਂ ਨਿੱਕਲ ਰਿਹਾ ਸੀ ਤਾਂ ਪੰਨੇ ਨੇ ਵੇਖ ਲਿਆ ਤੇ ਜਾ ਮਸੀਤੇ ਖਬਰ ਕੀਤੀ।

ਅੱਗ ਜਿਹੜੀ ਥੋੜੀ-ਥੋੜੀ ਠੰਡੀ ਹੋਣ ਲੱਗੀ ਸੀ, ਫਿਰ ਭੜਕਣ ਲੱਗੀ। ਛਾਰ-ਪੰਜ ਮੁਹਤਬਿਰ ਮੁਸਲਮਾਨਾਂ ਨੇ ਤਾਂ ਇੱਕ ਟੁੱਕ ਆਪਣਾ ਫੈਸਲਾ ਵੀ ਸੁਣਾ ਦਿੱਤਾ...ਉਹ ਚੌਧਰੀ ਦੀ ਰੂਹ ਨੂੰ ਭਟਕਣ ਨਹੀਂ ਦੇਣਗੇ। ਚੌਧਰੀ ਸਾਹਿਬ ਦੇ ਉਨ੍ਹਾਂ ਤੇ ਬਹੁਤ ਹੀ ਅਹਿਸਾਨ ਜੋ ਸਨ। ਮਸਜਿਦ ਦੇ ਪਿਛਵਾੜੇ ਕਬਰ ਪੱਟੀ ਜਾਣ ਲੱਗੀ।

ਸ਼ਾਮ ਢਲਦਿਆਂ-ਢਲਦਿਆਂ ਕੁਝ ਲੋਕ ਫਿਰ ਹਵੇਲੀ ਚ ਆ ਧਮਕੇ। ਉਨ੍ਹਾਂ ਫੈਸਲਾ ਕਰ ਲਿਆ ਸੀ ਕਿਵੇਂ ਨਾ ਕਿਵੇਂ, ਡਰਾ-ਧਮਕਾ ਕੇ ਚੌਧਰਾਇਣ ਤੋਂ ਵਸੀਅਤਨਾਮਾ ਹਥਿਆ ਲਿਆ ਜਾਵੇ ਤੇ ਫਿਰ ਸਾੜ ਦਿੱਤਾ ਜਾਵੇ...ਜਦੋਂ ਵਸੀਅਤਨਾਮਾ ਹੀ ਨਾ ਹੋਊ, ਬੁਢੀ ਕੀ ਕਰ ਲਊ?

ਚੌਧਰਾਇਣ ਨੇ ਇਹ ਚਾਲ ਸੁੰਘ ਲਈ। ਉਸ ਨੇ ਵਸੀਅਤਨਾਮਾ ਕਿਤੇ ਲੁਕਾ ਦਿੱਤਾ। ਜਦੋਂ ਲੋਕਾਂ ਨੇ ਡਰਾਇਆ-ਧਮਕਾਇਆ ਤਾਂ ਉਸ ਨੇ ਕਿਹਾ, 'ਮੌਲਵੀ ਖੈਰੂਦੀਨ ਨੂੰ ਪੁਛ ਲਵੋ...ਉਸ ਨੇ ਵਸੀਅਤ ਵੇਖੀ ਵੀ ਹੈ ਤੇ ਪੜ੍ਹੀ ਵੀ'।

'ਤੇ ਜੇ ਉਹ ਨਾਂਹ ਕਰ ਦੇਵੇ ਤਾਂ?'

'ਤਾਂ ਉਹ ਕੁਰਾਨ ਸ਼ਰੀਫ਼ ਉੱਤੇ ਹਥ ਰੱਖ ਕੇ ਕਹਿ ਦੇਵੇ...ਵਰਨਾ'

'ਵਰਨਾ ਕੀ?

'ਵਰਨਾ ਕਚਿਹਰੀ 'ਚ ਵੇਖ ਲਿਆ ਜੇ'

ਇੱਕ ਗੱਲ ਤਾਂ ਸਾਫ਼ ਹੋ ਗਈ ਸੀ ਕਿ ਮਾਮਲਾ ਕੋਰਟ-ਕਚਿਹਰੀ ਤੱਕ ਵੀ ਜਾ ਸਕਦੈ। ਹੋ ਸਕਦੈ, ਬੁਢੀ ਆਪਣੇ ਵਕੀਲ ਨੂੰ ਸੱਦ ਲਵੇ ਅਤੇ ਪੁਲੀਸ ਨੂੰ ਵੀ ਤੇ ਫਿਰ ਉਨ੍ਹਾਂ ਦੀ ਮੌਜੂਦਗੀ 'ਚ ਉਹ ਵਸੀਅਤਨਾਮੇ ਉੱਤੇ ਅਮਲ ਕਰਵਾ ਲਵੇ...ਹੋ ਸਕਦੈ ਉਨ੍ਹੇ ਐਸਾ ਕਰ ਹੀ ਲਿਆ ਹੋਵੇ...ਨਹੀਂ ਤਾਂ ਭਲਾ ਆਪਨੇ ਖਾਵੰਦ ਦੀ ਲਾਸ਼ ਬਰਫ਼ ਦੀਆਂ ਸਿੱਲੀਆਂ ਹੇਠ ਰੱਖ ਕੇ ਕੋਈ ਐਨੀ ਤਹੱਮਲ-ਮਿਜਾਜੀ ਨਾਲ ਗੱਲ ਕਰ ਸਕਦੈ?

ਰਾਤ ਦੇ ਵੇਲੇ ਖਬਰਾਂ ਅਫਵਾਹਾਂ ਵਾਂਗ ਹੀ ਖੰਭ ਲਾ-ਲਾ ਉਡਦੀਆਂ ਹਨ।

ਕਿਸੇ ਕਿਹਾ, 'ਇੱਕ ਘੋੜ ਸਵਾਰ ਚੌਧਰਾਇਣ ਦੀ ਹਵੇਲੀ 'ਚੋਂ ਨਿੱਕਲ ਸ਼ਹਿਰ ਵੱਲ ਜਾਂਦਾ ਵੇਖਿਆ ਹੈ...ਉਸ ਦਾ ਮੂੰਹ ਸਿਰ ਲਪੇਟਿਆ ਹੋਇਆ ਸੀ'

ਦੂਜਾ ਕਹਿਣ ਲੱਗਾ, 'ਚੌਧਰਾਇਣ ਦੀ ਹਵੇਲੀ 'ਚੋਂ ਲੱਕੜਾਂ ਕੱਟਣ ਦੀ ਆਵਾਜ਼ ਉਸ ਆਪ ਸੁਣੀ ਹੈ...ਇੱਕ ਦਰਖਤ ਕੱਟਣ ਦੀ ਵੀ'।

ਚੌਧਰਾਇਣ ਯਕੀਨਨ ਮਕਾਨ ਦੇ ਪਿਛਵਾੜੇ ਚਿਤਾ ਤਿਆਰ ਕਰਨ ਲਈ ਲੱਕੜਾਂ ਤਿਆਰ ਕਰ ਰਹੀ ਸੀ। ਕੱਲੂ ਦਾ ਖੂਨ ਖੌਲ ਪਿਆ, 'ਬੁਜਦਿਲੋ ਅੱਜ ਰਾਤ ਇੱਕ ਮੁਸਲਮਾਨ ਨੂੰ ਅੱਗ ਹਵਾਲੇ ਕੀਤਾ ਜਾਵੇਗਾ ਤੇ ਤੁਸੀਂ ਸਾਰੇ ਐਥੇ ਬੈਠੇ ਲਾਟਾਂ ਵੇਖੋਗੇ...ਕੁਝ ਤੇ ਗੈਰਤ ਕਰੋ'।

ਕੱਲੂ ਆਪਣੇ ਅੱਡਿਓਂ ਬਾਹਰ ਨਿੰਕਲਿਆ। ਕਤਲੋ-ਗਾਰਤ ਉਸ ਦਾ ਪੇਸ਼ਾ ਹੋਇਆ ਤਾਂ ਵੀ ਕੀ? ਈਮਾਨ ਨਾਲੋਂ ਵੱਡੀ ਸ਼ੈ ਕਿਹੜੀ। 'ਈਮਾਨ ਨਾਲੋਂ ਵੱਡੀ ਤਾਂ ਮਾਨ ਵੀ ਨਹੀਂ ਹੁੰਦੀ' ਉਸ ਕਿਹਾ।

ਚਾਰ ਪੰਜ ਸਾਥੀਆਂ ਨੂੰ ਨਾਲ ਲੈ ਕੇ ਉਹ ਹਵੇਲੀ ਦੀ ਪਿਛਲੀ ਕੰਧ ਟੱਪ ਗਿਆ। ਚੌਧਰਾਇਣ ਕੱਲਮ-ਕੱਲੀ ਲਾਸ਼ ਕੋਲ ਬੈਠੀ ਸੀ। ਇਸ ਤੋਂ ਪਹਿਲਾਂ ਕਿ ਉਹ ਸੰਭਲਦੀ, ਕੱਲੂ ਦੀ ਕੁਹਾੜੀ ਗਰਦਨ ਚੀਰਦੀ ਬਾਹਰ ਲੰਘ ਗਈ ਸੀ।

'ਸਵੇਰੇ ਜਦੋਂ ਚੌਧਰਾਇਣ ਦੀ ਲਾਸ਼ ਮਿਲੇਗੀ ਤਾਂ ਕੀ ਹੋਵੇਗਾ?'

'ਬੁਢੀ ਮਰ ਗਈ ਕਿ ਨਹੀਂ?'

'ਸਿਰ ਤਾਂ ਵਢਿਆ ਹੀ ਗਿਆ ਸੀ...ਸਵੇਰ ਤੱਕ ਕਿਹੜਾ ਬਚ ਜਾਊ'

ਕੱਲੂ ਰੁਕਿਆ...ਉਸ ਚੌਧਰਾਇਣ ਦੀ ਖਵਾਬ ਗਾਹ ਵੱਲ ਵੇਖਿਆ...ਪੰਨਾਂ ਕੱਲੂ ਦੇ ਦਿਲ ਦੀ ਗੱਲ ਸਮਝ ਗਿਆ ਸੀ।

'ਤੂੰ ਚੱਲ ਉਸਤਾਦ! ਤੇਰੇ ਦਿਲ 'ਚ ਕੀ ਹੈ...ਸਮਝ ਰਿਹਾ ਹਾਂ...ਕੰਮ ਹੋ ਜਾਊਗਾ' ਪੰਨੇ ਨੇ ਕਿਹਾ।

ਕੱਲੂ ਚੱਲ ਪਿਆ ਕਬਰਿਸਤਾਨ ਵੱਲ।


ਰਾਤ ਜਦੋਂ ਚੌਧਰੀ ਦੀ ਖਵਾਬ ਗਾਹ 'ਚੋਂ ਅੱਗ ਦੀਆਂ ਲਪਟਾਂ ਨਿੱਕਲ ਰਹੀਆਂ ਸਨ ਤਾਂ ਪੂਰਾ ਕਸਬਾ ਧੂਏਂ ਨਾਲ ਭਰਿਆ ਪਿਆ ਸੀ।

ਜਿਉਂਦਿਆਂ ਨੂੰ ਸਾੜ ਦਿੱਤਾ ਗਿਆ ਸੀ...ਅਤੇ...ਮੁਰਦੇ ਦਫਨ ਕਰ ਦਿੱਤੇ ਆਏ ਸਨ।

## ਲੋਕ ਵੇਦਨਾ

# ਪਹਿਲਾ ਪਾਣੀ ਜੀਓ ਹੈ...

***ਅੱਜ-ਕੱਲ੍ਹ ਦੇਸ਼ ਦੀ ਸਭ ਤੋਂ ਉੱਚੀ ਅਦਾਲਤ ਵਿਚ ਪਾਣੀਆਂ ਦੀ ਵੰਡ ਦਾ ਇੱਕ ਮਸਲਾ ਫੈਸਲੇ ਦੀ ਉਡੀਕ ਕਰ ਰਿਹਾ ਹੈ। ਜਿਉਂ ਹੀ ਇਹ ਮਸਲਾ ਬੇ-ਅਸੂਲੀ ਰਾਜਨੀਤੀ ਕਰਨ ਵਾਲਿਆਂ ਦੇ ਹੱਥ ਲੱਗਦਾ ਤਾਂ ਇਹ ਨਾਅਰੇ ਅਤੇ ਟਾਹਰਾਂ ਮਾਰਨ ਲੱਗ ਜਾਂਦੇ ਹਨ।***



**ਹਰਜਿੰਦਰ ਸਿੰਘ ਅਟਵਾਲ (ਡਾ.)**

ਕੁੱਲ ਆਲਮ ਵਿੱਚ ਜਦੋਂ ਤੋਂ ਮਾਨਵੀ ਰੂਹ ਧੜਕਣੀ ਸ਼ੁਰੂ ਹੋਈ ਹੈ, ਉਦੋਂ ਤੋਂ ਹੀ ਮਿੱਟੀ, ਹਵਾ ਅਤੇ ਪਾਣੀ ਦੀ ਲੋੜ ਅਤੇ ਇਸ ਦੇ ਮਹੱਤਵ ਦੀ ਬਾਤ ਚੱਲਦੀ ਆ ਰਹੀ ਹੈ। ਮੱਧਕਾਲ ਦੀਆਂ ਕਲਾਸਿਕ ਰਚਨਾਵਾਂ ਵਿੱਚ ਥਾਂ ਪੁਰ ਥਾਂ ਇਸ ਦੀ ਗੱਲ ਹੋਈ ਹੈ। ਪਾਣੀ ਬਿਨਾਂ ਪ੍ਰਾਣ ਅਤੇ ਪ੍ਰਾਣੀ ਸੰਭਵ ਨਹੀਂ। ਦੁਨੀਆ ਦੀਆਂ ਬਹੁਤੀਆਂ ਸੱਭਿਅਤਾਵਾਂ ਪਾਣੀਆਂ ਕੰਢੇ ਹੀ ਉਗਮੀਆਂ ਹਨ। ਕੁੱਲ ਆਲਮ ਦੇ ਪਹਿਲਾਂ-ਪਹਿਲਾਂ ਵਸੇ ਵੱਡੇ ਸ਼ਹਿਰ ਪਾਣੀਆਂ ਕਿਨਾਰੇ ਵਸਣ ਦੀ ਗਵਾਹੀ ਇਤਿਹਾਸ ਵੀ ਭਰਦਾ ਆ ਰਿਹਾ ਹੈ। ਪੰਜਾਬ ਦਾ ਲਾਹੌਰ ਜੇ ਰਾਵੀ ਕਿਨਾਰੇ ਵਸਿਆ ਹੈ ਤਾਂ ਜਦ ਅੰਮ੍ਰਿਤਸਰ ਵਸਾਉਣ ਦੀ ਗੱਲ ਤੁਰਦੀ ਹੈ ਤਾਂ ਵਿਸ਼ਾਲ ਸਰੋਵਰ ਦਾ ਸੰਕਲਪ ਵੀ ਕਿਤੇ ਨਾ ਕਿਤੇ ਪਾਣੀ ਦੇ ਮਹੱਤਵ ਨੂੰ ਵੀ ਹੋਰ ਪੱਕਿਆਂ ਕਰਦਾ ਹੈ। ਸਪਤ ਸਿੰਧੂ, ਪੰਜਾਬ ਦੇ ਨਾਵਾਂ ਨਾਲ ਪਾਣੀ ਦੀ ਹੀ ਬਾਤ ਪੈਂਦੀ ਆ ਰਹੀ ਹੈ। ਦੁਨੀਆ ਵਿੱਚ ਵਗਦੇ ਪਾਣੀ ਉੱਥੋਂ ਦੇ ਲੋਕਾਂ ਦੀ ਜੀਵਨ ਰੇਖਾ ਬਣੇ ਹਨ। ਪੰਜਾਬ (ਸਾਂਝੇ) ਵਿਚਲੇ ਪੰਜੇ ਦਰਿਆ ਆਪਣੇ ਨਾਲ ਇੱਕ ਨਿਵੇਕਲਾ ਇਤਿਹਾਸ ਸਿਰਜਦੇ ਰਹੇ ਹਨ। ਝਨਾਂ, ਰਾਵੀ, ਸਤਲੁਜ ਦਾ ਨਾਂਅ ਲੈਂਦਿਆਂ ਹੀ ਇਹਨਾਂ ਪਾਣੀਆਂ (ਦਰਿਆਵਾਂ) ਨਾਲ ਜੁੜੀਆਂ ਕਥਾਵਾਂ ਸਾਕਾਰ ਰੂਪ ਵਿੱਚ ਆ ਹਾਜ਼ਰ ਹੁੰਦੀਆਂ ਹਨ। ਜੇ ਝਨਾਂ ਨਾਲ ਹੀਰ ਅਤੇ ਹੋਰ ਪਾਤਰਾਂ ਦੇ ਨਾਂਅ ਜੁੜੇ ਹਨ ਤਾਂ ਸਤਲੁਜ ਦਾ ਨਾਂਅ ਲੈਂਦਿਆਂ ਹੀ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀ ਸ਼ਹਾਦਤ ਦਾ ਦ੍ਰਿਸ਼ ਸਾਕਾਰ ਹੋਣ ਲੱਗਦਾ ਹੈ। ਪੰਜਾਬੀਆਂ ਦੀ ਪਾਣੀਆਂ (ਦਰਿਆਵਾਂ) ਨਾਲ ਰੂਹਾਨੀ ਸਾਂਝ ਵੀ ਜੁੜਦੀ ਹੈ, ਭੌਤਿਕ ਪੱਧਰ 'ਤੇ ਇਹ ਵਹਿੰਦੇ ਪਾਣੀ ਸਾਡੀ ਜੀਵਨ ਧਾਰਾ ਨੂੰ ਅੱਗੇ ਤੋਰਦੇ ਹਨ।

ਪੰਜਾਬ ਦੇ ਖਿੱਤੇ ਦੀ ਸੋਚ ਧਾਰਾ ਵਿੱਚ ਕਿਰਤ ਕਰਨ ਅਤੇ ਵੰਡ ਛਕਣ ਦੀ ਇੱਕ ਅਮੀਰ ਪਰੰਪਰਾ ਚੱਲਦੀ ਆ ਰਹੀ ਹੈ। 'ਵੰਡ ਛਕਣ' ਦਾ ਸੰਕਲਪ ਸਾਨੂੰ ਮੱਧਕਾਲ ਦੀਆਂ ਧਾਰਮਿਕ, ਸਮਾਜਿਕ, ਸੱਭਿਆਚਾਰਕ ਲਹਿਰਾਂ ਨੇ ਦ੍ਰਿੜ ਕਰਵਾਇਆ ਹੈ, ਜਿਸ ਅਨੁਸਾਰ ਵਰਤਮਾਨ ਵਿੱਚ ਜੋ ਤੁਹਾਡੇ ਕੋਲ ਪ੍ਰਾਪਤ ਹੈ, ਉਸ ਨੂੰ ਸਾਰੇ ਜੀਵਾਂ ਵਿੱਚ ਵੰਡ ਕੇ ਵਰਤਿਆ ਜਾਵੇ, ਕਿਉਂ ਜੋ ਹਰ ਜੀਵ ਨੂੰ ਜੀਊਣ ਦਾ ਬਰਾਬਰ ਅਧਿਕਾਰ ਹੈ। ਇਹ ਸੰਕਲਪ ਅਸਲ ਵਿੱਚ ਸਮਾਜਿਕ ਬਰਾਬਰੀ ਦੇ ਵਡੇਰੇ ਜੀਊਣ-ਢੰਗ ਨੂੰ ਪੇਸ਼ ਕਰਨ ਦਾ ਇੱਕ ਯਤਨ ਹੈ, ਪਰ ਜਦੋਂ ਅਸੀਂ ਇਤਿਹਾਸ ਦੇ ਪੰਨਿਆਂ ਵਿੱਚ ਦਰਜ ਉਹਨਾ ਘਟਨਾਵਾਂ ਤੋਂ ਵਾਕਿਫ ਹੁੰਦੇ ਹਾਂ, ਜਿਸ ਵਿੱਚ ਪਾਣੀਆਂ ਉੱਪਰ 'ਵਲੀ ਕੰਧਾਰੀ' ਵਾਲੀ ਮਾਨਸਿਕਤਾ ਵਰਗੇ ਲੋਕ ਕਾਬਜ਼ ਹੋਣ ਦਾ ਯਤਨ ਕਰਦੇ ਹਨ ਤਾਂ 'ਮਰਦਾਨੇ' ਦੀ ਪਿਆਸ ਬੁਝਾਉਣ ਦਾ ਹੀਲਾ-ਵਸੀਲਾ ਵੀ ਬਣਦਾ ਰਿਹਾ ਹੈ। ਵਲੀ ਕੰਧਾਰੀ ਦੀ ਮਾਨਸਿਕਤਾ ਵਾਲੀ ਅਜੋਕੇ ਰਾਜਨੀਤੀ ਦੀਆਂ ਆਪੋ-ਆਪਣੀਆਂ ਗੋਟੀਆਂ ਫਿੱਟ ਕਰਨ ਦੇ ਆਹਰ ਵਿੱਚ ਲੱਗੇ ਹਰ ਕੁਦਰਤੀ ਨਿਆਮਤ ਨੂੰ ਆਪਣੇ ਵੱਸ ਵਿੱਚ ਕਰਕੇ ਉਸ ਤੋਂ ਲਾਹਾ ਲੈਣ ਦੀ ਤਾਕ ਵਿੱਚ ਰਹਿੰਦੇ ਹਨ, ਤਾਂ ਫਿਰ ਅਜਿਹੀ ਰਾਜਨੀਤੀ ਸ਼ੁਰੂ ਹੋ ਜਾਂਦੀ ਹੈ, ਜਿਸ ਵਿੱਚ ਅਸਲ ਮੁੱਦਾ ਤਾਂ ਕਿਤੇ ਗੁੰਮ-ਗੁਆਚ ਹੀ ਜਾਂਦਾ ਹੈ, ਅਸਲ ਵਿੱਚ ਅਜਿਹੀ ਰਾਜਨੀਤੀ ਕਰਨ ਵਾਲੇ ਪਾਣੀਆਂ ਜਾਂ ਅਜਿਹੇ ਕਿਸੇ ਹੋਰ ਮੁੱਦੇ ਦੇ ਮੋਢਿਆਂ ਉੱਪਰ ਚੜ੍ਹ ਕੇ ਟੀਸੀ ਦਾ ਬੇਰ ਤੋੜਨ ਦੀ ਤਾਂਘ ਰੱਖਦੇ ਹਨ।

ਅੱਜ-ਕੱਲ੍ਹ ਦੇਸ਼ ਦੀ ਸਭ ਤੋਂ ਉੱਚੀ ਅਦਾਲਤ ਵਿੱਚ ਪਾਣੀਆਂ ਦੀ ਵੰਡ ਦਾ ਇੱਕ ਮਸਲਾ ਫੈਸਲੇ ਦੀ ਉਡੀਕ ਕਰ ਰਿਹਾ ਹੈ। ਜਿਉਂ ਹੀ ਇਹ ਮਸਲਾ ਬੇ-ਅਸੂਲੀ ਰਾਜਨੀਤੀ ਕਰਨ ਵਾਲਿਆਂ ਦੇ ਹੱਥ ਲੱਗਦਾ ਤਾਂ ਇਹ ਨਾਅਰੇ ਅਤੇ ਟਾਹਰਾਂ ਮਾਰਨ ਲੱਗ ਜਾਂਦੇ ਹਨ। ਕਈ ਨੇਤਾਵਾਂ ਦੀਆਂ ਟਾਹਰਾਂ ਤਾਂ ਉਹਨਾਂ ਦੇ ਕਿੱਲ੍ਹਣ ਤੱਕ ਵੀ ਪਹੁੰਚ ਗਈਆਂ। ਪੰਜਾਬ ਦੀ ਰਾਜਨੀਤੀ ਵਿੱਚ ਪਹਿਲਾਂ ਵਾਰੋ-ਵਾਰੀ ਸੱਤਾ-ਸੁੱਖ ਭੋਗ ਚੁੱਕੀਆਂ ਦੋ-ਤਿੰਨ ਪਾਰਟੀਆਂ ਤਾਂ ਇਸ ਮਸਲੇ ਬਾਰੇ ਵਧੇਰੇ ਉਤਸ਼ਾਹੀ ਹੋ ਕੇ ਟਾਹਰਾਂ ਮਾਰ ਰਹੀਆਂ ਕਿ ਅਸੀਂ 'ਪਾਣੀ ਦੀ ਇੱਕ ਬੂੰਦ ਵੀ ਪੰਜਾਬ ਤੋਂ ਬਾਹਰ ਨਹੀਂ ਜਾਣ ਦਿਆਂਗੇ।' ਇਹਨਾਂ ਲੋਕਾਂ ਦੀ ਯਾਦਦਾਸ਼ਤ ਏਨੀ ਕਮਜ਼ੋਰ ਹੋ ਚੁੱਕੀ ਹੈ ਕਿ ਉਹਨਾਂ ਵਿੱਚੋਂ ਇੱਕ ਦੇ ਰਾਜ ਸਮੇਂ ਪਾਣੀ ਲਿਜਾਣ ਵਾਲੀ ਨਹਿਰ ਦਾ ਟੱਕ ਰਾਜੇ ਵੱਲੋਂ ਲਿਆਂਦੀ 'ਚਾਂਦੀ' ਦੀ ਕਹੀ ਨਾਲ ਉਸ ਸਮੇਂ ਦਿੱਲੀ ਦੇ ਤਖਤ 'ਤੇ ਬੈਠੀ ਬੀਬੀ ਨੇ ਆਪਣੇ ਕਰ ਕਮਲਾਂ ਨਾਲ ਲਾਇਆ ਸੀ। ਦੂਜੀ ਧਿਰ ਜਿਹੜੇ ਸਾਂਝੀ ਸਰਕਾਰ ਵਿੱਚ ਅਗਵਾਈ ਕਰ ਰਹੇ ਸਨ, ਉਹਨਾਂ ਨੇ ਦੂਜੇ ਸੂਬੇ ਦੇ ਆਪਣੇ ਪੱਗ-ਵੱਟ ਭਰਾ ਤੋਂ ਨਹਿਰ ਬਦਲੇ ਨਜ਼ਰਾਨਾ ਵੀ ਲੈ ਲਿਆ ਸੀ। ਮੌਜੂਦਾ ਸਮੇਂ ਵਿੱਚ ਸੱਤਾ 'ਤੇ ਬੈਠੀ ਪਾਰਟੀ ਦੀ ਇਸ ਪ੍ਰਤੀ ਪਹੁੰਚ ਵੀ ਬਹੁਤੀ ਸਕਾਰਥ ਨਹੀਂ ਜਾਪਦੀ। ਇਹਨਾਂ ਦੀ ਸਥਿਤੀ ਇਸ ਮਸਲੇ ਪ੍ਰਤੀ ਸੁਤਉਣੀਂਦੀ ਪਹੁੰਚ ਵਾਲੀ ਹੈ। ਇਹਨਾਂ ਸਾਰੀਆਂ ਧਿਰਾਂ ਨੂੰ ਜੇ ਵਿਹਲ ਮਿਲੇ ਤਾਂ ਸੋਚ ਲੈਣ ਕਿ ਅਜਿਹੇ ਮਸਲਿਆਂ ਨੇ ਪੰਜਾਬ ਨੂੰ ਕਾਲੇ ਦੌਰ ਵਿੱਚ ਧੱਕਿਆ ਸੀ।

ਕੁਝ ਸਮਾਂ ਪਹਿਲਾਂ ਇਕ ਸਾਲ ਤੋਂ ਵੱਧ ਚੱਲੇ ਕਿਸਾਨ ਅੰਦੋਲਨ ਵਿਚਲੀ ਸਾਂਝ ਇੱਕ ਨਵੀਂ ਆਸ ਦਾ ਉਭਾਰ ਲੈ ਕੇ ਆਉਂਦੀ ਹੈ, ਜਿਸ ਵਿੱਚ ਪੰਜਾਬ, ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਅਤੇ ਪੰਜਾਬ ਨਾਲ ਲੱਗਦੇ ਰਾਜਸਥਾਨ ਦੇ ਕੁਝ ਹਿੱਸੇ ਦੇ ਕਿਸਾਨ ਸਾਂਝੇ ਰੂਪ ਵਿੱਚ ਇੱਕ ਲੰਮਾ ਸੰਘਰਸ਼ ਲੜਦੇ-ਲੜਦੇ ਪਾਣੀਆਂ ਦੀ ਵੰਡ ਵਰਗੇ ਮੁੱਦਿਆਂ ਨੂੰ ਭਾਵੁਕ ਪੱਧਰ ਤੋਂ ਹਟ ਕੇ ਸੋਚਣ ਲੱਗੇ ਸਨ। ਕਿਸਾਨਾਂ ਦੀਆਂ ਭਾਵੇਂ ਕਈ ਜਥੇਬੰਦੀਆਂ ਸਰਗਰਮ ਹਨ, ਪਰ ਉਹ ਸਾਰੀਆਂ ਹੀ ਜੇ ਸਿਰ ਜੋੜ ਕੇ ਬੈਠ ਜਾਣ ਤਾਂ ਕੋਈ ਨਾ ਕੋਈ ਹੱਲ ਕੱਢ ਸਕਦੀਆਂ ਹਨ। ਕਿਸਾਨ ਪਾਣੀ ਦੀ ਲੋੜ ਅਤੇ ਅਹਿਮੀਅਤ ਨੂੰ ਲੀਡਰਾਂ ਨਾਲੋਂ ਵਧੇਰੇ ਬਾਰੀਕੀ ਨਾਲ ਸਮਝਦਾ ਹੈ। ਕਿਸਾਨ ਵੱਖ-ਵੱਖ ਰਾਜਾਂ ਦੇ ਕਿਸੇ ਵੀ ਖਿੱਤੇ ਵਿੱਚ ਰਹਿ ਕੇ ਖੇਤੀ ਕਰਦਾ ਹੋਵੇ, ਉਸ ਨੂੰ ਲੋੜ ਅਨੁਸਾਰ ਪਾਣੀ ਮਿਲਣਾ ਚਾਹੀਦਾ ਹੈ, ਪਰ ਇਹ ਕਿਸੇ ਸੂਬੇ ਨੂੰ ਪਿਆਸਾ ਰੱਖ ਕੇ ਨਹੀਂ ਹੋ ਸਕਦਾ, ਸਗੋਂ ਵਰਤਮਾਨ ਵਿੱਚ ਪ੍ਰਾਪਤ ਪਾਣੀ ਨੂੰ ਸਹੀ ਅਨੁਪਾਤ ਵਿੱਚ ਵੰਡਣ ਨਾਲ ਹੀ ਕਿਸੇ ਸਨਮਾਨਯੋਗ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ, ਪਰ ਇਹ ਸੰਭਵ ਤਾਂ ਹੀ ਹੈ ਕਿ ਜੇ ਸਾਰੀਆਂ ਕਿਸਾਨ ਜਥੇਬੰਦੀਆਂ ਸਿਰ ਜੋੜ ਕੇ ਬੈਠ ਜਾਣ ਅਤੇ ਕਿਸੇ ਵੀ ਰਾਜਨੀਤਕ ਪਾਰਟੀ ਨੂੰ ਇਸ ਤੋਂ ਕੋਹਾਂ ਦੂਰ ਰੱਖਣ, ਨਹੀਂ ਤਾਂ ਇਹ ਮਸਲਾ ਕਿਸੇ ਸਿਰੇ ਨਹੀਂ ਲੱਗਣਾ।

# ਨਹੀਂ ਰਹੇ ਲਹਿੰਦੇ ਪੰਜਾਬ ਦੇ ਨਾਮੀ ਰਾਗੀ ਵਲਾਇਤ ਅਲੀ





**ਹਰਦਿਆਲ ਸਿੰਘ ਥੂਹੀ**
**ਫੋਨ: 84271-00341**

ਲਹਿੰਦੇ ਪੰਜਾਬ ਦੇ ਤੂੰਬੇ ਜੋੜੀ ਦੀ ਗਾਇਕੀ ਦੀ ਲੁਧਿਆਣਾ ਗਾਇਣ ਸ਼ੈਲੀ ਨਾਲ ਜੁੜੇ ਰਾਗੀਆਂ ਵਿਚ ਰਾਗੀ ਵਲਾਇਤ ਅਲੀ ਦਾ ਵੱਡਾ ਨਾਂ ਸੀ। ਉਸਨੇ ਕਈ ਦਹਾਕੇ ਰੱਜ ਕੇ ਗਾਇਆ ਅਤੇ ਲਹਿੰਦੇ ਪੰਜਾਬ ਦੇ ਕੋਨੇ ਕੋਨੇ ਵਿੱਚ ਪੈੜਾਂ ਕੀਤੀਆਂ। ਪਿਛਲੇ ਕੁੱਝ ਮਹੀਨਿਆਂ ਤੋਂ ਉਸਦੀ ਸਿਹਤ ਕੁੱਝ ਢਿੱਲੀ-ਮੱਠੀ ਰਹਿੰਦੀ ਸੀ। ਅਖ਼ੀਰ ਇੱਕ ਨਵੰਬਰ 2024 ਦਿਨ ਸ਼ੁਕਰਵਾਰ ਨੂੰ ਉਸਨੂੰ ਜ਼ੋਰਾਵਰ ਦੀ ਚਿੱਠੀ ਆ ਗਈ ਅਤੇ ਉਹ ਭਰਿਆ ਤ੍ਰਿੰਝਣ ਛੱਡ ਕੇ ਤੁਰ ਗਿਆ।

ਵਲਾਇਤ ਦਾ ਜਨਮ ਪੱਛਮੀ ਪੰਜਾਬ ਦੇ ਫੈਸਲਾਬਾਦ ਵਿਖੇ 1961 ਨੂੰ ਪਿਤਾ ਸ੍ਰੀ ਜਮਾਲਦੀਨ ਦੇ ਘਰ ਮਾਤਾ ਕਰਮਤ ਬੀਬੀ ਦੀ ਕੁੱਖੋਂ ਹੋਇਆ। ਪੰਜਾਬ ਵੰਡ ਤੋਂ ਪਹਿਲਾਂ ਇਹ ਪਰਵਾਰ ਸਾਂਝੇ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਦੌਦ ਨੇੜੇ ਮਲੌਦ ਵਿਖੇ ਰਹਿੰਦਾ ਸੀ। ਉਧਰ 61 ਚੱਕ ਟਿੱਬੀ ਧਰੌੜਾਂ, ਅਮੀਨਪੁਰ ਰੋਡ, ਫੈਸਲਾਬਾਦ ਵਿਖੇ ਟਿਕਾਣਾ ਮਿਲਿਆ। ਪਿਤਾ ਜਮਾਲਦੀਨ ਆਪ ਭਾਵੇਂ ਗਾਉਂਦਾ ਨਹੀਂ ਸੀ, ਪਰੰਤੂ ਉਸਨੂੰ 'ਗੌਣ' ਨਾਲ ਬਹੁਤ ਲਗਾਉ

> ***ਵਲਾਇਤ ਅਲੀ ਪੂਰੇ ਪੰਜਾਬ ਵਿਚ ਆਪਣੀ ਗਾਇਕੀ ਦੇ ਜੌਹਰ ਦਿਖਾ ਚੁੱਕਾ ਸੀ। ਵੱਖ-ਵੱਖ ਥਾਵਾਂ 'ਤੇ ਲਗਦੇ ਉਰਸਾਂ ਦੇ ਅਖਾੜਿਆਂ ਤੋਂ ਇਲਾਵਾ ਛਿੰਝਾਂ 'ਤੇ ਲਗਦੇ ਅਖਾੜਿਆਂ ਵਿਚ ਵੀ ਉਹ ਗਾਉਂਦਾ ਸੀ। ਇਸ ਤੋਂ ਇਲਾਵਾ ਸਰਦੇ-ਪੁੱਜਦੇ ਲੋਕ ਉਸਨੂੰ ਵਿਆਹ-ਸ਼ਾਦੀਆਂ ਦੇ ਪ੍ਰੋਗਰਾਮਾਂ ਵਿਚ ਵੀ ਬੁਲਾਉਂਦੇ ਸਨ। ਹਰ ਤਰ੍ਹਾਂ ਦੇ ਪ੍ਰੋਗਰਾਮ ਨਿਭਾਉਣ ਲਈ ਉਸਨੂੰ ਹਰ ਵੰਨਗੀ ਦਾ ਬਹੁਤ ਸਾਰਾ 'ਗੌਣ' (ਰਾ.ਗ) ਕੰਠ ਸੀ। ਪੀਰਾਂ ਫ਼ਕੀਰਾਂ ਦੇ ਸਥਾਨਾਂ 'ਤੇ ਲਗਦੇ ਉਰਸ-ਮੁਬਾਰਕਾਂ 'ਤੇ ਉਹ ਪੀਰ ਗੌਂਸ ਪਾਕ, ਸ਼ਾਹ ਮਨਸੂਰ, ਹਜ਼ਰਤ ਇਬਰਾਹੀਮ, ਪੀਰ ਮੁਰਾਦੀਆ ਆਦਿ ਨਾਲ ਸੰਬੰਧਤ ਰਾਗ ਗਾਉਂਦਾ ਸੀ।***

ਸੀ। ਉਸਦੀ ਇੱਛਾ ਸੀ ਕਿ ਉਸਦਾ ਪੁੱਤਰ 'ਰਾਗੀ' ਬਣੇ। ਰਾਗੀਆਂ ਨੂੰ ਸੁਣ ਸੁਣ ਕੇ ਵਲਾਇਤ ਨੂੰ ਵੀ ਇਸ ਰਾਗ ਦੀ ਲਗਨ ਲੱਗ ਗਈ। 15-16 ਸਾਲ ਦੀ ਉਮਰ ਵਿਚ ਉਹ ਪੱਕੇ ਤੌਰ 'ਤੇ ਇਸ ਰਾਗ ਨਾਲ ਜੁੜ ਗਿਆ। ਸਭ ਤੋਂ ਪਹਿਲਾਂ ਉਸਨੇ ਅਬਦੁਲ ਅਜ਼ੀਜ (ਮਹਿੰਦੀ) ਰਾਗੀ ਨਾਲ ਢੱਡ ਵਜਾਉਣੀ ਸ਼ੁਰੂ ਕੀਤੀ। ਫੇਰ ਪੰਜ ਸਾਲ ਮਕਬੂਲ ਜੱਟ ਨਾਲ ਬਤੌਰ ਪਾਛੂ ਗਾਇਆ। ਉਸਤੋਂ ਬਾਅਦ ਉਸਤਾਦ ਰਾਗੀ ਸਦਰਦੀਨ ਅਤੇ ਉਮਰਦੀਨ ਨਾਲ ਵੀ ਦੋ-ਦੋ ਸਾਲ ਗਾਇਆ। ਇਸ ਤਰ੍ਹ ਦਸ ਸਾਲ ਬਤੌਰ ਪਾਛੂ ਵੱਖ-ਵੱਖ ਰਾਗੀਆਂ ਨਾਲ ਗਾ ਕੇ ਵਲਾਇਤ ਦਾ ਹੌਸਲਾ ਵਧਦਾ ਗਿਆ। ਇਸਦੇ ਬਾਵਜੂਦ ਵੀ ਉਸਦੀ ਤਸੱਲੀ ਨਹੀਂ ਹੋਈ। ਆਪਣੇ ਆਪ ਨੂੰ ਪ੍ਰਪੱਕ ਕਰਨ ਲਈ 1987 ਵਿਚ ਉਸਨੇ ਮੁਹੰਮਦ ਸ਼ਰੀਫ਼ ਰਾਗੀ ਨੂੰ ਵਿਧੀਵਤ ਉਸਤਾਦ ਧਾਰਿਆ। ਪੰਜ ਸਾਲ ਉਸਤਾਦ ਦੀ ਛਤਰ ਛਾਇਆ ਹੇਠ ਰਹਿਕੇ ਰਾਗ ਦੀਆਂ ਬਰੀਕੀਆਂ ਸਿੱਖੀਆਂ। ਉਸਤਾਦ ਤੋਂ ਥਾਪੜਾ ਲੈ ਕੇ 1992 ਵਿਚ ਆਪਣਾ ਗਰੁੱਪ ਬਣਾਕੇ ਆਗੂ ਬਣਕੇ ਗਾਉਣਾ ਸ਼ੁਰੂ ਕਰ ਦਿੱਤਾ। ਉਸਦੇ ਗਰੁੱਪ ਵਿਚ ਰਾਗੀ ਤਾਜਦੀਨ ਉਰਫ਼ ਤਾਜਾ ਬੰਗਿਆਂ ਵਾਲਾ ਤੂੰਬੇ 'ਤੇ, ਮੁਹੰਮਦ ਅਲੀ ਜੋੜੀ 'ਤੇ ਅਤੇ ਉਸਦਾ ਆਪਦਾ ਮੁੰਡਾ ਰਫ਼ਾਕਤ ਅਲੀ ਉਰਫ਼ ਤੋਤਾ ਢੱਡ 'ਤੇ ਸਾਥ ਦਿੰਦੇ ਸਨ। ਕੁੱਝ ਸਮਾਂ ਸਦੀਕ ਘੁਮਾਰ ਨੇ ਵੀ ਜੋੜੀ 'ਤੇ ਸਾਥ ਨਿਭਾਇਆ।

ਵਲਾਇਤ ਅਲੀ ਪੂਰੇ ਪੰਜਾਬ ਵਿਚ ਆਪਣੀ ਗਾਇਕੀ ਦੇ ਜੌਹਰ ਦਿਖਾ ਚੁੱਕਾ ਸੀ। ਵੱਖ-ਵੱਖ ਥਾਵਾਂ 'ਤੇ ਲਗਦੇ ਉਰਸਾਂ ਦੇ ਅਖਾੜਿਆਂ ਤੋਂ ਇਲਾਵਾ ਛਿੰਝਾਂ'ਤੇ ਲਗਦੇ ਅਖਾੜਿਆਂ ਵਿਚ ਵੀ ਉਹ ਗਾਉਂਦਾ ਸੀ। ਇਸ ਤੋਂ ਇਲਾਵਾ ਸਰਦੇ-ਪੁੱਜਦੇ ਲੋਕ ਉਸਨੂੰ ਵਿਆਹ-ਸ਼ਾਦੀਆਂ ਦੇ ਪ੍ਰੋਗਰਾਮਾਂ ਵਿਚ ਵੀ ਬੁਲਾਉਂਦੇ ਸਨ। ਹਰ ਤਰ੍ਹਾਂ ਦੇ ਪ੍ਰੋਗਰਾਮ ਨਿਭਾਉਣ ਲਈ ਉਸਨੂੰ ਹਰ ਵੰਨਗੀ ਦਾ ਬਹੁਤ ਸਾਰਾ 'ਗੌਣ' (ਰਾਗ਼) ਕੰਠ ਸੀ। ਪੀਰਾਂ ਫ਼ਕੀਰਾਂ ਦੇ ਸਥਾਨਾਂ 'ਤੇ ਲਗਦੇ ਉਰਸ-ਮੁਬਾਰਕਾਂ 'ਤੇ ਉਹ ਪੀਰ ਗੌਂਸ ਪਾਕ, ਸ਼ਾਹ ਮਨਸੂਰ, ਹਜ਼ਰਤ ਇਬਰਾਹੀਮ, ਪੀਰ ਮੁਰਾਦੀਆ ਆਦਿ ਨਾਲ ਸੰਬੰਧਤ ਰਾਗ ਗਾਉਂਦਾ ਸੀ। ਵਿਆਹ ਸ਼ਾਦੀਆਂ ਅਤੇ ਸਭਿਆਚਾਰਕ ਪ੍ਰੋਗਰਾਮਾਂ 'ਤੇ ਮਿਰਜ਼ਾ, ਹੀਰ, ਸੱਸੀ, ਮਲਕੀ, ਢੋਲ ਸੰਮੀ ਆਦਿ ਦੀ ਮੰਗ ਕੀਤੀ ਜਾਂਦੀ ਸੀ। ਇਸ ਤੋਂ ਇਲਾਵਾ ਦੁੱਲਾ ਭੱਟੀ, ਜੈਮਲ ਫੱਤਾ, ਸ਼ਾਹ ਦਹੂਦ ਆਦਿ ਗਾਥਾਵਾਂ ਸਰੋਤਿਆਂ ਦੀ ਫਰਮਾਇਸ਼ 'ਤੇ ਕਿਸੇ ਵੀ ਪ੍ਰੋਗਰਾਮ ਸਮੇਂ ਸੁਣਾ ਦਿੱਤੀਆਂ ਜਾਂਦੀਆਂ ਸਨ। ਲੜੀਬੱਧ ਗਾਥਾਵਾਂ ਤੋਂ ਬਿਨਾਂ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ 'ਰੰਗ' ਤਾਂ ਉਹ ਘੰਟਿਆਂ ਬੱਧੀ ਗਾ ਸਕਦਾ ਸੀ। ਮਲਕੀ ਕੀਮਾ ਦੀ ਗਾਥਾ ਨਾਲ ਸੰਬੰਧਤ ਪ੍ਰਸਿੱਧ ਸ਼ਾਇਰ ਫਰਜ਼ੰਦ ਅਲੀ ਪੱਤੋਵਾਲੀਆ ਦਾ ਲਿਖਿਆ ਇੱਕ ਰੰਗ ਨਮੂਨੇ ਵਜੋਂ ਪੇਸ਼ ਹੈ। ਵਲਾਇਤ ਅਲੀ ਸਰੋਤਿਆਂ ਨੂੰ ਸੰਬੋਧਤ ਹੋ ਕੇ ਕਹਿੰਦਾ ਹੈ।

"ਲੈ ਬਈ ਸੱਜਣੋਂ ਵਲਾਇਤ ਅਲੀ ਰਾਗੀ ਫੈਸਲਾਬਾਦੀਆ ਆਪਣੇ ਜੁੱਟ ਮੁਹੰਮਦ ਸੂਬਾ ਤੂੰਬੇ ਆਲਾ ਅਤੇ ਮੁਹੰਮਦ ਸਦੀਕ ਜੋੜੀ ਆਲੇ ਦੇ ਨਾਲ ਤੁਹਾਡੀ ਖ਼ਿਦਮਤ ਕਰਨ ਲਈ ਅਮੀਨਪੁਰ, ਫੈਸਲਾਬਾਦ ਵਿਚ ਹਾਜ਼ਰ ਏ।"

"ਜਨਾਬੇ ਅਲੀ ਜੱਟ ਕੀਮਾ ਹੋ ਕੇ ਘੋੜੀ ਦਾ ਸਵਾਰ ਸਹੁਰਿਆਂ ਨੂੰ ਮੁਕਲਾਵਾ ਲੈਣ ਵਾਸਤੇ ਜਾਂਦੈ। ਉਧਰ ਜੱਟੀ ਮਲਕੀ ਸੱਠਾਂ ਸਹੇਲੀਆਂ ਨੂੰ ਨਾਲ ਲੈ ਕੇ ਪੀਘਾਂ ਝੂਟਣ ਵਾਸਤੇ ਜਾਂਦੀ ਐ। ਜਿਸ ਵੇਲੇ ਦੇਖੀ ਘੋੜੀ ਆਲੇ ਦੀ ਸ਼ਕਲ, ਜੱਟ ਕੀਮੇ ਦੀ ਘੋੜੀ ਦਾ ਪਿਆ ਚਮਕਾਰਾ, ਨਾਲੇ ਮਲਕੀ ਜੱਟੀ ਨੇ ਪੀਂਘ ਦਾ ਲਿਆ ਹੁਲਾਰਾ। ਇੱਕ ਜਾਂਦੇ ਜੱਟ ਨੂੰ ਆਵਾਜ਼ਾਂ ਮਾਰਦੀ ਐ, ਭਲਾ ਬਈ ਸਦੀਕ ਜੋੜੀ ਆਲਿਆ ਕਿਹੜੇ ਕਲਾਮ ਕਰਕੇ ਦਸਦੀ ਐ...?"

**ਮਲਕੀ:**
ਮੈਂ ਤਾਂ ਮੁੰਡਿਆਂ ਵੇ ਕੁੜੀ ਗੜ੍ਹ ਮੁਗਲਾਣੇ ਦੀ।
ਤੈਨੂੰ ਪੁੱਛਦੀ ਵੇ ਜੱਟੀ ਗੜ੍ਹ ਮਗਲਾਣੇ ਦੀ।
ਸਾਉਣ ਦਾ ਮਹੀਨਾ ਪੀਂਘਾਂ ਪਾਈਆਂ ਦੂਰ ਦੂਰ ਵੇ।
ਕਾਲੀ ਕਾਲੀ ਘਟ ਪੈਂਦੀ ਮਿੰਨ੍ਹੀ ਮਿੰਨ੍ਹੀ ਭੂਰ ਵੇ।
ਠੰਢੀ ਠੰਢੀ ਹਵਾ ਵਿਚ ਪਿਆਰ ਦਾ ਸਰੂਰ ਵੇ।
ਏਨੀ ਗੱਲ ਰਾਹੀਆ ਮੈਨੂੰ ਦੱਸ ਜਾ ਜ਼ਰੂਰ ਵੇ।
ਮੈਨੂੰ ਵੀ ਉਡੀਕ ਅੱਜ ਮਾਹੀ ਮੇਰੇ ਆਣੇ ਦੀ।
ਮੈਂ ਤਾਂ ਮੁੰਡਿਆ ਵੇ ਕੁੜੀ ਗੜ੍ਹ ਮਗਲਾਣੇ ਦੀ।

**ਕੀਮਾ:**
ਸੁਣ ਮੁਟਿਆਰੇ ਪਰਦੇਸੀਆਂ ਦੀ ਗੱਲ ਨੀ।
ਫੈਸਲਾ ਹਦੀਸ ਤੇ ਕੁਰਾਨ ਦਾ ਅਟੱਲ ਨੀ।
ਐਵੇਂ ਨਾ ਵਿਖਾਲ ਕੁੜੇ ਬਹੁਤਾ ਕਰ ਝੱਲ ਨੀ।
ਸਾਂਭ ਸਾਂਭ ਰੱਖ ਲੈ ਜਵਾਨੀ ਦੇ ਮਹੱਲ ਨੀ।
ਲੈ ਲਾ ਕੁੜੀਏ ਨੀ ਝੂਟਾ ਮੀਂਘ ਦੇ ਹੁਲਾਰੇ ਦਾ।
ਮੈਂ ਵੀ ਕੁੜੀਏ ਨੀ ਜੱਟ ਤਖਤ ਹਜ਼ਾਰੇ ਦਾ।

**ਮਲਕੀ:**
ਚੰਨ ਜਿਹੇ ਚਾਨਣਾ ਵੇ ਸੋਹਣੀ ਘੋੜੀ ਵਾਲਿਆ।
ਕਿਹੜੀ ਤੇਰੀ ਮਾਂ ਸ਼ੀਰ ਜਿਸਨੇ ਚੁੰਘਾ ਲਿਆ।
ਕਿਹੜੀ ਤੇਰੀ ਸੱਸ ਜੀਹਦੇ ਘਰ ਤੂੰ ਵਿਆਹ ਲਿਆ।
ਭਾਗਾਂ ਵਾਲੇ ਬਾਪ ਤੇਰਾ ਨਾਂ ਕੀ ਰਖਾ ਲਿਆ।
ਕਿਥੇ ਆ ਸਕੀਰੀ ਤੇਰੇ ਬਾਪ ਰਾਜੇ-ਰਾਣੇ ਦੀ।
ਮੈਂ ਤਾਂ ਮੁੰਡਿਆ ਵੇ ਕੁੜੀ ਗੜ੍ਹ ਮੁਗਲਾਣੇ ਦੀ।
ਤੈਨੂੰ ਪੁੱਛਦੀ ਵੇ ਜੱਟੀ ਗੜ੍ਹ ਮੁਗਲਾਣੇ ਦੀ।

**ਕੀਮਾ:**
ਕੰਨ ਲਾ ਕੇ ਸੁਣ ਐਵੀਂ ਸ਼ੋਰ ਕਾਹਦਾ ਪਾਇਆ ਨੀ।
ਲਾਲੇ ਮੇਰੀ ਮਾਂ ਸੀਰ ਜਿਸਨੇ ਚੁੰਘਾਇਆ ਨੀ।
ਗੋਂਦਲਾਂ ਹੈ ਸੱਸ ਜੀਹਦੇ ਘਰ ਮੈਂ ਵਿਆਹਿਆ ਨੀ।
ਲੈਣ ਮੁਕਲਾਵਾ ਜੱਟੀ ਮਲਕੀ ਦਾ ਆਇਆ ਨੀ।
ਝੂਲਦਾ ਹੈ ਝੰਡਾ ਜਾਨੀ ਬਾਬਲ ਪਿਆਰੇ ਦਾ।
ਮੈਂ ਵੀ ਕੁੜੀਏ ਨੀ ਜੱਟ ਤਖਤ ਹਜ਼ਾਰੇ ਦਾ।

**ਮਲਕੀ:**
ਜੇ ਤੂੰ ਕੀਮਾ ਜੱਟ ਮੈਂ ਵੀ ਗੋਂਦਲਾਂ ਦੀ ਜਾਈ ਵੇ।
ਮਲਕੀ ਮੇਰਾ ਨਾਂ ਤੇਰੇ ਨਾਲ ਮੈਂ ਵਿਆਹੀ ਵੇ।
ਤੇਰੀ ਮੇਰੀ ਜੋੜੀ ਸੱਚੇ ਰੱਬ ਨੇ ਬਣਾਈ ਵੇ।
ਵੇਖੀਂ 'ਫਰਜ਼ੰਦ ਅਲੀ' ਪਾਵੀਂ ਨਾ ਜੁਦਾਈ ਵੇ।
ਲੋੜ ਮੈਨੂੰ ਤੇਰੇ ਨਾਲ ਜ਼ਿੰਦਗੀ ਨਿਭਾਣੇ ਦੀ।
ਮੈਂ ਤਾਂ ਮੁੰਡਿਆ ਵੇ ਕੁੜੀ ਗੜ੍ਹ ਮਗਲਾਣੇ ਦੀ।

ਇਸ ਤਰ੍ਹਾਂ ਵਲਾਇਤ ਅਲੀ ਸਰੋਤਿਆਂ ਦੀ ਰਜ਼ਾ ਅਤੇ ਸਮੇਂ ਦੇ ਅਨੁਸਾਰ ਆਪਣੀ ਗਾਇਕੀ ਦੇ ਰੰਗ ਬਿਖੇਰਦਾ ਸੀ। ਪਿਛਲੇ ਸਾਢੇ ਚਾਰ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਉਹ ਸਰੋਤਿਆਂ ਦੀ ਰੂਹ ਰਾਜ਼ੀ ਕਰਦਾ ਆ ਰਿਹਾ ਸੀ।

1979 ਵਿਚ ਵਲਾਇਤ ਅਲੀ ਦਾ ਨਿਕਾਹ ਹੋਇਆ। ਸਫੀਆ ਬੀਬੀ ਉਸਦੀ ਸ਼ਰੀਕ-ਏ-ਹਯਾਤ ਬਣੀ। ਇਸ ਜੋੜੇ ਦੇ ਪੁੱਤਰਾਂ ਵਿਚੋਂ ਦੋ ਆਪਣੇ ਪਿਉ ਦੇ ਨਕਸ਼ੇ ਕਦਮਾਂ 'ਤੇ ਚਲਦੇ ਹੋਏ ਤੂੰਬੇ ਜੋੜੀ ਦੇ ਰਾਗ਼ ਨਾਲ ਜੁੜੇ ਹੋਏ ਹਨ। ਰਫ਼ਾਕਤ ਅਲੀ ਉਰਫ ਤੋਤਾ ਢੱਡ ਵਜਾਉਂਦਾ ਹੈ ਅਤੇ ਆਰਫ਼ ਅਲੀ ਤੂੰਬਾ ਵਜਾਉਂਦਾ ਹੈ, ਦੋਵੇਂ ਪਾਛੂ ਗਾਉਂਦੇ ਹਨ।

**-ਪਿੰਡ ਤੇ ਡਾਕ: ਥੂਹੀ, ਤਹਿ: ਨਾਭਾ ਜ਼ਿਲ੍ਹਾ ਪਟਿਆਲਾ।**

ਕਲਾ
ਪਰਿਕਰਮਾ

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 8 ਫਰਵਰੀ 2025 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-676



***ਕੱਠੀਆਂ ਕਰਕੇ ਲੱਕੜੀਆਂ, ਇੱਟਾਂ, ਭੱਠੀ ਲਈ ਬਣਾ,***
***ਰੱਖ ਕੜਾਹੀ ਪਾਣੀ ਭਰਿਆ, ਵਿਚ ਬਾਲਣ ਦਿੱਤਾ ਪਾ।***
***ਦੇਸੀ ਗੀਜ਼ਰ ਬਾ.ਲ ਕੇ, ਬੈਠ ਗਿਆ ਵਿਚ ਚੜ੍ਹ ਕੇ,***
***ਵੰਗਾਰਦਾ ਹੁਣ ਉਹ ਠੰਢ ਨੂੰ, ਦੱਸ ਜ਼ਰਾ ਨੇੜੇ ਖੜ੍ਹ ਕੇ।***

### ਕੈਪਸ਼ਨ ਮੁਕਾਬਲਾ-674



ਭੁੱਖਾ ਨੰਗਾ ਬਚਪਨ ਰੁਲ਼ਦਾ
ਸੜਕਾਂ ਉੱਪਰ ਧੱਕੇ ਖਾਵੇ।
ਕੋਈ ਨਾ ਬਾਲੀ ਵਾਰਸ ਏਹਦਾ
ਹਾਕਮ ਨੂੰ ਇਹ ਨਜ਼ਰ ਨਾ ਆਵੇ।
ਦੇਸ਼ ਦੀ ਹਾਲਤ ਨਿੱਘਰੀ ਜਾਂਦੀ
ਫਿਰ ਵੀ 'ਭਾਰਤ ਮਹਾਨ' ਕਹਾਵੇ।
***-ਜਗਮੀਤ ਸਿੰਘ ਪੰਧੇਰ***
***ਫੋਨ: +91-98783-37222***

---

ਰੁ.ਲਦੇ-ਖੁ.ਲਦੇ ਬੱਚੇ ਪ.ਲਦੇ,
ਵਿਚ ਗਰੀਬੜੇ ਦੇਸ,
ਤਰਸ ਕੋਈ ਨਾ ਭੌਰਾ ਖਾਵੇ,
ਫੱਟੀ ਹੈ ਕੀਤੀ ਮੇਸ।
ਤੇਰੇ ਬਿਨ ਕੋਈ ਨਾ ਵਾਲੀ,
ਤੂੰ ਸਾਹਿਬ ਸੱਚੇ ਦੇਖ,
ਬਦਲ ਕਿਤੇ ਨਸੀਬ ਸਾਡੇ,
ਰੇਖ 'ਚ ਮਾਰ ਦੇ ਮੇਖ।
***-ਸੇਵਾ ਸਿੰਘ 'ਨੂਰਪੁਰੀ'***

---

ਕੀ ਤੂੰ ਬਾਲ ਅਨਾਥ ਹੈਂ ਕੋਈ?
ਲੈਂਦਾ ਏ ਤੇਰੀ, ਸਾਰ ਨਾ ਕੋਈ?
ਕਿੱਥੇ ਤੁਰ ਗਈ ਅੰਮੜੀ ਤੇਰੀ?
ਜਾਪੇ ਮਿੱਟੀ ਦੀ ਢੇਰੀ ਹੋਈ।
ਹਉਕੇ ਹਡਕੋਰੇ ਮੁੱਕ ਗਏ ਤੇਰੇ,
ਸੁੱਕ ਗਏ ਹੰਝੂ, ਨਾ ਡਿੱਗੇ ਕੋਈ।
ਵੇਖ ਤੈਨੂੰ ਕਿਸੇ ਤਰਸ ਨਾ ਆਇਆ?
'ਨਾਕਾਮ' ਦੀ ਕਲਮ ਤਾਂ ਡਾਢੀ ਰੋਈ।
ਦਰਦ ਤੇਰਾ ਲਿਖ ਆਖ ਬਿਆਨੇ,
ਸ਼ਬਦ ਅਹੁੜੇ ਨਾ ਅੱਖਰ ਕੋਈ।
ਸੁਣ ਰੱਬਾ! ਓ ਜਗਤ ਦੇ ਮਾਲਕ,
ਰਚ ਬਾਲਕ ਲਈ ਬਿੱਧ ਨਰੋਈ।
***-ਗੁਰਬਖਸ਼ ਸਿੰਘ 'ਨਾਕਾਮ'***
***+1 864-318-5500***

---

ਵਿਕਸਿਤ ਤਬਕੇ ਦੇ ਬੱਚੇ
ਵਿਕਸਿਤ ਤੇ ਖੁਸ਼ਹਾਲ ਨੇ ਰਹਿੰਦੇ।
ਕਿਰਤੀਆਂ ਦੇ ਬੱਚੇ ਤਾਂ
ਤਨ ਕੱਜਣ ਨੂੰ ਵੀ ਤਰਸਦੇ ਰਹਿੰਦੇ।
ਨਾ ਚੱਜ ਦਾ ਇਲਾਜ
ਨਾ ਇਲਮ, ਨਾ ਰੁਜ਼ਗਾਰ
ਗੁਰੂ ਦੀ ਮਿਹਰ ਤੋਂ ਵੀ ਵਾਂਝੇ
ਨਾ ਰੱਜਵੀਂ ਖੁਰਾਕ ਮਿਲੇ
ਖਾਲੀ ਖੜਕਦੇ ਭਾਂਡੇ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਢਿੱਡ ਭਰਨ ਲਈ ਕੂੜਾ ਫਰੋਲਾਂ
ਮੈਨੂੰ ਓਥੋਂ ਲੱਭਾ ਝੱਗਾ
ਝਟਪਟ ਮੈਂ ਗਲੇ ਫਸਾਇਆ
ਇਕੋ ਬਟਨ ਉਸ ਨੂੰ ਲੱਗਾ
ਨੰਗੀ ਕੰਧ ਦੇ ਕੋਲ ਖੜੋ ਕੇ
ਘੜੀ ਕੁ ਲਈ ਮੈਂ ਬਣ ਗਿਆ ਜੱਗਾ
ਵੋਟਾਂ ਵੇਲੇ ਜੋ ਹੱਥ ਜੋੜੇ
ਹੁਣ ਉਨ੍ਹਾਂ ਨਾਲ ਲੁੱਟਣ ਲੱਗਾ
ਲਾਹ ਲੰਗੋਟੀ ਵੇਚੀ ਮੇਰੀ
ਲੀਡਰ ਦਾ ਢਿੱਡ ਕਦੇ ਨਾ ਰੱਜਾ।
***-ਮਲਕੀਤ ਸਿੰਘ ਧਾਲੀਵਾਲ***

---


ਖਾਣ-ਪੀਣ ਨੂੰ ਲੂੰਬੜੀ
ਡੰਡੇ ਖਾਣ ਨੂੰ ਰਿੱਛ
ਬੀਜੇ ਕੋਈ ਫਲ ਕੋਈ ਖਾਵੇ
ਦੇ ਗਏ ਸ਼ਹੀਦੀਆਂ
ਜੋ ਚੜ੍ਹਦੀ ਉਮਰੇ
ਰੋਟੀਆਂ ਹੁਣ ਜੋ ਸੇਕ ਰਹੇ
ਪਾ ਅੱਖੀਂ ਘੱਟਾ
ਅਸੀਂ ਹੀ ਹਾਂ ਵਾਰਿਸ
ਲਾ ਵੱਖਰਾ-ਵੱਖਰਾ ਫੱਟਾ।
ਖੂਨ ਡੋਲ੍ਹਿਆ ਜਿਨ੍ਹੀਂ ਬੰਦ ਖਲਾਸੀ ਲਈ
ਆ ਕਾਬਜ਼ ਹੋਈਆਂ
ਰੱਤ ਪੀਣੀਆਂ ਜੋਕਾਂ
ਐਪਰ ਸਚਾਈ ਕਦੇ ਨਹੀਂ ਛੁਪਦੀ
ਖੁਸ਼ਬੂ ਆ ਨਹੀਂ ਸਕਦੀ
ਬਣਾਉਟੀ ਫੁੱਲੋਂ ਸੇ।
***-ਦਰਸ਼ਨ ਪਾਲ ਦੋਸਾਂਝ***

# ਵਿਸ਼ਵ ਆਰਥਿਕ ਫੋਰਮ: ਭਾਰਤ-ਅਮਰੀਕਾ ਸਹਿਯੋਗ

## 55ਵੀਂ ਵਿਸ਼ਵ ਆਰਥਿਕ ਫੋਰਮ ਦੀ ਮੀਟਿੰਗ ਦਾਵੋਸ ਸਵਿਟਜ਼ਰਲੈਂਡ ਵਿਚ 20-24 ਜਨਵਰੀ ਨੂੰ ਹੋਈ

ਵਿਸ਼ਵ ਆਰਥਿਕ ਫੋਰਮ ਦੇ ਚਰਚਾ ਸੈਸ਼ਨ ਵਿੱਚ ਬੁੱਧੀਮਾਨ ਯੁੱਗ ਲਈ ਸਹਿਯੋਗ ਮੁੱਖ ਵਿਸ਼ਾ ਸੀ। ਜਿਸ ਵਿੱਚ ਗਲੋਬਲ ਇਨੋਵੇਟਰ, ਤਕਨਾਲੋਜੀ ਪਾਇਨੀਅਰ ਅਤੇ ਯੂਨੀਕੋਰਨ ਮਾਹਿਰ ਸ਼ਾਮਲ ਸਨ।

ਹਰ ਸਾਲ ਵਿਸ਼ਵ ਆਰਥਿਕ ਫੋਰਮ ਮੈਂਬਰ ਦੇਸ਼ਾਂ ਲਈ ਤਕਨੀਕੀ ਤਰੱਕੀ ਅਤੇ ਭੂ-ਆਰਥਿਕ ਤਬਦੀਲੀਆਂ ਦੇ ਦੌਰ ਵਿੱਚ ਆਪਣੀ ਅਗਵਾਈ ਸਥਾਪਤ ਕਰਨ ਅਤੇ ਸਹਿਯੋਗ ਨੂੰ ਉਤਸ਼ਾਹਿਤ ਕਰਨ ਦਾ ਇੱਕ ਮੌਕਾ ਹੁੰਦਾ ਹੈ। ਇਕ ਪਾਸੇ ਜਿੱਥੇ ਆਲਮੀ ਪੱਧਰ 'ਤੇ ਡਿਜੀਟਲ ਯੁੱਗ ਚ ਵਿਕਸਿਤ ਹੋ ਰਹੀ ਟੈਕਨਾਲੋਜੀ ਯੂਨੀਕੋਰਨ ਨੇ ਦੁਨੀਆ 'ਚ ਮੁਕਾਬਲੇਬਾਜ਼ੀ ਪੈਦਾ ਕਰ ਦਿੱਤੀ ਹੈ, ਉਥੇ ਹੀ ਦੂਜੇ ਪਾਸੇ ਕਈ ਸਮੱਸਿਆਵਾਂ ਵੀ ਖੜ੍ਹੀਆਂ ਹੋ ਗਈਆਂ ਹਨ, ਇਸ ਲਈ ਵਿਸ਼ਵ ਆਰਥਿਕ ਫੋਰਮ ਮਦਦ ਕਰ ਰਿਹਾ ਹੈ। ਸਾਡੇ ਸਬੰਧਤ ਦੇਸ਼ਾਂ ਦੀਆਂ ਉੱਨਤ ਤਕਨਾਲੋਜੀਆਂ ਦੇ ਵਿਕਾਸ ਨੂੰ ਅੱਗੇ ਵਧਾਉਣ ਅਤੇ ਉਤਸ਼ਾਹਿਤ ਕਰਨ ਲਈ



**ਐਡਵੋਕੇਟ**
**ਕਿਸ਼ਨ ਸਨਮੁੱਖਦਾਸ**
**ਫੋਨ: 92841-41425**

ਹੁੰਦੇ ਹਨ ਜੋ ਸਕਾਰਾਤਮਕ ਤਬਦੀਲੀ ਲਿਆਉਣ ਦੀ ਸਮਰੱਥਾ ਰੱਖਦੇ ਹਨ।ਇਸਨੂੰ ਸ਼ੁਰੂ ਵਿੱਚ ਯੂਰਪੀਅਨ ਮੈਨੇਜਮੈਂਟ ਫੋਰਮ ਕਿਹਾ ਜਾਂਦਾ ਸੀ, ਅਤੇ ਬਾਅਦ ਵਿੱਚ 1987 ਵਿੱਚ ਇਸਨੂੰ ਵਿਸ਼ਵ ਆਰਥਿਕ ਫੋਰਮ ਦਾ ਨਾਮ ਦਿੱਤਾ ਗਿਆ ਸੀ।ਇਸ ਦੇ ਨਾਲ ਹੀ ਇਸ ਨੂੰ ਵਿਸ਼ਵ ਦੇ ਅੰਤਰਰਾਸ਼ਟਰੀ ਵਿਵਾਦਾਂ ਨੂੰ ਸੁਲਝਾਉਣ ਦਾ ਪਲੇਟਫਾਰਮ ਵੀ ਬਣਾਇਆ ਗਿਆ। ਅਧਿਕਾਰਤ ਤੌਰ 'ਤੇ ਇਹ ਇੱਕ ਕਾਨਫਰੰਸ ਹੈ ਜਿੱਥੇ ਵਿਸ਼ਵ ਆਰਥਿਕਤਾ ਤੋਂ ਲੈ ਕੇ ਤਣਾਅ ਪ੍ਰਬੰਧਨ ਦੇ ਦ੍ਰਿਸ਼ਟੀਕੋਣਾਂ ਤੱਕ ਲੰਮੀ ਵਿਚਾਰ-ਵਟਾਂਦਰੇ ਅਤੇ ਗੱਲਬਾਤ ਹੁੰਦੀ ਹੈ। ਇਸ ਪਲੇਟਫਾਰਮ 'ਤੇ, ਦੇਸ਼ਾਂ ਦੇ ਮੁਖੀ ਅਤੇ ਕਾਰਪੋਰੇਟ ਨੇਤਾ ਦੁਵੱਲੀ ਅਤੇ ਬਹੁਪੱਖੀ ਚਰਚਾ ਲਈ ਇਕੱਠੇ ਹੁੰਦੇ ਹਨ। ਇਸ ਲਈ, ਅੱਜ ਅਸੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਇਸ ਲੇਖ ਰਾਹੀਂ ਚਰਚਾ ਕਰਾਂਗੇ, 55ਵੀਂ ਵਿਸ਼ਵ ਆਰਥਿਕ ਫੋਰਮ ਦੀ ਸਾਲਾਨਾ ਮੀਟਿੰਗ ਦਾਵੋਸ ਸਵਿਟਜ਼ਰਲੈਂਡ 20-24 ਜਨਵਰੀ 2025 ਭਾਰਤ ਅਮਰੀਕਾ ਦੇ ਡੰਕਾ ਦੀ ਸ਼ੁਰੂਆਤ।

ਅਤੇ ਟਿਕਾਊ ਵਿਕਾਸ ਟੀਚਿਆਂ ਨੂੰ ਪੂਰਾ ਕਰਨ ਲਈ ਆਲਮੀ ਤਜ਼ਰਬੇ ਅਤੇ ਤਕਨਾਲੋਜੀ ਨੂੰ ਅਪਣਾਉਣ ਦੀ ਇੱਕ ਮਿਸਾਲ ਹੈ, ਭਾਰਤ-ਆਂਧਰਾ ਪ੍ਰਦੇਸ਼ ਦੇ ਛੇ ਰਾਜ ਵਿਸ਼ਵ ਆਰਥਿਕ ਫੋਰਮ 2025 ਵਿੱਚ ਹਿੱਸਾ ਲੈ ਰਹੇ ਹਨ। ਪ੍ਰਦੇਸ਼, ਕੇਰਲ, ਮਹਾਰਾਸ਼ਟਰ, ਤਾਮਿਲਨਾਡੂ, ਤੇਲੰਗਾਨਾ ਅਤੇ ਉੱਤਰ ਪ੍ਰਦੇਸ਼ ਨੇ ਵੀ ਭਾਗ ਲਿਆ।

ਇਨ੍ਹਾਂ ਰਾਜਾਂ ਨੇ ਆਪਣੀਆਂ ਵਿਕਾਸ ਯੋਜਨਾਵਾਂ ਅਤੇ ਨਿਵੇਸ਼ ਦੇ ਮੌਕੇ ਪੇਸ਼ ਕੀਤੇ। ਸੋਸ਼ਲ ਮੀਡੀਆ ਪਲੇਟਫਾਰਮ ਯ 'ਤੇ ਜਾਣਕਾਰੀ

ਸਰਕਾਰ ਨੇ ਹੁਨਰ ਵਿਕਾਸ ਅਤੇ ਸਸ਼ਕਤੀਕਰਨ 'ਤੇ ਜ਼ੋਰ ਦਿੱਤਾ ਹੈ। ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ, ਭਾਰਤ ਨੇ ਦੇਸ਼ ਦੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ 'ਤੇ ਧਿਆਨ ਦਿੱਤਾ ਹੈ।

ਦੇਸ਼ ਵਿੱਚ ਰੇਲਵੇ, ਸੜਕਾਂ ਅਤੇ ਕਾਲਜਾਂ ਆਦਿ ਦਾ ਤੇਜ਼ੀ ਨਾਲ ਨਿਰਮਾਣ ਹੋਇਆ ਹੈ, ਇੰਨਾ ਹੀ ਨਹੀਂ, ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਸਟਾਰਟਅੱਪ ਈਕੋਸਿਸਟਮ ਬਣ ਗਿਆ ਹੈ, ਜਿੱਥੇ 100 ਤੋਂ ਵੱਧ ਯੂਨੀਕੋਰਨ ਹਨ। ਦਾਵੋਸ ਵਿੱਚ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੇ ਆਪਣੇ ਰਾਜ ਨੂੰ ਭਾਰਤ ਦੇ ਪਹਿਲੇ 1 ਟ੍ਰਿਲੀਅਨ ਰਾਜ ਅਰਥਵਿਵਸਥਾ ਦੇ ਰੂਪ ਵਿੱਚ ਪ੍ਰਦਰਸ਼ਿਤ ਕੀਤਾ, ਮਹਾਰਾਸ਼ਟਰ ਨੂੰ ਵੀ ਇਸ ਦਾ ਲਾਭ ਮਿਲਿਆ ਅਤੇ ਇੱਥੇ ਉਨ੍ਹਾਂ ਨੇ ਕੁੱਲ 15.7 ਲੱਖ ਕਰੋੜ ਰੁਪਏ ਦੇ ਨਿਵੇਸ਼ ਸਮਝੌਤੇ 'ਤੇ ਦਸਤਖਤ ਕੀਤੇ, ਜਿਸ ਵਿੱਚ ਰਿਲਾਇੰਸ ਨਾਲ 3.05 ਲੱਖ ਰੁਪਏ ਦੇ ਹਸਤਾਖਰ ਕੀਤੇ ਗਏ। ਉਦਯੋਗਾਂ




ਉਨ੍ਹਾਂ ਕਿਹਾ, ਅਜਿਹਾ ਹੋਇਆ, ਕਿਸਮਤ ਕਾਰਨ ਜਾਂ ਤੁਸੀਂ ਇਸ ਨੂੰ ਜੋ ਵੀ ਕਹੋ, ਮੈਂ ਵਿਸ਼ਵ ਕੱਪ, ਓਲੰਪਿਕ ਅਤੇ ਅਮਰੀਕਾ ਦੀ 250ਵੀਂ ਵਰ੍ਹੇਗੰਢ ਦੌਰਾਨ ਪ੍ਰਧਾਨ ਰਹਾਂਗਾ, ਵੀਰਵਾਰ ਨੂੰ ਡਬਲਯੂਈਐਫ ਦੀ ਸਾਲਾਨਾ ਬੈਠਕ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਹ ਚਾਹੁੰਦੇ ਹਨ ਰੂਸ ਅਤੇ ਯੂਕਰੇਨ ਵਿਚਾਲੇ ਜੰਗ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰੇਗਾ।ਉਨ੍ਹਾਂ ਕਿਹਾ ਕਿ ਇਹ ਜਲਦੀ ਹੀ ਹੋਵੇਗਾ। ਉਨ੍ਹਾਂ ਨੇ ਯੂਕਰੇਨ ਨੂੰ ਹੱਤਿਆ ਦਾ ਖੇਤਰ ਦੱਸਿਆ ਅਤੇ ਕਿਹਾ ਕਿ ਹੁਣ ਇਸ ਯੁੱਧ ਨੂੰ ਖਤਮ ਕਰਨ ਦਾ ਸਮਾਂ ਆ ਗਿਆ ਹੈ। ਟਰੰਪ ਨੇ ਕਿਹਾ ਕਿ ਉਹ ਸਾਊਦੀ ਅਰਬ ਅਤੇ ਓਪੇਕ ਨੂੰ ਤੇਲ ਦੀਆਂ ਕੀਮਤਾਂ ਘਟਾਉਣ ਲਈ ਕਹਿਣਗੇ ਕਿਉਂਕਿ ਜੇਕਰ ਅਜਿਹਾ ਹੁੰਦਾ ਹੈ ਤਾਂ ਰੂਸ-ਯੂਕਰੇਨ ਯੁੱਧ ਤੁਰੰਤ ਖਤਮ ਹੋ ਜਾਵੇਗਾ।ਉਹ ਸਾਊਦੀ ਅਰਬ ਨੂੰ ਤੇਲ ਦੀਆਂ ਕੀਮਤਾਂ ਘਟਾਉਣ ਲਈ ਕਹਿਣਗੇ, ਕਿਉਂਕਿ ਇਸ ਨਾਲ ਰੂਸ ਅਤੇ ਯੂਕਰੇਨ ਵਿਚਾਲੇ ਜੰਗ ਤੁਰੰਤ ਖਤਮ ਹੋ ਜਾਵੇਗੀ। ਟਰੰਪ ਨੇ ਕਿਹਾ ਕਿ ਅਮਰੀਕਾ ਦਾ ਸੁਨਹਿਰੀ ਯੁੱਗ ਸ਼ੁਰੂ ਹੋ ਗਿਆ ਹੈ, ਸਾਡਾ ਦੇਸ਼ ਜਲਦੀ ਹੀ ਪਹਿਲਾਂ ਨਾਲੋਂ ਜ਼ਿਆਦਾ ਮਜ਼ਬੂਤ, ਜ਼ਿਆਦਾ ਇਕਜੁੱਟ ਅਤੇ ਜ਼ਿਆਦਾ ਖੁਸ਼ਹਾਲ ਹੋਵੇਗਾ, ਉਨ੍ਹਾਂ ਨੇ ਵਿਸ਼ਵ ਵਪਾਰਕ ਨੇਤਾਵਾਂ ਨੂੰ ਅਮਰੀਕਾ 'ਚ ਨਿਰਮਾਣ ਕਰਨ ਲਈ ਕਿਹਾ, ਨਹੀਂ ਤਾਂ ਉਨ੍ਹਾਂ ਨੂੰ ਟੈਰਿਫ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਮਰੀਕਾ ਵਿਚ ਆਪਣਾ ਉਤਪਾਦ ਬਣਾਓ ਅਤੇ ਅਸੀਂ ਤੁਹਾਨੂੰ ਦੁਨੀਆ ਦੇ ਕਿਸੇ ਵੀ ਦੇਸ਼ ਦੇ ਸਭ ਤੋਂ ਘੱਟ ਟੈਕਸਾਂ ਵਿੱਚੋਂ ਇੱਕ ਦੇਵਾਂਗੇ, ਪਰ ਜੇਕਰ ਤੁਸੀਂ ਆਪਣਾ ਉਤਪਾਦ ਅਮਰੀਕਾ ਵਿੱਚ ਨਹੀਂ ਬਣਾਉਂਦੇ, ਜੋ ਕਿ ਤੁਹਾਡਾ ਵਿਸ਼ੇਸ਼ ਅਧਿਕਾਰ ਹੈ, ਤਾਂ ਤੁਸੀਂ ਬਹੁਤ ਹੀ ਅਸਾਨੀ ਨਾਲ ਟੈਰਿਫ ਦਾ ਭੁਗਤਾਨ ਕਰਦੇ ਹੋ।ਉਨ੍ਹਾਂ ਕਿਹਾ ਕਿ ਮੈਂ ਸਾਊਦੀ ਅਰਬ, ਓਪੇਕ ਨੂੰ ਤੇਲ ਦੀਆਂ ਕੀਮਤਾਂ ਘਟਾਉਣ ਲਈ ਕਹਾਂਗਾ, ਜੇਕਰ ਤੇਲ ਦੀਆਂ ਕੀਮਤਾਂ ਹੇਠਾਂ ਆਉਂਦੀਆਂ ਹਨ ਤਾਂ ਰੂਸ-ਯੂਕਰੇਨ ਜੰਗ ਤੁਰੰਤ ਖ਼ਤਮ ਹੋ ਜਾਵੇਗੀ, ਵੀਡੀਓ ਕਾਨਫਰੰਸਿੰਗ ਰਾਹੀਂ ਸਾਲਾਨਾ ਮੀਟਿੰਗ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ ਚਾਰ ਦਿਨਾਂ ਵਿੱਚ ਕੀ ਹਾਸਲ ਕੀਤਾ ਚਾਰ ਸਾਲਾਂ ਵਿੱਚ ਵੀ ਹਾਸਲ ਨਹੀਂ ਕਰ ਸਕੇ।

ਇਸ ਲਈ, ਜੇਕਰ ਅਸੀਂ ਉਪਰੋਕਤ ਪੂਰੇ ਵੇਰਵਿਆਂ ਦਾ ਅਧਿਐਨ ਕਰਦੇ ਹਾਂ ਅਤੇ ਇਸਦਾ ਵਿਸ਼ਲੇਸ਼ਣ ਕਰਦੇ ਹਾਂ, ਤਾਂ ਸਾਨੂੰ ਪਤਾ ਲੱਗੇਗਾ ਕਿ 55ਵੀਂ ਵਿਸ਼ਵ ਆਰਥਿਕ ਫੋਰਮ ਦੀ ਮੀਟਿੰਗ ਦਾਵੋਸ ਸਵਿਟਜ਼ਰਲੈਂਡ 20-24 ਜਨਵਰੀ 2025 ਨੂੰ ਭਾਰਤ ਅਮਰੀਕਾ ਦੇ ਗਲੋਬਲ ਇਨੋਵੇਸ਼ਨ, ਟੈਕਨਾਲੋਜੀ ਪਾਇਨੀਅਰਾਂ ਅਤੇ ਯੂਨੀਕੋਰਨ ਮਾਹਿਰਾਂ ਦੇ ਵਿਸ਼ਵ ਆਰਥਿਕ ਚਰਚਾ ਸੈਸ਼ਨ ਦੀ ਸ਼ੁਰੂਆਤ ਹੋਵੇਗੀ ਫੋਰਮ ਦਾ ਮੁੱਖ ਵਿਸ਼ਾ ਬੁੱਧੀਮਾਨ ਯੁੱਗ ਲਈ ਸਹਿਯੋਗ ਸੀ, ਹਰ ਸਾਲ ਵਿਸ਼ਵ ਆਰਥਿਕ ਫੋਰਮ ਤਕਨੀਕੀ ਤਰੱਕੀ ਅਤੇ ਭੂ-ਆਰਥਿਕ ਤਬਦੀਲੀਆਂ ਦੇ ਯੁੱਗ ਦੀ ਤਿਆਰੀ ਲਈ ਮੈਂਬਰ ਦੇਸ਼ਾਂ ਨੂੰ ਬੁਲਾਉਂਦੀ ਹੈ। ਇਹ ਤੁਹਾਡੀ ਅਗਵਾਈ ਸਥਾਪਤ ਕਰਨ ਅਤੇ ਸਹਿਯੋਗ ਨੂੰ ਉਤਸ਼ਾਹਿਤ ਕਰਨ ਦਾ ਮੌਕਾ ਹੈ।

ਵਿਸ਼ਵ ਆਰਥਿਕ ਫੋਰਮ ਦੀ ਮੀਟਿੰਗ ਦਾਵੋਸ, ਸਵਿਟਜ਼ਰਲੈਂਡ ਵਿੱਚ 20-24 ਜਨਵਰੀ 2025 ਨੂੰ ਹੋਈ, ਜਿਸ ਵਿੱਚ 130 52 ਦੇਸ਼ਾਂ ਦੇ ਮੁਖੀਆਂ ਸਮੇਤ 2700 ਦੇਸ਼ਾਂ ਦੇ ਨੇਤਾਵਾਂ ਨੇ ਹਿੱਸਾ ਲਿਆ। ਇਸ ਵਾਰ, ਕੋਵਿਡ -19 ਮਹਾਂਮਾਰੀ ਦੇ ਕਾਰਨ ਵਿਸ਼ਵ ਅਰਥਚਾਰੇ ਦੇ ਪ੍ਰਮੁੱਖ ਮੁੱਦਿਆਂ ਵਿੱਚ ਜਲਵਾਯੂ ਤਬਦੀਲੀ ਅਤੇ ਰੂਸ-ਯੂਕਰੇਨ ਯੁੱਧ ਵੀ ਪ੍ਰਮੁੱਖ ਸਨ, ਇਹ ਮੀਟਿੰਗ ਦੋ ਸਾਲਾਂ ਤੱਕ ਨਹੀਂ ਹੋਈ ਸੀ ਅਤੇ ਇਸ ਸਾਲ ਦੀ ਇਹ ਪਹਿਲੀ ਮੀਟਿੰਗ ਸੀ ਥੀਮ ਸੀ ਸਸਟੇਨੇਬਲ ਗਰੋਥ ਅਤੇ ਸਾਂਝੀ ਖੁਸ਼ਹਾਲੀ ਲਈ ਸਹਿਯੋਗ ਅਰਥਾਤ ਵਿਸ਼ਵ ਆਰਥਿਕ ਫੋਰਮ ਸਵਿਟਜ਼ਰਲੈਂਡ ਵਿੱਚ ਸਥਿਤ ਇੱਕ ਗੈਰ-ਮੁਨਾਫ਼ਾ ਅੰਤਰਰਾਸ਼ਟਰੀ ਸੰਸਥਾ ਹੈ ਜਿਸਦਾ ਉਦੇਸ਼ ਵਿਸ਼ਵ ਦੇ ਵਿਸ਼ਵ ਵਪਾਰ, ਰਾਜਨੀਤੀ, ਸਿੱਖਿਆ ਅਤੇ ਹੋਰ ਸਬੰਧਤਾਂ ਨੂੰ ਇਕੱਠਾ ਕਰਨਾ ਹੈ। ਇਸ ਦਾ ਕੰਮ ਖੇਤਰ ਦੇ ਪ੍ਰਮੁੱਖ ਲੋਕਾਂ ਨੂੰ ਇੱਕ ਪਲੇਟਫਾਰਮ 'ਤੇ ਲਿਆਉਣਾ ਹੈ ਤਾਂ ਜੋ ਵਿਸ਼ਵ ਦੀ ਗਲੋਬਲ, ਖੇਤਰੀ ਅਤੇ ਉਦਯੋਗਿਕ ਦਿਸ਼ਾ ਤੈਅ ਕੀਤੀ ਜਾ ਸਕੇ। ਇਸਦੀ ਨੀਂਹ 1971 ਵਿੱਚ ਸਵਿਸ ਜਰਮਨ ਅਰਥਸ਼ਾਸਤਰੀ ਅਤੇ ਪ੍ਰੋਫੈਸਰ ਕਲੌਸ ਸ਼ਵਾਬ ਦੁਆਰਾ ਰੱਖੀ ਗਈ ਸੀ।

ਦੁਨੀਆ ਵਿੱਚ ਫੋਰਮ ਦੇ ਮੁੱਖ ਟੀਚਿਆਂ ਵਿੱਚੋਂ ਇੱਕ ਸਿਆਸੀ, ਸਮਾਜਿਕ ਅਤੇ ਰਾਜਨੀਤਿਕ ਮੁੱਦਿਆਂ 'ਤੇ ਸਹਿਯੋਗ ਕਰਨਾ ਹੈ ਫੋਰਮ ਦਾ ਮੰਨਣਾ ਹੈ ਕਿ ਵਿਕਾਸ ਉਦੋਂ ਹੁੰਦਾ ਹੈ ਜਦੋਂ ਜੀਵਨ ਦੇ ਸਾਰੇ ਖੇਤਰਾਂ ਦੇ ਲੋਕ ਇਕੱਠੇ

ਦੋਸਤੋ, ਜੇਕਰ ਵਰਲਡ ਇਕਨਾਮਿਕ ਫੋਰਮ ਦਾਵੋਸ ਵਿੱਚ ਭਾਰਤ ਦੀ ਨੁਮਾਇੰਦਗੀ ਅਤੇ ਸੰਬੋਧਨ ਦੀ ਗੱਲ ਕਰੀਏ ਤਾਂ ਕੇਂਦਰੀ ਮੰਤਰੀ ਅਸ਼ਵਿਨੀ ਨੇ ਭਾਰਤ ਦੀ ਪ੍ਰਤੀਨਿਧਤਾ ਕੀਤੀ।ਇਹ ਸਮਾਗਮ ਵਿਸ਼ਵ ਪੱਧਰ 'ਤੇ ਭਾਰਤ ਦੇ ਸੰਮਲਿਤ ਵਿਕਾਸ ਅਤੇ ਡਿਜੀਟਲ ਤਬਦੀਲੀ ਨੂੰ ਪੇਸ਼ ਕਰਨ ਦਾ ਇੱਕ ਮਹੱਤਵਪੂਰਨ ਮੌਕਾ ਸੀ। ਉਸਨੇ ਭਾਰਤੀ ਰੇਲਵੇ ਦੇ ਸੁਧਾਰਾਂ, ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਭਾਰਤ ਵਿੱਚ ਬਣੇ ਉਤਪਾਦਾਂ ਬਾਰੇ ਚਰਚਾ ਕਰਨ ਲਈ ਗਲੋਬਲ ਉਦਯੋਗ ਦੇ ਨੇਤਾਵਾਂ ਨਾਲ ਮੁਲਾਕਾਤ ਕੀਤੀ, ਉਸਨੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਟੀਚਾ ਭਾਰਤ ਨੂੰ ਵਿਸ਼ਵ ਪੱਧਰ 'ਤੇ ਇੱਕ ਮੋਹਰੀ ਰਾਸ਼ਟਰ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਦੁਨੀਆ ਭਰ ਵਿੱਚ ਮੇਡ-ਇਨ-ਇੰਡੀਆ ਉਤਪਾਦਾਂ ਨੂੰ ਲੈ ਕੇ ਉਤਸ਼ਾਹ ਹੈ ਅਤੇ ਭਾਰਤ ਤੇਜ਼ੀ ਨਾਲ ਗਲੋਬਲ ਮੈਨੂਫੈਕਚਰਿੰਗ ਹੱਬ ਬਣਨ ਵੱਲ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਦਾਵੋਸ ਵਿੱਚ ਡਬਲਿਊ.ਈ.ਐਫ. 2025 ਵਿੱਚ ਭਾਗੀਦਾਰੀ ਭਾਰਤ ਦੇ ਆਰਥਿਕ

ਸਾਂਝੀ ਕਰਦੇ ਹੋਏ, ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਸਵਿਸ ਮਾਹਰਾਂ ਨਾਲ ਚਰਚਾ ਭਾਰਤੀ ਰੇਲਵੇ ਵਿੱਚ ਸੁਰੱਖਿਆ ਅਤੇ ਕੁਸ਼ਲਤਾ ਨੂੰ ਵਧਾਏਗੀ। ਇਸ ਦੌਰਾਨ ਉਨ੍ਹਾਂ ਕਿਹਾ ਕਿ ਸਰਕਾਰ ਨੇ ਦੇਸ਼ 'ਚ ਕਾਨੂੰਨਾਂ ਨੂੰ ਸਰਲ ਬਣਾਉਣ 'ਤੇ ਜ਼ੋਰ ਦਿੱਤਾ ਹੈ, ਜਿਸ ਦਾ ਫਾਇਦਾ ਭਾਰਤ ਦੀ ਆਰਥਿਕ ਵਿਕਾਸ ਦਰ 6 ਤੋਂ 8 ਫੀਸਦੀ 'ਤੇ ਦੇਖਣ ਨੂੰ ਮਿਲੀ ਹੈ। ਉਨ੍ਹਾਂ ਕਿਹਾ ਕਿ ਨਿਯਮਾਂ ਨੂੰ ਸਰਲ ਬਣਾਉਣ ਲਈ ਪ੍ਰਧਾਨ ਮੰਤਰੀ ਦੀ ਸਰਕਾਰ ਦਾ ਮੁੱਖ ਏਜੰਡਾ ਮੇਕ ਇਨ ਇੰਡੀਆ, ਮੇਡ ਫਾਰ ਦਿ ਵਰਲਡ ਦੀ ਰਣਨੀਤੀ ਦਾ ਪਾਲਣ ਕਰਨਾ ਹੈ।

ਵਿੱਚ ਕਰੋੜਾਂ ਰੁਪਏ ਦਾ ਨਿਵੇਸ਼ ਪ੍ਰਸਤਾਵ ਸ਼ਾਮਲ ਹੈ, ਇਸ ਨਾਲ ਰਾਜ ਦੇ ਵੱਖ-ਵੱਖ ਖੇਤਰਾਂ ਵਿੱਚ ਕੁੱਲ 3 ਲੱਖ ਨੌਕਰੀਆਂ ਪੈਦਾ ਹੋਣ ਦੀ ਉਮੀਦ ਹੈ, ਇਸ ਤੋਂ ਇਲਾਵਾ ਐਮਾਜ਼ਾਨ ਵੈੱਬ ਸਰਵਿਸ ਨੇ 71,000 ਨੌਕਰੀਆਂ ਵੀ ਪੈਦਾ ਕੀਤੀਆਂ ਹਨ। ਕਰੋੜ ਰੁਪਏ ਤੋਂ ਵੱਧ ਦੇ ਨਿਵੇਸ਼ ਦੀ ਗੱਲ ਚੱਲ ਰਹੀ ਹੈ।

ਦੋਸਤੋ, ਜੇਕਰ ਅਸੀਂ 23 ਜਨਵਰੀ, 2024 ਨੂੰ ਵਰਲਡ ਇਕਨਾਮਿਕ ਫੋਰਮ ਨੂੰ ਅਮਰੀਕੀ ਰਾਸ਼ਟਰਪਤੀ ਦੇ ਵਰਚੁਅਲ ਸੰਬੋਧਨ ਦੀ ਗੱਲ ਕਰੀਏ ਤਾਂ ਟਰੰਪ ਨੇ ਕਿਹਾ, ਖੁਸ਼ਕਿਸਮਤੀ ਨਾਲ ਮੈਂ ਰਾਸ਼ਟਰਪਤੀ ਬਣ ਗਿਆ ਹਾਂ ਜਦੋਂ ਵਿਸ਼ਵ ਕੱਪ ਅਤੇ ਓਲੰਪਿਕ ਅਮਰੀਕਾ ਵਿੱਚ ਹੋਣਗੇ। ਅਮਰੀਕਾ 2026 ਵਿੱਚ ਫੀਫਾ ਵਿਸ਼ਵ ਕੱਪ ਅਤੇ 2028 ਵਿੱਚ ਓਲੰਪਿਕ ਦੀ ਮੇਜ਼ਬਾਨੀ ਕਰੇਗਾ, ਜਦੋਂ ਟਰੰਪ ਰਾਸ਼ਟਰਪਤੀ ਹੋਣਗੇ।ਟਰੰਪ ਨੇ ਕਿਹਾ, ਕਿਸ ਨੇ ਸੋਚਿਆ ਹੋਵੇਗਾ ਕਿ ਇਕ ਕਾਰਜਕਾਲ ਛੱਡਣ ਤੋਂ ਬਾਅਦ ਮੈਨੂੰ ਓਲੰਪਿਕ ਵਿਚ ਹਿੱਸਾ ਲੈਣ ਦਾ ਮੌਕਾ ਮਿਲੇਗਾ।

**ਡਬਲਯੂ.ਈ.ਐਫ. ਦੀ ਸਾਲਾਨਾ ਬੈਠਕ ਨੂੰ ਸੰਬੋਧਨ ਕਰਦੇ ਹੋਏ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਰੂਸ ਅਤੇ ਯੂਕਰੇਨ ਵਿਚਾਲੇ ਜੰਗ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਕਿਹਾ ਕਿ ਇਹ ਜਲਦੀ ਹੋਵੇਗਾ। ਉਨ੍ਹਾਂ ਯੂਕਰੇਨ ਨੂੰ ਹੱਤਿਆ ਦਾ ਖੇਤਰ ਦੱਸਿਆ ਅਤੇ ਕਿਹਾ ਕਿ ਹੁਣ ਇਸ ਯੁੱਧ ਨੂੰ ਖਤਮ ਕਰਨ ਦਾ ਸਮਾਂ ਆ ਗਿਆ ਹੈ ਤੇ ਉਹ ਸਾਊਦੀ ਅਰਬ ਅਤੇ ਓਪੇਕ ਨੂੰ ਤੇਲ ਦੀਆਂ ਕੀਮਤਾਂ ਘਟਾਉਣ ਲਈ ਕਹਿਣਗੇ ਕਿਉਂਕਿ ਜੇਕਰ ਅਜਿਹਾ ਹੁੰਦਾ ਹੈ ਤਾਂ ਰੂਸ-ਯੂਕਰੇਨ ਯੁੱਧ ਤੁਰੰਤ ਖਤਮ ਹੋ ਜਾਵੇਗਾ।**

# ਔਰਤਾਂ ਪ੍ਰਤੀ ਬਦਲ ਰਹੀ ਮਾਨਸਿਕਤਾ

ਪਿਛਲੇ ਕੁਝ ਸਾਲਾਂ ਵਿਚ ਔਰਤਾਂ ਦੀ ਪ੍ਰਗਤੀ ਨਾਲ ਸੰਬੰਧਿਤ ਮੰਤਰਾਲੇ ਨੇ ਦੇਸ਼ ਭਰ ਵਿਚ ਵੱਖ-ਵੱਖ ਪੱਧਰਾਂ 'ਤੇ ਆਮ ਲੋਕਾਂ ਦੀ ਸ਼ਮੂਲੀਅਤ ਨਾਲ ਜੋ ਲਹਿਰ ਚਲਾਈ ਸੀ, ਉਸ ਦਾ ਮੁੱਖ ਮੰਤਵ ਲਿੰਗ ਅਨੁਪਾਤ ਨੂੰ ਸੰਤੁਲਤ ਬਣਾਉਣਾ ਵੀ ਸੀ। ਦੇਸ਼ ਭਰ ਵਿਚ ਬਹੁਤੇ ਸਮਾਜਾਂ ਵਿਚ ਅਕਸਰ ਇਹ ਦੇਖਿਆ ਗਿਆ ਹੈ ਕਿ ਲੜਕੇ ਅਤੇ ਲੜਕੀ ਦੀ ਜਨਮ ਦਰ

**ਅਨੁਭਵੀ ਜਲੰਧਰੀ**

ਵਿਚ ਕਾਫੀ ਅੰਤਰ ਹੁੰਦਾ ਹੈ। ਇਸ ਨੂੰ ਦੂਰ ਕਰਨ ਲਈ ਇਹ ਵੀ ਸਖ਼ਤ ਹਦਾਇਤਾਂ ਦਿੱਤੀਆਂ ਗਈਆਂ ਸਨ ਕਿ ਬੱਚੇ ਦੇ ਪੈਦਾ ਹੋਣ ਤੋਂ ਪਹਿਲਾਂ ਕਿਸੇ ਵੀ ਤਰ੍ਹਾਂ ਦੇ ਲਿੰਗ ਨਿਰਧਾਰਿਤ ਟੈਸਟ ਨਾ ਕੀਤੇ ਜਾਣ, ਚਾਹੇ ਪਹਿਲਾਂ ਤੋਂ ਚਲਦੇ ਆ ਰਹੇ ਇਸ ਰੁਝਾਨ ਨੂੰ ਠੱਲ੍ਹ ਤਾਂ ਪਈ ਹੈ ਪਰ ਸੰਤੁਸ਼ਟੀਜਨਕ ਢੰਗ ਨਾਲ ਅਜਿਹੇ ਟੈਸਟਾਂ 'ਤੇ ਕਾਬੂ ਨਹੀਂ ਪਾਇਆ ਜਾ ਸਕਿਆ।

ਹਰ ਸਾਲ ਸਮੇਂ-ਸਮੇਂ ਦੇਸ਼ ਭਰ 'ਚੋਂ ਅਜਿਹੇ ਅੰਕੜੇ ਇਕੱਠੇ ਕੀਤੇ ਜਾਂਦੇ ਹਨ, ਜਿਨ੍ਹਾਂ ਤੋਂ ਇਹ ਅੰਦਾਜ਼ਾ ਜ਼ਰੂਰ ਲੱਗ ਜਾਂਦਾ ਹੈ ਕਿ ਪਹਿਲਾਂ ਨਾਲੋਂ ਅਜਿਹਾ ਅੰਤਰ ਜ਼ਰੂਰ ਘਟਿਆ ਹੈ, ਪਰ ਇਹ ਪੂਰੀ ਤਰ੍ਹਾਂ ਖ਼ਤਮ ਨਹੀਂ ਹੋ ਸਕਿਆ। ਹਰ ਸਾਲ ਕੌਮੀ ਬਾਲੜੀ ਦਿਵਸ ਮਨਾਇਆ ਜਾਂਦਾ ਹੈ। ਇਕੱਠੇ ਕੀਤੇ ਅੰਕੜੇ ਇਹ ਜ਼ਰੂਰ ਪ੍ਰਗਟਾਉਂਦੇ ਹਨ ਕਿ ਪੰਜਾਬ ਵਿਚ ਲੜਕੀਆਂ ਦੀ ਜਨਮ ਦਰ ਵਿਚ ਜ਼ਿਕਰਯੋਗ ਸੁਧਾਰ ਹੋਇਆ ਹੈ। ਪਿਛਲੇ ਅੰਕੜਿਆਂ 'ਤੇ ਨਜ਼ਰ ਮਾਰਦਿਆਂ ਸਾਲ 2011 ਦੇ ਮੁਕਾਬਲੇ ਵਿਚ ਲੜਕੀਆਂ ਦੀ ਦਰ 846 ਤੋਂ ਵਧ ਕੇ 2018 ਵਿਚ 901 ਹੋ ਗਈ ਸੀ। ਵੱਖ-ਵੱਖ ਜ਼ਿਲ੍ਹਿਆਂ ਤੋਂ ਪ੍ਰਾਪਤ ਅੰਕੜਿਆਂ ਅਨੁਸਾਰ ਸਾਲ 2019 ਵਿਚ ਲੜਕੀਆਂ ਦੀ ਜਨਮ ਦਰ ਜ਼ਿਲ੍ਹਾ ਲੁਧਿਆਣਾ ਵਿਚ ਸਭ ਤੋਂ ਵਧ 931 ਅਤੇ ਸਭ ਤੋਂ ਘੱਟ ਜ਼ਿਲ੍ਹਾ ਗੁਰਦਾਸਪੁਰ ਵਿਚ 843 ਰਹੀ ਸੀ। ਸਾਲ 2001 ਵਿਚ ਇਕ ਹਜ਼ਾਰ ਲੜਕਿਆਂ ਪਿੱਛੇ 927



ਲੜਕੀਆਂ ਅਤੇ 2011 ਵਿਚ 918 ਲੜਕੀਆਂ ਨੇ ਅਨੁਪਾਤਨ ਜਨਮ ਲਿਆ ਸੀ। ਇਸ ਸ਼ੁਰੂ ਕੀਤੀ ਸੀ। ਭਾਰਤ ਸਰਕਾਰ ਦੀ 'ਬੇਟੀ ਬਚਾਓ ਬੇਟੀ ਪੜ੍ਹਾਓ' ਲਹਿਰ ਦੇ 10 ਸਾਲ ਪੂਰੀ ਸਰਗਰਮੀ ਦੇ ਸਾਲ ਰਹੇ ਹਨ।

ਇਸ ਲਹਿਰ ਨੇ ਲੜਕੇ ਅਤੇ ਲੜਕੀਆਂ ਵਿਚ ਵਿਤਕਰਾ ਦੂਰ ਕਰਨ ਵਿਚ ਵੱਡੀ ਭੂਮਿਕਾ ਨਿਭਾਈ ਹੈ। ਉਨ੍ਹਾਂ ਇਸ ਗੱਲ ਦੀ ਕਾਮਨਾ ਵੀ ਕੀਤੀ ਕਿ ਲੜਕੀਆਂ ਨੂੰ ਸਿੱਖਿਆ ਦੇ ਖੇਤਰ ਵਿਚ ਪਰਿਵਾਰਾਂ ਵਲੋਂ ਬਰਾਬਰ ਦੇ ਮੌਕੇ ਤੇ ਅਧਿਕਾਰ ਦਿੱਤੇ ਜਾਣੇ ਜ਼ਰੂਰੀ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਸ ਮੁਹਿੰਮ ਵਿਚ ਸਾਰੇ ਹੀ ਵਰਗਾਂ ਨੇ ਆਪਣਾ ਹਿੱਸਾ ਪਾਇਆ ਹੈ। ਇਸ ਲਹਿਰ ਦਾ ਇਕ ਵੱਡਾ ਮੰਤਵ ਸਮਾਜ ਦੀ ਮਾਨਸਿਕਤਾ ਨੂੰ ਬਦਲਣਾ ਵੀ ਹੈ ਅਤੇ ਧੀਆਂ ਦੇ ਹੱਕਾਂ ਦੀ ਰਾਖੀ ਕਰਨਾ ਵੀ ਯਕੀਨੀ ਬਣਾਉਣਾ ਹੈ। ਬਿਨਾਂ ਸ਼ੱਕ ਆਉਂਦੇ ਸਮੇਂ ਵਿਚ ਇਸ ਪੱਖੋਂ ਸਮਾਜ ਦੀ ਮਾਨਸਿਕਤਾ ਨੂੰ ਬਦਲਣ ਲਈ ਵੱਡੇ ਯਤਨ ਕੀਤੇ ਜਾਣੇ ਬੇਹੱਦ ਜ਼ਰੂਰੀ ਹਨ ਅਤੇ ਇਹ ਇਕ ਜਨਤਕ ਅੰਦੋਲਨ ਬਣਨਾ ਚਾਹੀਦਾ ਹੈ। ਜਿਨ੍ਹਾਂ ਵੀ ਖੇਤਰਾਂ ਵਿਚ ਲੜਕੀਆਂ ਨੂੰ ਉਤਸ਼ਾਹ ਦਿੱਤਾ ਗਿਆ ਹੈ, ਉਨ੍ਹਾਂ ਵਿਚ ਉਨ੍ਹਾਂ ਨੇ ਲੜਕਿਆਂ ਦੇ ਮੁਕਾਬਲੇ ਵਿਚ ਆਪਣੀ ਵਧੇਰੇ ਯੋਗਤਾ ਦਾ ਸਬੂਤ ਦਿੱਤਾ ਹੈ।

ਦੇਸ਼ ਵਿਚ ਵੀ ਪਿਛਲੇ ਦਹਾਕਿਆਂ ਵਿਚ ਲੜਕੀਆਂ ਅਤੇ ਔਰਤਾਂ ਨੇ ਵੱਡੀਆਂ ਪ੍ਰਾਪਤੀਆਂ ਹਾਸਿਲ ਕੀਤੀਆਂ ਹਨ। ਇਹ ਤਦੇ ਹੀ ਸੰਭਵ ਹੋ ਸਕਿਆ ਹੈ ਕਿ ਹੌਲੀ-ਹੌਲੀ ਲੋਕਾਂ ਦੀ ਮਾਨਸਿਕਤਾ ਵਿਚ ਤਬਦੀਲੀ ਆ ਰਹੀ ਹੈ, ਜਿਸ ਨੂੰ ਸਾਂਝੇ ਯਤਨਾਂ ਨਾਲ ਹੋਰ ਅੱਗੇ ਵਧਾਇਆ ਜਾਣਾ ਚਾਹੀਦਾ ਹੈ। ਔਰਤਾਂ ਨੂੰ ਵੀ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ। ਸਮੇਂ ਦੀਆਂ ਸਰਕਾਰਾਂ ਵਲੋਂ ਅਜਿਹੇ ਅਧਿਕਾਰਾਂ ਦੀ ਰਾਖੀ ਕਰਨ ਨੂੰ ਉਤਸ਼ਾਹਿਤ ਕੀਤਾ ਜਾਂਦਾ ਰਿਹਾ ਹੈ। ਇਸੇ ਕੜੀ ਵਿਚ ਕੇਂਦਰ ਸਰਕਾਰ ਵਲੋਂ ਅਜਿਹੇ ਯਤਨ ਲਗਾਤਾਰ ਕੀਤੇ ਜਾ ਰਹੇ ਹਨ।

ਕੇਂਦਰ ਸਰਕਾਰ ਤੋਂ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਆਉਣ ਵਾਲੇ ਸਮੇਂ ਵਿਚ ਅਜਿਹੀਆਂ ਯੋਜਨਾਵਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਹੋਰ ਵੀ ਵਧੇਰੇ ਯਤਨਸ਼ੀਲ ਹੋਵੇ, ਤਾਂ ਜੋ ਔਰਤ ਸਮਾਜ ਵਿਚ ਬਿਨਾਂ ਝਿਜਕ ਹੌਸਲੇ ਨਾਲ ਅਹਿਮ ਰੋਲ ਅਦਾ ਕਰ ਸਕੇ।

-0-

# ਰਾਸ਼ਟਰਵਾਦ ਬਨਾਮ ਅੰਧ-ਰਾਸ਼ਟਰਵਾਦ ਅਤੇ ਫ਼ਾਸ਼ੀਵਾਦ ਦੀਆਂ ਜੜ੍ਹਾਂ

ਜਦੋਂ ਤੋਂ ਮਨੁੱਖ ਨੇ ਹੋਸ਼ ਸੰਭਾਲੀ, ਇਤਿਹਾਸਕ ਨਜ਼ਰੀਏ ਤੋਂ ਵੇਖਿਆ ਜਾਵੇ ਤਾਂ ਉਸ ਦਾ ਰਾਸ਼ਟਰ ਹਮੇਸ਼ਾ ਹੀ ਪੇਟ ਰਿਹਾ। ਜੰਗਲੀ ਜੀਵਨ ਦੌਰਾਨ ਜਿੱਥੋਂ ਉਸ ਨੂੰ ਸ਼ਿਕਾਰ ਜਾਂ ਪੇਟ ਭਰਨ ਲਈ ਫਲ, ਜੜੀ-ਬੂਟੀਆਂ ਆਦਿ ਮਿਲ਼ਦੇ, ਉਸ ਦਾ ਦੇਸ਼ ਹੁੰਦਾ ਸੀ। ਕਾਲ਼ ਆਦਿ ਦੀ ਸਥਿਤੀ ਵਿਚ ਇਕ ਥਾਂ ਤੋਂ ਦੂਜੀ ਥਾਂ ਹਿਜਰਤ ਵੀ ਕਰਨੀ ਪੈ ਜਾਂਦੀ। ਸ਼ਿਕਾਰੀ ਜਾਂ ਆਜੜੀ ਦੇ ਰੂਪ ਵਿਚ, ਥਾਂਵਾਂ ਬਦਲਦੇ ਰਹਿਣਾ ਉਸ ਘੁਮੰਤਰੀ ਕਬੀਲੇ ਦੀ ਮਜਬੂਰੀ ਸੀ। ਇੱਕ ਥਾਂ ਤੋਂ ਦੂਜੀ ਥਾਂ ਪਰਵਾਸ ਕਰਨ ਨਾਲ ਕਿਸੇ ਦੂਜੇ ਕਬੀਲੇ ਨਾਲ ਝੜਪਾਂ ਵੀ ਹੋ ਜਾਂਦੀਆਂ। ਤਾਕਤਵਰ ਕਬੀਲਾ ਮਾੜੇ ਕਬੀਲੇ ਦੇ ਲੋਕਾਂ ਨੂੰ ਗੁਲਾਮ ਬਣਾ ਕੇ ਨਿਮਨ ਦਰਜ਼ੇ ਦੇ ਕਿੱਤਿਆਂ ਵਿਚ ਪਾ ਦਿੰਦਾ ਰਿਹਾ ਹੈ। ਰਾਸ਼ਟਰਵਾਦ

**ਅਤਰਜੀਤ**
**ਫੋਨ: 94175-81936**

ਦੀ ਨਿਸ਼ਾਨਦੇਹੀ ਕਰਦਿਆਂ ਅਸੀਂ ਵੇਖਦੇ ਹਾਂ ਕਿ ਖੇਤੀ ਪ੍ਰਧਾਨ ਸਮਾਜ ਵਿਚ ਉਸ ਨੂੰ ਬਸਤੀਆਂ ਬਣਾ ਕੇ ਇਕ ਥਾਂ ਵਸਣਾ ਪਿਆ। ਇਹ ਛੋਟੀਆਂ ਬਸਤੀਆਂ ਹੀ ਉਸ ਕਬੀਲੇ ਦਾ ਮੁਲਕ ਹੁੰਦਾ ਸੀ। ਜਿੱਥੋਂ ਤੱਕ ਉਸ ਦਾ ਜਾਣ-ਪਛਾਣ ਦਾ ਘੇਰਾ ਸੀ, ਨਾਲ ਦੀਆਂ ਬਸਤੀਆਂ ਨਾਲ ਮੇਲ-ਮਿਲਾਪ ਸਦਕਾ ਉਸਦੇ ਮੁਲਕ ਦਾ ਘੇਰਾ ਵੀ ਵਿਸ਼ਾਲ ਹੋਇਆ ਮੰਨਿਆ ਜਾ ਸਕਦਾ ਹੈ। ਰਜਵਾੜਾਸ਼ਾਹੀ ਦੌਰ ਵਿਚ ਰਿਆਸਤਾਂ ਰਾਜਿਆਂ ਦੇ ਮੁਲਕ ਤਾਂ ਸਨ, ਪਰ ਆਮ ਲੋਕਾਈ ਦਾ ਮੁਲਕ ਉਸ ਦਾ ਪੇਟ ਹੀ ਰਿਹਾ। ਆਮ ਲੋਕਾਈ ਇਨ੍ਹਾਂ ਸਮਿਆਂ ਵਿਚ ਅਧੀਨਤਾ ਕਾਲਾ ਜੀਵਨ ਬਸਰ ਕਰਨ ਲਈ ਮਜਬੂਰ ਸੀ। ਮੁਲਕ ਹਮੇਸ਼ਾ ਹਾਕਮ ਜਮਾਤਾਂ ਦਾ ਰਿਹਾ। ਦੇਸੀ-ਵਿਦੇਸੀ ਹਮਲਾਵਰਾਂ ਦੇ ਹਮਲਿਆਂ ਨਾਲ, ਰਾਸ਼ਟਰਾਂ ਦੀਆਂ ਸੀਮਾਵਾਂ ਬਦਲਦੀਆਂ ਰਹੀਆਂ। ਵਿਦੇਸ਼ੀ ਸ਼ਾਸਕਾਂ ਵੱਲੋਂ ਮੁਲਕ ਦੇ ਕੁੱਝ ਹਿੱਸਿਆਂ ਜਾਂ ਪੂਰੇ ਭੂਗੋਲਕ ਖਿੱਤੇ ਉਪਰ ਆਪਣਾ ਸਾਮਰਾਜ ਸਥਾਪਤ ਕਰ ਲੈਣ ਨਾਲ ਰਾਜਨੀਤਕ ਨਕਸ਼ੇ ਤਾਂ ਬਦਲਦੇ ਰਹੇ, ਪਰ ਲੋਕਾਂ ਦਾ ਰਾਸ਼ਟਰ ਕਦੇ ਕੋਈ ਹੋਂਦ ਵਿਚ ਨਾ ਆਇਆ। ਅਜਿਹੇ ਦੌਰ ਵਿਚ ਵੱਖ-ਵੱਖ ਰਿਆਸਤਾਂ ਰਾਜਿਆਂ ਦਾ ਰਾਸ਼ਟਰ ਰਿਹਾ, ਪਰ ਲੋਕਾਂ ਦਾ ਰਾਸ਼ਟਰ ਸਦਾ ਹੱਡ ਭੰਨਵੀਂ ਮਿਹਨਤ ਤੋਂ ਕਮਾਈ ਰੋਟੀ ਹੀ ਰਿਹਾ ਤੇ ਸਾਧਨ ਸੰਪੰਨ ਜਮਾਤਾਂ ਦੀ ਚਾਕਰੀ ਤੇ ਗੋਲਪੁਣਾ ਉਨ੍ਹਾਂ ਦੀ ਹੋਣੀ ਨਾਲ ਨੱਥੀ ਕਰ ਦਿੱਤਾ ਗਿਆ।

ਆਰੀਅਨ ਜਾਤੀ ਦੇ ਧਾੜਵੀਆਂ ਨੇ, ਖ਼ਾਸ ਕਰਕੇ ਰਮਾਇਣ ਮਹਾਭਾਰਤ ਦੇ ਦੌਰ ਵਿਚ ਇਥੋਂ ਦੇ ਮੂਲ ਵਾਸੀਆਂ ਨੂੰ ਮੌਤ ਦੇ ਘਾਟ ਉਤਾਰਿਆ, ਉਜਾੜਿਆ ਜਾਂ ਬੰਧੂ ਬਣਾ ਲਿਆ। ਇਉਂ ਇਨ੍ਹਾਂ ਉਪਰ ਥੋਪੀ ਗਈ ਮੁਥਾਜੀ ਦਾ ਅਤੇ ਗ਼ਲ਼ ਪਾਏ ਗਏ ਨਿਮਨ ਦਰਜ਼ੇ ਦੇ ਕਿੱਤੇ ਕਰਨ ਵਾਲੇ ਜਾਂ ਮਾਲਕਾਂ ਦੀਆਂ ਜਗੀਰਾਂ ਉੱਪਰ ਖੇਤੀ ਕਰਨ ਵਾਲੇ ਵਾਹੀਕਾਰ ਲੋਕਾਂ ਦਾ ਵੀ ਕੋਈ ਰਾਸ਼ਟਰ ਨਹੀਂ ਸੀ ਹੁੰਦਾ, ਕੇਵਲ ਸ਼ਾਸਕ ਵਰਗ ਦੇ ਰਾਸ਼ਟਰ ਵਿਚ ਹੀ ਜੂਨ ਬਸਰ ਕਰਨੀ ਹੁੰਦੀ ਸੀ, ਤੇ ਉਸ ਖਿੱਤੇ ਨੂੰ ਹੀ ਆਪਣਾ ਰਾਸ਼ਟਰ ਮੰਨਣਾ ਪੈਂਦਾ ਸੀ। ਇਸ ਸਭ ਕਾਸੇ ਦੇ ਬਾਵਜੂਦ ਜਿਸ ਖਿੱਤੇ ਵਿਚ ਸਭ ਵੰਨਗੀ ਦੇ ਲੋਕ, ਇੱਕ ਭਾਸ਼ਾ, ਵੇਸ-ਭੂਸ਼ਾ, ਰੀਤ-ਰਿਵਾਜ, ਖਾਣ-ਪੀਣ ਦੇ ਇੱਕੋ ਜਿਹੇ ਢੰਗਾਂ ਆਦਿ ਨਾਲ ਵਸਦੇ, ਉਸ ਖਿੱਤੇ ਨੂੰ ਕੋਈ ਨਾਂ ਜ਼ਰੂਰ ਦਿੱਤਾ ਗਿਆ। ਪੰਜਾਬ, ਰਾਜਸਥਾਨ, ਕਸ਼ਮੀਰ, ਹਿਮਾਚਲ ਆਦਿ ਨੂੰ ਇਸ ਸੰਕਲਪ ਅਧੀਨ ਹੀ ਵਾਚਿਆ ਜਾ ਸਕਦਾ ਹੈ। ਇਸ ਹਕੀਕਤ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਇਹ ਖਿੱਤਾ ਵਿਹਾਰਕ ਰੂਪ ਵਿਚ ਸਾਰੇ ਲੋਕਾਂ ਦਾ ਰਾਸ਼ਟਰ ਨਹੀਂ ਸੀ ਹੁੰਦਾ, ਸਿਰਫ਼ ਸਾਧਨ ਸੰਪੰਨ ਵਰਗ ਦਾ ਹੀ ਰਾਸ਼ਟਰ ਹੁੰਦਾ ਸੀ। ਸਾਧਨ ਵਿਹੂਣੇ ਲੋਕਾਂ ਦਾ ਰਾਸ਼ਟਰ ਤਾਂ ਸਦਾ ਤੋਂ ਹੀ ਢਿੱਡ ਰਿਹਾ ਹੈ।

ਗੱਲ ਨੂੰ ਸੰਖੇਪ ਰੱਖਣ ਦਾ ਖ਼ਿਆਲ ਕਰਦਿਆਂ ਕਿਹਾ ਜਾ ਸਕਦਾ, ਮੁਗ਼ਲ ਸਾਮਰਾਜ ਤੋਂ ਬਾਅਦ ਅੰਗਰੇਜ਼ ਸਾਮਰਾਜ ਦੇ ਰਾਜ ਦੌਰਾਨ ਵੱਖ-ਵੱਖ ਰਿਆਸਤੀ ਰਾਜਿਆਂ ਦਾ ਰਾਜ ਹੜੱਪਣ ਤੋਂ ਬਾਅਦ ਭਾਰਤ ਦੇ ਨਕਸ਼ੇ ਵਿਚ ਵੱਡੀਆਂ ਤਬਦੀਲੀਆਂ ਵੇਖਣ ਨੂੰ ਮਿਲ਼ੀਆਂ ਤੇ ਇਹ ਸ਼ੇਰ ਦੇ ਮੂੰਹ ਵਾਲਾ ਹਿੰਦੁਸਤਾਨ, ਭਾਰਤ ਬਨਾਮ ਇੰਡੀਆ ਦਾ ਰੂਪ ਅਖ਼ਤਿਆਰ ਕਰ ਗਿਆ। ਨਾਲ ਹੀ ਬਹੁਤ ਸਾਰੀਆਂ ਰਿਆਸਤਾਂ, ਜਿਨ੍ਹਾਂ ਨੇ ਅੰਗਰੇਜ਼ ਸਾਮਰਾਜ ਦੀ ਗੁਲਾਮੀ ਪਰਵਾਨ ਕਰ ਲਈ, ਕਾਇਮ ਰਹੀਆਂ।

ਅੰਗਰੇਜ਼ੀ ਸਾਮਰਾਜ ਵਿਰੁੱਧ ਮੁਲਕ ਨੂੰ ਆਜ਼ਾਦ ਕਰਾਉਣ ਸਮੇਂ 'ਭਾਰਤ ਮਾਤਾ' ਦਾ ਸੰਕਲਪ ਹੋਂਦ ਵਿਚ ਆਇਆ, ਜਿਸ ਮੁਤਾਬਿਕ ਆਜ਼ਾਦੀ ਦੇ ਪਰਵਾਨਿਆਂ ਨੇ ਨਾਅਰਾ ਬੁਲੰਦ ਕੀਤਾ-'ਭਾਰਤ ਮਾਤਾ ਦੇ ਗੁਲਾਮੀ ਦੇ ਸੰਗਲ ਤੋੜ ਦਿਉ।' ਹੁਣ ਭਾਰਤ ਮਾਤਾ ਇਕ ਰਾਸ਼ਟਰ ਦੇ ਰੂਪ ਵਿਚ ਹੋਂਦ ਅਖ਼ਤਿਆਰ ਕਰਦੀ ਹੈ ਤੇ ਹਰ ਵਰਗ ਦੇ ਲੋਕ ਅੰਗਰੇਜ਼ ਸਾਮਰਾਜ ਵਿਰੁੱਧ ਕਿਸੇ ਨਾ ਕਿਸੇ ਰੂਪ ਵਿਚ ਸੰਘਰਸ਼ ਦੇ ਮੈਦਾਨ ਵਿਚ ਕੁੱਦਦੇ ਹਨ। ਅਸੀਂ ਬੜੇ ਫ਼ਖ਼ਰ ਨਾਲ ਕਹਿ ਸਕਦੇ ਹਾਂ ਕਿ ਭਾਰਤ ਮਾਂ ਦੀ ਆਜ਼ਾਦੀ ਲਈ, ਇਸ ਦੇ ਸੱਚੇ ਸਪੂਤਾਂ ਨੇ ਬਗ਼ੈਰ ਜਾਤ-ਧਰਮ ਦੇ ਵਿਤਕਰੇ ਦੇ ਜਾਨ ਦੀ ਬਾਜ਼ੀ ਲਾ ਕੇ ਸ਼ਮੂਲੀਅਤ ਕੀਤੀ ਅਤੇ ਵੱਡੀਆਂ ਕੁਰਬਾਨੀਆਂ ਦਿੱਤੀਆਂ। ਇਤਿਹਾਸ ਗਵਾਹ ਹੈ ਕਿ ਨਾਮਧਾਰੀ ਅੰਦੋਲਨ ਦੀ ਚੜ੍ਹਤ ਤੇ ਪਤਨ ਉਪਰੰਤ, 19ਵੀਂ ਸਦੀ ਦੇ ਪਹਿਲੇ ਦਹਾਕਿਆਂ ਦੌਰਾਨ ਵਿਦੇਸ਼ਾਂ ਵਿਚ ਰੋਜ਼ੀ ਰੋਟੀ ਕਮਾਉਣ ਗਏ ਕਿਰਤੀਆਂ, ਵਿਦਿਆਰਥੀਆਂ ਅਤੇ ਬੁੱਧੀਜੀਵੀਆਂ ਨੇ ਗਦਰ ਪਾਰਟੀ ਦੀ ਸਥਾਪਨਾ ਕਰਕੇ ਆਜ਼ਾਦੀ ਦਾ ਬਿਗਲ ਵਜਾਇਆ। ਆਜ਼ਾਦੀ ਦੀ ਇਸ ਮਹਾਨ ਲਹਿਰ ਵਿਚ ਹਿੰਦੂ, ਸਿੱਖ, ਮੁਸਲਮਾਨ ਅਤੇ ਹੇਠਲੀਆਂ ਕਿਰਤੀ ਸ਼੍ਰੇਣੀਆਂ ਦੇ ਲੋਕ ਸ਼ਾਮਲ ਹੋਏ। ਗਦਰ ਪਾਰਟੀ ਦਾ ਇਤਿਹਾਸ ਬੋਲਦੈ ਕਿ ਇਸ ਪਾਰਟੀ ਦਾ ਵਿਧਾਨ ਹੀ ਜਾਤ-ਧਰਮ ਤੋਂ ਰਹਿਤ ਸੀ। 1857 ਦੀ ਆਜ਼ਾਦੀ ਦੀ ਪਹਿਲੀ ਜੰਗ ਤੋਂ ਬਾਅਦ ਉਠੀਆਂ ਇਨਕਲਾਬੀ ਲਹਿਰਾਂ-'ਨਾਮਧਾਰੀ, ਬਬਰ ਅਕਾਲੀ ਲਹਿਰ, ਭਗਤ ਸਿੰਘ ਹੁਰਾਂ ਦੀ ਇੰਡੀਅਨ ਸੋਸ਼ਲਿਸਟ ਰਿਬਲਿਕਿਨ ਆਰਮੀ ਆਦਿ ਅਤੇ ਹੋਰ ਵੀ ਬਹੁਤ ਸਾਰੀਆਂ ਸਮਾਜ ਸੁਧਾਰਕ ਲਹਿਰਾਂ ਦਾ ਖ਼ਾਸਾ ਧਰਮ ਨਿਰਪੱਖ ਰਾਸ਼ਟਰਵਾਦੀ ਹੀ ਸੀ। ਇਸ ਉੱਥਲ-ਪੁੱਥਲ ਦੇ ਸਮੇਂ ਵਿਚ ਲੋਕਾਂ ਦੇ ਮਨਾਂ ਵਿਚ ਦੇਸ਼ ਭਗਤੀ ਦਾ ਜਜ਼ਬਾ ਉਤਪੰਨ ਹੋਇਆ।

ਗਦਰੀ ਬਾਬਿਆਂ ਦੇ ਜੀਵਨ ਬਿਰਤਾਂਤ ਪੜ੍ਹਦਿਆਂ ਜਾਣਕਾਰੀ ਮਿਲਦੀ ਕਿ ਤਿੰਨ ਜੁਲਾਈ ਨੂੰ ਸਟਾਕਟਨ ਵਿਖੇ ਕਰਵਾਏ ਗਏ ਜਲਸੇ ਵਿਚ ਸੱਤ-ਅੱਠ ਸੌ ਹਿੰਦੀ (ਪਾਠਕ ਹਿੰਦੀ ਸ਼ਬਦ ਵੱਲ ਧਿਆਨ ਦੇਣ, ਸ਼ਬਦ ਹਿੰਦੀ ਵਰਤਿਆ ਗਿਆ ਹੈ ਨਾ ਕਿ ਹਿੰਦੂ) ਸ਼ਾਮਲ ਹੋਏ ਅਤੇ ਪੰਜ ਜੁਲਾਈ ਨੂੰ ਸਟਾਕਟਨ ਦੇ ਹਾਈ ਸਕੂਲ ਵਿਚ ਕਰਵਾਏ ਗਏ ਜਲਸੇ ਵਿਚ ਦੋ ਸੌ 'ਤੋਂ ਵੱਧ ਮੁਸਲਿਮ ਭਾਈਚਾਰੇ ਦੇ ਲੋਕ ਸ਼ਾਮਲ ਹੋਏ। ਇਸ ਸਮਾਗਮ ਦੇ ਭਾਵਨਾਤਮਕ ਮਾਹੌਲ ਬਾਰੇ 'ਗਦਰ' ਅਖ਼ਬਾਰ ਨੇ ਲਿਖਿਆ-'ਸਾਰੇ ਭਰਾ ਆਪਣੇ ਦੇਸ਼ ਦੀ ਬੁਰੀ ਦਸ਼ਾ ਦਾ ਹਾਲ ਸੁਣ ਕੇ ਜ਼ਾਰ ਜ਼ਾਰ ਰੋਏ'-ਤੇ ਉਨ੍ਹਾਂ ਨੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਜਾਨਾਂ ਕੁਰਬਾਨ ਕਰਨ ਦੀਆਂ ਸਹੁੰਆਂ ਖਾਧੀਆਂ। ਬਹੁਤ ਸਾਰੇ ਪਠਾਣ ਭਰਾ ਵੀ ਗਦਰ ਪਾਰਟੀ ਵਿਚ ਜਾਨਾਂ ਵਾਰਨ ਲਈ ਸ਼ਾਮਲ ਹੋਏ। ਇੱਥੇ ਇਕ ਗੱਲ ਸਪਸ਼ਟ ਕਰ ਕਰ ਦਿਆਂ ਹੈਕਿ ਗ਼ਦਰ ਲਹਿਰ ਵਿਚ ਸ਼ਾਮਲ ਹੋਇਆ ਵੀਰ ਸਾਵਰਕਰ ਅੰਡੇਮਾਨ ਦੀ ਸੈਲੂਲਰ ਜੇਲ੍ਹ ਦੇ ਤਸੀਹੇ ਸਹਿਨ ਨਾ ਕਰ ਸਕਿਆ। ਉਸ ਨੇ ਚਾਰ ਵਾਰ ਅੰਗਰੇਜ਼ ਸਰਕਾਰ ਨੂੰ ਮੁਆਫ਼ੀਨਾਮੇ ਲਿਖ ਕੇ ਸਜ਼ਾ ਮੁਆਫ਼ ਕਰਵਾਈ ਅਤੇ ਅੰਗਰੇਜ਼ ਸਾਮਰਾਜ ਦੀ ਸੇਵਾ ਵਿਚ ਹਿੰਦੂ ਮਹਾਂ ਸਭਾ ਦਾ ਗਠਨ ਕੀਤਾ, ਜਿਸ ਦਾ ਪ੍ਰਯੋਜਨ ਹਿੰਦੁਸਤਾਨ ਦੇ ਲੋਕਾਂ ਵਿਚ ਧਾਰਮਿਕ ਕੱਟੜਤਾ ਦਾ ਬੀਜ ਬੀਜਣਾ ਸੀ। ਇਸ ਨਵੀਂ ਕੱਟੜ-ਪੰਥੀ ਸੰਸਥਾ ਦਾ ਹਿੰਦੀ ਦੇ ਵਿਸ਼ਾਲ ਅਰਥਾਂ ਵਾਲੇ ਸੰਕਲਪ ਨਾਲ ਮੁੱਢ ਤੋਂ ਹੀ ਵੈਰ ਰਿਹਾ ਹੈ। ਹਿੰਦੀ ਸ਼ਬਦ ਤੋਂ ਕੰਨੀ ਖਿਸਕਾ ਕੇ ਇਸ ਕੱਟੜ-ਪੰਥੀ ਸੰਸਥਾ ਨੇ ਇਸ ਸੰਕਲਪ ਨੂੰ ਖ਼ਾਸ ਧਰਮ ਦੇ ਲੋਕਾਂ ਨਾਲ ਨੱਥੀ ਕਰਕੇ ਮੁਲਕ ਵਿਚ ਪੈਦਾ ਹੋਏ ਸਦਭਾਵੀ ਮਾਹੌਲ ਵਿਚ ਕਾਂਜੀ ਘੋਲਣ ਦਾ ਯਤਨ ਕੀਤਾ। ਰਹਿੰਦੀ-ਖੂੰਹਦੀ ਕਸਰ ਅੰਗਰੇਜ਼ੀ ਹਾਕਮਾਂ ਨੇ ਹਿੰਦੂ, ਸਿੱਖ, ਮੁਸਲਮਾਨ ਆਦਿ ਭਾਈਚਾਰਿਆਂ ਵਿਚ ਨਫ਼ਰਤੀ ਵਾਤਾਵਰਨ ਉਸਾਰਨ ਵਿਚ ਵੱਡੀ ਭੂਮਿਕਾ ਅਦਾ ਕੀਤੀ, ਜੋ ਸੰਤਾਲੀ ਦੇ ਖੂਨੀ ਭਰਾ-ਮਾਰ ਦੰਗਿਆਂ ਦੇ ਰੂਪ ਵਿਚ ਸਾਮ੍ਹਣੇ ਆਈ। ਇਸ 'ਤੋਂ ਅਗਲਾ ਕਦਮ ਚੁੱਕਦਿਆਂ ਕੇਸ਼ਵ ਬਾਲੀ ਰਾਮ ਹੈਡਗੇਵਾਰ ਨੇ ਆਰ. ਐਸ. ਐਸ. ਦਾ ਗਠਨ ਕੀਤਾ। ਪਾਠਕ ਅੰਦਾਜ਼ਾ ਲਾ ਸਕਦੇ ਹਨ ਕਿ ਆਰ. ਐੱਸ. ਐੱਸ. ਦੀ ਵਰਦੀ ਅੰਗਰੇਜ਼ੀ ਹਾਫ਼ ਪੈਂਟ ਅਤੇ ਸ਼ਰਟ ਹੀ ਹੈ। ਉਦੋਂ ਤੋਂ ਇਸ ਜਥੇਬੰਦੀ ਦਾ ਅੰਧ-ਰਾਸ਼ਟਰਵਾਦ ਦੇ ਨਾਂ 'ਤੇ ਕਾਰਜ ਖ਼ੇਤਰ ਮੁਲਕ ਵਿਚ ਜਾਤ-ਧਰਮ ਦੇ ਨਾਂ 'ਤੇ ਦੰਗੇ ਅਤੇ ਕਤਲੋ-ਗਾਰਤ ਕਰਵਾਉਣ ਤੋਂ ਛੁੱਟ ਹੋਰ ਕੁੱਝ ਨਹੀਂ ਰਿਹਾ। ਨੱਥੂ ਰਾਮ ਗੌਡਸੇ ਦੇ ਮਹਾਤਮਾ ਗਾਂਧੀ ਦੇ ਕਤਲ 'ਤੋਂ ਬਾਅਦ ਫ਼ਿਰਕੂ ਜੱਥੇਬੰਦੀ ਉੱਪਰ ਪਾਬੰਦੀ ਵੀ ਲੱਗੀ ਰਹੀ।



ਅੰਗਰੇਜ਼ਾਂ ਦੇ ਚਲੇ ਜਾਣ 'ਤੋਂ ਬਾਅਦ ਵੀ ਭਾਰਤ ਜਾਂ ਹਿੰਦੁਸਤਾਨ ਦਾ ਇਕ ਬੱਝਵੇਂ ਰਾਸ਼ਟਰ ਦਾ ਸਰੂਪ ਤਹਿ ਨਹੀਂ ਸੀ ਹੋਇਆ। ਬਹੁਤ ਸਾਰੀਆਂ ਰਿਆਸਤਾਂ ਅਜੇ ਵੀ ਕਾਇਮ ਸਨ। ਮਿਸਾਲ ਦੇ ਤੌਰ 'ਤੇ ਸਾਰਾ ਪੰਜਾਬ ਵੀ ਅੰਗਰੇਜ਼ਾਂ ਦੇ ਅਧੀਨ ਨਹੀਂ ਸੀ। ਜੋ ਰਿਆਸਤੀ ਰਾਜਾ ਅੰਗਰੇਜ਼ੀ ਸਾਮਰਾਜ ਦੀ ਅਧੀਨਗੀ ਕਬੂਲ ਲੈਂਦਾ, ਉਸ ਦੀ ਰਿਆਸਤ ਕਾਇਮ ਰਹਿੰਦੀ, ਨਹੀਂ ਤਾਂ ਰਾਜਾ ਰਿਪੁਦਮਨ ਸਿੰਘ ਵਾਂਗ ਜਲਾਵਤਨ ਕਰਕੇ ਖ਼ਤਮ ਕਰ ਦਿੱਤੀ ਜਾਂਦੀ ਸੀ।

ਆਓ! ਰਾਸ਼ਟਰਵਾਦ ਦੇ ਸੰਕਲਪ ਉੱਪਰ ਥੋੜ੍ਹੀ ਹੋਰ ਵਿਚਾਰ ਕਰੀਏ। ਰਿਆਸਤਾਂ ਦੇ ਖ਼ਾਤਮੇ ਤੋਂ ਬਾਅਦ ਹੀ ਇਕ ਰਾਸ਼ਟਰ ਦਾ ਸੰਕਲਪ ਸਪਸ਼ਟ ਰੂਪ ਵਿਚ ਉੱਭਰ ਕੇ ਸਾਹਮਣੇ ਆਇਆ। ਚਾਹੇ ਕਿਹੋ ਜਿਹਾ ਵੀ ਸਹੀ, 25 ਜਨਵਰੀ 1950 ਨੂੰ ਇਕ ਸੰਵਿਧਾਨ ਹੋਂਦ ਵਿਚ ਆਇਆ, ਜਿਸ ਦਾ ਖ਼ਾਸਾ 'ਧਰਮ ਨਿਰਪੱਖ' ਹੀ ਐਲਾਨਿਆ ਗਿਆ। ਜਾਤ-ਧਰਮ ਤੋਂ ਉਪਰ ਉੱਠ ਕੇ ਬਰਾਬਰ ਅਧਿਕਾਰ ਦਿੱਤੇ ਗਏ ਹੋਣ ਦਾ ਵਿਚਾਰ ਉਭਾਰਿਆ ਗਿਆ। ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਨ, ਰੋਸ ਮੁਜ਼ਾਹਰੇ ਕਰਨ, ਲਿਖਣ-ਬੋਲਣ ਅਤੇ ਆਪਣੇ ਵੱਖਰੇ ਵਿਚਾਰ ਪਰਗਟ ਕਰਨ ਦੀ ਆਜ਼ਾਦੀ ਦੇ ਅਧਿਕਾਰ ਦਿੱਤੇ ਗਏ। ਇਹ ਸਮਾਂ ਸੀ ਜਦੋਂ ਮੁਲਕ ਵਿਚ ਇੱਥੋਂ ਤੱਕ ਕਿ ਫਿਲਮਾਂ ਵਿਚ ਵੀ ਦੇਸ਼ ਭਗਤੀ ਦੇ ਤਰਾਨੇ ਹੀ ਸੁਣਨ ਨੂੰ ਮਿਲ਼ਦੇ ਸਨ। ਆਵਾਮ ਵਿਚ 'ਆਜ਼ਾਦੀ' ਦਾ ਜੋਸ਼ ਅਤੇ 'ਦੇਸ਼ ਪਿਆਰ ਦਾ ਜਜ਼ਬਾ' ਭਾਰੂ ਰਿਹਾ। ਇਹ ਵੱਖਰੀ ਗੱਲ ਹੈ, ਜਦ ਵੀ ਹਾਕਮ ਧਿਰ ਨੂੰ ਕੁਰਸੀ ਡੋਲਦੀ ਦਿੱਸੀ ਤਾਂ ਸੰਵਿਧਾਨ ਵਿਚ ਦਿੱਤੇ ਅਧਿਕਾਰਾਂ ਦੀ ਅਹੀ-ਤਹੀ ਵੀ ਹੁੰਦੀ ਰਹੀ। ਪੰਡਿਤ ਨਹਿਰੂ ਦੇ ਸਮੇਂ ਤਿਲੰਗਾਨਾਂ ਦੇ ਕਿਸਾਨ ਘੋਲ਼ ਨੂੰ ਦਬਾਉਣਾ, 25 ਜੂਨ 1975 ਨੂੰ ਇੰਦਰਾ ਗਾਂਧੀ ਦੁਆਰਾ ਲਾਈ ਗਈ ਐਮਰਜੈਂਸੀ ਇਸ ਦੀਆਂ ਠੋਸ ਉਦਾਹਰਨਾਂ ਹਨ। ਅੱਸੀਵਿਆਂ ਵਿਚ ਸੱਤਾ ਦੀ ਭੁੱਖ ਨੇ ਕਾਂਗਰਸ ਨੂੰ ਹੱਕ ਦਿੱਤਾ ਕਿ ਉਹ ਪੰਜਾਬ ਨੂੰ ਬਲੀ ਦਾ ਬੱਕਰਾ ਬਣਾ ਕੇ ਹਿੰਦੂ ਵੋਟ ਆਪਣੀ ਝੋਲ਼ੀ ਵਿਚ ਪਾ ਲਵੇ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ 84 ਦੇ ਸਿੱਖਾਂ ਵਿਰੋਧੀ ਦੰਗੇ ਕਰਵਾਏ ਗਏ ਤੇ ਹਜ਼ਾਰਾਂ ਹੀ ਬੇਕਸੂਰ ਸਿੱਖਾਂ ਨੂੰ ਦਿੱਲੀ-ਕਾਨ੍ਹਪੁਰ ਤੇ ਹੋਰ ਥਾਂਵਾਂ 'ਤੇ ਗ਼ਲ਼ਾਂ ਵਿਚ ਟਾਇਰ ਪਾ ਕੇ ਜਿਉਂਦੇ ਸਾੜੇ ਗਏ ਤੇ ਅਨੇਕਾਂ ਹੀ ਬੀਬੀਆਂ ਨਾਲ ਸਮੂਹਕ ਬਲਾਤਕਾਰ ਕੀਤੇ ਗਏ।

ਇਕ ਮੁਹਾਵਰਾ ਸਥਾਪਤ ਕਰ ਦਿੱਤਾ ਗਿਆ-'ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਭਾਰਤ ਇਕ ਰਾਸ਼ਟਰ ਹੈ। ਇਸ ਨਾਹਰੇ ਦੀ ਪਿੱਠ-ਭੂਮੀ ਵਿਚ ਕਾਰਜਸ਼ੀਲ ਅੰਧ-ਰਾਸ਼ਟਰਵਾਦ ਦੇ ਜਿੰਨ ਦਾ ਉਭਾਰ ਹੀ ਦੇਖਿਆ ਜਾ ਸਕਦਾ ਹੈ। ਭਾਵੇਂ ਕਿ ਕਸ਼ਮੀਰ ਦੀ ਰਿਆਸਤ ਦਾ ਰਲੇਵਾਂ 47 ਤੋਂ ਲੈ ਕੇ ਜਾਣ-ਬੁੱਝ ਅਣਸੁਲਝਿਆ ਰੱਖਿਆ ਗਿਆ। ਹੌਲ਼ੀ ਹੌਲ਼ੀ ਸਦਰ-ਏ-ਰਿਆਸਤ ਦਾ ਰੁਤਬਾ ਖ਼ਤਮ ਕਰਕੇ ਸਦਰ-ਏ-ਰਿਆਸਤ ਸ਼ੇਖ ਅਬਦੁੱਲਾ ਨੂੰ ਜੇਲ੍ਹ ਬੰਦ ਕਰ ਦਿੱਤਾ ਗਿਆ। ਕਸ਼ਮੀਰ ਜੋ ਕਦੇ ਵੀ ਭਾਰਤ ਦਾ ਹਿੱਸਾ ਨਹੀਂ ਸੀ ਤੇ ਨਾ ਹੈ, ਬਾਰੇ ਕਿਹਾ ਜਾ ਸਕਦਾ ਹੈ ਕਿ ਕਸ਼ਮੀਰ ਨਾ ਕਦੇ ਭਾਰਤ ਦਾ ਹਿੱਸਾ ਸੀ ਤੇ ਨਾ ਹੈ। ਤਾਂ ਵੀ ਇਸ ਵਿਚ ਇਕ ਹਾਂਦਰੂ ਪਹਿਲੂ ਮੌਜੂਦ ਸੀ-'ਅਨੇਕਤਾ ਵਿਚ ਏਕਤਾ'-ਦਾ। ਇਹ ਮੰਨ ਲਿਆ ਗਿਆ ਕਿ ਭਾਰਤ ਬਹੁਤ ਸਾਰੀਆਂ ਜੀਵਨ ਸ਼ੈਲੀਆਂ ਕਾਲਾ ਮੁਲਕ ਹੈ, ਜਿਸ ਵਿਚ ਵੰਨ-ਸੁਵੰਨੇ ਸਭਿਆਚਾਰ, ਭਾਸ਼ਾਈ ਵਖਰੇਵੇਂ, ਖਾਣ-ਪਹਿਨਣ ਦੇ ਵਖਰੇਵੇਂ, ਧਰਮ, ਵਿਸ਼ਵਾਸ, ਰਸਮ-ਰਿਵਾਜ, ਤਿੱਥਾਂ-ਤਿਉਹਾਰਾਂ ਵਿਆਹਾਂ-ਸ਼ਾਦੀਆਂ ਅਤੇ ਮਰਨੇ ਪਰਨਿਆਂ ਆਦਿ ਦੇ ਵਖਰੇਵੇਂ ਮੌਜੂਦ ਹਨ, ਪਰ ਇਸ ਦੇ ਬਾਵਜੂਦ ਹਿੰਦੁਸਤਾਨ ਇਕ ਰਾਸ਼ਟਰ ਹੈ। ਇਸ ਇੱਕ ਰਾਸ਼ਟਰ ਦੇ ਸੰਕਲਪ ਪਿੱਛੇ ਵੀ 'ਤਕੜੇ ਦੀ ਜੋਰੂ ਕਾਲਾ' ਮੁਹਾਵਰਾ ਹੀ ਲਾਗੂ ਹੁੰਦਾ ਜਾਪਦਾ ਹੈ। ਰਾਸ਼ਟਰ ਪਰ ਕੀਹਦੇ ਲਈ? ਗੁਜਰਾਤ ਵਿਚ ਮੁਸਲਿਮ ਭਾਈਚਾਰੇ ਵਿਰੁੱਧ ਖੇਡੀ ਗਈ ਖ਼ੂਨ ਦੀ ਹੋਲ਼ੀ ਦੇ ਆਧਾਰ 'ਤੇ ਗੁਜਰਾਤ ਮਾਡਲ ਸਥਾਪਤ ਕਰਨ ਨਾਲ ਨਵੇਂ ਕੱਟੜ ਹਿੰਦੂਤਵੀ ਰਾਸ਼ਟਰ ਦੀਆਂ ਨੀਂਹਾਂ ਪੱਕੀਆਂ ਕਰਨ ਦੇ ਯਤਨ ਹੋਣ ਲੱਗੇ ਹਨ। ਗਊ ਹੱਤਿਆ ਤੇ ਲਵ ਜਹਾਦ ਦੇ ਨਾਂ 'ਤੇ ਜੋ ਘਟਨਾਵਾਂ ਪਿਛਲੇ ਸਾਲਾਂ ਵਿਚ ਵਾਪਰਦੀਆਂ ਰਹੀਆਂ ਹਨ, ਕਿਸੇ ਤੋਂ ਭੁੱਲੀਆਂ ਹੋਈਆਂ ਨਹੀਂ। ਦਲਿਤ ਭਾਈਚਾਰੇ ਨਾਲ ਵੀ ਕੀ ਕੁੱਝ ਵਾਪਰਦਾ ਰਿਹਾ ਹੈ, ਅਸੀਂ ਅੱਖੀਂ ਵੇਖ ਲਿਆ ਹੈ। ਅਜੇ ਹੋਰ ਪਤਾ ਨਹੀਂ ਕੀ ਕੀ ਵੇਖਣਾ ਬਾਕੀ ਹੈ?

2014 ਦੀਆਂ ਲੋਕ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਹਮਾਇਤ ਨਾਲ ਭਾਰਤੀ ਜਨਤਾ ਪਾਰਟੀ ਚੰਗੇ ਦਿਨਾਂ ਦਾ ਲਾਰਾ ਲਾ ਕੇ 283 ਸੀਟਾਂ ਜਿੱਤੇ ਰਾਜ ਸਿੰਘਾਸਣ 'ਤੇ ਬਿਰਾਜਮਾਨ ਹੋਈ। ਹਿੰਦੂ ਕੱਟੜ ਪ੍ਰਸਤਾਂ ਦੁਆਰਾ 'ਰਾਮ' ਨੂੰ ਤੂਲ ਦੇ ਤੌਰ 'ਤੇ ਪਹਿਲਾਂ ਹੀ ਵਰਤਿਆ ਜਾ ਰਿਹਾ ਸੀ, ਜਿਸ ਵਿਚ ਭਾਜਪਾ ਦੇ ਤਾਕਤ ਵਿਚ ਆਉਣ ਨਾਲ 'ਰਾਮ' ਨੂੰ ਸ਼ਾਖਸ਼ਾਤ ਰੂਪ ਵਿਚ ਪਰਗਟ ਕਰ ਕੇ ਮੁਲਕ ਵਿਚ ਤਾਂਡਵ ਨਾਚ ਆਰੰਭ ਕੀਤਾ ਗਿਐ। 'ਸਭ ਕਾ ਵਿਕਾਸ ਸਭ ਕੇ ਸਾਥ' ਦੀ ਭਾਵਨਾ ਨੂੰ ਲਾਗੂ ਕਰਨ ਲਈ ਮੁਸਲਿਮ ਭਾਈਚਾਰੇ ਨੂੰ ਬੇਗਾਨਗੀ ਦੇ ਆਲਮ ਵਿਚ ਧੱਕਾ ਦੇ ਕੇ ਨਾਗਰਿਕ ਸੌਧ ਕਾਨੂੰਨ ਪਾਸ ਕਰਕੇ ਅਤੇ 370 ਅਤੇ 35 ਏ ਧਾਰਵਾਂ ਖ਼ਤਮ ਕਰਕੇ 'ਨਵੇਂ ਹਿੰਦੂਤਵੀ ਰਾਸ਼ਟਰ' ਦੇ ਨਿਰਮਾਣ ਦੀ ਨੀਂਹ ਰੱਖਣ ਦੇ ਤਾਬੜ-ਤੋੜ ਯਤਨ ਕੀਤੇ ਜਾਣ ਲੱਗੇ। ਇਸ ਨਾਲ ਖ਼ਾਸ ਕਰਕੇ ਮੁਸਲਿਮ ਭਾਈਚਾਰੇ ਨੂੰ ਬੇਗਾਨਗੀ ਦੀ ਹਾਲਤ ਵਿਚ ਹੀ ਨਹੀਂ ਧਕਿਆ ਗਿਆ, ਮਾਨਵੀ ਕਦਰਾਂ ਕੀਮਤਾਂ ਹੀ ਲਹੂ ਵਿਚ ਡੋਬ ਦਿੱਤੀਆਂ ਗਈਆਂ। ਜੋ ਮੁਸਲਿਮ ਆਗੂ ਭਾਰਤ ਦੇ ਵਿਧਾਨ ਅਤੇ 'ਜਮਹੂਰੀਅਤ' ਵਿਚ ਵਿਸ਼ਵਾਸ ਰੱਖਦੇ ਸਨ, ਵੀ ਜੇਲ੍ਹਾਂ ਦੀ ਹਵਾ ਖਾਣ ਲਈ ਮਜਬੂਰ ਕਰ ਦਿੱਤੇ ਗਏ ਹਨ। ਜਿਨ੍ਹਾਂ ਪ੍ਰਾਂਤਾਂ ਵਿਚ ਭਾਜਪਾ ਸਰਕਾਰਾਂ ਹਨ, ਮੁਸਲਿਮ ਅਤੇ ਹੋਰ ਘੱਟ ਗਿਣਤੀ ਭਾਈਚਾਰਿਆਂ ਲਈ ਮੌਤਾਂ ਦੀ ਫ਼ਸਲ ਬੀਜੀ ਜਾ ਰਹੀ ਹੈ। ਕਾਂਗਰਸ ਸਰਕਾਰਾਂ ਦੇ ਜ਼ੁਲਮਾਂ ਨੂੰ ਵੀ ਮਾਤ ਦਿੱਤੀ ਜਾ ਰਹੀ ਹੈ।

ਵਿਗਿਆਨਕ ਇਤਿਹਾਸਿਕ ਵਿਕਾਸ ਪ੍ਰਕਿਰਿਆ ਦੇ ਨਜ਼ਰੀਏ 'ਤੋਂ ਦਾਅਵਾ ਕਰ ਸਕਦੇ ਹਾਂ ਕਿ ਇਤਿਹਾਸ ਦੇ ਪਹੀਏ ਨੂੰ ਪੁੱਠਾ ਨਹੀਂ ਘੁਮਾਇਆ ਜਾ ਸਕਦਾ। ਇਤਿਹਾਸ ਨੂੰ ਦੁਹਰਾਇਆ ਜਾ ਸਕਦਾ ਹੈ ਜੋ ਹਮੇਸ਼ਾ ਹੀ ਉਚਾਈ ਵੱਲ ਜਾਂਦਾ ਹੈ, ਨਾ ਕਿ ਪਿੱਛਲ-ਖੁਰੀ ਨਿਵਾਣ ਵੱਲ। ਉਦਾਹਰਨ ਵਜੋਂ ਮੁੱਢਲਾ ਸਮਾਜ ਸਾਂਝੀਵਾਲਤਾ ਦਾ ਯੁੱਗ ਸੀ। ਕਬੀਲੇ ਦੇ ਸਾਰੇ ਲੋਕ ਸਾਂਝੀ ਕਿਰਤ ਕਰਦੇ ਅਤੇ ਮਾਰ ਕੇ ਲਿਆਂਦਾ ਸ਼ਿਕਾਰ ਜਾਂ ਇਕੱਤਰ ਕੀਤੀਆਂ ਜੜੀ-ਬੂਟੀਆਂ ਕਬੀਲੇ ਦਾ ਸਾਂਝਾ ਹੁੰਦਾ ਸੀ ਜੋ ਸਾਰੇ ਲੋਕ ਰਲ਼ ਕੇ ਖਾਂਦੇ ਸਨ। ਕਹਿਣ ਦਾ ਮਤਲਬ ਹੈ ਕਿ ਭਵਿੱਖ ਇਸ ਕਿਸਮ ਦੇ ਸਮਾਜ ਲਈ ਤਾਂ ਬੂਹੇ ਖੋਲ੍ਹਦਾ ਹੈ, ਜਿਸ ਵਿਚ ਜਾਤ ਜਨਮ ਜਾਂ ਕਿਸੇ ਵਿਤਕਰੇ ਨੂੰ ਥਾਂ ਨਹੀਂ ਹੋਵੇਗੀ, ਸਭ ਲੋਕ ਬਰਾਬਰੀ ਦਾ ਜੀਵਨ ਬਸਰ ਕਰ ਰਹੇ ਹੋਣਗੇ, ਜਿੱਥੇ ਹਰ ਇਕ ਆਪਣੀ ਕਿਰਤ ਦਾ ਫ਼ਲ਼ ਮਾਣਨ ਲਈ ਆਜ਼ਾਦ ਹੋਵੇਗਾ ਪਰ ਗ਼ਲ਼-ਸੜ ਚੁੱਕੇ ਗੈਰ ਵਿਗਿਆਨਕ ਵਰਤਾਰਿਆਂ ਨੂੰ ਪੁਨਰ ਸਰਜੀਤ ਨਹੀਂ ਕੀਤਾ ਜਾ ਸਕਦਾ। ਜੇ ਕੋਈ ਅਜਿਹਾ ਯਤਨ ਕਰਦਾ ਹੈ ਤਾਂ ਉਹ ਸਮਾਜ ਦੇ ਸਰਵ ਵਿਨਾਸ਼ ਦੇ ਨਰਕ ਦਾ ਬੂਹਾ ਖੋਲ੍ਹਦਾ ਹੈ ਅਤੇ ਆਪਣੀ ਵੀ ਕਬਰ ਤਿਆਰ ਕਰਦਾ ਹੈ।

ਜਿਵੇਂ ਕਿ ਅਸੀਂ ਪਹਿਲਾਂ ਵੀ ਜ਼ਿਕਰ ਕੀਤੈ ਕਿ ਭਾਜਪਾ ਅਤੇ ਉਸ ਦੀਆਂ ਸਹਿਯੋਗੀ ਜਥੇਬੰਦੀਆਂ ਜਿਨ੍ਹਾਂ ਨੇ ਜਨਮ ਹੀ ਅੰਗਰੇਜ਼ੀ ਸਾਮਰਾਜ ਦੀ ਛਤਰ-ਛਾਇਆ ਦੇ ਵਰਤਾਰੇ ਵਿਚੋਂ ਧਾਰਨ ਕੀਤਾ ਸੀ, ਹੁਣ ਇਤਿਹਾਸ ਨੂੰ ਪੁੱਠਾ ਗੇੜਨ ਲੱਗੀਆਂ ਹੋਈਆਂ ਹਨ। ਹਜ਼ਾਰਾਂ ਸਾਲ ਪੁਰਾਣੀਆਂ ਗੈਰ ਵਿਗਿਆਨਕ ਮਿੱਥਾਂ ਨੂੰ ਇਤਿਹਾਸ ਵਜੋਂ ਸਥਾਪਤ ਕਰਨ 'ਤੇ ਲੱਗੀਆਂ ਹੋਈਆਂ ਹਨ ਤੇ ਇਸ ਨੂੰ ਨਵੇਂ ਰਾਸ਼ਟਰ ਦੇ ਨਿਰਮਾਣ ਦਾ ਨਾਂ ਦਿੱਤਾ ਜਾ ਰਿਹਾ ਹੈ। ਆਪਣੇ ਸਮੇਂ ਦੇ ਕਲਾਸੀਕਲ ਸਾਹਿਤ-ਰਮਾਇਣ, ਮਹਾਭਾਰਤ ਨੂੰ ਭਾਰਤ ਦਾ ਇਤਿਹਾਸ ਸਥਾਪਤ ਕਰਨ ਲੱਗੀਆਂ ਹੋਈਆਂ ਹਨ। ਇਹ ਕਰੂਰ ਰੂਪ ਵਿਚ ਫ਼ਾਸ਼ੀਵਾਦ ਵੱਲ ਵਧਦੇ ਕਦਮਾਂ ਦੀ ਆਹਟ ਸਮਝੀ ਜਾਣੀ ਚਾਹੀਦੀ ਹੈ।


ਇਸ ਤੋਂ ਵੀ ਅੱਗੇ ਵਧਦੇ ਹੋਏ ਭਾਜਪਾ ਆਰ. ਐੱਸ. ਐੱਸ. ਜੋੜੀ, ਰਾਸ਼ਟਰਵਾਦ ਦੇ ਨਾਂ ਦਾ ਪਾਖੰਡ ਧਾਰਨ ਕਰਕੇ ਭਾਰਤ ਨੂੰ ਇੱਕੋ ਭਗਵੇਂ ਰੰਗ ਵਿਚ ਰੰਗਣ ਲਈ ਬਜ਼ਿੱਦ ਦਿਖਾਈ ਦੇ ਰਹੀ ਹੈ। ਪੁੱਛਿਆ ਜਾਣਾ ਚਾਹੀਦਾ ਹੈ ਕਿ ਇਸ ਰਾਸ਼ਟਰ ਦੇ ਉਨ੍ਹਾਂ ਲੋਕਾਂ ਲਈ ਕੀ ਅਰਥ ਹਨ, ਜਿਨ੍ਹਾਂ ਨੂੰ ਇਸ ਰਾਜ ਨੇ ਕੋਈ ਸੁਖ ਸਾਧਨ ਦਿੱਤਾ ਹੀ ਨਹੀਂ। ਹਾਸਲ ਸੁਖ ਸਾਧਨਾਂ ਨੂੰ ਵੀ ਇਕ ਪਾਸੜ ਧੌਂਸ ਦੇ ਜ਼ੋਰ ਲੁੱਟਿਆ ਜਾ ਰਿਹਾ ਹੇ। ਕਰੋੜਾਂ ਲੋਕਾਂ ਕੋਲ਼ ਰਹਿਣ ਲਈ ਮਕਾਨ ਨਹੀਂ, ਰੋਟੀ ਰੋਜ਼ੀ ਦਾ ਕੋਈ ਸਾਧਨ ਨਹੀਂ। ਲੋਕ ਦੋਖੀ ਨੀਤੀਆਂ ਦੁਆਰਾ ਕਿਸਾਨਾਂ ਮਜ਼ਦੂਰਾਂ ਵਿਹੜਿਆਂ ਵਿਚ ਖ਼ੁਦਕੁਸ਼ੀਆਂ ਦੀਆਂ ਫ਼ਸਲਾਂ ਬੀਜੀਆਂ ਜਾ ਰਹੀਆਂ ਹਨ। ਰਾਸ਼ਟਰਵਾਦ ਦੇ ਅਰਥਾਂ ਨੂੰ ਪੁੱਠੇ ਟੰਗ ਕੇ ਅਮਰੀਕਨ ਸਾਮਰਾਜ ਦੀ ਤਰਜ਼ 'ਤੇ-'ਜੋ ਸਾਡੇ (ਅਮਰੀਕਾ) ਨਾਲ ਨਹੀਂ ਉਹ ਮੁਸਲਮਾਨ ਅਤਿਵਾਦੀਆ ਨਾਲ ਹੈ'-ਨੂੰ ਲਾਗੂ ਕਰਨ ਲਈ ਉਹੀ ਬੋਲੀ ਬੋਲੀ ਜਾ ਰਹੀ ਹੈ -'ਜੋ ਭਾਜਪਾ ਨਾਲ ਨਹੀਂ ਉਹ ਅਤਿਵਾਦੀ, ਮਾਉਵਾਦੀ, ਨਕਸਲੀ ਆਦਿ ਹੈ।'

ਦੇਸ਼ ਪਿਆਰ ਦਾ ਅਰਥ ਹੀ ਇਹ ਬਣਾ ਦਿੱਤਾ ਹੈ ਕਿ ਜੋ ਭਾਜਪਾ ਅਤੇ ਆਰ. ਐੱਸ. ਐੱਸ ਪੱਖੀ ਹੈ, ਦੇਸ਼ ਭਗਤ ਹੈ। ਜੋ ਵਿਰੋਧ ਕਰਦਾ ਹੈ, ਉਹ ਗੱਦਾਰ ਹੈ ਤੇ ਉਸ ਨੂੰ ਪਾਕਿਸਤਾਨ ਚਲੇ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਇਹ ਅੰਧ ਰਾਸ਼ਟਰਵਾਦ ਦਾ ਫ਼ਾਸ਼ੀਵਾਦੀ ਬੱਚਾ ਬੜੀ ਤੇਜ਼ੀ ਨਾਲ ਕਦਮ ਦਰ ਕਦਮ ਅੱਗੇ ਵਧ ਰਿਹਾ ਹੈ। ਕੌਮੀ ਨਾਗਰਿਕਤਾ ਸੋਧ ਕਾਨੂੰਨ, ਕੌਮੀ ਨਾਗਰਿਕਤਾ ਰਜਿਸਟਰ, ਕੌਮੀ ਜਨ ਗਣਨਾ ਰਜਿਸਟਰ ਦਾ ਦਿਉ ਖੜ੍ਹਾ ਕਰਕੇ, ਭਾਰਤ ਵਿਚ ਸਦੀਆਂ ਤੋਂ ਕਰੋੜਾਂ ਦੀ ਗਿਣਤੀ ਵਿਚ ਵਸਦੇ ਆ ਰਹੇ ਸ਼ਰਨਾਥੀਆਂ ਨੂੰ ਘੁਸਪੈਠੀਏ ਅਤੇ ਆਤੰਕੀ ਕਹਿ ਕੇ ਮਿਹਨਤ-ਮਜ਼ਦੂਰੀ ਕਰ ਕੇ ਚੁੱਲ੍ਹਾ ਤਪਦਾ ਰੱਖਣ ਵਾਲ਼ੀ ਗਰੀਬ ਜਨਤਾ ਨੂੰ ਉਜਾੜਨ, ਖ਼ਤਮ ਕਰਨ ਦੇ ਕਾਲ਼ੇ ਮਨਸੂਬਿਆਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਧਰਮ ਦੇ ਨਾਂ 'ਤੇ ਭਰਾਵੀਂ ਖੂਨ ਵਹਾਉਣ ਲਈ ਤਹੂ ਨੇ ਇਹ ਅੰਧ-ਰਾਸ਼ਟਰਵਾਦੀ ਕੱਟੜ ਫ਼ਿਰਕੂ ਜਥੇਬੰਦੀਆਂ। ਇਸ ਨੀਂਹ ਉੱਪਰ

*(ਬਾਕੀ ਅਗਲੇ ਸਫੇ 'ਤੇ)*

# ਕਰੀ ਅਤੇ ਕੜ੍ਹੀ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਅਸੀਂ ਪੰਜਾਬੀ ਦੇਸ਼ ਵਿਚ ਤਰੀ ਵਾਲਾ ਜਾਂ ਰਸਮਿਸਾ ਮੁਰਗਾ ਬਣਾ ਕੇ ਸੁਆਦ ਨਾਲ ਖਾਂਦੇ ਰਹੇ ਹਾਂ ਪਰ ਅੱਜ-ਕੱਲ੍ਹ ਇਸ ਚੋਸੇ ਨੂੰ ਇੱਕ ਅਰਧ-ਅੰਗ੍ਰੇਜ਼ੀ ਜਿਹੇ ਹੋਰ ਹੀ ਨਾਂ ਨਾਲ ਬੁਲਾਇਆ ਜਾਣ ਲੱਗ ਪਿਆ ਹੈ। ਮੇਰੀ ਮੁਰਾਦ ਚਿਕਨ ਕਰੀ ਤੋਂ ਹੈ। ਸੁੱਕੇ ਚਿਕਨ ਦੇ ਟਾਕਰੇ 'ਤੇ ਅਸੀਂ ਤਰੀ ਵਾਲੀਆਂ ਹੋਰ ਵੀ ਦਾਲਾਂ ਭਾਜੀਆਂ ਖਾਂਦੇ ਰਹੇ ਹਾਂ ਜਿਵੇਂ ਛੋਲੇ, ਆਲੂ ਮਟਰ, ਆਲੂ ਵੜੀਆਂ, ਮੂੰਗੀ ਮਸਰ ਆਦਿ ਪਰ ਕਰੀ ਜਿਹਾ ਪਿਛੇਤਰ ਚਿਕਨ 'ਤੇ ਹੀ ਲੱਗਣ ਲੱਗਾ ਸੀ। ਅੱਜ ਏਧਰ ਭਾਂਤ-ਭਾਂਤ ਦੇ ਰੇਸਤੋਰਾਂ ਦੇ ਮੈਨੂਆਂ 'ਤੇ ਝਾਤ ਮਾਰਦਿਆਂ ਕਪਾਟ ਖੁੱਲ੍ਹਦੇ ਹਨ ਕਿ ਕਰੀਆਂ ਤਾਂ ਨਾ ਸਿਰਫ ਹੋਰ ਹੋਰ ਬਲਕਿ ਹੋਰ ਦੀਆਂ ਹੋਰ ਵੀ ਹੋਈ ਜਾਂਦੀਆਂ ਹਨ। ਬਹੁਤਾ ਬਾਹਰੋਂ ਖਾਣ ਵਾਲੇ ਸੱਜਣ ਜਾਣਦੇ ਹੋਣਗੇ ਕਿ ਹੁਣ ਬੇਸ਼ੁਮਾਰ ਕਿਸਮ ਦੇ ਭਾਰਤੀ ਪਕਵਾਨਾਂ ਨੂੰ ਕਰੀ ਕਿਹਾ ਜਾਣ ਲੱਗ ਪਿਆ ਹੈ। ਤੁਅੱਜਬ ਹੈ ਕਿ ਕਈ ਸਾਰੀਆਂ ਕਰੀਆਂ ਦੇ ਨਾਂ ਅੰਗ੍ਰੇਜ਼ੀ ਹਨ ਜਿਵੇਂ ਇੰਡੀਅਨ ਬੀਫ਼ ਕਰੀ, ਵੈਜੀਟੇਬਲ ਕਰੀ, ਅਨੀਅਨ ਕਰੀ, ਕੈਬਿਜ ਕਰੀ, ਬੀਨ ਕਰੀ, ਲੈਮ ਕਰੀ, ਫਿਸ਼ ਕਰੀ। ਹੁਣ ਤਾਂ ਸਾਗ ਕਰੀ ਦੀ ਹੀ ਉਡੀਕ ਹੈ। ਫਿਰ ਇਨ੍ਹਾਂ ਨਾਵਾਂ ਨਾਲ ਜਹਾਨ ਭਰ ਦੇ ਦੇਸ਼ਾਂ-ਪ੍ਰਦੇਸਾਂ, ਸ਼ਹਿਰਾਂ ਦੇ ਨਾਵਾਂ ਵਾਲੇ ਪਿਛੇਤਰ ਲਾ ਕੇ ਕਰੀ ਦੀਆਂ ਏਨੀਆਂ ਕਿਸਮਾਂ ਬਣ ਗਈਆਂ ਕਿ ਜੇ ਗਿਣਨ ਲੱਗਾਂ ਤਾਂ ਪੂਰਾ ਕਾਲਮ ਭਰ ਕੇ ਵੀ ਕਰੀਆਂ ਡੁੱਲ੍ਹਣ ਲੱਗ ਪੈਣਗੀਆਂ। ਕਰੀ ਦਾ ਏਨਾ ਘੜਮੱਸ ਹੈ ਕਿ ਇਸ ਨੂੰ ਕਿਸੇ ਪਰਿਭਾਸ਼ਾ ਵਿਚ ਬੰਨ੍ਹਣਾ ਮੁਸ਼ਕਿਲ ਹੋ ਰਿਹਾ ਹੈ। ਮੈਂ ਤਾਂ ਚਾਹੁੰਦਾ ਹਾਂ ਕਿ ਇਸ ਦਾ ਨਾਂ ਹੀ ਘੜਮੱਸ ਰੱਖ ਦੇਈਏ। ਨਾਲੇ ਪਾਕਿਸਤਾਨ ਦੇ ਮਜ਼ਾਹੀਆ ਪੰਜਾਬੀ-ਉਰਦੂ ਸ਼ਾਇਰ ਖ਼ਾਲਿਦ ਮਸੂਦ ਦਾ ਕਹਿਣਾ ਹੈ ਕਿ ਘੜਮੱਸ ਅਤੇ ਚਵਲ ਪੰਜਾਬੀ ਦੇ ਅਜਿਹੇ ਸ਼ਬਦ ਹਨ ਜਿਨ੍ਹਾਂ ਦੇ ਅਰਥ ਲਫ਼ਜ਼ਾਂ ਵਿਚ ਬਿਆਨ ਨਹੀਂ ਹੋ ਸਕਦੇ। ਬੋਲ ਕੇ ਸੁਣੋ ਜ਼ਰਾ ਇਹ ਰਸਭਿੰਨੇ ਨਾਂ, 'ਚਿਕਨ ਘੜਮੱਸ', 'ਵੈਜੀਟੇਬਲ ਘੜਮੱਸ', 'ਬੰਗਲੂਰੂ ਫ਼ਿਸ਼ ਘੜਮੱਸ'।

ਕਈ ਦਹਾਕੇ ਪਹਿਲਾਂ ਤੋਂ ਹੀ ਦੁਨੀਆ ਭਰ ਵਿਚ, ਖਾਸ ਤੌਰ 'ਤੇ ਬਰਤਾਨੀਆ ਵਿਚ ਹਰ ਭਾਰਤੀ ਖਾਣੇ ਨੂੰ ਕਰੀ ਕਿਹਾ ਜਾਣ ਲੱਗਾ। ਸੁਣਿਆ ਹੈ ਕਿ ਬਰਤਾਨੀਆ ਵਿਚ 'ਪਾਕੀ' ਦੀ ਤਰ੍ਹਾਂ ਕਰੀ ਵੀ ਇਕ ਨਸਲਵਾਦੀ ਛੇੜ ਬਣ ਗਿਆ ਹੈ; ਕਈ ਗੋਰੇ ਦੱਖਣ ਏਸ਼ਿਆਈਆਂ ਨੂੰ ਤਿਰਸਕਾਰ ਨਾਲ 'ਕਰੀ ਮੰਚਰ'(ਕਰੀ ਚੱਬਣੇ) ਕਹਿਣ ਲੱਗ ਪਏ ਹਨ, ਐਨ ਇਸੇ ਤਰ੍ਹਾਂ ਜਿਵੇਂ ਅਸੀਂ ਬਿਹਾਰੀਆਂ ਨੂੰ ਛੁਟਿਆਉਣ ਲਈ 'ਭਾਤ ਖਾਣੇ' ਜਾਂ 'ਚੌਲ ਖਾਣੇ' ਕਹਿ ਦਿੰਦੇ ਹਾਂ। ਪਰ ਦੂਜੇ ਪਾਸੇ ਕਰੀ ਦਾ ਏਨਾ ਟੌਅਰ ਹੈ ਕਿ ਕਈ ਦੇਸ਼ ਇਸ ਨੂੰ ਆਪਣੇ ਦੇਸ਼ ਦਾ ਜੱਦੀ ਖਾਣਾ ਜਿਤਲਾ ਰਹੇ ਹਨ, ਇਹ ਸਾਬਤ ਕਰਨ ਲਈ ਕਾਨੂੰਨ ਦਾ ਸਹਾਰਾ ਵੀ ਲੈ ਰਹੇ ਹਨ। ਥਾਈਲੈਂਡ, ਮਲੇਸ਼ੀਆ, ਜਾਪਾਨ, ਕੋਰੀਆ, ਪੁਰਤਗਾਲ ਵਿਚ ਆਪਣੀਆਂ ਆਪਣੀਆਂ ਕਰੀਆਂ ਬਣਨ ਲੱਗ ਪਈਆਂ ਹਨ। ਕਿਉਂ ਨਾ 'ਕੜ੍ਹੀ ਘੋਲੀਏ' ਮੁਹਾਵਰੇ ਦੇ ਬੋਲ ਬਦਲ ਕੇ 'ਕਰੀ ਘੋਲੀਏ' ਕਰ ਦੇਈਏ।

ਵੱਡੀ ਹੈਰਾਨੀ ਦੀ ਗੱਲ ਹੈ ਕਿ ਅਸੀਂ ਭਾਰਤ ਵਿਚ ਕਦੇ ਕਿਸੇ ਖਾਣੇ ਨੂੰ ਕਰੀ ਨਹੀਂ ਕਿਹਾ, ਉਤਰੀ ਭਾਰਤ ਵਿਚ ਤਾਂ ਬਿਲਕੁਲ ਨਹੀਂ। ਫਿਰ ਵੀ ਏਧਰ ਭਾਰਤੀ ਰੈਸਤੋਰਾਂ ਦੇ ਅੱਧੇ ਖਾਣੇ ਕਰੀ ਵਾਲੇ ਹੁੰਦੇ ਹਨ। ਭਾਰਤੀ ਭੋਜਨ ਮਾਹਿਰਾਂ ਅਨੁਸਾਰ ਸਾਡੇ ਖਾਣਿਆਂ 'ਤੇ ਇਹ ਨਾਂ ਮੜ੍ਹਿਆ ਜਾ ਰਿਹਾ ਹੈ। ਸਿਵਾਇ ਬੰਗਾਲੀ, ਮੈਨੂੰ ਕਿਸੇ ਵੀ ਉਤਰ ਭਾਰਤੀ ਭਾਸ਼ਾਵਾਂ ਦੀ ਡਿਕਸ਼ਨਰੀ ਵਿਚ ਕਰੀ ਸ਼ਬਦ ਨਹੀਂ ਮਿਲਿਆ। ਹਾਂ, ਅੰਗ੍ਰੇਜ਼ੀ ਦੇ ਕੋਸ਼ਾਂ ਵਿਚ ਇਹ ਸ਼ਬਦ ਇੰਦਰਾਜ ਵਲੋਂ ਵੀ ਮਿਲਦਾ ਹੈ ਅਤੇ ਕੁਝ ਖਾਣਿਆਂ ਦੀ ਪਰਿਭਾਸ਼ਾ ਵਿਚ ਵੀ। ਇੰਦਰਾਜ ਵਜੋਂ ਕੁਝ ਇਸ ਤਰ੍ਹਾਂ ਦੀ ਵਿਆਖਿਆ ਮਿਲੇਗੀ, 'ਅਜਿਹਾ ਭਾਰਤੀ ਖਾਣਾ, ਡਿਸ਼ ਜਾਂ ਸੌਸ ਜਿਸ ਵਿਚ ਤੇਜ਼ ਮਸਾਲੇ ਮਿਲਾਏ ਹੋਣ ਜਾਂ ਜਿਸ ਨੂੰ ਕਰੀ ਪਾਊਡਰ ਵਿਚ ਪਕਾਇਆ ਹੋਵੇ'। ਦੱਸ ਦੇਈਏ ਕਿ ਬਣੇ ਬਣਾਏ ਕਰੀ ਮਸਾਲਾ/ਪਾਊਡਰ ਤਾਂ ਮੁੱਦਤਾਂ ਤੋਂ ਸਟੋਰਾਂ ਵਿਚ ਹਾਕਾਂ ਮਾਰਨ ਲੱਗ ਪਏ ਹਨ। ਇੱਕ ਹਿੰਦੀ-ਅੰਗ੍ਰੇਜ਼ੀ ਕੋਸ਼ ਨੇ ਕੜ੍ਹੀ ਦੀ ਪਰਿਭਾਸ਼ਾ ਕਰਦਿਆਂ ਇਸ ਨੂੰ ਵੇਸਣ ਤੇ ਲੱਸੀ ਦੀ ਕਰੀ ਲਿਖਿਆ। ਇਸੇ ਤਰ੍ਹਾਂ ਤਰੀ, ਤਰਕਾਰੀ, ਕੋਰਮਾ, ਸਾਲਨ, ਨਿਹਾਰੀ ਨੂੰ ਵੀ ਕਰੀ ਦੱਸਿਆ। ਕੁਝ ਸਿਆਣੇ ਗੁੱਸੇ ਵਿਚ ਕਹਿਣ ਲੱਗ ਪਏ ਹਨ ਕਿ ਕਰੀ ਸ਼ਬਦ ਨੂੰ ਭੋਜਨ ਸ਼ਾਲਾਵਾਂ ਵਿਚੋਂ ਕੱਢ ਹੀ ਦੇਣਾ ਚਾਹੀਦਾ ਹੈ। ਏਥੇ ਇਹ ਦੱਸਣਾ ਬਣਦਾ ਹੈ ਕਿ ਪਕਵਾਨਾਂ ਦੇ ਪ੍ਰਸੰਗ ਵਿਚ ਕੋਈ ਆਮ ਨਾਂ ਕਦੇ ਵੀ ਸਾਰੇ ਖਾਣਿਆਂ 'ਤੇ ਢੁਕ ਨਹੀਂ ਸਕਦਾ ਹੈ। ਫਾਰਸੀ ਸਬਜ਼ੀ ਸ਼ਬਦ ਦਾ ਅਰਥ ਹਰੀ ਚੀਜ਼ ਹੈ ਤੇ ਇਸ ਲਿਹਾਜ਼ ਨਾਲ ਹਰੀਆਂ ਭਾਜੀਆਂ ਹੀ ਸਬਜ਼ੀ ਹੋ ਸਕਦੀਆਂ ਹਨ ਪਰ ਅਸੀਂ ਮਾੜੀ ਮੋਟੀ ਵੀ ਹਰਿਆਈ ਨਾ ਹੋਣ ਵਾਲੀਆਂ ਭਾਜੀਆਂ ਜਿਵੇਂ ਟਮਾਟਰ, ਸ਼ਲਗਮ, ਗੋਭੀ, ਗਾਜਰ, ਕੱਦੂ ਆਦਿ ਨੂੰ ਸਬਜ਼ੀ ਆਖ ਦਿੰਦੇ ਹਾਂ। ਵਾਕਈ ਹਰੀ ਭਰੀ ਭਾਜੀ ਨੂੰ ਹਰੀ ਸਬਜ਼ੀ ਕਿਹਾ ਜਾਂਦਾ ਹੈ। ਦਾਲ ਦੀ ਗੱਲ ਕਰ ਲਵੋ। ਕਈ ਲੋਕ ਰਿੱਧੀ-ਪੱਕੀ ਗੋਭੀ ਨੂੰ ਵੀ ਗੋਭੀ ਦੀ ਦਾਲ ਤੇ ਰਿੰਨ੍ਹੇ ਗੋਸ਼ਤ ਨੂੰ ਵੀ ਮੀਟ ਦੀ ਦਾਲ ਕਹਿ ਦਿੰਦੇ ਹਨ। ਅਸਲ ਵਿਚ ਭਾਰਤੀ ਲੋਕ ਬਹੁਤਾ ਦਾਲਾਂ ਹੀ ਖਾਂਦੇ ਸਨ। ਜਦ ਸਬਜ਼ੀ ਜਾਂ ਮੀਟ ਬਣਾਉਣ ਲੱਗੇ ਤਾਂ ਪਹਿਲਾਂ ਪਹਿਲ ਇਸ ਨੂੰ ਵੀ ਦਾਲ ਹੀ ਕਹਿਣ ਲੱਗ ਪਏ; ਘਰ ਦੀ ਮੁਰਗੀ ਦਾਲ ਬਰਾਬਰ ਐਵੇਂ ਨਹੀਂ ਮੁਹਾਵਰਾ ਬਣਿਆ। ਖੈਰ ਹੋਵੇ, ਸਾਗ ਸਾਗ ਹੀ ਹੈ, ਨਾ ਕੋਈ ਇਸ ਨੂੰ ਦਾਲ ਕਹਿੰਦਾ ਹੈ, ਨਾ ਸਬਜ਼ੀ।



ਘੋਖਿਆਂ ਪਤਾ ਲਗਦਾ ਹੈ ਕਿ ਇਨ੍ਹਾਂ ਅਖੌਤੀ ਕਰੀਆਂ ਵਿਚ ਇਸ ਗੱਲ ਦੀ ਸਾਂਝ ਹੈ ਕਿ ਇਹ ਰਸੇਦਾਰ ਤੇ ਮਸਾਲੇਦਾਰ ਹੁੰਦੀਆਂ ਹਨ। ਪੰਜਾਬੀ ਵਿਚ ਇਨ੍ਹਾਂ ਨੂੰ ਤਰੀ ਵਾਲੀ ਸਬਜ਼ੀ, ਦਾਲ ਜਾਂ ਮੀਟ ਕਿਹਾ ਜਾਂਦਾ ਹੈ, ਕਦੇ ਕਦੇ ਤਰਕਾਰੀ ਸ਼ਬਦ ਵੀ ਚਲਦਾ ਹੈ ਪਰ ਕਰੀਆਂ ਅਸਲ ਵਿਚ ਰਸ ਮਿਸੀਆਂ ਹੁੰਦੀਆ ਹਨ। ਚਲੋ ਦੇਖਦੇ ਹਾਂ ਕਿ ਬਾਹਰਲੇ ਦੇਸ਼ਾਂ ਵਿਚ ਕਰੀ ਸ਼ਬਦ ਭਾਰਤੀ ਪਕਵਾਨਾਂ ਲਈ ਕਿਉਂ ਪ੍ਰਚੱਲਤ ਹੋਇਆ ਹੈ। ਕਈ ਲੋਕ ਇਹ ਵੀ ਸਮਝਦੇ ਹਨ ਕਿ ਕਰੀ ਅਸਲ ਵਿਚ 'ਕੜ੍ਹੀ' ਵਾਲਾ ਹੀ ਸ਼ਬਦ ਹੈ ਜੋ ਵੇਸਣ ਨੂੰ ਖੱਟੇ ਦਹੀਂ ਵਿਚ ਘੋਲ ਕੇ ਤੇ ਕਾੜ੍ਹ ਕੇ ਬਣਾਈ ਜਾਂਦੀ ਹੈ। ਕਿਉਂਕਿ ਅੰਗ੍ਰੇਜ਼ 'ੜ' ਧੁਨੀ ਬੋਲ ਨਹੀਂ ਸਕਦੇ ਇਸ ਲਈ 'ਰ' ਲੈ ਆਂਦਾ ਪਰ ਇਹ ਸੱਚ ਨਹੀਂ ਹੈ। 'ਹੌਬਸਨ ਜੌਬਸਨ' ਨਾਂ ਦੇ ਕੋਸ਼ ਨੇ ਕਰੀ ਨੂੰ ਭਾਰਤ ਵਿਚ ਫਿੱਕੇ ਜਿਹੇ ਚੌਲ ਜਾਂ ਰੋਟੀ ਆਦਿ ਦੇ ਨਾਲ ਲਾ ਕੇ ਸੁਆਦ ਨਾਲ ਖਾਣ ਵਾਲਾ ਚੋਸਾ ਦੱਸਿਆ ਹੈ। ਅਸੀਂ ਪੰਜਾਬੀ ਰੋਟੀ ਖਾਣ ਲੱਗੇ ਆਮ ਹੀ ਪੁੱਛ ਲੈਂਦੇ ਹਾਂ, ਨਾਲ ਨੂੰ ਕੀ ਹੈ? ਕਰੀ ਇਹੋ 'ਨਾਲ ਨੂੰ' ਹੈ। ਇਹ ਸ਼ਬਦ ਮੁਢਲੇ ਤੌਰ 'ਤੇ ਦੱਖਣ ਭਾਰਤੀਆਂ ਦੇ ਚੌਲ ਦੇ 'ਨਾਲ ਨੂੰ' ਇੱਕ ਤਰ੍ਹਾਂ ਦੇ ਰਸੇਦਾਰ ਖਾਣੇ ਲਈ ਵਰਤਿਆ ਗਿਆ ਹੈ। ਯੂਰਪੀਅਨਾਂ ਨੇ ਇਸ ਨੂੰ ਚੌਲਾਂ ਨਾਲ ਹਰ ਤਰ੍ਹਾਂ ਦੇ ਮਸਾਲੇਦਾਰ ਤਰੀਦਾਰ ਖਾਣੇ ਲਈ ਵਰਤਣਾ ਸ਼ੁਰੂ ਕਰ ਦਿੱਤਾ। ਦਰਾਵੜ ਭਾਸ਼ਾਵਾਂ ਵਿਚ ਕਰੀ ਸ਼ਬਦ ਮਿਲਦਾ ਹੈ। ਤਾਮਿਲ ਦੇ ਇੱਕ ਕੋਸ਼ ਵਿਚ ਇਸ ਦਾ ਅਰਥ ਕੁਝ ਇਸ ਤਰ੍ਹਾਂ ਦਿੱਤਾ ਹੋਇਆ ਹੈ,' 1 ਕੱਚਾ ਜਾਂ ਪਕਾਇਆ ਮੀਟ, 2 ਇਕ ਸਬਜ਼ੀ ਜਾਂ ਗੋਸ਼ਤ ਵਿਚ ਰਿੰਨ੍ਹਿਆ ਹੋਇਆ ਨਾਲ ਨੂੰ ਖਾਣ ਵਾਲਾ ਠੋਸ ਜਾਂ ਤਰਲ ਵਿਅੰਜਨ, 3 ਰਿੱਝੇ ਚਾਵਲ ਨਾਲ ਖਾਧੀ ਜਾਣ ਵਾਲੀ ਚਟਣੀ। ਹੋਰ ਦਰਾਵੜੀ ਭਾਸ਼ਾਵਾਂ ਜਿਵੇਂ ਤੈਲਗੂ, ਕੰਨੜ, ਮਲਿਆਲਮ ਵਿਚ ਵੀ ਲਗ ਭਗ ਅਜਿਹੇ ਹੀ ਅਰਥ ਹਨ। ਇਸ ਤੋਂ ਅੱਗੇ ਕਿਰਿਆ ਵਜੋਂ ਇਸ ਸ਼ਬਦ ਵਿਚ ਸਬਜ਼ੀਆਂ ਮੀਟ ਆਦਿ ਨੂੰ ਘਿਉ ਤੇ ਮਸਾਲਿਆਂ ਨਾਲ ਤੜਕਾ ਲਾਉਣ/ਭੁੰਨਣ ਦਾ ਭਾਵ ਹੈ। ਇਸ ਭਾਵ ਦਾ ਹੋਰ ਵਿਸਤਾਰ ਹੈ, ਕਿਸੇ ਸ਼ੈਅ ਦਾ ਧੁਪ ਜਾਂ ਅੱਗ ਦੇ ਸੇਕ ਨਾਲ ਭੁੱਜ ਜਾਣਾ ਤੇ ਭੁੱਜ ਕੇ ਕਾਲਾ ਹੋਣਾ। ਇਸ ਕਾਲੇਪਣ ਤੋਂ ਹੀ ਇਹ ਸ਼ਬਦ ਕਾਲੀ ਮਿਰਚ ਦਾ ਬੋਧਕ ਬਣ ਜਾਂਦਾ ਹੈ। ਸੋ ਮੁਢਲੇ ਤੌਰ 'ਤੇ ਭੁੰਨੇ ਜਾਣ, ਕਾਲੀ ਮਿਰਚ ਪੈਣ ਤੇ ਬਾਅਦ ਵਿਚ ਹਜ਼ਾਰਾਂ ਮਸਾਲੇ ਪੈ ਜਾਣ ਵਾਲਾ ਵਿਅੰਜਨ ਕਰੀ ਕਹਾਇਆ।

ਇਹ ਸ਼ਬਦ ਪਹਿਲਾਂ ਦੱਖਣ ਭਾਰਤ ਵਿਚ ਆਉਣ ਵਾਲੇ ਪੁਰਤਗਾਲੀਆਂ ਨੇ ਦੱਖਣੀ ਭਾਰਤੀ ਵਿਅੰਜਨਾਂ ਲਈ ਵਰਤਿਆ, ਫਿਰ ਇਸ ਨੂੰ ਆਪਣੀ ਭਾਸ਼ਾ ਵਿਚ 'ਕਰਿਲ' ਵਜੋਂ ਅਪਣਾਇਆ। ਬਾਅਦ ਵਿਚ ਬਰਤਾਨਵੀ ਸ਼ਾਸਕਾਂ ਨੇ ਇਸ ਨੂੰ ਚੁੱਕਿਆ ਤੇ ਪਹਿਲਾਂ ਭਾਰਤ ਵਿਚ ਹੀ ਇਹ ਸ਼ਬਦ ਵਰਤਿਆ। ਇਨ੍ਹਾਂ ਸ਼ਾਸਕਾਂ ਨੇ ਦੱਖਣ ਭਾਰਤ ਪਿਛੋਂ ਬੰਗਾਲ ਵਿਚ ਡੇਰੇ ਜਮਾਏ ਤਾਂ ਇਹ ਸ਼ਬਦ ਉਨ੍ਹਾਂ ਦੇ ਖਾਣਿਆਂ ਵਿਚ ਰਚਮਿਚ ਗਿਆ। ਫਿਰ ਬਰਤਾਨੀਆ ਸਮੇਤ ਹੋਰ ਦੁਨੀਆਂ ਭਰ ਦੇ ਦੇਸ਼ਾਂ ਵਿਚ ਲੈ ਗਏ। ਦੱਖਣੀ ਵਿਅੰਜਨਾਂ ਦੀਆਂ ਕਰੀਆਂ ਵਿਚ ਵਰਤੇ ਜਾਂਦੇ ਇਕ ਦਰਖਤ ਦੇ ਪੱਤੇ ਨੂੰ ਕਰੀ/ਕੜ੍ਹੀ ਪੱਤਾ ਕਿਹਾ ਜਾਂਦਾ ਹੈ। ਵਿਅੰਜਨਾਂ ਵਿਚ ਵਰਤਿਆ ਜਾਣ ਕਰਕੇ ਇਸ ਦਰਖਤ ਨੂੰ ਅਸੀਂ ਮਿੱਠੀ ਨਿੰਮ ਵੀ ਆਖਦੇ ਹਾਂ। ਮਰਾਠੀ ਵਿਚ ਇਸ ਨੂੰ ਕਢੀਲਿੰਬ (ਕਢੀ = ਕਰੀ, ਲਿੰਬ = ਨਿੰਮ) ਕਹਿੰਦੇ ਹਨ ਤਾਮਿਲ ਵਿਚ ਹੀ ਇਸ ਦਾ ਅਜਿਹਾ ਇੱਕ ਹੋਰ ਨਾਂ ਹੈ ਕਰਿਯਾ-ਨਿੰਪਮ। ਹਾਲਾਂ ਕਿ ਇਹ ਨਿੰਮ ਪਰਿਵਾਰ ਦਾ ਨਾ ਹੋ ਕੇ ਸੰਤਰਾ ਪਰਿਵਾਰ ਦਾ ਦਰਖਤ ਹੈ। ਕਿਹਾ ਜਾਂਦਾ ਹੈ ਕਿ ਇਸ ਦੇ ਪੱਤਿਆਂ ਦਾ ਰੰਗ ਕਾਲਾ ਹੋਣ ਕਰਕੇ ਇਸ ਦਾ ਇਹ ਨਾਂ ਪਿਆ।

ਕਰੀ ਤਾਂ ਘੋਲ ਲਈ ਆਓ ਹੁਣ ਬੇਸਣ ਦੀ ਸਲੂਣੀ, ਮਤਲਬ ਕੜ੍ਹੀ ਘੋਲ ਲਈਏ। ਭਾਰਤ ਦੇ ਹਰ ਪ੍ਰਾਂਤ ਦੀ ਕੜ੍ਹੀ ਦਾ ਆਪਣਾ ਹੀ ਰੰਗ, ਸੁਆਦ ਤੇ ਬਣਾਉਣ ਢੰਗ ਹੈ। ਰਾਜਸਥਾਨੀਆਂ ਦੀ ਇਕ ਕੜ੍ਹੀ ਕੀੜੇ ਪੈ ਜਾਣ ਤੱਕ ਕਈ ਦਿਨ ਦਹੀਂ ਨੂੰ ਧੁੱਪੇ ਰੱਖ ਕੇ ਕਾੜ੍ਹੀ ਜਾਂਦੀ ਹੈ। ਡਰੋ ਨਾ, ਫਰਾਂਸੀਸੀਆਂ ਦਾ ਇੱਕ ਪਨੀਰ ਵੀ ਅਜਿਹਾ ਹੈ ਜਿਸ ਨੂੰ ਕੀੜੇ ਪੈ ਜਾਣ ਪਿੱਛੋਂ ਹੀ ਲਜ਼ੀਜ਼ ਤੇ ਨਫ਼ੀਸ ਸਮਝਿਆ ਜਾਂਦਾ ਹੈ। ਭਾਵੇਂ ਕੜ੍ਹੀ ਸ਼ਬਦ ਦੀ ਧੁਨੀ ਤੇ ਕੁਝ ਕੁਝ ਅਰਥ ਕਰੀ ਨਾਲ ਮਿਲਦੇ ਹਨ ਪਰ ਮੁਢਲੇ ਤੌਰ 'ਤੇ ਇਹ ਵਿਅੰਜਨ ਵੀ ਹੋਰ ਹੈ ਤੇ ਇਸ ਸ਼ਬਦ ਦਾ ਮੂਲ ਵੀ ਭਿੰਨ ਹੈ। ਕੜ੍ਹੀ ਨੂੰ ਤਾਮਿਲ ਵਿਚ ਮੋਰ ਕੁਲੰਬ ਆਖਦੇ ਹਨ। ਕੜ੍ਹੀ ਸ਼ਬਦ ਕੜ੍ਹਨ ਨਾਲ ਜੁੜਦਾ ਹੈ ਅਰਥਾਤ ਜਿਸ ਚੀਜ਼ ਨੂੰ ਕਾੜ੍ਹਿਆ ਜਾਵੇ। ਅਸੀਂ ਦੁੱਧ ਨੂੰ ਵੀ ਭੜੋਲੀ ਵਿਚ ਰੱਖ ਕੇ ਸਾਰਾ ਦਿਨ ਕਾੜ੍ਹਦੇ ਹਾਂ ਪਰ ਇਹ ਕੜ੍ਹੀ ਨਹੀਂ। ਕਾੜ੍ਹਨ ਤੋਂ ਹੀ ਕਾੜ੍ਹਾ ਸ਼ਬਦ ਬਣਿਆ ਹੈ, ਕਾੜ੍ਹਨ ਵਾਲਾ ਬਰਤਨ ਕਾਲ੍ਹਣਾ ਹੈ। ਇਸ ਦਾ ਸੰਸਕ੍ਰਿਤ ਧਾਤੂ ਹੈ *ਕਵਥ ਜਿਸ ਵਿਚ ਉਬਾਲਣ ਦਾ ਭਾਵ ਹੈ। ਕੜ੍ਹੀ ਸ਼ਬਦ ਸੰਸਕ੍ਰਿਤ ਦੇ ਕਵਥਿਕ ਦਾ ਤਦਭਵ ਰੂਪ ਹੈ। ਹੋਰ ਭਾਸ਼ਾਵਾਂ ਵਿਚ ਇਸ ਦੇ ਕੁਝ ਸਕੇ ਸ਼ਬਦ ਮਿਲਦੇ ਹਨ ਜਿਵੇਂ ਪਾਲੀ ਕਠਿਤ = ਗਰਮ; ਪ੍ਰਾਕ੍ਰਿਤ ਕਢਿਆ = ਉਬਾਲਿਆ, ਕਾੜ੍ਹਾ; ਸ਼ੀਨਾ ਕਾਈ =ਰੋਟੀ ਦੇ ਟੁਕੜਿਆਂ ਨੂੰ ਪਾਣੀ ਵਿਚ ਉਬਾਲ ਕੇ ਬਣਾਇਆ ਸ਼ੋਰਬਾ, ਕਸ਼ਮੀਰੀ ਕੂਰ = ਫਿਟਾਏ ਦੁਧ ਵਿਚ ਮਸਾਲੇ ਪਾ ਕੇ ਪਕਾਇਆ ਖਾਣਾ। ਇੱਕ ਅਟਕਲ ਹੈ ਕਿ ਇਸ ਸ਼ਬਦ ਦਾ ਪਿੱਛਾ ਭਾਰੋਪੀ ਮੂਲ *ਕਵੈਥ ਹੈ ਜਿਸ ਵਿਚ ਝੱਗ ਬਣਨ, ਖਮੀਰ ਬਣਨ, ਖੱਟਾ ਹੋਣ ਦੇ ਭਾਵ ਹਨ। ਇਸ ਤੋਂ ਗੌਥਿਕ, ਪਰਾਚੀਨ ਗਰੀਕ, ਸਲਾਵਿਕ ਅਤੇ ਲਾਤੀਨੀ ਭਾਸ਼ਾਵਾਂ ਦੇ ਕੁਝ ਸ਼ਬਦ ਬਣੇ ਦੱਸੇ ਜਾਂਦੇ ਹਨ। ਲਾਤੀਨੀ ਦਾ ਇੱਕ ਸ਼ਬਦ caseus ਹੈ ਜਿਸ ਦਾ ਮਤਲਬ ਪਨੀਰ ਹੁੰਦਾ ਹੈ। ਇਸ ਸਬੰਧ ਵਿਚ ਵਧੇਰੇ ਖੋਜ ਦੀ ਲੋੜ ਹੈ। ਗੌਰਤਲਬ ਹੈ ਕਿ ਕੜਾਹੀ ਸ਼ਬਦ 'ਕਵਥ' ਧਾਤੂ ਤੋਂ ਵਿਉਤਪੰਨ ਹੋਇਆ ਨਹੀਂ ਮੰਨਿਆ ਜਾਂਦਾ। ਇਸ ਦਾ ਮੂਲ ਸੰਸਕ੍ਰਿਤ 'ਕਟਾਹ' ਹੈ ਜਿਸ ਦਾ ਪ੍ਰਾਕ੍ਰਿਤ ਰੂਪ ਕੜਾਹ ਬਣਿਆ ਤੇ ਫਿਰ ਹੋਰ ਭਾਸ਼ਾਵਾਂ ਵਿਚ ਇਹੋ ਰੂਪ ਲੈ ਕੇ ਆਇਆ। ਇਸ ਦਾ ਅਰਥ ਲੋਹੇ ਦਾ ਚੌੜੇ ਮੂੰਹ ਵਾਲਾ ਬਰਤਨ ਹੈ। ਇਸ ਤੋਂ ਹੋਰ ਸ਼ਬਦ ਬਣੇ ਕੜਾਹੀ, ਕੜਾਹਾ, ਕੜਾਹੀਆ। ਕੜਾਹ ਉਹ ਮਿਸ਼ਟਾਨ ਹੈ ਜੋ ਕੜਾਹੀ ਵਿਚ ਬਣਾਇਆ ਜਾਵੇ, ਜਿਵੇਂ ਦੇਗ ਵਿਚ ਦੇਗ ਬਣਾਈ ਜਾਂਦੀ ਹੈ।

ਅੱਜ ਮੈਂ ਕੜ੍ਹੀ ਵਿਚ ਕੰਕਰ ਪਾ ਹੀ ਦਿੱਤਾ ਹੈ।

---

*(ਪਿਛਲੇ ਸਫੇ ਦਾ ਬਾਕੀ)*

ਉੱਸਾਰਿਆ ਜਾ ਰਿਹਾ ਹੈ ਅੰਧ-ਰਾਸ਼ਟਰਵਾਦ। ਅੰਧ-ਰਾਸ਼ਟਰਵਾਦ ਦੇ ਇਸ ਸ਼ੋਰ ਸ਼ਰਾਬੇ ਅਤੇ ਰੌਲ-ਘਚੋਲੇ ਵਿਚ ਭਗਵੀਂ ਸਰਕਾਰ ਵਲੋਂ ਆਪਣੇ ਪ੍ਰਭੂਆਂ ਸਾਮਰਾਜੀ ਸ਼ਕਤੀਆਂ ਅਤੇ ਉਨ੍ਹਾਂ ਦੀਆਂ ਰਖੇਲ ਬਹੁ ਕੌਮੀ ਕਾਰਪੋਰੇਸ਼ਨਾਂ, ਦੇਸੀ ਵਿਦੇਸ਼ੀ ਕੰਪਨੀਆਂ ਦੇ ਮੁਨਾਫ਼ਿਆਂ ਨੂੰ ਜ਼ਰਬਾਂ ਦੇਣ ਲਈ ਆਦਿ-ਵਾਸੀਆਂ ਅਤੇ ਹੋਰ ਮਿਹਨਤਕਸ਼ ਤਬਕਿਆਂ ਨੂੰ ਉਜਾੜਨ ਅਤੇ ਮੁਲਕ ਦੇ ਮਾਲ-ਖ਼ਜ਼ਾਨੇ ਪ੍ਰਾਈਵੇਟ ਧੜਵੈਲ ਦੇਸੀ-ਵਿਦੇਸੀ ਕੰਪਨੀਆਂ ਨੂੰ ਕੌਡੀਆਂ ਦੇ ਭਾਅ ਲੁਟਾਏ ਜਾ ਰਹੇ ਹਨ। ਆਰ. ਐੱਸ. ਐੱਸ. ਅਤੇ ਕੱਟੜ ਹਿੰਦੂਤਵੀ ਸੰਗਠਨ ਅੱਗ ਦੀ ਖੇਡ ਖੇਡਦੇ ਹੋਏ ਵੀ ਦੇਸ਼ ਭਗਤ ਅਖਵਾ ਰਹੇ ਹਨ। ਜ਼ੁਲਮ ਜਬਰ ਦਾ ਵਿਰੋਧ ਕਰਨ ਵਾਲੇ ਦੇਸ਼ ਦੇ ਗੱਦਾਰ ਹਨ। ਕਿੰਨੇ ਹੀ ਜਮਹੂਰੀ ਹੱਕਾਂ ਦੇ ਪਹਿਰੇਦਾਰ ਅਨੇਕਾਂ ਆਗੂ (ਨਰਿੰਦਰ ਦਭੋਲਕਰ, ਐਮ. ਐਮ ਕੁਲਬੁਰਗੀ, ਗੋਵਿੰਦ ਪੰਸਾਰੇ, ਗੌਰੀ ਲੰਕੇਸ਼ ਆਦਿ) ਕਤਲ ਕੀਤੇ ਜਾ ਚੁੱਕੇ ਹਨ। ਵੱਡੇ ਵਿਦਵਾਨ, ਪ੍ਰੋਫ਼ੈਸਰ, ਚਿੰਤਕ, ਵਕੀਲ, ਇਤਿਹਾਸਕਾਰ, ਬੁੱਧੀਜੀਵੀ, ਪੱਤਰਕਾਰ 90 ਪ੍ਰਤੀਸ਼ਤ ਅਪਾਹਜ ਡਾ. ਸਾਈਂ ਬਾਬਾ, ਸੁਧਾ ਭਾਰਦਵਾਜ਼, ਰੋਨਾ ਵਿਲਸਨ, ਮਹੇਸ਼ ਰਾਊਤ, ਸੁਰਿੰਦਰ ਗੈਡਲਿੰਗ, ਸੋਮਾ ਸੇਨ, ਵਰਵਰਾ ਰਾਓ ਆਦਿ ਜੋ ਭਾਜਪਾ ਆਰ. ਐੱਸ. ਐੱਸ. ਸਰਕਾਰ ਦੀਆਂ ਰਾਸ਼ਟਰ ਵਿਰੋਧੀ ਨੀਤੀਆਂ ਦੀ ਆਲੋਚਨਾ ਅਤੇ ਕਾਲ਼ੇ ਮਨਸੂਬਿਆਂ ਦਾ ਵਿਰੋਧ ਕਰਦੇ ਸਨ, ਉੱਪਰ ਮਾਓਵਾਦੀ ਜਾਂ ਸ਼ਹਿਰੀ ਨਕਸਲੀ ਆਦਿ ਦਾ ਠੱਪਾ ਲਾ ਕੇ ਜ਼ੁਬਾਨ ਬੰਦੀ ਦੀ ਨੀਤੀ ਅਧੀਨ ਜੇਲ੍ਹਾਂ ਵਿਚ ਬੰਦ ਕੀਤੇ ਜਾ ਚੁੱਕੇ ਹਨ। ਪਿਛਲੇ ਸਾਲਾਂ ਦੀਆਂ ਘਟਨਾਵਾਂ ਗਵਾਹ ਹਨ ਇਸ ਵਰਤਾਰੇ ਦਾ। ਲੋਕ ਹਿਤੂ 83 ਸਾਲਾ ਪਾਦਰੀ ਸਟੈਨ ਸਵਾਮੀ ਦੀ ਜੇਲ੍ਹ ਵਿਚ ਇਲਾਜ਼ ਖੁਣੋ ਹੋਈ ਮੌਤ 'ਤੇ ਪਿੱਛਲੇ ਦਿਨੀਂ ਡਾ. ਸਾਈਂ ਬਾਬਾ ਦੀ ਜੇਲ੍ਹ ਵਿਚ ਦਿੱਤੇ ਗਏ ਤਸੀਹਿਆਂ ਕਾਰਨ ਰਿਹਾਈ ਉਪਰੰਤ ਹੋਈ ਮੌਤ ਬਾਰੇ ਕਾਨੂੰਨ ਚੁੱਪ ਹੈ।

ਕੌਮੀ ਨਾਗਰਿਕਤਾ ਸੋਧ ਕਾਨੂੰਨ, ਕੌਮੀ ਨਾਗਰਿਕ ਰਜਿਸਟਰ ਅਤੇ ਕੌਮੀ ਜਨ-ਸੰਖਿਆ ਰਜਿਸਟਰ ਆਦਿ ਦਾ, ਰਾਸ਼ਟਰਵਾਦ ਦੇ ਨਾਂ 'ਤੇ ਭਾਰਤ ਦੇ ਪਿੰਡੇ ਉੱਪਰ ਗੱਡਿਆ ਸੇਹ ਦਾ ਤੱਕਲ਼ਾ ਇਨ੍ਹਾਂ ਜਥੇਬੰਦੀਆਂ ਦੀ ਅਪਰਾਧੀ ਬਿਰਤੀ ਦਾ ਸਬੂਤ ਹੈ, ਜੋ ਬੇਸ਼ਰਮੀ ਦੀ ਹੱਦ ਤੱਕ ਬਹੁਤ ਹੀ ਘਾਤਕ ਹੈ ਤੇ ਇਸ ਨੇ ਮੁਲਕ ਭਰ ਵਿਚ ਨਵੇਂ ਗੁੱਲ ਖਿਲਾਉਣੇ ਆਰੰਭ ਕਰ ਦਿੱਤੇ ਹਨ। ਆਸਾਮ ਪਹਿਲਾ ਨਰਕੀ ਰਾਜ ਬਣ ਕੇ ਸਾਮ੍ਹਣੇ ਆਇਆ ਹੈ ਜਿੱਥੇ ਲੱਖਾਂ ਦੀ ਗਿਣਤੀ ਵਿਚ ਉਹ ਲੋਕ, ਜੋ ਸਦੀਆਂ ਤੋਂ ਮਿਹਨਤ ਮਜ਼ਦੂਰੀ ਕਰਕੇ ਜੀਵਨ ਬਤੀਤ ਕਰਦੇ ਆ ਰਹੇ ਸਨ, ਕੋਈ ਲਿਖਤੀ ਸਬੂਤ ਪੇਸ਼ ਨਾ ਕਰ ਸਕਣ ਕਰਕੇ ਬੰਦੀ ਕੈਂਪਾਂ ਵਿਚ ਰੁਲ਼ ਰਹੇ ਹਨ। ਭਾਜਪਾ-ਆਰ. ਐੱਸ. ਐੱਸ. ਸਰਕਾਰ ਇਹ ਤਲਵਾਰ ਸਾਰੇ ਮੁਲਕ ਦੀ ਗਰਦਨ 'ਤੇ ਚਲਾਉਣ ਲਈ ਬਜ਼ਿੱਦ ਹੈ। ਕਿਹੋ ਜਿਹਾ ਘਿਨੌਣਾ ਵਰਤਾਰਾ ਵਰਤਾਇਆ ਜਾ ਰਿਹਾ ਹੈ, ਇਸ ਕੱਟੜ ਫ਼ਿਰਕੂ ਜੋੜੀ ਵੱਲੋਂ? ਸਾਰਾ ਪਰਿਵਾਰ ਕੌਮੀ ਨਾਗਰਿਕ ਹੋਣ ਦਾ ਸਬੂਤ ਦੇਣ ਵਿਚ ਸਫ਼ਲ ਹੋ ਗਿਆ, ਪਰ ਉਸ ਪਰਿਵਾਰ ਦੇ ਮੁਖੀ ਕੋਲ਼ ਅਣਪੜ੍ਹ ਰਹਿ ਗਿਆ ਹੋਣ ਕਰਕੇ ਕੋਈ ਲਿਖਤੀ ਸਬੂਤ ਨਹੀਂ- ਜਿਸ ਗੁਨਾਹ ਦੀ ਉਹ ਬੰਦੀ ਕੈਂਪ ਵਿਚ ਸਜ਼ਾ ਭੁਗਤਦਾ ਹੋਇਆ ਮੌਤ ਨੂੰ ਪਿਆਰਾ ਹੋ ਕੇ ਕੌਮੀ ਨਾਗਰਿਕ ਬਣ ਸਕਿਆ ਹੈ। ਇਉਂ ਬੰਦੀ ਕੈਂਪਾਂ ਵਿਚ ਮੌਤ ਦੇ ਮੂੰਹ ਪਏ ਤਿੰਨ ਵਿਅਕਤੀ ਹਿੰਦੂ ਭਾਈਚਾਰੇ ਨਾਲ ਸਬੰਧਤ ਸਨ। ਪੜਤਾਲੀਆ ਗਰੁੱਪ ਜੋ ਆਸਾਮ ਦੇ ਬੰਦੀ ਕੈਂਪਾਂ 'ਚੋਂ ਅੰਕੜੇ ਇਕੱਤਰ ਕਰਕੇ ਲਿਆਏ ਹਨ, ਰੌਂਗਟੇ ਖੜ੍ਹੇ ਕਰਨ ਵਾਲੇ ਹਨ। ਇਹ ਕਿੱਡਾ ਅਨਰਥ ਹੈ ਕਿ ਇਕ ਦਿਹਾੜੀਦਾਰ ਗਰੀਬ ਪਰਿਵਾਰ ਦੀ ਲੜਕੀ, ਜਿਸ ਨੇ ਕਦੇ ਸਕੂਲ ਦਾ ਮੂੰਹ ਨਹੀਂ ਵੇਖਿਆ, ਕਿਸੇ ਦੂਜੇ ਪਿੰਡ ਵਿਆਹੀ ਗਈ। ਉਹ ਤਿੰਨ ਬੱਚਿਆਂ ਦੀ ਮਾਂ ਹੈ। ਉਸਦਾ ਪਤੀ ਭਾਰਤ ਦਾ ਨਾਗਰਿਕ ਹੈ, ਉਸ ਦੇ ਬੱਚੇ ਵੀ ਨਾਗਰਿਕ ਹਨ, ਪਰ ਉਹ ਕੋਈ ਲਿਖਤੀ ਸਬੂਤ ਪੇਸ਼ ਨਹੀਂ ਕਰ ਸਕੀ ਕਿ ਉਸ ਦਾ ਬਾਪ ਕੌਣ ਹੈ? ਕਿਸੇ ਦੀ ਪਤਨੀ ਹੋਣਾ ਜਾਂ ਬੱਚਿਆਂ ਦੀ ਮਾਂ ਹੋਣਾ ਸਬੂਤ ਨਹੀਂ, ਉਹ ਆਪਣੇ ਬਾਪ ਦਾ ਲਿਖਤੀ ਸਬੂਤ (ਯਾਨੀ ਕੋਈ ਸਰਟੀਫਿਕੇਟ) ਪੇਸ਼ ਨਾ ਕਰ ਸਕਣ ਦੀ ਸਜ਼ਾ ਭੁਗਤਦੀ ਹੋਈ ਮੌਤ ਦੇ ਮੂੰਹ ਜਾ ਪਈ ਹੈ ਤੇ ਉਸ ਦਾ ਪਤੀ ਸਦਮਾ ਨਾ ਸਹਾਰਦਾ ਹੋਇਆ, ਵੀ ਦਿਲ ਦਾ ਦੌਰਾ ਪੈਣ ਨਾਲ ਆਪਣੇ ਬੱਚਿਆਂ ਨੂੰ ਅਨਾਥ ਕਰ ਗਿਆ ਹੈ। ਇਨ੍ਹਾਂ ਬੇਸ਼ਰਮ ਕਾਨੂੰਨਾਂ ਦੀ ਹੋਰ ਕਰਤੂਤ ਦੇਖੋ, ਭਾਰਤ ਦਾ ਰਾਸ਼ਟਰਪਤੀ ਰਹਿ ਚੁੱਕੇ ਫਖ਼ਰਉਦੀਨ ਅਲੀ ਅਹਿਮਦ, ਕਾਰਗਿਲ ਦੀ ਜੰਗ ਵਿਚ ਬਹਾਦਰੀ ਦਿਖਾਉਣ ਕਰਕੇ ਰਾਸ਼ਟਰਪਤੀ ਤੋਂ ਪੁਰਸਕਾਰਤ ਮੁਹੰਮਦ ਸਨਾ ਉੱਲਾ ਖਾਂ, ਏਅਰ ਫੋਰਸ ਦਾ ਸਾਬਕਾ ਕਪਤਾਨ ਛਿੰਦਰ ਸਿੰਘ, ਆਸਾਮ ਦੀ ਸਾਬਕਾ ਮੁੱਖ ਮੰਤਰੀ ਸ੍ਰੀਮਤੀ ਸਇਅਦਾ ਤੈਮੂਰ (ਸੂਚੀ ਬਹੁਤ ਲੰਮੀ ਹੈ) ਭਾਰਤ ਦੇ ਨਾਗਰਿਕ ਨਹੀਂ ਹਨ। ਇਸ ਦਾ ਇਹੋ ਅਰਥ ਹੋਇਆ ਕਿ ਇਕ ਦਿਨ ਇਹ ਵੀ ਬੰਦੀ ਕੈਂਪਾਂ ਵਿਚ ਧੱਕ ਦਿੱਤੇ ਜਾਣਗੇ। ਸਰਕਾਰ ਦੇ ਜਮੂਰੇ ਬੋਲਦੇ ਹਨ ਕਿ ਇਹ ਕਾਨੂੰਨ ਨਾਗਰਿਕਤਾ ਦੇਣ ਲਈ ਹਨ, ਖੋਹਣ ਲਈ ਨਹੀਂ। ਕਿੰਨੀ ਬੇਸ਼ਰਮੀ ਨਾਲ ਉਹ ਅਮਰੀਕਾ ਦੀ ਰੀਤ- 'ਜੋ ਅਮਰੀਕਾ ਨਾਲ ਨਹੀਂ ਮੁਸਲਮਾਨ ਅਤਿਵਾਦੀਆਂ ਨਾਲ ਹੈ'-ਨਿਭਾਉਂਦੇ ਹੋਏ ਕਹਿ ਰਹੇ ਹਨ ਕਿ ਜੋ ਲੋਕ ਸਰਕਾਰ ਦੇ ਪ੍ਰੋਗਰਾਮ ਨਾਲ ਸਹਿਮਤ ਨਹੀਂ ਹਨ ਪਾਕਿਸਤਾਨ ਚਲੇ ਜਾਣ। ਇਸ ਦਾ ਮਤਲਬ ਕੇਵਲ ਹਿੰਦੂ ਕੱਟੜ ਪੰਥੀਆਂ ਦਾ ਹੀ ਇਹ ਮੁਲਕ ਹੈ, ਬਾਕੀ ਸਭ ਭਾਈਚਾਰਿਆਂ ਤੇ ਖੁੱਲ੍ਹ-ਖ਼ਿਆਲੀਏ ਹਿੰਦੂ ਭਾਈਚਾਰੇ ਨੂੰ ਪਾਕਿਸਤਾਨ ਚਲੇ ਜਾਣਾ ਚਾਹੀਦਾ ਹੈ। ਸੰਤਾਂ ਦੇ ਪਹਿਰਾਵੇ ਵਿਚ ਕੁਰਸੀ ਉੱਪਰ ਬੈਠਾ ਭਗਵਾਂ ਲੋਕ ਦੁਸ਼ਮਣ ਯੋਗੀ ਅਦਿੱਤਿਆ ਨਾਥ ਨੇ, ਪੁਲਿਸ ਦੀਆਂ ਲਗਾਮਾਂ ਖੁੱਲ੍ਹੀਆਂ ਛੱਡ ਕੇ 'ਬੋਲੀ ਨਹੀਂ ਗੋਲ਼ੀ' ਦੀ ਵਕਾਲਤ ਕਰਦਿਆਂ, ਯੂ.ਪੀ. ਦੇ ਮੁਸਲਿਮ ਇਲਾਕਿਆਂ ਵਿਚ ਗੁੰਡਾ-ਗਰਦੀ, ਵੱਡੀ ਪੱਧਰ 'ਤੇ ਸਰਕਾਰੀ ਅਤੇ ਗੈਰ ਸਾਰਕਾਰੀ ਜਾਇਦਾਦਾਂ ਦਾ ਨੁਕਸਾਨ ਕਰਵਾ ਕੇ, ਸਾਬਤ ਕਰ ਦਿੱਤਾ ਹੈ ਕਿ ਇਸ ਮੁੱਖ ਮੰਤਰੀ ਨੂੰ ਅਪਰਾਧ, ਇਖ਼ਲਾਕ ਅਤੇ ਸਦਾਚਾਰ ਵਿਚਲੇ ਅੰਤਰ ਦੀ ਵੀ ਤਮੀਜ਼ ਨਹੀਂ ਹੈ। ਵਰਦੀਧਾਰੀ ਪੁਲਿਸ ਨੇ ਮੁਸਲਿਮ ਭਾਈਚਾਰੇ ਦੇ ਘਰਾਂ ਵਿਚ ਜ਼ੁਲਮ ਦੀ ਹਨ੍ਹੇਰੀ ਝੁਲਾ ਦਿੱਤੀ ਤੇ ਯੋਗੀ ਨੇ ਜਾਇਦਾਦ ਦੇ ਨੁਕਸਾਨ ਦੀ ਭਰਪਾਈ ਕਰਨ ਲਈ ਮੁਸਲਿਮ ਪਰਿਵਾਰਾਂ ਨੂੰ, ਉਨ੍ਹਾਂ ਦੀਆਂ ਦੁਕਾਨਾਂ ਸੀਲ ਕਰਕੇ ਨੋਟਿਸ ਜਾਰੀ ਕੀਤੇ ਹਨ। ਪੜਤਾਲ਼ੀਆ ਟੀਮ ਨੇ ਦੱਸਿਆ ਕਿ ਇਕ ਸਤਾਸੀ ਸਾਲਾ ਮੁਸਲਿਮ ਬਜ਼ੁਰਗ, ਜੋ ਬਜ਼ੁਰਗੀ ਅਤੇ ਬਿਮਾਰੀ ਦੀ ਹਾਲਤ ਵਿਚ ਬਹੁਤ ਸਮੇਂ ਤੋਂ ਮੰਜੇ 'ਤੇ ਪਿਆ ਹੈ, ਨੂੰ ਵੀ ਇਕ ਲੱਖ ਹਰਜਾਨਾ ਭਰਨ ਦਾ ਨੋਟਿਸ ਜਾਰੀ ਹੋਇਆ ਹੈ ਕਿ ਉਹ ਕਿਸੇ ਇਲਾਕੇ ਵਿਚ ਭੀੜ ਨੂੰ ਭੜਕਾ ਰਿਹਾ ਸੀ, ਜਿੱਥੇ ਵੱਡੀ ਪੱਧਰ 'ਤੇ ਜਾਇਦਾਦ ਦਾ ਨੁਕਸਾਨ ਕੀਤਾ ਗਿਆ।

ਧੀਰਜ ਦੇਣ ਵਾਲੇ ਹਾਲਾਤ ਬਣੇ ਹਨ। ਲੋਕ ਹਿਤਾਂ ਨੂੰ ਪਰਣਾਈਆਂ ਕਿਸਾਨ-ਮਜ਼ਦੂਰ, ਵਿਦਿਆਰਥੀ-ਮੁਲਾਜ਼ਮ ਜਥੇਬੰਦੀਆਂ, ਲੇਖਕ, ਬੁੱਧੀਜੀਵੀ ਅਤੇ ਖੁਲ੍ਹ-ਖ਼ਿਆਲੀਏ ਹਿੰਦੂ ਭਾਈਚਾਰੇ ਦੇ ਲੋਕ ਜਾਗੇ ਹੋਏ ਹਨ। ਹੁਣ ਇਕ ਨਹੀਂ ਅਨੇਕਾਂ ਸ਼ਾਹੀਨ ਬਾਗ ਬਣਨਗੇ ਤੇ ਇਨ੍ਹਾਂ ਭੈਂਗ ਮਾਰਦੇ ਕਾਨੂੰਨਾਂ ਨੂੰ ਚੁਣੌਤੀ ਦੇਣਗੇ। ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਸਰਕਾਰ ਆਪਣੀਆਂ ਗੁੰਡਾ ਏਜੰਸੀਆਂ ਤੋਂ ਹਰ ਤਰ੍ਹਾਂ ਦੇ ਹੱਥਕੰਡੇ ਵਰਤ ਕੇ ਲੋਕਾਂ ਵਿਚ ਪਾੜਾ ਪਾਉਣ ਦੀ ਹਰ ਕੋਝੀ ਚਾਲ ਚੱਲ ਕੇ ਹੇਠਲੀਆਂ ਗੈਰ ਚੇਤੰਨ ਸਫ਼ਾਂ ਵਿਚ ਭਰਮ ਭੁਲੇਖੇ ਖੜ੍ਹੇ ਕਰਕੇ ਅੱਗਾਂ ਲਾਉਣ ਦੀ ਖੇਡ ਖੇਡ ਸਕਦੀਆਂ ਹਨ।...ਮੁਲਕ ਦੇ ਇਹ ਆਗੂ ਇਸ ਗੱਲ ਦੀ ਸ਼ਰਮ ਨਹੀਂ ਮੰਨਦੇ ਕਿ ਆਪਣੇ ਲੋਕਾਂ ਦਾ ਇਹ ਕਿਹੋ ਜਿਹਾ ਚਰਿੱਤਰ ਪੈਦਾ ਕਰਨਾ ਚਾਹੁੰਦੇ ਹਨ। ਤਾਕਤ ਉਨ੍ਹਾਂ ਦੇ ਹੱਥ ਵਿਚ ਹੈ, ਪਰ ਇਸ ਦਾ ਮਤਲਬ ਇਹ ਵੀ ਨਹੀਂ ਕਿ ਇਹ ਕਾਲ਼ੀਆਂ ਤਾਕਤਾਂ ਬੜੀ ਮੌਜ ਨਾਲ ਮਨ ਆਈਆਂ ਕਰ ਸਕਣਗੀਆਂ। ਕਾਲ਼ੀ ਰਾਤ ਵਿਚ ਝੁਲਦੀ ਹਨ੍ਹੇਰੀ ਵਿਚ ਵੀ ਮੋਮਬੱਤੀਆਂ ਲੈ ਕੇ ਲੋਕ ਉੱਠ ਖੜ੍ਹੇ ਹੋਏ ਹਨ। ਕਲਮਾਂ ਵੀ ਜਾਗਦੀਆਂ ਹਨ ਤੇ ਐਲਾਨ ਕਰਦੀਆਂ ਹਨ ਕਿ ਇਹ ਲੜਾਈ ਹਿੰਦੂ-ਮੁਸਲਿਮ ਜਾਂ ਘੱਟ ਗਿਣਤੀ ਦੇ ਨਾਂ 'ਤੇ ਨਹੀਂ, ਇਸ ਅੰਧ-ਰਾਸ਼ਟਰ ਵਿਰੁੱਧ ਭਾਰਤੀ ਨਾਗਰਿਕ ਹੋਣ ਦੀ ਸਾਂਝੀ ਲੜਾਈ ਹੈ।



ਪ੍ਰਿੰ. ਸਰਵਣ ਸਿੰਘ
ਫੋਨ: 647-785-1661




# ਸੱਠ ਸਾਲ ਪਹਿਲਾਂ ਦੀ ਅਭੁੱਲ ਯਾਦ...
# ਪੰਜ ਰੁਪਿਆਂ ਦਾ ਭਾਰ

1960ਵਿਆਂ 'ਚ ਮੈਂ ਖ਼ਾਲਸਾ ਕਾਲਜ ਦਿੱਲੀ ਦਾ ਵਿਦਿਆਰਥੀ ਸਾਂ ਤੇ ਫੇਰ ਉਥੇ ਹੀ ਲੈਕਚਰਾਰ ਲੱਗ ਗਿਆ। ਜਦੋਂ ਮੈਂ ਦਿੱਲੀ ਤੋਂ ਪਿੰਡ ਮੁੜਦਾ ਤਾਂ ਘਰ 'ਚ 'ਪੀਬੀ 18' ਤੇ 'ਕਲਿਆਣ' ਕਣਕ ਦੇ ਬੀਜ ਦੀਆਂ ਗੱਲਾਂ ਹੁੰਦੀਆਂ। ਮੈਨੂੰ ਵਾਰ-ਵਾਰ ਕਿਹਾ ਜਾਂਦਾ, "ਦਿੱਲੀਓਂ ਕਲਿਆਣ ਦਾ ਬੀ ਮਿਲੇ ਤਾਂ ਲਿਆਈਂ।"

ਘਰਦਿਆਂ ਨੂੰ ਕਿਸੇ ਨੇ ਦੱਸ ਪਾ ਰੱਖੀ ਸੀ ਕਿ ਦਿੱਲੀ ਦੇ ਪੂਸਾ ਇੰਸਟੀਚਿਊਟ ਤੋਂ ਕਲਿਆਣ ਦਾ ਬੀਜ ਮਿਲਦੈ। ਕਲਿਆਣ ਦੇ ਦਾਣੇ ਸ਼ਰਬਤੀ ਸਨ ਜਦ ਕਿ ਪੀਬੀ 18 ਦੇ ਸਾਂਵਲੇ। ਝਾੜ ਦੋਹਾਂ ਬੀਜਾਂ ਦਾ ਹੀ ਪਹਿਲੀਆਂ ਕਣਕਾਂ ਤੋਂ ਦੁੱਗਣਾ ਸੀ। ਦੇਸੀ ਕਣਕ ਕਿੱਲੇ 'ਚੋਂ 20-22 ਮਣ ਨਿਕਲਦੀ ਸੀ। ਮੈਕਸੀਕਨ ਕਣਕਾਂ ਬਾਰੇ ਕਿਹਾ ਜਾਂਦਾ ਸੀ ਕਿ ਕਿੱਲੇ 'ਚੋਂ 40-45 ਮਣ ਨਿਕਲਦੀਐਂ।

1960ਵਿਆਂ 'ਚ ਪੰਜਾਬ ਦੇ ਕਿਸਾਨਾਂ ਦੀਆਂ ਗੱਲਾਂ ਦਾ ਧੁਰਾ ਮੈਕਸੀਕਨ ਕਣਕਾਂ ਦੇ ਬੀਜ ਰਿਹਾ। ਪਿੰਡਾਂ ਦੀਆਂ ਸੱਥਾਂ, ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ, ਡੇਰਿਆਂ, ਕਚਹਿਰੀਆਂ, ਮੇਲਿਆਂ ਤੇ ਵੱਟਾਂ-ਬੰਨਿਆਂ 'ਤੇ ਜਦੋਂ ਕਿਸਾਨ ਇਕ ਦੂਜੇ ਨੂੰ ਮਿਲਦੇ ਤਾਂ ਕਲਿਆਣ ਤੇ ਪੀਬੀ 18 ਦੀਆਂ ਗੱਲਾਂ ਕਰਦੇ। ਉਹ ਖੀਸਿਆਂ 'ਚੋਂ ਨਵੇਂ ਬੀਜ ਦੇ ਦਾਣੇ ਕੱਢ ਕੇ ਵਿਖਾਉਂਦੇ ਇਕ ਦੂਜੇ ਨਾਲ ਨਿਰਖਦੇ। ਅਸਲੀ ਨਕਲੀ ਬੀਜ ਦੀ ਪਛਾਣ ਕਰਦੇ। ਕੋਈ ਕਹਿੰਦਾ ਦਿੱਲੀ ਦੇ ਪੂਸਾ ਇੰਸਟੀਚਿਊਟ ਤੋਂ ਲਿਆਂਦੈ ਤੇ ਕੋਈ ਕਹਿੰਦਾ ਜ਼ਰਾਇਤੀ ਯੂਨੀਵਰਸਿਟੀ ਲੁਧਿਆਣੇ ਤੋਂ। ਕਸੀਰਾਂ ਤੋਂ ਘੋਨੀ ਕਣਕ ਦਾ ਨਾਂ ਕਿਸੇ ਨੇ 'ਗੇਬੋ' ਰੱਖ ਦਿੱਤਾ ਜਦ ਕਿ ਉਸ ਦਾ ਨਾਂ ਕੁਝ ਹੋਰ ਸੀ। ਉਵੇਂ ਜਿਵੇਂ ਆਇਸ਼ਰ ਟ੍ਰੈਕਟਰ ਨੂੰ ਆਸ਼ਾ ਟ੍ਰੈਕਟਰ ਕਹਿਣ ਲੱਗ ਪਏ ਸਨ।

ਉਨ੍ਹੀਂ ਦਿਨੀਂ ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਸਾਬਕਾ ਪ੍ਰਿੰਸੀਪਲ ਡਾ. ਹਰਬੰਤ ਸਿੰਘ ਦਿੱਲੀ ਆਉਂਦਾ ਜਾਂਦਾ ਸੀ। ਉਹ ਪ੍ਰੋ. ਜਸਵੰਤ ਸਿੰਘ ਫੁੱਲ ਕੋਲ ਠਹਿਰਦਾ। ਮੇਰਾ ਪ੍ਰੋ. ਫੁੱਲ ਕੋਲ ਆਉਣ-ਜਾਣ ਸੀ। ਉਥੇ ਮੇਰੀ ਡਾ. ਹਰਬੰਤ ਸਿੰਘ ਨਾਲ ਜਾਣ-ਪਛਾਣ ਹੋ ਗਈ। ਉਦੋਂ ਉਹ ਗੁਰੂ ਕਾਸ਼ੀ ਕਾਲਜ ਤਲਵੰਡੀ ਸਾਬੋ ਦਾ ਪ੍ਰਿੰਸੀਪਲ ਸੀ ਤੇ ਕਾਲਜ ਲਈ ਕੁਝ ਨਾ ਕੁਝ ਲੈਣ ਲਈ ਦਿੱਲੀ ਗੇੜਾ ਮਾਰਦਾ ਰਹਿੰਦਾ ਸੀ। ਪ੍ਰੋ. ਫੁੱਲ ਰੁੱਝਿਆ ਹੁੰਦਾ ਤਾਂ ਮੈਂ ਉਹਦਾ ਸਾਥ ਦਿੰਦਾ। ਉਹਦੀ ਉਮਰ ਭਾਵੇਂ ਸੱਠ ਸਾਲ ਦੇ ਨੇੜ ਸੀ ਪਰ ਦਿੱਖ ਜੁਆਨਾਂ ਵਰਗੀ ਸੀ। ਇਕ ਦਿਨ ਕਨਾਟ ਪਲੇਸ 'ਚ ਘੁੰਮਦਿਆਂ ਕਹਿਣ ਲੱਗਾ, "ਜੁਆਨਾਂ, ਔਹ ਦੇਖ ਓਡੀਅਨ ਸਿਨਮੇ 'ਚ 'ਸੰਗਮ' ਫਿਲਮ ਲੱਗੀ ਐ। ਜੇ ਟਿਕਟਾਂ ਦਾ ਹੱਲਾ ਮਾਰ ਲਵੇਂ ਤਾਂ ਦੇਖ ਈ ਲਈਏ।"

ਮੈਂ ਹੱਲਾ ਮਾਰਿਆ ਤੇ ਧੱਕੋ-ਧੱਕੀ ਹੁੰਦੀ ਲਾਈਨ 'ਚ ਲੱਗ ਕੇ ਧੱਕੇ ਨਾਲ ਦੋ ਟਿਕਟਾਂ ਲੈ ਆਇਆ। ਪ੍ਰਿੰਸੀਪਲ ਨੇ ਮੈਨੂੰ ਸ਼ਾਬਾਸ਼ੇ ਦਿੱਤੀ ਕਿ ਜੁਆਨ ਹੋਵੇ ਤਾਂ ਤੇਰੇ ਵਰਗਾ ਹੋਵੇ। ਅਸੀਂ ਫਿਲਮ ਵੇਖੀ ਜੀਹਦਾ ਇਕ ਗਾਣਾ ਮੈਨੂੰ ਅਜੇ ਵੀ ਯਾਦ ਹੈ: ਤੇਰੇ ਮਨ ਕੀ ਗੰਗਾ, ਮੇਰੇ ਮਨ ਕੀ ਜਮਨਾ ਕਾ, ਬੋਲ ਰਾਧਾ ਬੋਲ ਸੰਗਮ ਹੋਗਾ ਯਾ ਨਹੀਂ...।"

ਡਾ. ਹਰਬੰਤ ਸਿੰਘ ਬੌਟਨੀ ਦਾ ਪੀ.ਐੱਚਡੀ ਸੀ। ਜਦੋਂ ਪੰਜਾਬੀ ਸੂਬੇ ਦਾ ਮੋਰਚਾ ਲੱਗਾ ਉਦੋਂ ਉਹ ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਪ੍ਰਿੰਸੀਪਲ ਸੀ। ਕੈਰੋਂ ਨੇ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਹਰੇ ਲਾਉਣ ਉਤੇ ਪਾਬੰਦੀ ਲਾ ਦਿੱਤੀ। ਡਾ. ਹਰਬੰਤ ਸਿੰਘ ਨੇ ਇਕ ਲੇਖ ਲਿਖ ਕੇ ਪਾਬੰਦੀ ਦਾ ਵਿਰੋਧ ਕੀਤਾ ਤਾਂ ਕਾਲਜ ਦੀ ਕਾਂਗਰਸੀ ਕਮੇਟੀ ਨੇ ਉਸ ਨੂੰ ਪ੍ਰਿੰਸੀਪਲ ਦੇ ਅਹੁਦੇ ਤੋਂ ਹਟਾ ਦਿੱਤਾ। ਸੰਤ ਫਤਹਿ ਸਿੰਘ ਤੇ ਸੰਤ ਚੰਨਣ ਸਿੰਘ ਨੇ ਪ੍ਰਿੰਸੀਪਲ ਨੂੰ ਉਸੇ ਗਰੇਡ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਕੱਤਰ ਲਾ ਲਿਆ। ਪ੍ਰਿੰਸੀਪਲ ਹਰਬੰਤ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਵੀ ਕਾਲਜ ਦੇ ਹਿਸਾਬ ਨਾਲ ਚਲਾਉਣਾ ਚਾਹਿਆ। ਹਜ਼ਾਰਾਂ ਰੁਮਾਲੇ, ਪ੍ਰਸ਼ਾਦ ਲਈ ਸੈਂਕੜੇ ਘਿਉ ਦੇ ਪੀਪੇ ਤੇ ਲੰਗਰ ਲਈ ਆਟੇ ਦਾਲ ਦੀਆਂ ਅਣਗਿਣਤ ਬੋਰੀਆਂ ਦੀ ਗਿਣਤੀ-ਮਿਣਤੀ ਸ਼ੁਰੂ ਕੀਤੀ ਤਾਂ ਸੰਤਾਂ ਨੇ ਸਮਝ ਲਿਆ ਕਿ ਇਹ ਭਾਈ ਕਮੇਟੀ ਦੀ ਸਕੱਤਰੀ ਕਰਨ ਦੇ 'ਲੈਕ' ਨਹੀਂ। ਇਹਨੂੰ ਤਾਂ ਕੋਈ ਨਵਾਂ ਕਾਲਜ ਈ ਖੋਲ੍ਹ ਕੇ ਦੇਣਾ ਪਊ!

ਸੰਤਾਂ ਨੇ ਡਾ. ਹਰਬੰਤ ਸਿੰਘ ਨੂੰ ਪ੍ਰਿੰਸੀਪਲ ਲਾਉਣ ਲਈ ਤਲਵੰਡੀ ਸਾਬੋ 'ਚ ਗੁਰੂ ਕਾਸ਼ੀ ਕਾਲਜ ਖੋਲ੍ਹ ਦਿੱਤਾ। ਉਹ ਕਾਲਜ ਫਿਰ ਉਸ ਨੇ ਆਪਣੀ ਮਰਜ਼ੀ ਮੁਜਬ ਚਲਾਇਆ। ਇਕ ਵਾਰ ਮੈਂ ਦਿੱਲੀਓਂ ਮੁੜਦਾ ਉਸ ਨੂੰ ਦਮਦਮਾ ਸਾਹਿਬ ਮਿਲਣ ਗਿਆ। ਮਈ ਦਾ ਮਹੀਨਾ ਸੀ। ਧੂੜਾਂ ਉੱਡ ਰਹੀਆਂ ਸਨ। ਗੁਰਦੁਆਰਾ ਦਮਦਮਾ ਸਾਹਿਬ ਦੇ ਸਫੈਦ ਗੁੰਬਦ ਚੜ੍ਹੀ ਹੋਈ ਖੱਖ 'ਚ ਘਸਮੈਲੇ ਜਿਹੇ ਦਿਸਦੇ ਸਨ। ਕਾਲਜ ਦਾ ਰਾਹ ਪੁੱਛ ਕੇ ਮੈਂ ਪ੍ਰਿੰਸੀਪਲ ਦੇ ਦਫਤਰ ਗਿਆ ਤਾਂ ਡਾ. ਸਾਹਿਬ ਬੜੇ ਤਪਾਕ ਨਾਲ ਮਿਲੇ। ਚਾਹ ਪਾਣੀ ਪੀ ਕੇ ਮੈਂ ਜਾਣ ਦੀ ਆਗਿਆ ਮੰਗੀ ਤਾਂ ਉਨ੍ਹਾਂ ਨੇ ਕਿਹਾ, "ਐਡੀ ਦੂਰੋਂ ਆਇਐਂ। ਰਾਤ ਏਥੇ ਈ ਰਹਿ। ਨਾਲੇ ਤੈਨੂੰ ਕਲਿਆਣ ਤੇ ਪੀਬੀ 18 ਦਾ ਬੀਜ ਵੀ ਦੇਣਾ।"

ਦਿੱਲੀ ਦੀ ਪਿਛਲੀ ਫੇਰੀ ਸਮੇਂ ਉਹਨੇ ਕਿਹਾ ਸੀ ਕਿ ਕਾਲਜ ਦੇ ਫਾਰਮ ਵਿਚ ਮੈਂ ਮੈਕਸੀਕਨ ਤੇ ਪੀਬੀ 18 ਕਣਕ ਬਿਜਾਈ ਹੈ। ਉਸ ਨੇ ਮੈਨੂੰ ਪੰਜ ਕਿਲੋ ਕਲਿਆਣ ਦਾ ਬੀਜ ਤੇ ਵੀਹ ਕਿਲੋ ਪੀਬੀ 18 ਦਾ ਬੀਜ ਦੇਣ ਦਾ ਬਚਨ ਦਿੱਤਾ ਸੀ। ਇਕ ਕਿਸਾਨ ਦੇ ਪੁੱਤਰ ਲਈ ਏਦੂੰ ਵੱਡਾ ਤੋਹਫ਼ਾ ਹੋਰ ਕੀ ਹੋ ਸਕਦਾ ਸੀ? ਉਹਦੇ ਨਾਲ ਸਾਡੇ ਘਰ ਹਰਾ ਇਨਕਲਾਬ ਆਉਣਾ ਸ਼ੁਰੂ ਹੋ ਜਾਣਾ ਸੀ। ਮੈਂ ਰਾਤ ਰਹਿਣ ਲਈ ਰੁਕ ਗਿਆ।

ਦਿਨ ਛਿਪੇ ਅਸੀਂ ਪਾਣੀ ਛਿੜਕਾ ਕੇ ਖੁੱਲ੍ਹੇ ਥਾਂ ਮੰਜੇ ਡਹਾ ਲਏ। ਸਿਰ੍ਹਾਣੇ ਪਾਣੀ ਦਾ ਘੜਾ ਰਖਵਾ ਲਿਆ। ਪਤਨੀ ਪੇਕੇ ਗਈ ਹੋਣ ਕਰਕੇ ਸੇਵਾਦਾਰ ਨੂੰ ਗੁਰਦੁਆਰੇ ਤੋਂ ਲੰਗਰ ਲੈਣ ਭੇਜ ਦਿੱਤਾ ਤੇ ਮੈਨੂੰ ਦੱਸਣ ਲੱਗਾ, "ਲੰਗਰ ਦਾ ਦਾਲ-ਪਰਸ਼ਾਦਾ ਬੜਾ ਸੁਆਦ ਹੁੰਦੈ। ਤੂੰ ਕਾਕੇ ਦੇ ਢਾਬੇ ਤੋਂ ਰੋਟੀ ਖੁਆਈ ਸੀ, ਅੱਜ ਲੰਗਰ ਦੀ ਖਾ ਕੇ ਵੇਖੀਂ। ਇਕੇਰਾਂ ਪ੍ਰਿੰਸੀਪਲ ਸਾਹਿਬ ਨੂੰ ਅਸੀਂ ਸੱਚਮੁੱਚੀਂ ਕਨਾਟ ਪਲੇਸ ਵਾਲੇ ਕਾਕੇ ਦੇ ਢਾਬੇ ਤੋਂ ਰੋਟੀ ਖੁਆਈ ਸੀ ਜੋ ਉਸ ਨੂੰ ਯਾਦ ਸੀ।

ਸੇਵਾਦਾਰ ਨੂੰ ਲੰਗਰ ਲੈਣ ਗਿਆਂ ਅਜੇ ਥੋੜ੍ਹਾ ਹੀ ਚਿਰ ਹੋਇਆ ਸੀ ਕਿ ਕਾਲੀ ਬੋਲੀ ਹਨ੍ਹੇਰੀ ਆ ਗਈ। ਘੰਟਾ ਕੁ ਬੀਤ ਜਾਣ 'ਤੇ ਪ੍ਰਿੰਸੀਪਲ ਨੇ ਕਿਹਾ, "ਸਰਵਣ ਸਿਆਂ, ਲੱਗਦੈ ਸੇਵਾਦਾਰ ਰਾਹ ਭੁੱਲ ਗਿਆ ਹੋਊ। ਲੰਗਰ ਦੇ ਪਰਸ਼ਾਦੇ ਅੱਜ ਆਪਣੇ ਕਰਮਾਂ 'ਚ ਨੀ। ਅਏਂ ਕਰਦੇ ਆਂ, ਬਿਸਕੁਟ ਖਾ ਕੇ ਸੌਂ ਜਾਨੇ ਆਂ। ਸਵੇਰੇ ਆਮਲੇਟ ਨਾਲ ਪਰੌਂਠੇ ਛਕਾਂਗੇ।"

ਸਵੇਰੇ ਉੱਠੇ ਤਾਂ ਸਾਡੇ ਮੂੰਹ ਸਿਰ ਰੇਤ ਨਾਲ ਅੱਟੇ ਪਏ ਸਨ। ਮੈਂ ਡਾਕਟਰ ਸਾਹਿਬ ਦੀ ਦਾੜ੍ਹੀ ਵੇਖ ਕੇ ਹੱਸੀ ਜਾਵਾਂ ਤੇ ਉਹ ਮੇਰਾ ਜੂੜਾ ਵੇਖ ਕੇ ਹੱਸੀ ਜਾਵੇ। ਨ੍ਹਾ ਧੋ ਕੇ ਅਸੀਂ ਸੱਚੀਓਂ ਆਮਲੇਟ ਨਾਲ ਪਰੌਂਠੇ ਖਾਧੇ। ਫਿਰ ਕਾਲਜ ਦੇ ਕੈਂਪਸ ਦਾ ਚੱਕਰ ਲਾਉਂਦਿਆਂ ਸਟੋਰ ਤੋਂ ਬੀਜ ਦਾ ਪਤਾ ਕੀਤਾ। ਪਤਾ ਲੱਗਾ ਕਿ ਕਲਿਆਣ ਦਾ ਬੀਜ ਤਾਂ ਮੁੱਕ ਗਿਐ ਪਰ ਪੀਬੀ 18 ਦਾ ਹੈਗਾ। ਉਸ ਨੂੰ ਅਫਸੋਸ ਹੋਇਆ ਕਿ ਉਹ ਹੁਣ ਕਲਿਆਣ ਦਾ ਬੀਜ ਨਹੀਂ ਸੀ ਦੇ ਸਕਦਾ। ਉਹਦੇ ਮੂੰਹੋਂ ਨਿਕਲ ਗਿਆ, "ਕਲਿਆਣ ਦੇ ਬੀ ਦੀ ਕਸਰ ਤੂੰ ਪੀਬੀ 18 ਦਾ ਬੀ ਵੱਧ ਲਿਜਾ ਕੇ ਪੂਰੀ ਕਰ-ਲੀਂ।" ਮੈਂ ਖੜ੍ਹਾ ਖੜੋਤਾ ਦੋ ਮਣ ਬੀਜ ਲੈਣ ਬਾਰੇ ਸੋਚ ਗਿਆ ਤੇ ਕਿਹਾ, "ਅੱਜ ਮੈਂ ਕਿਤੇ ਹੋਰ ਜਾਣੈ। ਭਲਕੇ ਆਵਾਂਗਾ ਤੇ ਬੀ ਲੈ ਜਾਵਾਂਗਾ।"

ਹੋਰ ਕਿਤੇ ਜਾਣ ਦੀ ਥਾਂ ਮੈਂ ਪਿੰਡ ਨੂੰ ਚੱਲ ਪਿਆ। ਬਰਨਾਲੇ ਤੋਂ ਬੱਸ ਫੜੀ ਤੇ ਬੌਂਡੇ ਜਾ ਉਤਰਿਆ। ਉਥੋਂ ਸਾਡਾ ਪਿੰਡ ਚਕਰ ਨੇੜੇ ਈ ਪੈਂਦਾ ਸੀ। ਦਿਨ ਛਿਪਿਆ ਹੋਣ ਕਰਕੇ ਅੱਡੇ ਤੋਂ ਸੌਂਫੀਏ ਦਾ ਪਊਆ ਲੈ ਲਿਆ। ਕੁਛ ਪੀ ਲਿਆ ਤੇ ਬਚਦੇ 'ਚ ਪਾਣੀ ਪਾ ਕੇ ਨੇਫ਼ੇ 'ਚ ਟੁੰਗ ਲਿਆ। ਤੁਰਦਿਆਂ ਸਰੂਰ ਚੜ੍ਹਨ ਲੱਗਾ। ਪਹਿਲਾਂ ਮੈਂ ਦੋ ਮਣ ਬੀਜ ਲੈਣ ਬਾਰੇ ਸੋਚਿਆ ਸੀ। ਫਿਰ ਕੁਇੰਟਲ ਬੀਜ ਲਿਆਉਣ ਬਾਰੇ ਸੋਚਣ ਲੱਗ ਪਿਆ। ਹੋਰ ਘੁੱਟ ਲਾਈ ਤਾਂ ਡੂਢ ਕੁਇੰਟਲ ਤੇ ਅਗਲੀ ਘੁੱਟ ਨਾਲ ਦੋ ਕੁਇੰਟਲ 'ਤੇ ਪਹੁੰਚ ਗਿਆ! ਅੰਦਰੋਂ ਮਨ ਹੁੰਗਾਰਾ ਭਰੀ ਜਾਵੇ, "ਪ੍ਰਿੰਸੀਪਲ ਨੇ ਸਾਫ ਕਿਹੈ, ਕਲਿਆਣ ਦੀ ਕਸਰ ਪੀਬੀ 18 ਦਾ ਬੀ ਵੱਧ ਲਿਜਾ ਕੇ ਪੂਰੀ ਕਰ-ਲੀਂ। ਕਸਰ ਕਿਉਂ ਛੱਡੀਏ? 'ਕੱਠਾ ਦੋ ਕੁਇੰਟਲ ਲਿਆਵਾਂਗੇ...।"

ਪਿੰਡ ਪਹੁੰਚਦਿਆਂ ਮੈਂ ਸਾਰੇ ਖੇਤ ਪੀਬੀ 18 ਨਾਲ ਬੀਜਣ ਦੀ ਕਲਪਨਾ ਕਰ ਗਿਆ ਤੇ ਸ਼ੇਖ ਚਿਲੀ ਬਣਿਆ ਘਰ ਪਹੁੰਚਾ। ਕੁਰਲੀ ਮੈਂ ਬਾਹਰਲੇ ਨਲਕੇ ਤੋਂ ਈ ਕਰ ਗਿਆ ਪਈ ਪੀਤੀ ਦਾ ਪਤਾ ਨਾ ਲੱਗੇ। ਫਿਰ ਵੀ ਰੋਟੀ ਖਾਂਦਿਆਂ ਮੈਂ ਫੜ੍ਹ ਮਾਰ ਬੈਠਾ, "ਪ੍ਰਿੰਸੀਪਲ ਆਪਣਾ ਘਰ ਦਾ ਬੰਦੈ। ਭਲਕੇ ਮੈਂ ਸਾਰੇ ਖੇਤਾਂ ਵਾਸਤੇ ਪੀਬੀ 18 ਦਾ ਬੀ ਲਿਆਊਂ ਜਿਸ ਨਾਲ ਦਿੱਲੀ ਤੋਂ ਕਰਾਈ ਪੜ੍ਹਾਈ ਦਾ ਮੁੱਲ ਮੋੜ-ਦੂੰ। ਮੈਂ ਦਮਦਮੇ ਜਾਊਂ ਤੇ ਬੀਜ ਦੀਆਂ ਬੋਰੀਆਂ ਬੱਸ 'ਤੇ ਰੱਖੀ ਆਊਂ। ਗੱਡਾ ਲੈ ਕੇ ਬੱਧਨੀ ਪਹੁੰਚ ਜਿਓ।"

ਘਰ ਦੇ ਹੈਰਾਨ ਕਿ ਅੱਗੇ ਤਾਂ ਇਹਨੇ ਕਦੇ ਦਿੱਲੀ ਤੋਂ ਪੰਜ ਕਿਲੋ ਬੀ ਲਿਆਉਣ ਦੀ ਵੀ ਹਾਮੀ ਨੀ ਭਰੀ। ਅੱਜ ਦਿੱਲੀ ਦਾ ਨਵਾਬ ਬਣਿਆ ਬੈਠਾ! ਪੀਬੀ 18 ਦਾ ਤਾਂ ਕਿਲੋ ਬੀ ਵੀ ਕਿਤੋਂ ਬੰਦਾ ਮਾਰਿਆਂ ਨੀ ਸੀ ਮਿਲਦਾ ਤੇ ਇਹ ਚੌਦਾਂ ਕਿੱਲੇ ਬੀਜਣ ਦੇ ਫੈਂਟਰ ਮਾਰੀ ਜਾਂਦੈ!

ਸਵੇਰੇ ਚਾਹ ਨਾਲ ਖਾਲੀ ਬੋਰੀਆਂ ਵੀ ਆ ਗਈਆਂ। ਕਹਿੰਦੇ, "ਚੱਲ ਸੈਂਕਲ 'ਤੇ ਬੌਡਿਆਂ ਤੋਂ ਬੱਸ ਚੜ੍ਹਾ ਆਉਨੇ ਆਂ।" ਚਾਹ ਪੀਂਦਿਆਂ ਮੈਂ ਸੋਚਿਆ, "ਰਾਤ ਮੈਥੋਂ ਕੁਝ ਵੱਡਾ ਈ ਫੈਂਟਰ ਵੱਜ ਗਿਐ। ਚਲੋ ਦੇਖਦੇ ਆਂ ਕੀ ਬਣਦੈ?" ਮੈਂ ਪੈਸੇ ਜੇਬ 'ਚ ਪਾਏ ਤੇ ਬੋਰੀਆਂ ਦਾ ਬੰਡਲ ਲੈ ਕੇ ਬੌਡਿਆਂ ਨੂੰ ਚਾਲੇ ਪਾ ਲਏ। ਬੱਸ ਚੜ੍ਹਨ ਲੱਗਾ ਮੈਂ ਠੇਕੇ ਵੱਲ ਕੁਣੱਖਾ ਝਾਕਿਆ ਕਿ ਏਸੇ ਨੇ ਈ ਪੰਗਾ ਪਾਇਆ। ਨਾ ਇਹ ਏਥੇ ਹੁੰਦਾ, ਨਾ ਮੈਂ ਪੀਂਦਾ ਤੇ ਨਾ ਮੈਥੋਂ ਏਡੀ ਵੱਡੀ ਫੜ੍ਹ ਵੱਜਦੀ। ਮਣ ਦੋ ਮਣ ਬੀਜ ਤਾਂ ਮੰਨਿਆ ਪਰ ਨੌਂ ਦਸ ਮਣ ਬੀਜ ਕਿਵੇਂ ਲਿਆਵਾਂਗਾ? ਫਿਰ ਵੀ ਮਨ 'ਚ ਸਕੀਮਾਂ ਲਾਉਂਦਾ ਗਿਆ।

ਬਣਾਈ ਸਕੀਮ ਮੁਤਾਬਿਕ ਮੈਂ ਅਰਜ਼ ਗੁਜ਼ਾਰੀ, "ਡਾ. ਸਾਹਿਬ ਸਾਡੇ ਰਿਸ਼ਤੇਦਾਰ ਤੇ ਸਕੇ ਸੋਧਰੇ ਸਾਰੇ ਈ ਕਿੱਲੇ ਕਿੱਲੇ ਦਾ ਬੀ ਮੰਗਦੇ ਐ। ਸਾਨੂੰ ਚੌਦਾਂ ਕਿੱਲਿਆਂ ਦਾ ਬੀ ਚਾਹੀਦੈ। ਜੇ ਕਿੱਲੇ 'ਚ ਪੱਚੀ ਕਿੱਲੋ ਈ ਪਾਈਏ ਤਾਂ ਵੀ ਸਾਢੇ ਤਿੰਨ ਕੁਇੰਟਲ ਬਣਦੈ।"

ਡਾ. ਹਰਬੰਤ ਸਿੰਘ ਦਾਖਾ ਦਰਿਆ ਦਿਲ ਬੰਦਾ ਸੀ ਤੇ ਮੇਰੀ ਦਿੱਲੀ ਦੀ ਸੇਵਾ ਦਾ ਅਹਿਸਾਨਮੰਦ ਵੀ। ਉਸ ਨੇ ਸਟੋਰ ਕੀਪਰ ਨੂੰ ਸਾਢੇ ਤਿੰਨ ਕੁਇੰਟਲ ਕਣਕ ਤੋਲਣ ਦਾ ਆਰਡਰ ਦੇ ਦਿੱਤਾ। ਮੈਂ ਪੈਸੇ ਜਮ੍ਹਾਂ ਕਰਾਏ ਤੇ ਸੱਤ ਬੋਰੀਆਂ 'ਚ ਪੰਜਾਹ ਪੰਜਾਹ ਕਿੱਲੋ ਬੀਜ ਪੁਆ ਲਿਆ। ਰੇੜ੍ਹੀ ਵਾਲੇ ਨੇ ਬੋਰੀਆਂ ਬੱਸ ਅੱਡੇ 'ਤੇ ਪੁਚਾ ਦਿੱਤੀਆਂ। ਦਮਦਮਾ ਸਾਹਿਬ ਤੋਂ ਬਰਨਾਲੇ ਜਾਣ ਵਾਲੀ ਬੱਸ ਆਈ ਤਾਂ ਮੈਂ ਡਰਾਈਵਰ ਨੂੰ ਪੁੱਛਿਆ, "ਬਾਈ ਜੀ, ਕਣਕ ਦੇ ਸੱਤ ਗੱਟੂ ਬਰਨਾਲੇ ਲਿਜਾਣੇ ਆਂ। ਚੜ੍ਹਾ ਲਾਂ?" ਉਸ ਨੇ ਖੁੱਲ੍ਹਦਿਲੀ ਨਾਲ ਕਿਹਾ, "ਚੜ੍ਹਾ ਲੈ।" ਪਰ੍ਹਾਂ ਸੁਰਮਾ ਪਾਈ ਸ਼ੁਕੀਨ ਬਣਿਆ ਕੰਡਕਟਰ ਕਹਿਣ ਲੱਗਾ, "ਅਸੀਂ ਬੱਸ ਦੀ ਛੱਤ ਨੀ ਤੁੜਾਉਣੀ।" ਮੈਂ ਨਰਮੀ ਨਾਲ ਕਿਹਾ, "ਵੀਰ ਜੀ, ਮੈਂ ਭਾਰ ਦਾ ਕਿਰਾਇਆ ਦੇਵਾਂਗਾ।" ਉਹ ਕਹਿੰਦਾ, "ਕਿਰਾਇਆ ਤਾਂ ਹਰੇਕ ਦਿੰਦਾ। ਅਸੀਂ ਇਕੋ ਸਵਾਰੀ ਦਾ ਏਨਾ ਭਾਰ ਨੀ ਲੱਦ ਸਕਦੇ।"

ਮੈਨੂੰ ਨਹੀਂ ਸੀ ਪਤਾ ਕਿ ਇਕ ਸਵਾਰੀ ਕਿੰਨਾ ਭਾਰ ਲਿਜਾ ਸਕਦੀ ਹੈ? ਖੁੱਲ੍ਹਦਿਲੇ ਡਰਾਈਵਰ ਨੂੰ ਮੈਂ ਫਿਰ ਬੇਨਤੀ ਕੀਤੀ। ਉਹ ਕਹਿਣ ਲੱਗਾ, "ਏਸ ਸ਼ੁਕੀਨ ਦੀ ਪਰਵਾਹ ਨਾ ਕਰ। ਚੁੱਪ ਕਰ ਕੇ ਬੋਰੀਆਂ ਬੱਸ 'ਤੇ ਰਖਵਾ ਲੈ।"

ਡਰਾਈਵਰ ਮੈਨੂੰ ਨਰ ਬੰਦਾ ਲੱਗਾ। ਉਹਦੇ ਖਾਕੀ ਵਰਦੀ ਪਾਈ ਤੇ ਖਾਕੀ ਹੀ ਪੱਗ ਬੰਨ੍ਹੀ ਹੋਈ ਸੀ। ਮੈਂ ਬੋਰੀਆਂ ਬੱਸ 'ਤੇ ਚੜ੍ਹਵਾਉਣ ਲਈ ਕੁਲੀ ਲੱਭਣ ਲੱਗਾ ਪਰ ਉਨ੍ਹੀਂ ਦਿਨੀਂ ਉਥੇ ਕੋਈ ਕੁਲੀ ਨਹੀਂ ਸੀ। ਹਾਰ ਕੇ ਮੈਂ ਆਪ ਹੀ ਪੰਜਾਹ ਕਿੱਲੋ ਦੀ ਬੋਰੀ ਮੋਢੇ 'ਤੇ ਰੱਖੀ ਤੇ ਬੱਸ ਦੀਆਂ ਪੌੜੀਆਂ ਚੜ੍ਹਨ ਲੱਗਾ। ਬੋਰੀ ਬੱਸ ਦੀ ਛੱਤ 'ਤੇ ਉਲਟਾਉਣ ਲੱਗਾ ਤਾਂ ਉਹ ਉਲਟ ਕੇ ਭੁੰਜੇ ਡਿੱਗ ਪਈ। ਮੈਨੂੰ ਲੱਗਾ ਕਿ ਇਹ ਮੈਥੋਂ 'ਕੱਲੇ ਤੋਂ ਨੀ ਚੜ੍ਹਨੀਆਂ। ਆਪਣੇ ਆਪ ਨੂੰ ਕੋਸਣ ਲੱਗਾ ਕਿ ਏਡਾ ਪੰਗਾ ਕਾਹਨੂੰ ਲੈਣਾ ਸੀ?

ਚਾਹ ਪੀ ਕੇ ਮੁੜੇ ਡਰਾਈਵਰ ਨੇ ਮੈਨੂੰ ਪੁੱਛਿਆ, "ਤੂੰ ਬੋਰੀਆਂ ਕਿਉਂ ਨੀ ਚੜ੍ਹਾਉਂਦਾ? ਸਾਡਾ ਤਾਂ ਚੱਲਣ ਦਾ ਟੈਮ ਹੋ ਗਿਆ।" ਮੈਂ ਮਜਬੂਰੀ 'ਚ ਆਖਿਆ, "ਏਥੇ ਬਾਈ ਜੀ ਕੋਈ ਬੋਰੀਆਂ ਚੜ੍ਹਵਾਉਣ ਵਾਲਾ ਨੀ ਮਿਲਿਆ। 'ਕੱਲੇ ਤੋਂ ਮੈਥੋਂ ਚੜ੍ਹੀਆਂ ਨੀ।" ਉਸ ਨੇ ਕਿਹਾ, "ਆ ਮੈਂ ਚੜ੍ਹਵਾਉਨਾਂ।" ਅਸੀਂ ਦੋਹਾਂ ਨੇ ਬੋਰੀ ਚੁੱਕੀ। ਮੇਰੀ ਪੋਚਵੀਂ ਪੱਗ ਦਾ ਲਿਹਾਜ ਕਰਦਿਆਂ ਉਸ ਨੇ ਮੈਥੋਂ ਪਹਿਲਾਂ ਈ ਆਪਣਾ ਖਾਕੀ ਪੱਗ ਵਾਲਾ ਸਿਰ ਬੋਰੀ ਹੇਠਾਂ ਦੇ ਦਿੱਤਾ। ਇਕ ਇਕ ਕਰ ਕੇ ਸੱਤੇ ਬੋਰੀਆਂ ਬੱਸ ਦੀ ਛੱਤ 'ਤੇ ਰੱਖੀਆਂ ਗਈਆਂ। ਮੇਰਾ ਮਨ ਉਸ ਭਲੇ ਪੁਰਸ਼ ਲਈ ਸ਼ੁਕਰਾਨੇ ਨਾਲ ਭਰ ਗਿਆ। ਉਸ ਨੇ ਰੁਮਾਲ ਨਾਲ ਪੱਗ ਝਾੜਦਿਆਂ ਕਿਹਾ, "ਲੈ ਐਸ ਮਾੜੇ ਜੇ ਕੰਮ ਲਈ ਕੁਲੀ ਨੇ ਪੰਜ ਰੁਪਏ ਲੈ ਲੈਣੇ ਸੀ।"

ਸ਼ੁਕਰਾਨਾ ਕਰਦਿਆਂ ਮੈਂ ਮਲਕ ਦੇਣੇ ਪੰਜਾਂ ਦਾ ਨੋਟ ਉਹਦੀ ਜੇਬ 'ਚ ਪਾ ਦਿੱਤਾ। ਉਸ ਨੇ ਨੋਟ ਮੋੜਨ ਦੀ ਬਥੇਰੀ ਵਾਹ ਲਾਈ ਪਰ ਮੈਂ ਉਹਦੀ ਪੇਸ਼ ਨਾ ਜਾਣ ਦਿੱਤੀ ਤੇ ਕਿਹਾ "ਇਹ ਤਾਂ ਤੁਹਾਡੇ ਬੱਚਿਆਂ ਨੂੰ 'ਪਿਆਰ' ਐ।"

ਬੱਸ ਚੱਲ ਪਈ। ਕੋਟ ਸ਼ਮੀਰ ਦੇ ਅੱਡੇ 'ਤੇ ਇਕ ਸਵਾਰੀ ਬੱਤਾ ਪੀਣ ਉੱਤਰ ਗਈ। ਡਰਾਈਵਰ ਹਾਰਨ ਮਾਰੀ ਗਿਆ ਪਰ ਸਵਾਰੀ ਮਿਜਾਜ਼ ਨਾਲ ਬੱਤਾ ਪੀ ਕੇ ਈ ਆਪਣੀ ਸੀਟ 'ਤੇ ਆਈ। ਡਰਾਈਵਰ ਨੇ ਕਿਹਾ, "ਭਾਈ ਸਾਹਬ ਆਪਾਂ ਅੱਗੇ ਈ ਲੇਟ ਆਂ। ਤੁਸੀਂ ਹੋਰ ਲੇਟ ਕਰ ਦਿੱਤੈ।" ਅੱਗੋਂ ਸਵਾਰੀ ਨੇ ਹੋਰ ਹੀ ਸਲੋਕ ਸੁਣਾਇਆ, "ਲੇਟ ਤਾਂ ਤੂੰ ਆਪ ਬੋਰੀਆਂ ਚੜ੍ਹਵਾਉਂਦਾ ਹੋਇਐਂ, ਸਿਰ ਮੇਰੇ ਲਾਉਨੈਂ। ਪਹਿਲਾਂ ਆਪਣੀ ਪੱਗ ਤਾਂ ਝਾੜ ਲੈ।" ਉਸ ਦੀ ਇਹ ਚੁਭਵੀਂ ਚੋਟ ਮੈਨੂੰ ਬੜੀ ਰੜਕੀ ਪਰ ਡਰਾਈਵਰ ਤੇ ਮੈਂ ਦੋਵੇਂ ਕਸੀਸ ਵੱਟ ਕੇ ਚੁੱਪ ਰਹੇ।

ਮੈਂ ਡਰਾਈਵਰ ਦੀ ਸੀਟ ਤੋਂ ਕੁਝ ਸੀਟਾਂ ਪਿੱਛੇ ਬੈਠਾ ਸਾਂ। ਮੂਹਰੇ ਲੱਗੇ ਸ਼ੀਸ਼ੇ 'ਚ ਜਦੋਂ ਸਾਡੀ ਨਜ਼ਰ ਮਿਲਦੀ ਤਾਂ ਅਸੀਂ ਨਜ਼ਰਾਂ ਨੀਵੀਆਂ ਕਰ ਲੈਂਦੇ ਮਤਾਂ ਇਕ ਦੂਜੇ ਨੂੰ ਸ਼ਰਮਿੰਦਗੀ ਹੋਵੇ। ਮੈਂ ਨਮੋਸ਼ੀ 'ਚ ਡੁੱਬਾ ਸੋਚ ਰਿਹਾ ਸਾਂ ਕਿ ਮੇਰੀਆਂ ਬੋਰੀਆਂ ਚੜ੍ਹਾਉਣ ਕਰਕੇ ਵਿਚਾਰੇ ਡਰਾਈਵਰ ਨੂੰ ਬੇਇਜ਼ਤ ਹੋਣਾ ਪਿਆ ਸੀ। ਮੈਨੂੰ ਉਸ ਸਵਾਰੀ 'ਤੇ ਗੁੱਸਾ ਆ ਰਿਹਾ ਸੀ ਜੋ ਪਿੱਛੇ ਬੈਠਾ ਯੱਕੜ ਮਾਰੀ ਜਾ ਰਿਹਾ ਸੀ।

ਬੱਸ ਬਰਨਾਲੇ ਪਹੁੰਚੀ ਤਾਂ ਮੈਂ ਕੁਲੀ ਦੀ ਮਦਦ ਨਾਲ ਬੋਰੀਆਂ ਲੁਹਾ ਲਈਆਂ ਤੇ ਬੱਧਨੀ ਵਾਲੀ ਬੱਸ 'ਤੇ ਚੜ੍ਹਵਾ ਲਈਆਂ। ਬੱਸ ਚੱਲਣ 'ਚ ਹਾਲੇ ਟਾਈਮ ਸੀ। ਮੈਂ ਡਰਾਈਵਰ ਨੂੰ ਸੁਲ੍ਹਾ ਮਾਰੀ, "ਆਓ ਬਾਈ ਜੀ ਚਾਹ ਪੀਈਏ।" ਉਸ ਨੂੰ ਚਾਹ ਪਿਆ ਕੇ ਮੈਂ ਉਹਦਾ ਦਿਲੋਂ ਧੰਨਵਾਦ ਕਰਨਾ ਚਾਹੁੰਦਾ ਸਾਂ ਜਾਂ ਇਉਂ ਸਮਝ ਲਓ ਕੋਟ ਸ਼ਮੀਰ ਦੇ ਅੱਡੇ 'ਤੇ ਹੋਈ ਬਦਮਜ਼ਗੀ ਭੁਲਾਉਣੀ ਚਾਹੁੰਦਾ ਸਾਂ। ਉਸ ਨੇ ਕਿਹਾ, "ਬੱਸ ਅੱਡੇ 'ਤੇ ਚਾਹ ਪਿਆਉਣੀ ਤਾਂ ਸਾਡਾ ਫਰਜ਼ ਐ।" ਤੇ ਅਸੀਂ ਚਾਹ ਪੀਣ ਜਾ ਬੈਠੇ।

ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਉਸ ਨੇ ਦੁਕਾਨਦਾਰ ਨੂੰ ਚਾਹ ਬਣਾਉਣ ਤੇ ਨਾਲ ਕੁਛ ਖਾਣ ਦਾ ਆਰਡਰ ਦੇ ਦਿੱਤਾ। ਮੈਂ ਉਸ ਤੋਂ ਪਹਿਲਾਂ ਚਾਹ ਪੀ ਕੇ ਦੁਕਾਨਦਾਰ ਨੂੰ ਪੈਸੇ ਦੇਣ ਲੱਗਾ ਤਾਂ ਉਸ ਨੇ ਹੰਮੇ ਨਾਲ ਦੁਕਾਨਦਾਰ ਨੂੰ ਰੋਕ ਦਿੱਤਾ, "ਇਨ੍ਹਾਂ ਤੋਂ ਪੈਸੇ ਨੀ ਲੈਣੇ। ਜੇ ਲਏ ਤਾਂ ਮੈਂ ਪਿਛਲੇ ਵੀ ਨੀ ਦੇਣੇ।" ਜ਼ੋਰ ਲਾਉਣ ਦੇ ਬਾਵਜੂਦ ਦੁਕਾਨਦਾਰ ਨੇ ਮੇਰੇ ਪੈਸੇ ਨਾ ਫੜੇ।

ਉਥੋਂ ਉਠ ਕੇ ਅਸੀਂ ਬੱਸਾਂ ਵੱਲ ਤੁਰ ਪਏ। ਮੁੜ ਮਿਲਣ ਦਾ ਇਕਰਾਰ ਕਰਦਿਆਂ ਮੈਂ ਡਰਾਈਵਰ ਨਾਲ ਬਗਲਗੀਰ ਹੋਇਆ ਤਾਂ ਉਸ ਨੇ ਉਹੀ ਤਲਵੰਡੀ ਸਾਬੋ ਵਾਲਾ ਪੰਜਾਂ ਦਾ ਨੋਟ ਮਲਕ ਦੇਣੇ ਮੇਰੀ ਜੇਬ 'ਚ ਪਾ ਦਿੱਤਾ। ਮੈਂ ਤੁਰਤ ਨੋਟ ਕੱਢਿਆ ਤੇ ਉਹਦੇ ਲੱਖ ਰੋਕਣ ਦੇ ਬਾਵਜੂਦ ਉਹਦੀ ਜੇਬ 'ਚ ਤੁੰਨਦਿਆਂ ਕਿਹਾ, "ਬਾਈ ਜੀ ਇਹ ਥੋਡੇ ਵਾਸਤੇ ਨਹੀਂ। ਇਹ ਤਾਂ ਥੋਡੇ ਬੱਚਿਆਂ ਦੇ ਖੰਡ ਖੇਲ੍ਹਣਿਆਂ ਲਈ ਐ। ਇਹਨੂੰ ਮੇਰਾ ਪਿਆਰ ਸਮਝੋ।"

ਪਤਾ ਨਹੀਂ ਕਿਉਂ ਉਹਦੀਆਂ ਅੱਖਾਂ ਭਰ ਆਈਆਂ ਤੇ ਮੇਰੀਆਂ ਵੀ ਸਿੱਲ੍ਹੀਆਂ ਹੋ ਗਈਆਂ। ਬੱਸ ਦੇ ਸ਼ੀਸ਼ੇ 'ਚ ਨਜ਼ਰਾਂ ਨੀਵੀਆਂ ਕਰ ਲੈਣ ਵਾਂਗ ਸਾਨੂੰ ਫਿਰ ਇਕ ਦੂਜੇ ਤੋਂ ਨਜ਼ਰਾਂ ਨੀਵੀਆਂ ਕਰਨੀਆਂ ਪਈਆਂ। ਡਰ ਸੀ ਕਿ ਹੰਝੂ ਕਿਸੇ ਨੂੰ ਦਿਸ ਨਾ ਜਾਣ। ਅਚਾਨਕ ਮਿਲੇ ਰਾਹਗੀਰਾਂ ਦਾ ਕੈਸਾ ਰਿਸ਼ਤਾ ਸੀ ਇਹ? ਜਕੋਤਕੀ 'ਚ ਅਸੀਂ ਡੋਲਦੇ ਜਿਹੇ ਆਪੋ ਆਪਣੀਆਂ ਬੱਸਾਂ ਵੱਲ ਤੁਰ ਪਏ। ਮੈਂ ਭਉਂ ਕੇ ਸਿੰਮਦੀਆਂ ਅੱਖਾਂ 'ਚੋਂ ਧੁੰਦਲਾ ਜਿਹਾ ਵੇਖਿਆ, ਅਧਖੜ ਉਮਰ ਦਾ ਉਹ ਮੇਰਾ ਅਣੋਭੜ ਬਾਈ, ਬੋਰੀਆਂ ਦੇ ਭਾਰ ਹੇਠਾਂ ਓਨਾ ਨਹੀਂ ਸੀ ਝੁੰਵਿਆਂ ਜਿੰਨਾ ਪੰਜਾਂ ਰੁਪਿਆਂ ਦੇ ਭਾਰ ਹੇਠਾਂ ਝੁਕਿਆ ਜਾ ਰਿਹਾ ਸੀ!

ਬਾਅਦ ਵਿਚ ਮੈਂ 'ਭਾਰ' ਨਾਂ ਦੀ ਕਹਾਣੀ ਲਿਖੀ ਜੋ ਢੁੱਡੀਕੇ ਦੀ ਸਾਹਿਤ ਸਭਾ ਵਿਚ ਪੜ੍ਹੀ ਗਈ ਤੇ 'ਆਰਸੀ' ਵਿਚ ਛਪੀ। ਉਸ ਬਾਰੇ ਪੰਜਾਬੀ ਕਹਾਣੀ ਦੇ ਸਿਰਮੌਰ ਲੇਖਕ ਵਰਿਆਮ ਸਿੰਘ ਸੰਧੂ ਦੀ ਲਿਖੀ ਟਿੱਪਣੀ ਮੈਨੂੰ ਅਜੇ ਵੀ ਯਾਦ ਹੈ: 'ਪੰਜ ਰੁਪਿਆਂ ਦਾ ਭਾਰ' ਕਹਾਣੀ ਮਨੁੱਖੀ ਮਨ ਦੀ ਬਹੁ-ਰੰਗਤਾ, ਤਰਲਤਾ ਤੇ ਤਰੰਗਤਾ ਦਾ ਦਿਲ ਨੂੰ ਛੂਹ ਜਾਣ ਵਾਲਾ ਅਜਿਹਾ ਸਜਿੰਦ ਬਿਰਤਾਂਤ ਹੈ ਕਿ ਕਹਾਣੀ ਪੜ੍ਹਦਿਆਂ ਬਿਰਤਾਂਤਕਾਰ ਤੇ ਬੱਸ ਦੇ ਡਰਾਈਵਰ ਦੇ ਨਾਲ ਪਾਠਕ ਦੀਆਂ ਅੱਖਾਂ ਵੀ ਸਿੱਲ੍ਹੀਆਂ ਹੋ ਜਾਂਦੀਆਂ ਹਨ। ਬਿਰਤਾਂਤਕਾਰ ਆਪਣੀ ਗੱਲ ਕਹਿ ਕੇ ਤੇ ਡਰਾਈਵਰ ਬੱਸ ਵਿਚ ਬਹਿ ਕੇ ਆਪ ਤਾਂ ਦ੍ਰਿਸ਼ ਤੋਂ ਅਲੋਪ ਹੋ ਜਾਂਦੇ ਹਨ ਪਰ ਜਾਂਦੇ-ਜਾਂਦੇ ਦੋਵੇਂ ਜਣੇ ਆਪਣੇ ਮਨ ਦਾ ਸਾਰਾ ਭਾਰ ਪਾਠਕ ਦੇ ਮਨ 'ਤੇ ਉਲੱਦ ਜਾਂਦੇ ਹਨ। ਮੈਂ ਜਦ ਵੀ ਇਸ ਕਹਾਣੀ ਦੇ ਅੰਤ ਨੂੰ ਚੇਤੇ ਕਰਦਾ ਹਾਂ ਤਾਂ ਉਸੇ ਵੇਲੇ ਦੋਵਾਂ ਪਾਤਰਾਂ ਦੇ ਮਨ ਦਾ ਭਾਰ ਮੇਰੇ ਮਨ ਉਤੇ ਆ ਟਿਕਦਾ ਹੈ।

# ਮਾਡਰਨ ਖੋਜਾਂ ਦਾ ਪੁਰਾਤਨ ਸਿਆਣਪਾਂ ਨਾਲ ਸੁਮੇਲ

ਸੈਰ ਕਰਦੇ ਸਮੇਂ ਇੱਕ ਛੋਟਾ ਜਿਹਾ ਖਰਗੋਸ਼ ਤੁਰਤ ਸਾਡੇ ਧਿਆਨ 'ਚ ਆ ਜਾਂਦਾ ਹੈ ਜਦ ਕਿ ਨੇੜਲਾ ਕੋਈ ਵੱਡਾ ਦਰਖ਼ਤ ਜਾਂ ਖੰਭਾ ਨਹੀਂ ਆਉਂਦਾ। ਇਸ ਦਾ ਕਾਰਨ ਇਹ ਹੈ ਕਿ ਸਾਡੀਆਂ ਅੱਖਾਂ ਕਿਸੇ ਹਿੱਲ ਰਹੀ ਚੀਜ ਅਰਥਾਤ ਬਦਲਾਓ ਨੂੰ ਬਹੁਤ ਛੇਤੀ ਦੇਖ ਸਕਣ ਦੇ ਸਮਰੱਥ ਹਨ। ਇਹ ਉਸ ਚੀਜ ਨੂੰ ਵੀ ਦੇਖ ਸਕਦੀਆਂ ਹਨ ਜਿਸ ਦੀ ਝਲਕ ਇੱਕ ਸਕਿੰਟ ਦੇ 14ਵੇਂ ਹਿੱਸੇ ਦੇ ਸਮੇਂ ਤੱਕ ਵੀ ਇਨ੍ਹਾਂ ਤੇ ਪਈ ਹੋਵੇ ਅਤੇ ਅੱਖਾਂ ਦਾ ਇਹ ਖਾਸਾ ਹੀ ਸਿਨਮੇ ਦਾ ਅਧਾਰ ਹੈ। ਇਹ ਇੱਕ ਲਾਭਦਾਇਕ ਕੁਦਰਤੀ ਗੁਣ ਹੈ ਜਿਸ ਕਰ ਕੇ ਮਨੁੱਖ ਫ਼ੌਰੀ ਖ਼ਤਰਿਆਂ ਤੋਂ ਬਚਾਓ ਕਰ ਸਕਦਾ ਹੈ ਅਤੇ ਹਜ਼ਾਰਾਂ ਸਾਲ ਪਹਿਲਾਂ ਸਾਡੇ ਪੁਰਖਿਆਂ ਨੂੰ ਇਸ ਦੀ ਬਹੁਤ ਲੋੜ ਪੈਂਦੀ ਸੀ। ਅੱਜ ਭਾਵੇਂ ਉਸ ਤਰ੍ਹਾਂ ਦੇ ਖ਼ਤਰੇ ਨਾ-ਮਾਤਰ ਰਹਿ ਗਏ ਹਨ, ਪਰ ਇਹ ਗੁਣ ਸਾਡੇ ਸੰਸਕਾਰਾਂ 'ਚ ਅੱਜ ਵੀ ਬਰਕਰਾਰ ਹੈ। ਹਾਲਾਂ ਕਿ ਅੱਜ ਅਸੀਂ ਇਸ ਦੀ ਵਰਤੋਂ ਬਾਹਰਲੇ ਖ਼ਤਰਿਆਂ


ਇੰਜ. ਈਸ਼ਰ ਸਿੰਘ
ਫੋਨ:647-640-2014

ਬਾਰੇ ਚੌਕੰਨਾ ਰਹਿਣ ਲਈ ਘੱਟ ਅਤੇ ਬਦਲ ਰਹੀਆਂ ਚੀਜ਼ਾਂ 'ਚੋਂ ਲੱਜ਼ਤ ਲੈਣ ਲਈ ਵੱਧ ਕਰ ਰਹੇ ਹਾਂ। ਇਨ੍ਹਾਂ ਲੱਜ਼ਤਾਂ 'ਚ ਗ਼ਲਤਾਨ ਹੋਏ, ਅਸੀਂ ਆਲੇ-ਦੁਆਲੇ ਦੀਆਂ ਸਥਾਈ ਅਤੇ ਵਿਆਪਕ ਪਰ ਲਾਭਦਾਇਕ ਚੀਜ਼ਾਂ 'ਤੋਂ ਲਾਭ ਉਠਾਉਣ ਦੀ ਸਾਡੀ ਯੋਗਤਾ ਬਹੁਤ ਘਟ ਰਹੀ ਹੈ। ਆਪਣੇ ਆਲੇ-ਦੁਆਲੇ ਕੁਦਰਤੀ ਨਿਆਮਤਾਂ ਦੀ ਬਜਾਇ ਅਸੀਂ ਤਾਜ਼ੇ ਨਜ਼ਾਰਿਆਂ ਅਤੇ ਸੂਚਨਾਵਾਂ ਨੂੰ ਵੱਧ ਤਰਜੀਹ ਦੇ ਰਹੇ ਹਾਂ। ਆਪਣੀਆਂ ਇਨ੍ਹਾਂ ਆਦਤਾਂ ਤੋਂ ਆਪਾਂ ਸਾਰੇ ਜਾਣੂ ਹਾਂ, ਅਤੇ ਵੱਧ-ਘੱਟ ਦੇ ਫਰਕ ਨਾਲ ਸਾਰੇ ਹੀ ਇਨ੍ਹਾਂ ਦੇ ਗ਼ੁਲਾਮ ਹਾਂ। ਇਸ ਵਿਗਾੜ ਕਰ ਕੇ ਵਿਆਪਕ, ਪ੍ਰਤੱਖ ਅਤੇ ਮਹੱਤਵ-ਪੂਰਨ ਸਚਾਈਆਂ ਨੂੰ ਪਰਖਣਾ, ਇਨ੍ਹਾਂ 'ਤੇ ਵਿਚਾਰ ਕਰਨਾ ਅਤੇ ਇਨ੍ਹਾਂ ਤੋਂ ਫਾਇਦਾ ਉਠਾਉਣਾ ਸਾਡੇ ਲਈ ਔਖਾ ਹੋ ਗਿਆ ਹੈ।

ਸਾਡੀ ਇਸ ਪ੍ਰਵਿਰਤੀ ਨੂੰ ਦਰਸਾਉਂਦਾ, ਅਮਰੀਕਨ ਚਿੰਤਕ ਡੇਵਿਡ ਵੈਲੇਸ ਫੌਸਟਰ ਦਾ ਇੱਕ ਸੁੰਦਰ ਦ੍ਰਿਸ਼ਟਾਂਤ ਹੈ: ਮੱਛੀਆਂ ਦੇ ਦੋ ਛੋਟੇ ਬੱਚੇ ਪਾਣੀ 'ਚ ਕਲੋਲਾਂ ਕਰ ਰਹੇ ਸਨ, ਤਾਂ ਕੋਲੋਂ ਲੰਘ ਰਹੀ ਇੱਕ ਵੱਡੀ ਮੱਛੀ ਨੇ ਪਿਆਰ ਨਾਲ ਪੁੱਛਿਆ, 'ਹੈਲੋ ਬੱਚਿਓ! ਪਾਣੀ ਦਾ ਅਨੰਦ ਮਾਣ ਰਹੇ ਹੋ, ਕਿਵੇਂ ਲੱਗ ਰਿਹਾ ਹੈ?' ਜਦ ਵੱਡੀ ਮੱਛੀ ਥੋੜੀ ਦੂਰ ਚਲੀ ਗਈ ਤਾਂ ਇੱਕ ਬੱਚੇ ਨੇ ਦੂਸਰੇ ਨੂੰ ਪੁੱਛਿਆ, 'ਇਹ ਪਾਣੀ ਕੀ ਬਲਾਅ ਹੁੰਦੀ ਹੈ'? ਤਾਂ ਦੂਸਰੇ ਨੇ ਮੋਢੇ ਹਿਲਾ ਕੇ ਕਿਹਾ, 'ਕੀ ਪਤਾ'! ਇਹ ਹੀ ਸਾਡਾ ਹਾਲ ਹੈ ਕਿ ਸਿਆਣਪਾਂ ਦੇ ਸਮੁੰਦਰ ਵਿਚ ਰਹਿ ਕੇ ਵੀ ਅਸੀਂ ਸਿਆਣਪਾਂ ਤੋਂ ਤਿਹਾਏ ਹਾਂ। ਇਹ ਆਦਤ ਸਾਡੇ ਇਸ ਵੱਡੇ ਨੁਕਸ ਦੀ ਸੂਚਕ ਹੈ ਕਿ ਚਲੰਤ ਵਰਤਾਰਿਆਂ ਵਿਚ ਮਸਤ ਹੋਏ ਅਸੀਂ ਜੀਵਨ ਦੀਆਂ ਵੱਡੀਆਂ ਸਚਾਈਆਂ ਅਤੇ ਸਿਆਣਪਾਂ ਨੂੰ ਅਣ-ਗੌਲਿਆ ਕਰ ਰਹੇ ਹਾਂ। ਅਸੀਂ ਭੁੱਲ ਹੀ ਗਏ ਹਾਂ ਕਿ ਸਿਆਣਿਆਂ ਵਲੋਂ ਹਜ਼ਾਰਾਂ ਸਾਲਾਂ ਤੋਂ ਆਪਣੇ ਤਜਰਬਿਆਂ ਨੂੰ ਕਸੀਦ ਕਰ ਕੇ ਕੱਢੀਆਂ ਅਤੇ ਸਾਨੂੰ ਪਰੋਸੀਆਂ ਇਹ ਸਿਆਣਪਾਂ, ਸਾਡੇ ਲਈ ਅਤਿਅੰਤ ਲਾਹੇਵੰਦ ਹਨ, ਬੇ-ਲੋੜੀਆਂ ਅਤੇ ਗੈਰ-ਪ੍ਰਸੰਗਕ ਸਮਝ ਲੱਗ ਗਏ ਹਾਂ ਅਤੇ ਹੋ ਰਹੇ ਬਦਲਾਓਆਂ (Changes) ਦੀਆਂ ਲੱਜ਼ਤਾਂ 'ਚ ਗ਼ਲਤਾਨ ਹੋਏ ਫਿਰਦੇ ਹਾਂ। ਇੰਨੇ, ਕਿ ਉਨ੍ਹਾਂ ਸਦੀਵੀ ਸਿਧਾਂਤਾਂ ਦੀ ਕਦਰ ਕਰਨਾ ਹੀ ਭੁੱਲ ਗਏ ਹਾਂ, ਜਿਨ੍ਹਾਂ ਦੇ ਆਧਾਰ ਤੇ ਇਹ ਬਦਲਾਓ ਹੋ ਰਹੇ ਹਨ। ਆਪਣੀ ਇਸ ਪ੍ਰਵਿਰਤੀ ਦੇ ਪ੍ਰਣਾਮ ਆਪਣੇ ਸਾਹਮਣੇ ਹਨ। ਆਪਣੇ ਪੁਰਖਿਆਂ ਤੋਂ ਹਰ ਪੱਖੋਂ ਵੱਧ ਖ਼ੁਸ਼ਹਾਲ, ਵੱਧ ਪੜ੍ਹੇ-ਲਿਖੇ, ਚਤੁਰ, ਸਾਧਨ-ਸੰਪੰਨ ਅਤੇ ਬੇ-ਥਾਹ ਸ਼ਕਤੀ ਅਤੇ ਸੂਚਨਾਵਾਂ ਦੇ ਮਾਲਿਕ (ਸਿਆਣਪਾਂ ਦੇ ਨਹੀਂ) ਹੋਣ ਦੇ ਬਾਵਜੂਦ, ਸਾਨੂੰ ਮਨੁੱਖਤਾ ਦੀ ਹੋਂਦ ਨੂੰ ਬਚਾਉਣਾ ਲੱਗ-ਭੱਗ ਅਸੰਭਵ ਲੱਗ ਰਿਹਾ ਹੈ।

ਇਸ ਦਾ ਇਹ ਮਤਲਬ ਵੀ ਨਹੀਂ ਕਿ ਬਦਲਾਓ ਦੀ ਕੋਈ ਘੱਟ ਮਹੱਤਤਾ ਹੈ; ਇਹ ਵੀ ਕੁਦਰਤ ਦਾ ਇੱਕ ਸਿਧਾਂਤ ਹੈ ਅਤੇ ਸੰਸਾਰ ਤਾਂ ਕੀ, ਬ੍ਰਹਿਮੰਡ ਵੀ ਹਰ ਵਕਤ ਬਦਲ ਰਿਹਾ ਹੈ। ਪਰ ਪੱਛਮੀ ਜੀਵਨ-ਸ਼ੈਲੀ ਨੇ 'ਬਦਲਾਓ' ਉੱਤੇ ਲੋੜ ਤੋਂ ਵੱਧ ਜ਼ੋਰ ਦਿੱਤਾ ਹੈ। ਆਮ ਪੜ੍ਹਦੇ ਹਾਂ ਕਿ 'Change is the only permanent thing in this world' ਇਸ ਨਾਲ ਸਬੰਧਿਤ ਕੋਰਸ ਸੰਸਾਰ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਦੇ ਚੁਣਿੰਦਾ ਕੋਰਸ ਹਨ ਅਤੇ ਅੱਜ ਦੇ ਪ੍ਰਬੰਧ-ਸਿਸਟਮਾਂ ਦਾ ਮਹੱਤਵ-ਪੂਰਨ ਹਿੱਸਾ ਹਨ। ਸਾਡੇ ਚੁਗਿਰਦੇ 'ਚ ਬਦਲਾਓ ਸਾਡੇ ਜੀਵਨ ਦੇ ਹਰ ਪਲ ਦਾ ਵਰਤਾਰਾ ਹੈ ਅਤੇ ਇਸ ਨਾਲ ਬਦਲਦੇ ਰਹਿਣ ਤੋਂ ਬਗ਼ੈਰ ਅਸੀਂ ਇੱਕ ਪਲ ਵੀ ਇਸ ਸੰਸਾਰ 'ਚ ਨਹੀਂ ਰਹਿ ਸਕਦੇ। ਦੋਹਾਂ ਵਰਤਾਰਿਆਂ ਦੀ ਆਪੋ-ਆਪਣੀ ਮਹੱਤਤਾ ਹੈ ਅਤੇ ਸਾਡੇ ਲਈ ਦੋਹਾਂ 'ਚ ਵਿਚਰਨਾ ਜ਼ਰੂਰੀ ਹੈ। ਅਸੀਂ ਜੋ ਸੁਭਾਵਿਕ ਗਲਤੀ ਕਰ ਰਹੇ ਹਾਂ, ਓਹ ਇਨ੍ਹਾਂ ਦੋਹਾਂ 'ਚ ਸਹੀ ਸੰਤੁਲਨ ਨਾਂ ਰੱਖ ਪਾਉਣ ਦੀ ਹੈ। ਵੈਸੇ ਤਾਂ ਇਸ ਜੀਵਨ 'ਚ ਸੰਤੁਲਨ ਦੀ ਹਰ ਖੇਤਰ, ਹਰ ਜਗ੍ਹਾ, ਹਰ ਘੜੀ, ਹਰ ਪਲ ਲੋੜ ਹੈ ਪਰ ਬਦਲਾਓ ਅਤੇ ਸਦੀਵਤਾ 'ਚ ਸੰਤੁਲਨ ਰੱਖਣਾ ਅੱਜ ਦੇ ਸਮੇਂ ਦੀ ਵੱਡੀ ਜ਼ਰੂਰਤ ਹੈ। ਇਸ ਲੇਖ ਦੇ ਪਰਿਪੇਖ 'ਚ ਕਿਹਾ ਜਾ ਸਕਦਾ ਹੈ ਕਿ ਸਾਡੇ ਚੁਗਿਰਦੇ ਦੇ ਬਹੁਤੇ ਵਰਤਾਰੇ ਚਲੰਤ ਹਨ ਜਦ ਕਿ ਪੁਰਾਤਨ ਸਿਆਣਪਾਂ ਸਦੀਵੀ ਹਨ। ਸਾਨੂੰ ਇਨ੍ਹਾਂ ਦੋਹਾਂ ਦੇ ਸੁਮੇਲ ਅਤੇ ਸੰਤੁਲਨ ਦੀ ਹਰ ਸਮੇਂ ਜ਼ਰੂਰਤ ਹੈ, ਜੋ ਅਸੀਂ ਨਹੀਂ ਕਰ ਪਾ ਰਹੇ।

ਇਹ ਮਨੁੱਖ ਦਾ ਸੁਭਾਵਿਕ ਔਗੁਣ ਹੈ, ਸੋ ਇਸ ਤੋਂ ਪਸ਼ੇਮਾਨ ਹੋਣ ਦੀ ਵੀ ਲੋੜ ਨਹੀਂ ਕਿਉਂਕਿ ਜਮਾਂਦਰੂ ਜਾਂ ਸੁਭਾਵਿਕ ਨੁਕਸ ਸਾਡਾ ਕਸੂਰ ਨਹੀਂ ਹੁੰਦੇ। ਇਨਸਾਨ ਵੈਸੇ ਵੀ ਗਲਤੀਆਂ ਦਾ ਪੁਤਲਾ ਹੈ ਅਤੇ ਵੱਧ-ਘੱਟ ਦੇ ਫਰਕ ਨਾਲ ਅਨੇਕਾਂ ਹੋਰ ਸੁਭਾਵਿਕ ਨੁਕਸ ਸੰਸਾਰ ਦੇ ਹਰ ਇਨਸਾਨ 'ਚ ਹਨ, ਪਰ ਇਨ੍ਹਾਂ ਪ੍ਰਤੀ ਸੁਚੇਤ ਹੋਣਾ ਅਤੇ ਇਨ੍ਹਾਂ ਨੂੰ ਤਿਆਗਣ ਦੀਆਂ ਕੋਸ਼ਿਸ਼ਾਂ ਕਰਨਾ ਸਾਡਾ ਮੁਢਲਾ ਫਰਜ਼ ਹੈ ਮਹਾਂ-ਪੁਰਖ ਸਾਨੂੰ ਇਨ੍ਹਾਂ ਬਾਰੇ ਜਾਗਰੂਕ ਅਤੇ ਖ਼ਬਰਦਾਰ ਕਰਦੇ ਰਹਿੰਦੇ ਹਨ। ਭਾਗ-ਵਸ, ਸਾਨੂੰ ਉਨ੍ਹਾਂ ਦੀਆਂ ਸਿਆਣਪਾਂ ਸਣੇ ਓਹ ਸਭ ਵਸੀਲੇ ਹਾਸਿਲ ਹਨ ਜਿਨ੍ਹਾਂ ਰਾਹੀਂ ਅਸੀਂ ਇਨ੍ਹਾਂ ਦਾ ਤਿਆਗ ਕਰ ਸਕਦੇ ਹਾਂ। ਇਹ ਕੋਈ ਅਤਿ-ਕਥਨੀ ਨਹੀਂ ਕਿ ਸਾਡੇ ਮਨੁੱਖਾ ਜੀਵਨ ਦਾ ਮੁੱਖ ਫਰਜ਼ ਹੀ ਉਮਰ ਭਰ ਆਪਣੇ ਨੁਕਸਾਂ ਨੂੰ ਲੱਭਣਾ ਅਤੇ ਇਨ੍ਹਾਂ ਨੂੰ ਤਿਆਗਣ ਦੇ ਭਰਪੂਰ ਅਤੇ ਸੁਹਿਰਦ ਉਪਰਾਲੇ ਹੀ ਕਰਦੇ ਰਹਿਣਾ ਹੈ।




ਵਿਚਾਰ-ਅਧੀਨ ਔਗੁਣ ਤਿਆਗਣ ਲਈ ਆਪਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਇਸ ਦਾ ਇੱਕ ਵੱਡਾ ਕਾਰਨ ਸਾਡੀ ਅੱਜ ਦੀ ਸਾਇੰਸ ਅਤੇ (ਇਸ ਦੀ ਉਪਜ) ਤਕਨਾਲੋਜੀ ਦੀ ਦੁਰਵਰਤੋਂ ਹੈ। ਪੱਛਮ 'ਚ ਜੰਮੀ-ਪਲੀ, ਅਜੋਕੀ ਸਾਇੰਸ ਦੀ ਧਰਮ ਨਾਲ ਸ਼ੁਰੂ ਤੋਂ ਹੀ ਵਿਰੋਧਤਾ ਰਹੀ ਹੈ ਅਤੇ ਪੁਰਾਤਨ ਸਿਆਣਪਾਂ ਨੂੰ ਇਹ ਇਨ੍ਹਾਂ (ਧਰਮਾਂ) ਦਾ ਹਿੱਸਾ ਸਮਝਦੀ ਰਹੀ ਹੈ। ਇਸ ਕਰ ਕੇ ਇਸ ਨੇ ਪੁਰਾਤਨ ਸਿਆਣਪਾਂ ਨੂੰ ਵੀ ਨਹੀਂ ਅਪਣਾਇਆ। ਸਿਆਣਪਾਂ ਤੋਂ ਵਿਹੂਣੀ, ਇਹ ਇਜਾਰੇ-ਦਾਰਾਂ ਵਲੋਂ ਜਨ-ਸਧਾਰਨ ਦੇ ਸ਼ੋਸ਼ਣ ਦਾ ਮੁੱਖ ਸਾਧਨ ਬਣ ਗਈ ਹੈ। ਇਸ ਨੇ ਮਨੁੱਖੀ ਭਲਾਈ ਅਤੇ ਸਮਾਜਿਕ ਨਿਆਂ ਨਾਲ ਜੁੜੇ ਕਿਸੇ ਹੋਰ ਖੇਤਰ- ਮਨੋਵਿਗਿਆਨਕ, ਖੇਤੀ-ਬਾੜੀ, ਜੀਵਨ ਦੀਆਂ ਮੂਲ ਲੋੜਾਂ, ਆਰਥਿਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਕ 'ਚ ਬਣਦਾ ਯੋਗ-ਦਾਨ ਨਹੀਂ ਪਾਇਆ। ਅੱਜ ਵੀ ਇਸ ਦੀ ਪ੍ਰਭੂ-ਸੱਤਾ ਕਾਇਮ ਹੈ, ਜਿਸ ਕਰ ਕੇ ਇਹ ਸੰਤੁਲਿਤ ਤਰੱਕੀ ਦੀ ਬਜਾਇ ਆਪਣੇ ਚੋਣਵੇਂ ਖੇਤਰਾਂ- ਖਾਸ ਕਰ ਕੇ ਕੰਪਿਊਟਰ ਸਾਇੰਸ ਨਾਲ ਜੁੜੀਆਂ ਖੋਜਾਂ ਪ੍ਰਤੀ ਨਜਾਇਜ਼ ਹੱਦਾਂ ਤੱਕ ਉਲਾਰ ਹੈ। ਇਸ ਦੀਆਂ ਨਿੱਤ-ਨਵੀਆਂ, ਬੇ-ਲੋੜੀਆਂ ਅਤੇ ਵਪਾਰਕ ਕਾਢਾਂ ਨੇ ਸਾਡੇ 'ਚ ਚਲੰਤ ਚੀਜ਼ਾਂ ਦੀ ਖਿੱਚ ਅਤੇ ਵਿਆਪਕ ਸਚਾਈਆਂ ਪ੍ਰਤੀ ਉਦਾਸੀਨਤਾ ਪੈਦਾ ਕੀਤੀ ਹੈ ਅਤੇ ਇਨ੍ਹਾਂ ਵਿਚਲੀ ਖਾਈ ਨੂੰ ਡੂੰਘਾ ਕੀਤਾ ਹੈ।

ਨਿਰ-ਸੰਦੇਹ ਇਹ (ਸਾਇੰਸ ਅਤੇ ਤਕਨਾਲੋਜੀ) ਅੱਜ ਦੀ ਬਹੁ-ਪੱਖੀ ਅਤੇ ਅਭੁਤ-ਪੂਰਨ ਭੌਤਿਕ ਖ਼ੁਸ਼ਹਾਲੀ ਦਾ ਅਧਾਰ ਵੀ ਹੈ। ਪਰ ਨਾਲ ਹੀ ਇਸ ਨੇ ਸੰਸਾਰ ਨੂੰ ਨੈਤਿਕ ਕਦਰਾਂ-ਕੀਮਤਾਂ ਅਤੇ ਉੱਚੇ ਮਨੁੱਖੀ ਗੁਣਾਂ ਤੋਂ ਸੱਖਣੇ ਰੱਖਣ, ਸਮਾਜ 'ਚ ਨਾ-ਬਰਾਬਰੀ ਵਧਾਉਣ ਅਤੇ ਇਸ ਦੇ ਸ਼ੋਸ਼ਣ ਦੇ ਰਾਹ ਖੋਲ੍ਹੇ ਹਨ। ਇਸ ਦੇ ਇਨ੍ਹਾਂ ਕਾਰਨਾਮਿਆਂ ਬਾਰੇ, 'ਪਾਵਰ ਐਂਡ ਪ੍ਰੋਗਰੈਸ' ਨਾਉਂ ਦੀ ਇੱਕ ਮਹੱਤਵ-ਪੂਰਨ ਕਿਤਾਬ 2023 'ਚ ਹੀ ਛਪੀ ਹੈ। ਇਸ ਕਿਤਾਬ ਦੀ ਪਾਇਦਾਰੀ ਦਾ ਸਬੂਤ ਇਹ ਹੈ ਕਿ ਇਸ ਦੇ ਦੋ ਲੇਖਕ 2024 ਦੇ ਇਕਨੌਮਿਕਸ ਦੇ ਨੋਬਲ ਪੁਰਸਕਾਰ ਨਾਲ ਸਨਮਾਨੇ ਗਏ ਹਨ। ਉਨ੍ਹਾਂ ਨੇ ਬਹੁਤ ਦਲੇਰੀ ਅਤੇ ਵਿਸਤਾਰ ਨਾਲ ਸਾਇੰਸ ਅਤੇ ਤਕਨਾਲੋਜੀ ਦੀ ਦੁਰ-ਵਰਤੋਂ ਦੇ ਹਰ ਪੱਖ ਦਾ ਜ਼ਿਕਰ ਕੀਤਾ ਹੈ ਅਤੇ ਇਸ ਦੇ ਇਜਾਰੇਦਾਰਾਂ ਨੂੰ ਡੇਢ-ਦੋ ਸੌ ਸਾਲ ਪਹਿਲਾਂ ਦੇ 'ਰੌਬਰ-ਬੈਰਨਜ਼' ਵਰਗੇ ਕਿਹਾ ਹੈ। ਇਸ ਲੇਖ ਵਿਚਲੇ ਵਿਚਾਰ ਉਸ ਕਿਤਾਬ ਵਿਚੋਂ ਹੀ ਉਪਜੇ ਹਨ।

ਸਾਇੰਸ ਅਤੇ ਤਕਨਾਲੋਜੀ ਦੀ ਦੁਰ-ਵਰਤੋਂ ਦੇ ਨਤੀਜੇ ਵਜੋਂ ਅੱਜ ਸੰਸਾਰ ਨੂੰ ਵੱਧ ਰਹੀ ਆਰਥਿਕ ਅਤੇ ਸਮਾਜਿਕ ਨਾ-ਬਰਾਬਰੀ, ਸਮਾਜਿਕ ਅਨਿਆਂ ਅਤੇ ਕੁਦਰਤੀ ਸਾਧਨਾਂ ਦੀ ਬਰਬਾਦੀ ਸਣੇ, ਅਨੇਕਾਂ ਹੋਰ ਮਾਰੂ ਸਮੱਸਿਆਵਾਂ ਦਰ-ਪੇਸ਼ ਹਨ। ਇਸ ਨੇ ਸੰਸਾਰ ਨੂੰ ਸਮੱਸਿਆਵਾਂ ਦੇ ਇੱਕ 'ਸੈਂਟ' 'ਚੋਂ ਕੱਢ ਕੇ ਦੂਸਰੇ 'ਚ ਪਾ ਦਿੱਤਾ ਹੈ। ਬਲਕਿ ਇਸ ਨੇ ਸੰਸਾਰ ਨੂੰ ਨਵੀਆਂ ਅਤੇ ਦੀਰਘ ਮਾਨਸਿਕ ਉਲਝਣਾਂ, ਪ੍ਰੇਸ਼ਾਨੀਆਂ ਅਤੇ ਬੀਮਾਰੀਆਂ ਦਿੱਤੀਆਂ ਹਨ, ਜਿਨ੍ਹਾਂ ਦੀ ਸੁਪਰ-ਵਿਕਸਤ ਪੱਛਮੀ ਸਮਾਜ 'ਚ ਹੋਰ ਵੀ ਭਰਮਾਰ ਹੈ। ਇਸ ਕਰ ਕੇ ਹੀ, ਬੇ-ਥਾਹ ਭੌਤਿਕ ਖ਼ੁਸ਼ਹਾਲੀ ਦੇ ਬਾਵਜੂਦ ਮਨੁੱਖ ਆਪਣੀ ਸਭ ਤੋਂ ਵੱਡੀ ਇੱਛਾ ਖ਼ੁਸ਼ੀ/ ਪ੍ਰਸੰਨਤਾ ਤੋਂ ਵਾਂਝਾ ਹੈ। ਮਨੁੱਖ ਅੱਜ ਵੀ ਇਸ ਤੋਂ ਓਨਾ ਹੀ ਮਹਿਰੂਮ ਹੈ, ਜਿੰਨੇ ਸਾਡੇ ਪੁਰਖੇ ਸਨ, ਹਾਲਾਂਕਿ ਸਾਡੀਆਂ ਸਭ ਤਰੱਕੀਆਂ ਦਾ ਇਕਲੌਤਾ ਮੰਤਵ ਹੀ ਇਹ ਹੈ। ਇਸ ਤਰ੍ਹਾਂ ਦਾ ਜੀਵਨ ਜਿੱਥੇ ਸਾਡੀ ਨਿੱਜੀ ਪ੍ਰਬਲ ਇੱਛਾ ਹੈ ਓਥੇ ਇਹ ਆਪਣੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਸਮਾਜ ਅਤੇ ਧਰਮਾਂ ਪ੍ਰਤੀ ਇੱਕ ਵੱਡਾ ਫਰਜ਼ ਵੀ ਹੈ। ਸਮੂਹਕ ਤੌਰ 'ਤੇ ਇਸ ਤਰ੍ਹਾਂ ਦੇ ਜੀਵਨ ਜਿਉ ਕੇ ਆਪਾਂ ਇਸ ਸੰਸਾਰ ਨੂੰ ਵੱਧ ਰਹਿਣ-ਯੋਗ ਬਣਾ ਸਕਦੇ ਹਾਂ। ਪਰ ਇਹ ਸਭ ਤਾਂ ਕੀ ਹੋਣਾ ਸੀ, ਉਲਟਾ ਸਾਡੇ ਜੀਵਨ 'ਚ ਅਣ-ਕਿਆਸੀਆਂ ਅਤੇ ਲਾ-ਇਲਾਜ ਸਮੱਸਿਆਵਾਂ ਦੀ ਬਹੁਤਾਤ ਹੋ ਗਈ ਹੈ।

ਪੱਛਮੀ ਦੇਸ਼ਾਂ ਨੂੰ ਇਸ ਨਿਰਾਸ਼ਾ-ਜਨਕ ਦਸ਼ਾ ਦਾ ਆਭਾਸ ਬਹੁਤ ਪਹਿਲਾਂ ਹੋ ਗਿਆ ਸੀ। 1950 ਤੱਕ ਦੀ ਪੱਛਮੀ ਮਨੋਵਿਗਿਆਨ (ਸਾਈਕੋਲੋਜੀ) ਸਿਰਫ ਹਜ਼ਾਰਾਂ ਕਿਸਮ ਦੇ ਮਨੋ-ਰੋਗਾਂ ਦੇ ਉਪਚਾਰ ਦਾ ਕੰਮ ਕਰਦੀ ਸੀ। ਉਨ੍ਹਾਂ ਦਿਨਾਂ 'ਚ ਤਿਆਰ ਕੀਤਾ 'DSM' (Diagnostic and Statistical Manual of Mental Disorders) ਇਸ ਦਾ ਸਬੂਤ ਹੈ। ਇਹ ਅੱਜ ਵੀ ਵਰਤੋਂ 'ਚ ਆ ਰਿਹਾ ਹੈ; ਇਸ ਦਾ 5ਵਾਂ ਐਡੀਸ਼ਨ ਚੱਲ ਰਿਹਾ ਹੈ ਅਤੇ ਧਾਰਨਾ ਬਣੀ ਹੋਈ ਹੈ ਕਿ ਇਸ ਨੂੰ ਪੜ੍ਹਨ ਵਾਲਾ ਵੀ ਪਾਗਲ ਹੋ ਜਾਂਦਾ ਹੈ। ਐਸੀਆਂ ਸਥਿਤੀਆਂ ਤੋਂ ਪ੍ਰੇਸ਼ਾਨ ਹੋ ਕੇ ਕੁਛ ਰੌਸ਼ਨ-ਦਿਮਾਗ ਮਨੋਵਿਗਿਆਨੀਆਂ ਨੇ ਖੋਜਾਂ ਸ਼ੁਰੂ ਕੀਤੀਆਂ ਕਿ ਭੌਤਿਕ ਖ਼ੁਸ਼ਹਾਲੀ ਅਤੇ ਬੇ-ਥਾਹ ਤਰੱਕੀ ਉਨ੍ਹਾਂ ਨੂੰ ਹੈਪੀਨੈਸ ਕਿਉਂ ਨਹੀਂ ਦੇ ਪਾ ਰਹੀ? ਇਸ ਖੋਜ ਨੇ ਉਨ੍ਹਾਂ ਦਾ ਮੂੰਹ ਪੁਰਾਤਨ ਪੂਰਬੀ ਸਿਆਣਪਾਂ ਵਲ ਕੀਤਾ, ਜਿਨ੍ਹਾਂ 'ਚ ਉਨ੍ਹਾਂ ਨੂੰ ਵਾਰ-ਵਾਰ ਸੁਖ, ਖ਼ੁਸ਼ੀਆਂ, ਸਹਿਜ, ਅਨੰਦ, ਪਰਮ-ਅਨੰਦ, ਅੰਮ੍ਰਿਤ, ਦੁੱਖਾਂ ਦਾ ਨਾਸ ਆਦਿ ਸੰਕਲਪਾਂ ਦਾ ਜ਼ਿਕਰ ਮਿਲਿਆ। ਮਨੁੱਖੀ ਮਨ ਦੇ ਗੁਣਾਂ, ਉੱਚੇ ਵਿਚਾਰਾਂ ਅਤੇ ਮਨ ਨੂੰ ਪ੍ਰਫੁੱਲਿਤ ਅਤੇ ਵਿਕਾਸ ਕਰਨ ਦੇ ਅਨੇਕਾਂ ਢੰਗਾਂ ਦਾ ਜ਼ਿਕਰ ਮਿਲਿਆ। ਜਿਹੜਾ ਪੱਛਮ ਕਦੇ ਕਹਿੰਦਾ ਸੀ ਕਿ 'ਪੂਰਬ ਪੂਰਬ ਹੈ ਅਤੇ ਪੱਛਮ ਪੱਛਮ ਹੈ, ਦੋਨਾਂ ਦਾ ਕਦੇ ਮੇਲ ਨਹੀਂ ਹੋ ਸਕਦਾ', ਓਹੀ ਪੱਛਮ ਅੱਜ ਇਹ ਕਹਿ ਰਿਹਾ ਹੈ ਕਿ ਪ੍ਰਸੰਨਤਾ ਦੀ ਖੋਜ ਲਈ ਸਾਨੂੰ ਮਾਡਰਨ ਸਾਇੰਸ ਅਤੇ ਪੁਰਾਤਨ ਸਿਆਣਪਾਂ ਅਤੇ 'ਪੂਰਬ' ਅਤੇ 'ਪੱਛਮ' 'ਚ ਸੰਤੁਲਨ ਅਤੇ ਸੁਮੇਲ ਦੀ ਲੋੜ ਹੈ।

ਇਨ੍ਹਾਂ ਖੋਜਾਂ ਸਦਕਾ, ਸੰਨ 2000 'ਚ ਮਹਾਨ ਮਨੋਵਿਗਿਆਨੀ ਮਾਰਟਿਨ ਸੈਲਿਗਮੈਨ ਨੇ ਸਕਾਰਾਤਮਿਕ ਮਨੋਵਿਗਿਆਨ (ਪੌਜ਼ਿਟਿਵ ਸਾਈਕੋਲੋਜੀ) ਦਾ ਮੁੱਢ ਬੰਨ੍ਹਿਆ ਸੀ, ਜਿਸ ਦਾ ਅੱਜ-ਕੱਲ੍ਹ ਪੱਛਮੀ ਮਨੋਵਿਗਿਆਨ 'ਚ ਬਹੁਤ ਬੋਲ-ਬਾਲਾ ਹੈ। ਇਸ ਦਾ ਮੰਤਵ ਮਨੁੱਖ ਨੂੰ ਪ੍ਰਸੰਨਤਾ ਪ੍ਰਾਪਤੀ ਅਤੇ ਮਨੁੱਖਾ ਜੀਵਨ ਦਾ ਉਦੇਸ਼ ਸਮਝਣ ਦੇ ਰਸਤੇ 'ਤੇ ਤੋਰਨਾ ਹੈ ਅਤੇ ਨਾਲ ਹੀ ਉਸ ਨੂੰ ਆਪਣੇ ਉੱਚ-ਗੁਣਾਂ ਦੀ ਪਛਾਣ ਅਤੇ ਇਨ੍ਹਾਂ ਦੇ ਵਿਕਾਸ ਲਈ ਪ੍ਰੇਰਨਾ ਹੈ। ਇਸ 'ਚ ਡਾ. ਸੈਲਿਗਮੈਨ ਨੇ 24 ਉੱਚ ਮਨੁੱਖੀ-ਗੁਣਾਂ ਅਤੇ ਸਦਾਚਾਰਾਂ ਨੂੰ ਚੁਣਿਆ ਹੈ ਅਤੇ ਇਹ ਉਤਸ਼ਾਹ-ਜਨਕ ਗੱਲ ਹੈ ਕਿ ਇਹ ਲੱਗ-ਭੱਗ ਸਾਰੇ ਹੀ ਸਿੱਖ-ਮੱਤ ਦੇ ਅਸੂਲਾਂ ਦੀ ਤਰਜਮਾਨੀ ਕਰਦੇ ਹਨ। ਇਸ ਤੋਂ ਬਾਅਦ 2004 'ਚ **'ਧੰ'** ਦੇ ਉਲਟ ਮਨੁੱਖ ਦੇ ਸਦਾਚਾਰਕ ਗੁਣਾਂ ਦੀ ਇਕ ਹੈਂਡ-ਬੁੱਕ ਤਿਆਰ ਕੀਤੀ ਜਿਸ ਦਾ ਨਾਉਂ 'ਸਿਆਣਪਾਂ ਦਾ ਮੈਨੂਅਲ' (Manual of Sanities) ਰੱਖਿਆ ਗਿਆ। ਨਵੀਆਂ ਪਿਰਤਾਂ ਪਾਉਣ ਵਾਲਾ ਇਹ ਮੈਨੂਅਲ ਮਨੁੱਖੀ ਪ੍ਰਤਿਭਾਵਾਂ, ਮਨੁੱਖੀ ਚਰਿੱਤਰ ਦੇ ਉੱਚੇ ਗੁਣਾਂ, ਨੇਕੀਆਂ ਅਤੇ ਸਦਾਚਾਰ ਦੀ ਵਿਸਤ੍ਰਿਤ ਹੈਂਡ-ਬੁੱਕ ਹੈ। ਇਹ, ਡਾ. ਸੈਲਿਗਮੈਨ ਅਤੇ ਡਾ. ਪੀਟਰਸਨ ਦੀ ਅਗਵਾਈ 'ਚ 55 ਹੋਰ ਪ੍ਰਸਿੱਧ ਮਨੋਵਿਗਿਆਨੀਆਂ ਦੀ ਤਿੰਨ ਸਾਲ ਦੀ ਸਖ਼ਤ ਮਿਹਨਤ ਤੋਂ ਬਾਅਦ ਤਿਆਰ ਕੀਤਾ ਗਿਆ। ਇਹ ਅਰਸਤੂ ਅਤੇ ਪਲੈਟੋ ਸਣੇ ਪਿਛਲੇ 2500 ਸਾਲਾਂ ਦੇ ਸੰਸਾਰ ਭਰ ਦੇ ਮੁੱਖ ਧਰਮਾਂ, ਮਹਾਨ ਚਿੰਤਕਾਂ ਅਤੇ ਫਿਲਾਸਫਰਾਂ ਦੀਆਂ ਸਿੱਖਿਆਵਾਂ 'ਤੇ ਆਧਾਰਿਤ ਹੈ। ਇਹ ਮਨੁੱਖੀ ਗੁਣਾਂ ਅਤੇ ਉੱਚ-ਪ੍ਰਵਿਰਤੀਆਂ ਨੂੰ ਵਿਚਾਰਨ, ਖੋਜਣ, ਵਿਸ਼ਾ-ਬੱਧ ਕਰਨ ਅਤੇ ਸੰਪਾਦਿਤ ਕਰਨ ਦਾ ਇੱਕ ਇਤਿਹਾਸਕ ਉਪਰਾਲਾ ਹੈ। ਇਸ ਦੀ ਪ੍ਰੇਰਣਾ ਭਾਵੇਂ ਪੂਰਬੀ ਗ੍ਰੰਥਾਂ ਤੋਂ ਲਈ ਗਈ ਪਰ ਇਸ ਦੀ ਤਿਆਰੀ ਵੇਲੇ ਸਾਰੇ ਸੰਸਾਰ ਦੇ ਮੁੱਖ ਧਰਮਾਂ ਦਾ ਅਧਿਐਨ ਕੀਤਾ ਗਿਆ। ਪੁਰਾਤਨ ਸਿਆਣਪਾਂ ਅਤੇ ਮਾਡਰਨ ਖੋਜਾਂ (ਮਨੋਵਿਗਿਆਨਿਕ) ਦੇ ਸੁਮੇਲ ਲਈ ਕੀਤੀ ਖੋਜ ਦੀ, ਇਹ ਵਿਲੱਖਣ ਅਤੇ ਭਰੋਸੇ-ਯੋਗ ਹੈਂਡ-ਬੁੱਕ ਹੈ।

ਨੈਤਿਕ ਕਦਰਾਂ-ਕੀਮਤਾਂ ਦੇ ਮਾਹਿਰ ਇੱਕ ਹੋਰ ਸਮਾਜਿਕ ਮਨੋਵਿਗਿਆਨੀ, ਜੌਨਾਥਨ ਹਾਇਟ ਨੇ ਇਸ ਖੋਜ ਨੂੰ ਹੋਰ ਅੱਗੇ ਵਧਾਇਆ। ਉਸ ਨੇ ਇੱਕ ਨਵੀਂ ਵਿਚਾਰ-ਧਾਰਾ ਦੀ ਸਿਰਜਣਾ ਕੀਤੀ ਜਿਸ ਨੂੰ ਉਸ ਨੇ 'Finding Modern Truth in Ancient Wisdom' ਕਿਹਾ। ਇਸ ਲਈ ਉਸ ਨੇ ਹਿੰਦੂ, ਬੁੱਧ, ਜੈਨ, ਇਸਲਾਮ, ਈਸਾਈ, ਕਨਫਿਊਜਿਇਜ਼ਮ, ਤਾਓਇਜ਼ਮ, ਯਹੂਦੀ, ਪਾਰਸੀ, ਯੂਨਾਨੀ ਅਤੇ ਰੋਮਨ ਧਰਮਾਂ ਅਤੇ ਸਭਿਆਤਾਵਾਂ ਦੇ ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ। ਇਨ੍ਹਾਂ ਦੀਆਂ ਸਦੀਵੀ ਸਿਆਣਪਾਂ ਨੂੰ ਅਜੋਕੀਆਂ ਮਨੋਵਿਗਿਆਨਕ ਖੋਜਾਂ ਅਨੁਸਾਰ ਪੜਚੋਲਿਆ। ਇਸ ਤਰ੍ਹਾਂ 'ਕੌਮਨ ਮਿਨੀਮਮ ਪ੍ਰੋਗਰਾਮ' ਦੀ ਤਰਜ਼ 'ਤੇ, ਵਾਰ-ਵਾਰ ਦੁਹਰਾਈਆਂ ਜਾਣ ਵਾਲੀਆਂ ਅਤੇ ਸਰਵ-ਪ੍ਰਵਾਨਿਤ ਟੀਸੀ ਦੀਆਂ ਦਸ ਸਾਂਝੀਆਂ ਸਿਆਣਪਾਂ ਦੀ ਇੱਕ 'ਲਿਸਟ' ਬਣਾਈ। ਉਸ ਦੀਆਂ ਖੋਜਾਂ 'ਚ ਭਾਵੇਂ ਸਿੱਖ ਧਰਮ ਦਾ ਸਿੱਧੇ ਤੌਰ 'ਤੇ ਕੋਈ ਉਲੇਖ ਨਹੀਂ ਪਰ ਉਸ ਦੀ ਲਿਸਟ ਵੀ ਸਿੱਖ ਧਰਮ ਦੇ ਸਿਧਾਂਤਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ। ਇਸ ਦੇ ਦੋ ਕਾਰਨ ਹਨ: ਪਹਿਲਾ ਇਹ ਕਿ ਇਹ ਸਭ ਤੋਂ ਮਾਡਰਨ ਧਰਮ ਹੈ, ਜਿਸ ਕਰ ਕੇ ਇਹ ਮਾਡਰਨ ਮਨੋਵਿਗਿਆਨਕ ਖੋਜਾਂ ਦੇ ਵੱਧ ਨੇੜੇ ਹੈ। ਦੂਜਾ ਇਹ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੀ ਇਸ 'ਪੈਟਰਨ' ਅਨੁਸਾਰ ਕੀਤੀ ਗਈ ਹੈ। ਮਿ. ਹਾਇਟ ਦੀਆਂ ਚੁਣੀਆਂ ਦਸ ਸਿਆਣਪਾਂ ਦਾ ਖੁੱਲ੍ਹਾ ਖੁਲਾਸਾ ਹੇਠ ਦਿੱਤਾ ਗਿਆ ਹੈ:

### *ਮਨੁੱਖੀ ਮਨ ਗੁਣਾਂ ਅਤੇ ਔਗੁਣਾਂ ਦਾ ਮਿਸ਼ਰਣ ਹੈ।*

*ਮਨ ਨੂੰ ਚੰਗੇ ਕਰਮ ਕਰਨ ਲਈ ਪ੍ਰੇਰਿਆ ਅਤੇ ਸਿਧਾਇਆ ਜਾ ਸਕਦਾ ਹੈ।

*ਹੋਰਾਂ ਪ੍ਰਤੀ ਸ਼ੁਭ ਵਿਚਾਰ ਰੱਖਣੇ ਅਤੇ ਖਿਮਾ ਅਤੇ ਦਯਾ ਵੱਡਾ ਫਰਜ਼ ਹੈ।

*ਹੋਰਾਂ ਦੇ ਔਗੁਣਾਂ ਦੀ ਬਜਾਇ ਆਪਣੇ ਔਗੁਣਾਂ ਦੀ ਪਰਖ-ਪੜਚੋਲ ਕਰਨੀ ਜ਼ਰੂਰੀ ਹੈ।

*ਭਾਣਾ ਮੰਨਣ ਦਾ ਸੰਕਲਪ ਜੀਵਨ 'ਚ ਖ਼ੁਸ਼ੀਆਂ ਪ੍ਰਾਪਤ ਕਰਨ ਦਾ ਵੱਡਾ ਸਾਧਨ ਹੈ।

*ਮੋਹ-ਮਮਤਾ ਦਾ ਸਦ-ਉਪਯੋਗ ਅਰਥਾਤ ਸਰਬੱਤ ਨਾਲ ਭਾਈ-ਚਾਰਾ ਜ਼ਰੂਰੀ ਹੈ।

*ਸ਼ੁਕਰ-ਗੁਜ਼ਾਰੀ ਦੀ ਭਾਵਨਾ ਵੀ ਖ਼ੁਸ਼ੀਆਂ ਦਾ ਇੱਕ ਹੋਰ ਵੱਡਾ ਸ੍ਰੋਤ ਹੈ।

*ਪਾਕ-ਪਵਿੱਤਰ ਵਿਚਾਰ ਅਤੇ ਕਰਮ ਮਨੁੱਖ ਦਾ ਪਰਮ ਧਰਮ ਹੈ।

*ਪਰਮਾਤਮਾ ਦੀ ਧਰਮਾਂ ਤੋਂ ਨਿਰਲੇਪਤਾ ਦੇ ਸਿਧਾਂਤ ਨੂੰ ਦ੍ਰਿੜ ਕਰਨਾ ਚਾਹੀਦਾ ਹੈ।

*ਅਨੰਦ ਅਤੇ ਖ਼ੁਸ਼ੀ ਭਾਵੇਂ ਮਨੁੱਖ ਦੇ ਅੰਦਰ ਹੈ ਪਰ ਨਾਲ ਹੀ ਮਿਲ-ਵਰਤਨ ਵੀ ਜ਼ਰੂਰੀ ਹੈ।

*ਸਿਆਣਪਾਂ ਗ੍ਰਹਿਣ ਕਰਨ ਤੋਂ ਵੱਧ ਜ਼ਰੂਰੀ ਇਨ੍ਹਾਂ 'ਤੇ ਅਮਲ ਕਰਨਾ ਹੈ।

ਸਾਰ-ਤੱਤ ਇਹ ਕਿ ਡਾ. ਹਾਇਟ ਦੀ ਵਿਚਾਰਧਾਰਾ ਸਰਲ ਪਰ ਨਵੀਆਂ ਪਿਰਤਾਂ ਪਾਉਣ ਵਾਲੀ ਹੈ ਅਤੇ ਅੱਜ ਸੰਸਾਰ ਨੂੰ ਨਵੀਂ ਸੇਧ ਦੇ ਰਹੀ ਹੈ। ਇਹ ਸਾਇੰਸ ਅਤੇ ਤਕਨੋਲੋਜੀ- ਖਾਸ ਕਰ ਕੇ ਕੰਪਿਊਟਰ ਸਾਇੰਸ- ਨੂੰ ਨਿਯੰਤਰਣ ਕਰਨ ਦੀ ਮੰਗ ਅਤੇ ਕੋਸ਼ਿਸ਼ਾਂ ਨੂੰ ਬਲ ਦੇਣ ਵਾਲਾ ਇੱਕ ਵੱਡਾ ਉਪਰਾਲਾ ਹੈ। ਪਰ ਇਹ ਵੀ ਵਿਚਾਰ ਦੀ ਗੱਲ ਹੈ ਕਿ ਪੱਛਮੀ ਖੋਜੀ ਮਾਡਰਨ ਖੋਜਾਂ ਦਾ ਪੁਰਾਤਨ ਸਿਆਣਪਾਂ ਨਾਲ ਸੁਮੇਲ ਕਰ ਰਹੇ ਹਨ ਜਦ ਕਿ ਸਾਨੂੰ ਪੁਰਾਤਨ ਸਿਆਣਪਾਂ ਦਾ ਮਾਡਰਨ ਖੋਜਾਂ ਨਾਲ ਸੁਮੇਲ ਕਰਨ ਦੀ ਲੋੜ ਹੈ।

## ਮਿਨੀ ਕਹਾਣੀ: ਆਖਰੀ ਹੱਲ

'ਤੂੰ ਸਜ-ਸੰਵਰ ਕੇ ਨਾ ਜਾਇਆ ਕਰ। ਲੋਕੀਂ ਭੈੜੀ ਨਜ਼ਰ ਨਾਲ ਵੇਖਦੇ ਹਨ।'

'ਜੀ।'

'ਤੂੰ ਫ਼ੈਸ਼ਨੇਬਲ ਕੱਪੜੇ ਨਾ ਪਾਇਆ ਕਰ। ਅਜਿਹੇ ਕੱਪੜੇ ਪਹਿਨਣੇ ਸਾਡੀ ਸੰਸਕ੍ਰਿਤੀ ਵਿਚ ਸ਼ਾਮਲ ਨਹੀਂ।'

'ਜੀ।'

'ਤੂੰ ਚੂੜੀਆਂ ਅਤੇ ਪੰਜੇਬ ਕਿਉਂ ਪਾਈ ਹੋਈ ਹੈ? ਇਨ੍ਹਾਂ ਦੀ ਆਵਾਜ਼ ਦੂਜਿਆਂ ਨੂੰ ਆਪਣੇ ਵੱਲ ਖਿੱਚਦੀ ਹੈ। ਮੈਂ ਨਹੀਂ ਚਾਹੁੰਦਾ ਕਿ ਕੋਈ ਦੂਜਾ ਤੇਰੇ ਵੱਲ ਅੱਖ ਚੁੱਕ ਕੇ ਵੀ ਵੇਖੇ।'

'ਜੀ। ...

ਇੱਕ ਦਿਨ ਪਤੀ ਨੂੰ ਕੁਝ ਕਾਗਜ਼ ਫੜਾਉਂਦਿਆਂ ਪਤਨੀ ਨੇ ਕਿਹਾ, 'ਆਹ ਲਓ, ਮੈਂ ਤੁਹਾਡੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਲੱਭ ਲਿਆ ਹੈ।'

'ਵਾਹ ਬਈ ਵਾਹ, ਕਮਾਲ ਕਰ ਦਿੱਤਾ ਤੂੰ ਤਾਂ...ਪਰ ਇਨ੍ਹਾਂ ਕਾਗਜ਼ਾਂ ਵਿਚ ਹੈ ਕੀ?'

'ਮੇਰੇ ਵੱਲੋਂ ਤਲਾਕ...!'

***-ਮੂਲ: ਮਨੋਜ ਧੀਮਾਨ***
***ਅਨੁਵਾਦ: ਪ੍ਰੋ. ਨਵ ਸੰਗੀਤ ਸਿੰਘ***

# ਬੰਦਿਆ ਖ਼ੁਦ ਤੋਂ ਹੀ ਬਣਵਾਸ ਨਾ ਲੈ ਲਈਂ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਅਕਸਰ ਪੜ੍ਹਦੇ ਹਾਂ ਕਿ ਸ੍ਰੀ ਰਾਮ ਨੂੰ ਉਨ੍ਹਾਂ ਦੀ ਮਤਰੇਈ ਮਾਂ ਕੈਕੇਈ ਦੇ ਕਹਿਣ 'ਤੇ ਪਿਤਾ ਦਸ਼ਰਥ ਨੇ 14 ਸਾਲਾਂ ਦਾ ਬਣਵਾਸ ਦਿੱਤਾ ਸੀ। ਬਣਵਾਸ ਦੌਰਾਨ ਸੀਤਾ ਜੀ ਦਾ ਰਾਵਣ ਵੱਲੋਂ ਅਪਹਰਣ ਕੀਤਾ ਗਿਆ। ਇਸ ਤੋਂ ਬਾਅਦ ਹੋਏ ਯੁੱਧ ਦੀ ਧਰਾਤਲ 'ਤੇ ਦਸਹਿਰਾ ਅਤੇ ਦੀਵਾਲੀ ਤਿਉਹਾਰ ਹੋਂਦ ਵਿਚ ਆਏ ਅਤੇ ਬਾਲਮੀਕ ਰਮਾਇਣ ਲਿਖੀ ਗਈ। ਇਹ ਬਣਵਾਸ ਤਾਂ ਸਮਝ ਆਉਂਦਾ ਕਿ ਕੈਕੇਈ ਨੇ ਆਪਣੇ ਪੁੱਤਰ ਲਛਮਣ ਨੂੰ ਰਾਜ ਗੱਦੀ ਦਾ ਵਾਰਸ ਬਣਾਉਣ ਲਈ ਮਤਰੇਏ ਪੁੱਤ ਰਾਮ ਨੂੰ ਦਿਵਾਇਆ ਸੀ। ਲੱਗਦਾ ਸੀ ਕਿ ਇਸ ਬਣਵਾਸ ਤੋਂ ਆਉਣ ਵਾਲੀਆਂ ਪੀੜ੍ਹੀਆਂ ਬਹੁਤ ਕੁਝ ਸਿੱਖ ਜਾਣਗੀਆਂ ਅਤੇ ਭਵਿੱਖ ਵਿਚ ਕਿਸੇ ਨੂੰ ਬਣਵਾਸ ਦੀ ਜ਼ਿੰਦਗੀ ਜਿਊਂਦਿਆਂ ਖ਼ੁਦ ਤੋਂ ਦੂਰ ਹੋਣ ਦਾ ਦਰਦ ਨਹੀਂ ਹੰਢਾਉਣਾ ਪਵੇਗਾ। ਕੀ ਅਜੋਕਾ ਮਨੁੱਖ ਅਜਿਹੀ ਬਿਰਤੀ ਤੋਂ ਬਚਿਆ ਹੈ? ਇਹ ਬਣਵਾਸ ਬਹੁਤ ਹੀ ਸੂਖਮ ਅਤੇ ਸਹਿਜ ਰੂਪ ਵਿਚ ਅਜੋਕੀ ਜੀਵਨ-ਜਾਚ ਦਾ ਹਿੱਸਾ ਹੀ ਬਣਦਾ ਜਾ ਰਿਹਾ। ਇਸ ਦੀਆਂ ਕਈ ਪਰਤਾਂ ਅੱਜ ਕੱਲ੍ਹ ਦੀ ਜ਼ਿੰਦਗੀ ਵਿਚ ਲੁਕੀਆਂ ਹੋਈਆਂ ਹਨ।

ਬਣਵਾਸ, ਆਪਣੇ ਪਿਆਰਿਆਂ ਤੋਂ ਆਪਣਿਆਂ ਦਾ ਦੂਰ ਕਰਨਾ। ਜੀਵਨ ਦੀਆ ਸੁੱਖ ਸਹੂਲਤਾਂ ਖੋਹ ਲੈਣਾ। ਤੁਹਾਡੀ ਧਰਤੀ ਜਾਂ ਤੁਹਾਡੀ ਜੰਮਣ ਭੌਂ ਤੋਂ ਤੁਹਾਨੂੰ ਵਿਰਵਾ ਕਰ ਦੇਣਾ। ਕੋਈ ਊਝ ਲਾ ਕੇ, ਕਿਸੇ ਸਾਜ਼ਿਸ਼ ਅਧੀਨ ਜਾਂ ਕਿਸੇ ਨਿੱਜੀ ਮੁਫ਼ਾਦ ਦੀ ਖ਼ਾਤਰ ਆਪਣੇ ਸਾਹਾਂ ਵਰਗੇ ਭੈਣ-ਭਰਾਵਾਂ, ਜੀਵਨ-ਦਾਤੇ ਮਾਤਾ/ਪਿਤਾ ਜਾਂ ਸੰਗੀ ਸਾਥੀਆਂ ਤੋਂ ਬਣਵਾਸੀ ਬਣਾ ਦੇਣਾ।

ਬਣਵਾਸ ਦੌਰਾਨ ਬੰਦਾ ਸਿਰਫ਼ ਸਾਹ ਪੂਰੇ ਕਰਦਾ। ਆਪਣੇ ਆਖ਼ਰੀ ਸਮੇਂ ਨੂੰ ਹੀ ਉਡੀਕਦਾ। ਜੀਵਨ-ਚਾਅ ਖ਼ਤਮ ਹੋ ਜਾਂਦਾ। ਸੁਪਨੇ ਲੈਣ ਦੀ ਰੁੱਤ ਉੱਜੜ ਜਾਂਦੀ। ਬੰਦਾ ਹਾਵੇ ਅਤੇ ਹਿਚਕੀਆਂ ਵਿਚੋਂ ਹੀ ਸਿਸਕੀਆਂ ਨੂੰ ਸਾਹ ਬਣਾਉਣ ਦੇ ਆਹਰ ਵਿਚ ਜੁਟਿਆ ਰਹਿੰਦਾ।

ਬਣਵਾਸ ਆਪਣੀ ਧਰਾਤਲ ਤੋਂ ਟੁੱਟਣਾ, ਮੂਲ ਤੋਂ ਵਿਛੜਨਾ, ਬਚਪਨੀ ਦਾਇਰੇ ਵਿਚੋਂ ਮਨਫ਼ੀ ਹੋ ਜਾਣਾ, ਵਿਰਸਾਈ ਰੀਤੀ-ਰਿਵਾਜਾਂ ਤੋਂ ਦੂਰ ਕਰ ਦੇਣਾ। ਬੰਦਾ ਸਮਾਜ ਤੋਂ ਦੂਰ ਹੋ ਅਤੇ ਇਕੱਲਤਾ ਮਾਣਦਿਆਂ ਭਲਾ ਕਿੰਨਾ ਕੁ ਚਿਰ ਜਿਊਂਦਾ ਰਹਿ ਸਕਦਾ?

ਬਣਵਾਸ ਬਹੁਪਰਤੀ ਹੁੰਦਾ। ਸਰੀਰਕ, ਮਾਨਸਿਕ, ਸਮਾਜਿਕ, ਭਾਵਨਾਤਮਿਕ, ਆਰਥਿਕ ਅਤੇ ਧਾਰਮਿਕ ਆਦਿ ਬਣਵਾਸ ਦੀਆਂ ਪਰਤਾਂ ਵਿਚੋਂ ਬਣਵਾਸ ਦੇ ਅਜੇਹੇ ਰੰਗ ਨਜ਼ਰ ਆਉਂਦੇ ਕਿ ਇਨ੍ਹਾਂ ਨੂੰ ਸੋਚ ਕੇ ਸੰਵੇਦਨਸ਼ੀਲ ਵਿਅਕਤੀ ਦਾ ਮਨ ਤ੍ਰਹਿਕਦਾ। ਮਨੁੱਖ ਕਦੇ ਵੀ ਇਕੱਲਾ ਨਹੀਂ ਹੁੰਦਾ। ਉਸ ਨਾਲ ਬਹੁਤ ਸਾਰੀਆਂ ਤੰਦਾਂ ਜੁੜੀਆਂ ਹੁੰਦੀਆਂ ਜਿਨ੍ਹਾਂ ਨੇ ਮਨੁੱਖ ਨੂੰ ਦਰਅਸਲ ਸਭਿਅਕ ਮਨੁੱਖ ਬਣਾਉਣਾ ਹੁੰਦਾ। ਪਰ ਕੀ ਅਸੀਂ ਸੱਚਮੁੱਚ ਦੇ ਮਨੁੱਖ ਰਹਿ ਗਏ ਹਾਂ ਜਾਂ ਅਸੀਂ ਅਮਨੁੱਖ ਬਣਨ ਵੱਲ ਪਹਿਲਕਦਮੀ ਕਰ ਰਹੇ ਹਾਂ?

ਬਣਵਾਸ ਚਾਹਿਆ ਵੀ ਅਤੇ ਅਣਚਾਹਿਆ ਵੀ। ਕਈ ਵਾਰ ਬਣਵਾਸ ਕੁਝ ਅਣਚਾਹੀਆਂ ਹਾਲਤਾਂ ਵਿਚ ਬੰਦਾ ਖ਼ੁਦ ਲੈਂਦਾ। ਕਈ ਵਾਰ ਬੰਦੇ ਨੂੰ ਮਜਬੂਰ ਕੀਤਾ ਜਾਂਦਾ ਕਿ ਉਹ ਬਣਵਾਸ ਲੈ ਲਵੇ। ਕਈ ਵਾਰ ਅਜਿਹਾ ਵੀ ਹੁੰਦਾ ਕਿ ਬੰਦਾ ਸੋਚਦਾ ਕਿ ਮੇਰੇ ਲਈ ਬਣਵਾਸ ਹੀ ਇਕ ਬਿਹਤਰ ਰਸਤਾ ਬਚਿਆ ਹੈ।

ਜਦ ਵੀ ਕੋਈ ਮਨੁੱਖ ਪਰਵਾਸ ਕਰਦਾ ਤਾਂ ਉਹ ਖ਼ੁਦ ਬਣਵਾਸ ਲੈਂਦਾ, ਕਿਉਂਕਿ ਉਸ ਨੂੰ ਜਾਪਦਾ ਹੈ ਕਿ ਮੈਂ ਆਪਣੇ ਸੁਪਨਿਆਂ ਦੀ ਪੂਰਤੀ ਤਾਂ ਹੀ ਕਰ ਸਕਦਾ ਜੇਕਰ ਮੈਂ ਇਸ ਦਾਇਰੇ ਵਿਚੋਂ ਬਾਹਰ ਨਿਕਲਾਂ। ਆਪਣੇ ਚੌਗਿਰਦੇ ਨੂੰ ਤਿਲਾਂਜਲੀ ਦੇਵਾਂ। ਆਪਣੇ ਲਈ ਆਪਣੇ ਹਿੱਸੇ ਦਾ ਅੱਡਰਾ ਜੇਹਾ ਅੰਬਰ ਤਲਾਸ਼ਾਂ। ਜ਼ਿਆਦਾਤਰ ਪੰਜਾਬੀਆਂ ਦਾ ਪਰਵਾਸ ਕਰਨਾ ਦਰਅਸਲ ਖ਼ੁਦ ਹੀ ਲਿਆ ਹੋਇਆ ਬਣਵਾਸ ਹੁੰਦਾ ਭਾਵੇਂ ਕਿ ਅਸੀਂ ਸਾਰੀ ਉਮਰ ਇਸ ਬਣਵਾਸ ਨੂੰ ਕੋਸਦੇ, ਵਾਪਸ ਪਰਤਣਾ ਲੋਚਦੇ ਪਰ ਚਾਹੁੰਦਿਆਂ ਵੀ ਕਦੇ ਵਾਪਸ ਨਹੀਂ ਪਰਤਦੇ।

ਅਜੋਕੇ ਮਨੁੱਖ ਨੇ ਤਾਂ ਆਪਣੇ ਪਰਿਵਾਰ ਤੋਂ ਵੀ ਲਗਭਗ ਬਣਵਾਸ ਹੀ ਲਿਆ ਹੋਇਆ। ਘਰ ਦੇ ਸਾਰੇ ਜੀਅ ਆਪਣੇ ਤੀਕ ਸੀਮਤ ਹੋ ਕੇ ਰਹਿ ਗਏ ਨੇ। ਆਪਣੇ ਕਮਰਿਆਂ ਵਿਚ ਆਪੋ-ਆਪਣੇ ਹਿੱਸੇ ਦਾ ਬਣਵਾਸ ਹੰਢਾਉਂਦੇ, ਜੀਵਨ ਦੀ ਭਰਮ-ਖ਼ਿਆਲੀ ਸਿਰਜ ਰਹੇ ਨੇ।

ਇੱਟਾਂ-ਪੱਥਰਾਂ ਦੇ ਰੈਣ ਬਸੇਰੇ ਵਿਚੋਂ ਘਰ ਨੇ ਕਿਹਾ ਬਣਵਾਸ ਲਿਆ ਕਿ ਅਸੀਂ ਵੱਸਦੇ-ਰਸਦੇ ਘਰਾਂ ਨੂੰ ਮਕਾਨ ਬਣਾਉਣ ਲੱਗਿਆਂ ਦੇਰ ਹੀ ਨਹੀਂ ਲਾਈ। ਘਰਾਂ ਵਿਚੋਂ ਜਦ ਦਾ ਬਜ਼ੁਰਗ ਮਾਪਿਆਂ ਨੂੰ ਬਣਵਾਸ ਮਿਲਿਆ ਅਤੇ ਉਹ ਬਜ਼ੁਰਗ ਘਰਾਂ ਦੇ ਵਾਸੀ ਬਣ ਗਏ ਤਾਂ ਘਰ ਨੇ ਘਰ ਕੀ ਰਹਿਣਾ ਸੀ? ਫਿਰ ਤਾਂ ਬੂਹਿਆਂ 'ਤੇ ਲਟਕਦੇ ਜੰਦਰਿਆਂ ਨੂੰ ਜੰਗਾਲ ਲੱਗਣਾ ਸੀ। ਦਰਾਂ ਨੇ ਚੋਏ ਜਾਣ ਵਾਲੇ ਤੇਲ ਤੋਂ ਬਿਨਾਂ ਆਪਣਿਆਂ ਦੇ ਆਮਦ ਦੀ ਆਸ ਨੇ ਸਿਰਫ਼ ਜ਼ਾਰ-ਜ਼ਾਰ ਹੋ ਰੋਣਾ ਸੀ। ਘਰਾਂ ਦੇ ਜੰਦਰੇ ਜਦ ਦੂਰ ਚਲੇ ਜਾਣ ਤਾਂ ਘਰ, ਘਰ ਨਹੀਂ ਰਹਿੰਦੇ। ਬੱਚਿਆਂ ਨੂੰ ਮਿਲਣ ਵਾਲੀਆਂ ਅਸੀਸਾਂ ਤੇ ਦੁਆਵਾਂ ਖ਼ਾਮੋਸ਼ ਹੋ ਜਾਂਦੀਆਂ। ਆਪਣੇ ਸਿਰ 'ਤੇ ਬਲਾਵਾਂ ਲੈਣ ਦੀ ਬਜ਼ੁਰਗੀ ਤਮੰਨਾ ਹਤਾਸ਼ ਤੇ ਉਦਾਸ ਹੋ ਜਾਂਦੀ। ਫਿਰ ਸੁੰਨ ਬਨੇਰਿਆਂ ਤੇ ਬੋਲਦਾ ਨਹੀਂ ਕਾਂ, ਨਹੀਂ ਥਿਆਉਂਦੀ ਮਾਂ। ਬਾਪ ਦੀਆਂ ਨਿਸ਼ਾਨੀਆਂ ਨੂੰ ਸੰਭਾਲਣ ਲਈ ਕੋਈ ਵੀ ਨਹੀਂ ਰਹਿੰਦੀ ਥਾਂ ਅਤੇ ਹੌਲੀ ਹੌਲੀ ਘਰ ਦਾ ਮਿਟ ਜਾਂਦਾ ਨਾਮੋ-ਨਿਸ਼ਾਂ।

ਮਨੁੱਖੀ ਸੋਚ ਵਿਚੋਂ ਜਦ ਤੋਂ ਭਾਵਨਾ, ਸਹਿਣਸ਼ੀਲਤਾ, ਸਾਦਗੀ, ਸਮਰਪਿਤਾ, ਮੁਹੱਬਤ ਵਰਗੇ ਮਾਨਵੀ ਗੁਣ ਬਣਵਾਸ ਕਰ ਗਏ ਤਦ ਤੋਂ ਮਨੁੱਖੀ ਫ਼ਿਤਰਤ ਵਿਚ ਘ੍ਰਿਣਾ ਨਫ਼ਰਤ, ਈਰਖਾ, ਗ਼ੁੱਸਾ, ਅਤੇ ਬਦਲਾਖੋਰੀ ਨੇ ਆਪਣੇ ਪੈਰ ਪਸਾਰ ਲਏ।

ਮਾਨਵੀ ਰਹਿਤਲ ਵਿਚੋਂ ਜਦ ਤੋਂ ਕੋਮਲ ਕਲਾਵਾਂ ਸੰਗੀਤ, ਸਾਹਿਤ, ਸਭਿਆਚਾਰ ਵਰਗੀਆਂ ਰੂਹ ਨੂੰ ਸਕੂਨ ਦੇਣ ਵਾਲੀਆਂ ਬਿਰਤੀਆਂ ਨੇ ਬਣਵਾਸ ਧਾਰਨ ਕੀਤਾ ਤਾਂ ਮਨੁੱਖ ਕੋਲ ਬਲਵਾਨ ਪੱਥਰ-ਬਿਰਤੀ ਹੀ ਬਚੀ ਹੈ। ਇਸ ਨੇ ਬੰਦੇ ਨੂੰ ਕਠੋਰ ਚਿੱਤ ਬਣਾ ਕੇ ਇਸ ਦੇ ਦਿਲ ਵਿਚ ਪਨਪਣ ਵਾਲੀਆਂ ਪਿਆਰ ਰੱਤੀਆਂ ਧਾਰਨਾਵਾਂ ਨੂੰ ਪੁੰਗਰਨ ਤੋਂ ਪਹਿਲਾਂ ਹੀ ਖ਼ਤਮ ਕਰ ਦਿੱਤਾ।

ਕਦੇ ਸਮਾਂ ਸੀ ਬੰਦੇ ਦਾ ਕੀਤਾ ਵਾਅਦਾ, ਉਸ ਦੇ ਬੋਲ ਜਾਂ ਦਿੱਤੀ ਜ਼ੁਬਾਨ ਸਭ ਤੋਂ ਵੱਡੀ ਜ਼ਮਾਨਤ ਹੁੰਦੀ। ਬਿਨਾ ਕਿਸੇ ਲਿਖਾ-ਪੜ੍ਹੀ ਤੋਂ ਸਮਾਜ ਵਿਚਲਾ ਖ਼ੂਬਸੂਰਤ ਸੰਤੁਲਨ ਇਸ ਦੀ ਅਹਿਮ ਵਿਰਾਸਤ ਸੀ। ਪਰ ਮਨੁੱਖੀ ਸੋਚ ਦੀ ਸੰਕੀਰਨਤਾ ਨੇ ਅਬੋਲ ਹਲਫ਼ਨਾਮਿਆਂ ਨੂੰ ਕਿਹਾ ਬਣਵਾਸ ਦਿੱਤਾ ਕਿ ਅਸੀਂ ਆਪਣੇ ਰਿਸ਼ਤਿਆਂ, ਸਬੰਧਾਂ ਤੋਂ ਹੀ ਬਣਵਾਸ ਧਾਰੀ ਬੈਠੇ ਹਾਂ। ਅਜੋਕੇ ਨੌਜਵਾਨਾਂ ਵਿਚ ਪਰਿਵਾਰਕ ਜ਼ਿੰਮੇਵਾਰੀਆਂ ਅਤੇ ਫ਼ਰਜ਼ਾਂ ਨੂੰ ਬਣਵਾਸ ਦੇਣ ਦੀ ਕੇਹੀ ਧਾਰਨਾ ਭਾਰੀ ਕਿ ਹੁਣ ਉਹ ਵਿਆਹ ਦੀ ਪਰੰਪਰਾ ਤੋਂ ਹੀ ਮੁਨਕਰ ਹੋ ਰਹੇ ਹਨ। ਲਿਵ ਇਨ ਰਿਲੇਸ਼ਨ ਰਾਹੀਂ ਮਨ ਦਾ ਸਕੂਨ ਭਾਲਣ ਵਾਲੇ ਇਹ ਨੌਜਵਾਨ ਸਿਰਫ਼ ਸਰੀਰਕ ਸੰਬੰਧਾਂ ਤੀਕ ਹੀ ਸੀਮਤ। ਇਨ੍ਹਾਂ ਵਿਚ ਰੂਹਦਾਰੀ ਨਾਲ ਰਿਸ਼ਤਿਆਂ ਨੂੰ ਨਿਭਾਉਣ ਦੀ ਤਾਂਘ ਹੀ ਨਹੀਂ, ਕਿਉਂਕਿ ਇਹ ਸਮਾਜਿਕ ਅਤੇ ਪਰਿਵਾਰਕ ਫ਼ਰਜ਼ਾਂ ਨੂੰ ਬਣਵਾਸ ਦੇ ਕੇ ਸਿਰਫ਼ ਨਿੱਜ ਤੀਕ ਹੀ ਸੀਮਤ ਹੋਣਾ ਚਾਹੁੰਦੇ। ਕਮਾਲ ਦੀ ਗੱਲ ਹੈ ਕਿ ਕੁਝ ਕੁ ਅਜੋਕੇ ਜੋੜਿਆਂ ਨੇ ਬੱਚੇ ਪੈਦਾ ਕਰਨ ਲਈ ਕਿਰਾਏ ਦੀਆਂ ਕੁੱਖਾਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ ਤਾਂ ਕਿ ਸਰੀਰਕ ਦਿੱਖ ਵਿਚ ਕੋਈ ਫ਼ਰਕ ਨਾ ਪਵੇ। ਬੱਚੇ ਨੂੰ ਆਪਣੀ ਕੁੱਖ ਵਿਚ ਗਰਭ ਧਾਰਨ ਤੋਂ ਲੈ ਕੇ ਨੌਂ ਮਹੀਨੇ ਤੀਕ ਪਾਲਣ, ਉਸ ਨਾਲ ਬੋਲ ਕੇ ਜਾਂ ਅਬੋਲ ਲਾਡ ਲਡਾਉਣੇ, ਚਾਅ ਮਨਾਉਣੇ, ਨਿੱਕੀਆਂ ਗੱਲਾਂ ਵਿਚੋਂ ਹੁਲਾਸ ਮਾਣਨਾ, ਮਨ ਦੀ ਖ਼ੁਸ਼ੀ ਵਿਚ ਖੀਵੇ ਹੋਣਾ ਆਦਿ ਸੂਖਮ ਅਤੇ ਸੁਚੇਤਨਾ ਵਾਲੀਆਂ ਭਾਵਨਾਵਾਂ ਨੂੰ ਬਣਵਾਸ ਦੇਣ ਦੀ ਨਵੀਨ ਪਰੰਪਰਾ ਦਾ ਆਗਾਜ਼ ਹੀ ਕਿਹਾ ਜਾ ਸਕਦਾ। ਕੀ ਅਜੇਹੇ ਬਣਵਾਸ ਦੌਰਾਨ ਪੈਦਾ ਹੋਈ, ਅਖਵਾਈ ਜਾਂਦੀ ਔਲਾਦ ਸੱਚੀਂ ਤੁਹਾਡੀ ਹੋਵੇਗੀ? ਤੁਸੀਂ ਭਾਵਨਾਤਮਕ ਤੌਰ 'ਤੇ ਕਿੰਨੇ ਕੁ ਉਸ ਬੱਚੇ ਨਾਲ ਜੁੜੇ ਹੋ ਸਕਦੇ ਹੋ? ਬਹੁਤ ਗੰਭੀਰ ਪ੍ਰਸ਼ਨ ਨੇ ਮਨੁੱਖ ਲਈ ਪਰ ਬਣਵਾਸ ਦਾ ਮਾਰਗੀ ਬਣੇ ਮਨੁੱਖ ਕੋਲ ਵਿਹਲ ਹੀ ਕਿਥੇ ਕਿ ਉਹ ਇਸ ਬਾਰੇ ਕੁਝ ਸੰਵੇਦਨਸ਼ੀਲ ਹੋਵੇ।

ਬੰਦਾ ਤਰੱਕੀ ਅਤੇ ਆਧੁਨਿਕਤਾ ਦੀ ਹੋੜ ਵਿਚ ਕਿਹਾ ਗਵਾਚਿਆ ਕਿ ਉਸ ਨੇ ਕੁਦਰਤ ਤੋਂ ਵੀ ਬਣਵਾਸ ਲੈ ਲਿਆ। ਕੀ ਉਸੇ ਇਮਾਰਤਾਂ ਵਿਚ ਵੱਸਦਿਆਂ ਨੇ ਕਦੇ ਰਾਤ ਨੂੰ ਅੰਬਰ ਵਿਚ ਤਾਰਿਆਂ ਦੇ ਅਕਾਰਾਂ ਅਤੇ ਅਕਾਸ਼ ਮੰਡਲ ਵੱਲ ਝਾਤੀ ਮਾਰੀ ਹੈ? ਕਦੇ ਜੰਗਲਾਂ, ਪਹਾੜਾਂ, ਸਮੁੰਦਰੀ ਬੀਚਾਂ ਦੀ ਸੁੰਦਰਤਾ ਨੂੰ ਮਾਣਿਆ ਹੈ? ਕਦੇ ਟਿੱਕੀ ਰਾਤ ਵਿਚ ਕਿਸੇ ਝੀਲ ਦੇ ਕੰਢੇ ਸੈਰ ਕਰਦਿਆਂ ਨਾਲ-ਨਾਲ ਤੁਰੇ ਜਾ ਰਹੇ ਚੰਨ ਦਾ ਸਾਥ ਮਾਣਿਆ ਹੈ? ਕਦੇ ਵਗਦੇ ਦਰਿਆ ਦੇ ਕੰਢੇ ਸੈਰ ਕਰਦਿਆਂ ਇਸ ਦੀਆਂ ਲਹਿਰਾਂ ਦਾ ਰਾਗ-ਰੰਗ ਸੁਣਿਆ ਹੈ? ਕਦੇ ਕੰਢਿਆਂ ਨਾਲ ਖਹਿੰਦੇ ਪਾਣੀਆਂ ਦੀਆਂ ਛੱਲਾਂ ਦਾ ਵੇਗ ਅਤੇ ਇਨ੍ਹਾਂ ਵਿਚਲੀ ਚਾਹਤ ਨੂੰ ਆਪਣੇ ਮਨ ਦੇ ਕੋਨਿਆਂ ਵਿਚ ਕੋਈ ਥਾਂ ਦਿੱਤੀ ਹੈ? ਕੀ ਕਦੇ ਮੀਂਹ ਤੋਂ ਬਾਅਦ ਧਰਤੀ ਵਿਚੋਂ ਉੱਠ ਰਹੀ ਮਿੱਟੀ ਦੀ ਮਹਿਕ ਨੂੰ ਸੁੰਘਿਆ ਹੈ? ਕੀ ਕਦੇ ਤਰੇਲੀ ਵੱਟ ਤੇ ਸਰਘੀ ਵੇਲੇ ਖੇਤਾਂ ਦੀ ਸੈਰ ਕੀਤੀ ਹੈ? ਕੀ ਕਦੇ ਸਵੇਰੇ ਸ਼ਾਮ ਸਤਸੰਗ ਵਿਚ ਰੁੱਝੇ ਪਰਿੰਦਿਆਂ ਦੀ ਸੱਥ ਵਿਚ ਹਾਜ਼ਰੀ ਲਗਵਾਈ ਹੈ? ਸੋਚਣਾ! ਕੁਦਰਤ ਤੋਂ ਬਣਵਾਸ ਲੈ ਕੇ ਅਸੀਂ ਕਿੰਨੇ ਕੁ ਹੀਣੇ ਹੋ ਗਏ ਹਾਂ? ਕੀ ਖੱਟਿਆ ਤੇ ਕੀ ਗਵਾਇਆ?

ਕੱਚੇ ਘਰਾਂ ਨੂੰ ਤਿਲਾਂਜਲੀ ਦੇ ਕੇ ਅਸੀਂ ਇੱਟਾਂ ਪੱਥਰਾਂ ਦੇ ਮਕਾਨਾਂ ਦੇ ਵਾਸੀ ਤਾਂ ਹੋ ਗਏ ਪਰ ਅਸੀਂ ਘਰਾਂ ਤੋਂ ਬੇਘਰ ਹੋ ਗਏ। ਘਰ ਜਿਸ ਦੇ ਦਲਾਨ ਵਿਚ ਸਾਰੇ ਪਰਿਵਾਰ ਦੇ ਮੰਜੇ ਹੁੰਦੇ ਸਨ, ਕੋਠੜੀਆਂ ਸਰਦੀਆਂ ਨੂੰ ਨਿੱਘੀਆਂ ਅਤੇ ਗਰਮੀਆਂ ਨੂੰ ਠੰਢੀਆਂ ਹੁੰਦੀਆਂ ਸਨ। ਇਕ ਹੀ ਦੀਵੇ ਦੁਆਲੇ ਸਾਰੇ ਬੱਚੇ ਪੜ੍ਹਦੇ ਸਨ। ਹੁਣ ਅਸੀਂ ਪੱਥਰ-ਨਗਰ 'ਚ ਰਹਿੰਦੇ ਪੱਥਰ ਯੁੱਗ ਦੇ ਵਾਸੀ ਹੀ ਹੋ ਗਏ ਹਾਂ। ਫਿਰ ਪੱਥਰ ਯੁੱਗ ਵਿਚ ਘਰਾਂ ਦੀ ਆਸ ਰੱਖਣਾ ਵੀ ਫ਼ਜ਼ੂਲ ਹੈ।

ਬੰਦਾ ਆਪਣੇ ਰੁਤਬਿਆਂ, ਜਾਇਦਾਦ ਅਤੇ ਮਹਿਲ-ਮੁਨਾਰਿਆਂ ਦਾ ਕਿਹਾ ਮਾਣ ਕਰੇਂਦਾ ਕਿ ਉਸ ਨੇ ਆਪਣੇ ਮਨ ਵਿਚ ਰਹਿਣ ਵਾਲੀਆਂ ਰੱਬੀ ਰਹਿਮਤਾਂ ਸੁਖਨ, ਸਹਿਜਤਾ, ਸੰਤੁਸ਼ਟੀ ਨੂੰ ਕਿਹਾ ਬਣਵਾਸ ਦਿੱਤਾ ਕਿ ਉਹ ਨਾਸ਼ੁਕਰੇ ਦਾ ਜੀਵਨ ਜਿਊਂਦਾ, ਖ਼ੁਦ ਤੋਂ ਵੀ ਹਮੇਸ਼ਾ ਨਰਾਜ਼ ਰਹਿੰਦਾ ਹੈ। ਖ਼ੁਦ ਤੋਂ ਇਹੀ ਬੇਭਰੋਸਗੀ ਅਤੇ ਉਕਤਾਹਟ ਹੀ ਹੈ ਕਿ ਉਹ ਵੱਖ-ਵੱਖ ਅਲਾਮਤਾਂ ਦਾ ਸ਼ਿਕਾਰ ਹੋਇਆ, ਰਾਤਾਂ ਨੂੰ ਉਨੀਂਦਰੇ ਕੱਟਦਾ, ਜ਼ਿੰਦਗੀ ਨੂੰ ਉਲ੍ਹਾਮਾ ਬਣਾ ਰਿਹਾ ਹੈ। ਯਾਦ ਰੱਖਣਾ! ਨਾਸ਼ੁਕਰਾ ਬੰਦਾ ਸਮਾਜ ਜਾਂ ਕੁਦਰਤ ਤੋਂ ਹੀ ਨਾਸ਼ੁਕਰਾ ਨਹੀਂ ਹੁੰਦਾ ਸਗੋਂ ਉਹ ਸਭ ਤੋਂ ਪਹਿਲਾਂ ਖ਼ੁਦ ਤੋਂ ਨਾਸ਼ੁਕਰਾ ਹੁੰਦਾ ਜੋ ਉਸ ਦੀ ਕਬਰ ਬਣ ਜਾਂਦਾ।

ਸਭ ਤੋਂ ਭਿਆਨਕ ਬਣਵਾਸ ਤਾਂ ਬੰਦੇ ਨੇ ਆਪਣੇ ਅੰਦਰਲੇ ਬੱਚੇ ਨੂੰ ਦਿੱਤਾ ਹੈ ਜਿਸ ਨੇ ਬੰਦੇ ਨੂੰ ਮਸੂਮੀਅਤ, ਸਚਾਈ, ਪਾਕੀਜ਼ਗੀ, ਕੋਮਲਤਾ ਨਾਲ ਨਿਵਾਜਿਆ ਸੀ। ਇਹੀ ਬੇਰੁਖ਼ੀ ਨੇ ਇਨਸਾਨ ਨੂੰ ਹੈਵਾਨੀਅਤ ਦਾ ਮਾਰਗੀ ਬਣਾ ਦਿੱਤਾ। ਉਸ ਲਈ ਕਿਸੇ ਰਿਸ਼ਤੇ, ਸਾਥੀ ਜਾਂ ਮਨੁੱਖੀ ਭਾਵਨਾਵਾਂ ਦੀ ਕੋਈ ਅਹਿਮੀਅਤ ਨਹੀਂ। ਇਸ ਸੋਚਧਾਰਾ ਨੇ ਮਨੁੱਖੀ ਵਿਗਾੜਾਂ ਦਾ ਮੁੱਢ ਬੰਨ੍ਹਿਆ ਜਿਸ ਨੇ ਮਨੁੱਖ ਦੀ ਝੋਲੀ ਵਿਚ ਮਹਾਂਮਾਰੂ ਵਿਚਾਰ ਪਾਏ। ਇਸ ਨੇ ਹੀ ਚੌਗਿਰਦੇ ਵਿਚ ਮੁਰਦਾਹਾਨੀ ਛਾਉਣ ਵਿਚ ਅਹਿਮ ਭੂਮਿਕਾ ਨਿਭਾਈ।

ਯਾਦ ਰਹੇ ਕਿ ਬਣਵਾਸ ਦੇਣਾ ਮਾੜਾ ਨਹੀਂ, ਪਰ ਦੇਖਣਾ ਹੈ ਕਿ ਤੁਸੀਂ ਕਿਸ ਨੂੰ ਬਣਵਾਸ ਦਿੰਦੇ ਹੋ? ਬਣਵਾਸ ਦੇਣਾ ਹੈ ਮਨਾਂ ਵਿਚ ਪਸਰੇ ਹਨੇਰ ਨੂੰ, ਸੋਚਾਂ ਵਿਚ ਵੱਸਦੇ ਚੋਰ ਨੂੰ, ਕਿਸੇ ਨਾਲ ਕਰਨ ਵਾਲੇ ਜ਼ੁਲਮ ਅਤੇ ਅਨਿਆਂ ਨੂੰ, ਕਿਸੇ ਨੂੰ ਪੀੜਤ ਕਰਨ ਦੀ ਤਾਂਘ ਨੂੰ, ਕਿਸੇ ਨੂੰ ਰੁਆਉਣ ਦੀ ਹੋੜ ਨੂੰ, ਕਿਸੇ ਦੇ ਸਾਹਾਂ ਨੂੰ ਸੂਲੀ 'ਤੇ ਟੰਗਣ ਦੀ ਕਮੀਨਗੀ ਨੂੰ, ਕਿਸੇ ਬੇਜਾਨ ਅਤੇ ਬੇਗੁਨਾਹ ਦੇ ਸੀਰਮੇ ਪੀਣ ਨੂੰ ਜਾਂ ਕਿਸੇ ਨੂੰ ਮਰਨ ਲਈ ਉਕਸਾਹਟ ਪੈਦਾ ਕਰਨ ਦੀ ਨੀਚਤਾ ਨੂੰ ਦਿਓ। ਇੰਝ ਵੀ ਹੁੰਦਾ ਕਿ;

ਜੇ ਹੁਣ ਕਾਲੀ ਰਾਤ ਹੈ ਤਾਂ ਕੱਲ੍ਹ ਸਵੇਰਾ ਹੋਵੇਗਾ।
ਹਰ ਬਣਵਾਸ ਤੋਂ ਬਾਅਦ ਇਕ ਦੁਸਹਿਰਾ ਹੋਵੇਗਾ।
ਐ ਬੰਦੇ! ਵਕਤ ਕਦੇ ਵੀ ਕਿਸੇ ਦਾ ਮਿੱਤ ਨਹੀਂ ਹੁੰਦਾ
ਜੇ ਅੱਜ ਸਮਾਂ ਤੇਰਾ ਹੈ ਤਾਂ ਕੱਲ੍ਹ ਨੂੰ ਮੇਰਾ ਹੋਵੇਗਾ।

ਦਰਅਸਲ ਮਨੁੱਖੀ ਜ਼ਿੰਦਗੀ ਵੀ ਇਕ ਬਣਵਾਸ ਵਰਗੀ ਹੀ ਹੁੰਦੀ। ਸਿਰਫ਼ ਸਾਨੂੰ ਜਾਚ ਹੋਣੀ ਚਾਹੀਦੀ ਹੈ ਕਿ ਅਸੀਂ ਰਾਮ ਵਾਂਗ ਬਣਵਾਸ ਦੌਰਾਨ ਜ਼ਿੰਦਗੀ ਨੂੰ ਕਿਵੇਂ ਜਿਊਣਾ ਹੈ? ਪਰ ਕਦੇ ਕੈਕੇਈ ਵਾਂਗ ਕਿਸੇ ਨੂੰ ਬਣਵਾਸ 'ਤੇ ਨਾ ਤੋਰਨਾ। ਕਈ ਵਾਰ ਬਣਵਾਸੀ ਹੋਇਆ ਮਨ ਸੋਚਦਾ ਕਿ ਪਤਾ ਨਹੀਂ ਕਦੋਂ ਮੇਰਾ ਬਣਵਾਸ ਖ਼ਤਮ ਹੋਵੇਗਾ। ਰਾਮ ਦਾ ਬਣਵਾਸ ਤਾਂ 14 ਸਾਲਾਂ ਬਾਅਦ ਖ਼ਤਮ ਹੋ ਗਿਆ ਸੀ।

ਕਈ ਵਾਰ ਵਿਛੋੜੇ ਦਾ ਬਣਵਾਸ ਹੰਢਾ ਰਹੀ ਵਿਯੋਗਣ ਕੂਕਦੀ ਕਿ ਮੇਰੇ ਜਿਉਂਦੇ ਜੀਅ ਮਿਲਣ ਦੀ ਆਸ ਨੂੰ ਬੇਆਸ ਕਰਨ ਵਾਲਿਆ! ਮੇਰੇ ਬੁੱਝੇ ਸਿਵੇ ਦੀ ਰਾਖ ਨੂੰ ਮੱਥੇ ਤੇ ਛੁਹਾ ਲੈਣਾ ਤਾਂ ਕਿ ਮੇਰੀ ਭਟਕਦੀ ਆਤਮਾ ਨੂੰ ਵਿਯੋਗ ਦੇ ਬਣਵਾਸ ਤੋਂ ਮੁਕਤੀ ਤਾਂ ਮਿਲ ਜਾਵੇ।

ਅਗਰ ਬਣਵਾਸ ਦੇਣਾ ਹੀ ਹੈ ਤਾਂ ਆਪਣੇ ਮਨ ਵਿਚ ਵੱਸਦੇ ਵਿਕਾਰਾਂ, ਕਾਮ, ਕਰੋਧ, ਲੋਭ, ਮੋਹ, ਹੰਕਾਰ, ਹਉਮੈਂ, ਸਾੜਾ, ਈਰਖਾ, ਸੰਕੀਰਨਤਾ ਅਤੇ ਕਮੀਨਗੀ ਨੂੰ ਦਿਓ। ਭਰਾ ਮਾਰੂ ਸੋਚਾਂ ਨੂੰ ਦਿਓ। ਸਭ ਕੁਝ ਹੜੱਪਣ ਦੀ ਲਾਲਸਾ ਨੂੰ ਦਿਓ। ਕਿਸੇ ਨੂੰ ਨੀਵਾਂ ਦਿਖਾਉਣ ਅਤੇ ਮਾੜਾ ਚਿਤਰਨ ਦੀ ਭਾਵਨਾ ਨੂੰ ਦਿਓ। ਜੀਵਨ ਵਿਚਲੀ ਨਕਾਰਾਤਮਿਕਤਾ ਨੂੰ ਦਿਓ। ਜੀਵਨ ਦੇ ਉਨ੍ਹਾਂ ਸਰੋਕਾਰਾਂ ਅਤੇ ਸੰਵੇਦਨਾਵਾਂ ਨੂੰ ਦਿਓ ਜੋ ਮਾਨਵਤਾ ਦਾ ਘਾਣ ਕਰਦੀਆਂ ਨੇ। ਦੇਖਣਾ ਇਹ ਬਣਵਾਸ ਤੁਹਾਨੂੰ ਮਨੁੱਖ ਤੋਂ ਇਨਸਾਨ ਬਣਾਉਣ ਵੱਲ ਖ਼ੁਦ-ਬ-ਖ਼ੁਦ ਹੀ ਪ੍ਰੇਰਤ ਕਰੇਗਾ। ਕਦੇ ਕੋਸ਼ਿਸ਼ ਤਾਂ ਕਰਿਓ ਅਜਿਹਾ ਬਣਵਾਸ ਧਾਰਨ ਦੀ।


# ਪ੍ਰੈੱਸ ਦੀ ਆਜ਼ਾਦੀ ਦਾ ਪ੍ਰਤੀਕ - ਭਾਰਤ ਦਾ ਪਹਿਲਾ ਅਖਬਾਰ 'ਬੰਗਾਲ ਗਜ਼ਟ'

## ਭਾਰਤੀ ਅਖਬਾਰ ਦਿਵਸ 'ਤੇ ਵਿਸ਼ੇਸ਼

ਹਰਗੁਣਪ੍ਰੀਤ ਸਿੰਘ
ਫੋਨ: 94636-19353

'ਭਾਰਤੀ ਅਖਬਾਰ ਦਿਵਸ' ਹਰ ਸਾਲ 29 ਜਨਵਰੀ ਨੂੰ ਭਾਰਤ ਵਿਚ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਹ ਦਿਨ ਭਾਰਤ ਵਿਚ ਪਹਿਲੇ ਅਖਬਾਰ 'ਬੰਗਾਲ ਗਜ਼ਟ' ਦੀ ਸ਼ੁਰੂਆਤ ਦੇ ਸਨਮਾਨ ਵਜੋਂ ਮਨਾਇਆ ਜਾਂਦਾ ਹੈ, ਜੋ 29 ਜਨਵਰੀ 1780 ਨੂੰ ਪ੍ਰਕਾਸ਼ਿਤ ਹੋਇਆ ਸੀ। ਇਸ ਦਿਨ ਦਾ ਮੁੱਖ ਉਦੇਸ਼ ਅਖਬਾਰਾਂ ਦੇ ਮਹੱਤਵਪੂਰਨ ਯੋਗਦਾਨ ਨੂੰ ਮਨਾਉਣਾ ਅਤੇ ਸਮਾਜ ਵਿਚ ਅਖਬਾਰਾਂ ਦੀ ਉਸਾਰੂ ਭੂਮਿਕਾ ਬਾਰੇ ਜਾਗਰੂਕਤਾ ਪੈਦਾ ਕਰਨੀ ਹੈ।

ਜੇਕਰ ਅਸੀਂ ਕਹੀਏ ਕਿ ਭਾਰਤ ਵਿਚ ਅਖਬਾਰਾਂ ਦਾ ਆਗਾਜ਼ ਅੰਗਰੇਜ਼ਾਂ ਦੇ ਭਾਰਤ ਆਉਣ ਨਾਲ ਹੀ ਹੋ ਗਿਆ ਸੀ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਭਾਵੇਂ ਕਿ ਭਾਰਤੀ ਲੋਕਾਂ ਨੂੰ ਅੰਗਰੇਜ਼ ਸਰਕਾਰ ਦੀ ਗੁਲਾਮੀ ਅੰਦਰ ਅੰਗਰੇਜ਼ ਅਫ਼ਸਰਾਂ ਦੇ ਅਸੱਭਿਅਕ ਅਤੇ ਤਾਨਾਸ਼ਾਹੀ ਰਵੱਈਏ ਕਾਰਨ ਬਹੁਤ ਜ਼ੁਲਮ ਅਤੇ ਤਸ਼ੱਦਦ ਝੱਲਣੇ ਪਏ, ਪਰੰਤੂ ਕੁਝ ਦਲੇਰ ਅੰਗਰੇਜ਼ ਮੁਲਾਜ਼ਮ ਅਜਿਹੇ ਵੀ ਸਨ ਜਿਹੜੇ ਕਿ ਆਪਣੀ ਹੀ ਸਰਕਾਰ ਅਤੇ ਈਸਟ ਇੰਡੀਆ ਕੰਪਨੀ ਤੋਂ ਕਿਸੇ ਨਾ ਕਿਸੇ ਸ਼ਿਕਾਇਤ ਕਾਰਨ ਵੱਖ ਹੋ ਗਏ। ਉਨ੍ਹਾਂ ਨੇ ਕੰਪਨੀ ਨਾਲ ਆਪਣਾ ਵਿਰੋਧ ਜ਼ਾਹਿਰ ਕਰਦਿਆਂ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਲਈ ਖ਼ੁਦ ਆਪਣਾ ਅਖਬਾਰ ਛਾਪਣ ਦਾ ਮਨ ਬਣਾਇਆ। ਅਖਬਾਰ ਛਾਪਣ ਦਾ ਪਹਿਲਾ ਅਸਫ਼ਲ ਯਤਨ ਵਿਲੀਅਮ ਬੋਲਟਸ ਨੇ 1776 ਵਿਚ ਕੀਤਾ, ਜਿਸ ਦੀ ਮਸ਼ਹੂਰੀ ਲਈ ਉਸ ਨੇ ਇਕ ਇਸ਼ਤਿਹਾਰ ਰਾਹੀਂ ਦੱਸਿਆ ਕਿ ਉਸ ਵੱਲੋਂ ਛਾਪੇ ਜਾਣ ਵਾਲੇ ਅਖਬਾਰ ਵਿਚ ਕੁਝ ਅਜਿਹੇ ਸਨਸਨੀਖੇਜ਼ ਤੱਥ ਮੌਜੂਦ ਹੋਣਗੇ, ਜੋ ਈਸਟ ਇੰਡੀਆ ਕੰਪਨੀ ਦੇ ਅਫ਼ਸਰਾਂ ਦੇ ਭ੍ਰਿਸ਼ਟ ਆਚਰਣ ਦਾ ਪਰਦਾਫਾਸ਼ ਕਰਨਗੇ। ਇਸ ਕਰਕੇ ਸਰਕਾਰ ਨੇ ਉਸ ਦੀ ਇਹ ਕੋਸ਼ਿਸ਼ ਨਾਕਾਮਯਾਬ ਕਰ ਦਿੱਤੀ ਅਤੇ ਉਸ ਨੂੰ ਭਾਰਤ ਛੱਡ ਕੇ ਇੰਗਲੈਂਡ ਜਾਣ ਦਾ ਹੁਕਮ ਦੇ ਦਿੱਤਾ ਗਿਆ। ਇਸ ਦੇ ਫ਼ਲਸਰੂਪ ਭਾਰਤ ਵਿਚ ਅਖਬਾਰ ਜਨਮ ਲੈਣ ਤੋਂ ਪਹਿਲਾਂ ਹੀ ਮਰ ਗਿਆ ਅਤੇ ਕੁਝ ਸਾਲ ਕਿਸੇ ਨੇ ਅਖਬਾਰ ਕੱਢਣ ਬਾਰੇ ਸੋਚਣ ਦੀ ਵੀ ਹਿੰਮਤ ਨਹੀਂ ਕੀਤੀ।




ਉਪਰੋਕਤ ਘਟਨਾ ਤੋਂ ਕੋਈ ਚਾਰ ਸਾਲ ਬਾਅਦ 29 ਜਨਵਰੀ 1780 ਨੂੰ ਆਇਰਲੈਂਡ ਤੋਂ ਇਕ ਜਨੂੰਨੀ ਅਖਬਾਰਨਵੀਸ ਜੇਮਜ਼ ਅਗਸਟਸ ਹਿੱਕੀ ਨੇ 'ਬੰਗਾਲ ਗਜ਼ਟ' ਨਾਂ ਦਾ ਅੰਗਰੇਜ਼ੀ ਸਪਤਾਹਿਕ ਅਖਬਾਰ ਉਸ ਸਮੇਂ ਦੀ ਭਾਰਤ ਦੀ ਰਾਜਧਾਨੀ ਕਲਕੱਤੇ 'ਤੋਂ ਸ਼ੁਰੂ ਕੀਤਾ ਜਿਹੜਾ 'ਕਲਕੱਤਾ ਜਨਰਲ ਐਡਵਰਟਾਈਜ਼ਰ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ। ਇਹ ਅਖਬਾਰ ਭਾਰਤ ਅਤੇ ਬੰਗਾਲ ਦਾ ਪਹਿਲਾ ਅਖਬਾਰ ਸੀ ਜਿਹੜਾ ਇਤਿਹਾਸ ਵਿਚ 'ਹਿੱਕੀ ਗਜ਼ਟ' ਦੇ ਨਾਂ ਕਰਕੇ ਵੀ ਮਸ਼ਹੂਰ ਹੈ। ਬੰਗਾਲ ਗਜ਼ਟ ਅਖਬਾਰ ਚਾਰ ਪੰਨਿਆਂ ਦਾ ਅਖਬਾਰ ਸੀ ਜਿਸਦੇ ਪੰਨੇ 12ਣ8 ਇੰਚ ਆਕਾਰ ਦੇ ਸਨ ਅਤੇ ਇਸ ਦੇ ਹਰ ਪੰਨੇ 'ਤੇ ਤਿੰਨ ਕਾਲਮ ਸਨ। ਇਹ ਅਖਬਾਰ ਕਿਸੇ ਰਾਜਨੀਤਕ ਪਾਰਟੀ ਦਾ ਪ੍ਰਭਾਵ ਨਹੀਂ ਸੀ ਕਬੂਲਦਾ ਅਤੇ ਇਸ ਦਾ ਮੁੱਖ ਮੰਤਵ ਈਸਟ ਇੰਡੀਆ ਕੰਪਨੀ ਦੇ ਮੁਲਾਜ਼ਮਾਂ ਦੇ ਬੇਈਮਾਨੀ ਦੇ ਕੰਮਾਂ ਅਤੇ ਉਨ੍ਹਾਂ ਦੇ ਨਿਜੀ ਜੀਵਨ ਨਾਲ ਸਬੰਧਤ ਸਨਸਨੀਖੇਜ਼ ਖਬਰਾਂ ਛਾਪਣਾ ਸੀ। ਇਸ ਅਖਬਾਰ ਵਿਚ ਵਰਗੀਕ੍ਰਿਤ ਇਸ਼ਤਿਹਾਰ ਛਾਪਣ ਤੋਂ ਇਲਾਵਾ ਰਾਜਨੀਤਕ ਅਤੇ ਫ਼ੌਜਦਾਰੀ ਮਾਮਲਿਆਂ ਸਬੰਧੀ ਸੰਪਾਦਕੀ ਲੇਖ ਅਤੇ ਸੰਪਾਦਕ ਦੇ ਨਾਂ ਪਾਠਕਾਂ ਦੇ ਖਤ ਵੀ ਛਾਪੇ ਜਾਂਦੇ ਸਨ। ਇਸ ਤੋਂ ਇਲਾਵਾ ਇਸ ਅਖਬਾਰ ਵਿਚ ਲੰਡਨ ਵਿਚ ਛਪਣ ਵਾਲੇ ਅਖਬਾਰਾਂ ਤੋਂ ਵੀ ਖਬਰਾਂ ਲੈ ਕੇ ਛਾਪੀਆਂ ਜਾਂਦੀਆਂ ਸਨ। ਭਾਵੇਂ ਕਿ ਹਿੱਕੀ ਕੋਈ ਬਹੁਤੀ ਸਾਹਿਤਕ ਸੂਝ ਨਹੀਂ ਸੀ ਰੱਖਦਾ ਪਰੰਤੂ ਉਸਨੂੰ ਆਪਣੀ ਲਿਖਤ ਵਿਚ ਵਿਅੰਗ ਕਸਣ ਦੀ ਮੁਹਾਰਤ ਹਾਸਲ ਸੀ, ਜਿਸ ਦਾ ਪਤਾ ਬੰਗਾਲ ਗਜ਼ਟ ਦੇ ਵਿਸ਼ੇਸ਼ ਕਾਲਮਾਂ 'ਪੋਇਟਸ ਕਾਰਨਰ' ਅਤੇ 'ਬੌਨ-ਟੌਨ' ਤੋਂ ਲੱਗਦਾ ਹੈ ਜਿਸ ਵਿਚ ਉਹ ਅੰਗਰੇਜ਼ ਅਫ਼ਸਰਾਂ ਦੇ ਪਰਿਵਾਰਾਂ ਨਾਲ ਸਬੰਧਤ ਮਸਾਲੇਦਾਰ ਖ਼ਬਰਾਂ ਪ੍ਰਕਾਸ਼ਿਤ ਕਰਦਾ ਸੀ। ਇਹੀ ਕਾਰਨ ਹੈ ਕਿ ਕੁਝ ਦਿਨਾਂ ਵਿਚ ਹੀ ਇਹ ਅਖਬਾਰ ਭਾਰਤ ਅਤੇ ਇੰਗਲੈਂਡ ਵਿਚ ਵੀ ਬਹੁਤ ਮਸ਼ਹੂਰ ਹੋ ਗਿਆ ਅਤੇ ਆਮ ਲੋਕਾਂ ਦੀ ਚਰਚਾ ਦਾ ਵਿਸ਼ਾ ਬਣ ਗਿਆ।

ਜਦੋਂ ਸਰਕਾਰ ਵੱਲੋਂ ਉਸ ਦੀਆਂ ਲਿਖਤਾਂ ਦਾ ਨਿਰੰਤਰ ਵਿਰੋਧ ਸ਼ੁਰੂ ਹੋ ਗਿਆ ਤਾਂ ਉਸ ਨੇ ਉਸ ਸਮੇਂ ਦੇ ਗਵਰਨਰ ਜਨਰਲ ਵਾਰਨ ਹੇਸਟਿੰਗਜ਼ ਅਤੇ ਉਸ ਦੀ ਪਤਨੀ ਮਰੀਅਨ ਹੇਸਟਿੰਗਜ਼ ਨੂੰ ਨਿਸ਼ਾਨਾ ਬਣਾਇਆ। ਇਸ ਮਗਰੋਂ ਉਸ ਨੇ ਈਸਟ ਇੰਡੀਆ ਕੰਪਨੀ ਦੇ ਅਫ਼ਸਰ ਸਾਇਮਨ ਡਰੋਜ਼, ਚੀਫ਼ ਜਸਟਿਸ ਐਲੀਜਾਹ ਇੰਪੀ ਅਤੇ ਸਵੀਡਿਸ਼ ਪਾਦਰੀ ਜੋਹਾਨ ਜ਼ਕਾਰੀਅਸ ਕੇਰੀਐਂਡਰ ਆਦਿ ਪ੍ਰਭਾਵਸ਼ਾਲੀ ਵਿਅਕਤੀਆਂ 'ਤੇ ਵੀ ਲਿਖਤੀ ਹਮਲੇ ਕੀਤੇ। ਫ਼ਲਸਰੂਪ ਸਰਕਾਰ ਨੇ 400 ਹਥਿਆਰਬੰਦ ਸੈਨਿਕ ਹਿੱਕੀ ਨੂੰ ਗ੍ਰਿਫ਼ਤਾਰ ਕਰਨ ਲਈ ਭੇਜੇ ਅਤੇ ਉਸ ਨੂੰ 80 ਹਜ਼ਾਰ ਰੁਪਏ ਜ਼ਮਾਨਤ ਵਜੋਂ ਦੇਣ ਦਾ ਹੁਕਮ ਹੋਇਆ, ਜੋ ਨਾ ਦੇ ਸਕਣ ਕਰਕੇ ਉਸ ਨੂੰ ਜੇਲ੍ਹ ਜਾਣਾ ਪਿਆ। ਪਰ ਜੇਲ੍ਹ ਵਿਚੋਂ ਵੀ ਹਿੱਕੀ ਨੇ ਨਿਡਰਤਾ ਅਤੇ ਨਿਰੰਤਰਤਾ ਨਾਲ ਆਪਣੀਆਂ ਤਿੱਖੀਆਂ ਅਤੇ ਚੋਭਵੀਆਂ ਲਿਖਤਾਂ ਲਿਖਣੀਆਂ ਜਾਰੀ ਰੱਖੀਆਂ ਅਤੇ ਆਪਣਾ ਅਖਬਾਰ ਕਿਸੇ ਨਾ ਕਿਸੇ ਤਰ੍ਹਾਂ ਚਲਾਉਂਦਾ ਰਿਹਾ। ਜਦੋਂ ਉਸ ਉੱਪਰ ਮੁਕੱਦਮਾ ਚਲਾਇਆ ਗਿਆ ਤਾਂ ਉਸ ਨੂੰ ਇਕ ਦੋਸ਼ ਵਿਚ ਇਕ ਸਾਲ ਦੀ ਕੈਦ ਅਤੇ ਦੋ ਸੌ ਰੁਪਏ ਜੁਰਮਾਨਾ ਅਤੇ ਦੂਸਰੇ ਦੋਸ਼ ਵਿਚ

(ਬਾਕੀ ਅਗਲੇ ਸਫੇ 'ਤੇ)

# ਚੋਣਾਂ 'ਚ ਭਾਰੂ ਹੋ ਰਹੀ ਮੁਫ਼ਤਖੋਰੀ

***ਪੰਜਾਬ ਨੂੰ ਜਿਲਣ ਵਿਚ ਧੱਕਣ ਲਈ, ਸੱਭ ਜ਼ਿੰਮੇਵਾਰ ਹਨ। ਸਿੱਟਾ; ਸਾਡੀ ਜਵਾਨੀ, ਸਾਡੀ ਲਿਆਕਤ, ਸਾਡਾ ਧੰਨ ਵਿਦੇਸ਼ਾਂ ਨੂੰ ਉੱਡ-ਪੁੱਡ ਰਿਹਾ ਹੈ। ਮਜਬੂਰੀ ਵੱਸ, ਪਰਾਈਆਂ ਧਰਤੀਆਂ ਨੂੰ ਗਏ, ਇਨ੍ਹਾਂ ਮੁੰਡਿਆਂ, ਮੁੜ ਵਤਨੀਂ ਨਹੀਂ ਆਉਣਾ।***

ਬੀਤੇ ਸਾਲਾਂ ਤੋਂ, ਉਂਜ ਤਾਂ ਹਰ ਚੋਣ ਵਿਚ ਇਵੇਂ ਹੀ ਹੋ ਰਿਹਾ ਹੈ। ਪਰ; ਐਤਕੀਂ ਦਿੱਲੀ ਦੀਆਂ ਚੋਣਾਂ ਵਿਚ ਮੁੱਖ ਰਾਜਨੀਤਕ ਪਾਰਟੀਆਂ 'ਮੁਫ਼ਤ ਦੀਆਂ ਰੇਵੜੀਆਂ' ਦਾ ਜਿਵੇਂ ਝੂਠਾ ਤੇ ਮੁਲਕ ਦੀ ਜੜ੍ਹੀਂ ਅੱਕ ਦੇਣ ਵਾਲਾ ਬਿਰਤਾਂਤ ਸਿਰਜ ਰਹੀਆਂ ਹਨ, ਉਸਨੇ ਮੈਨੂੰ ਇਹ ਤਲਖ ਲੇਖ, ਮੁੜ, ਲਿਖਣ ਲਈ ਉਕਸਾਇਆ ਹੈ।

ਅਫਸੋਸ, ਇਸ ਗੱਲ ਦਾ ਹੈ ਦਾ ਇਹ ਸਾਰਾ ਕੁੱਝ, ਪਰਤਾਇਆ ਹੋਇਆ, ਝੂਠ ਹੈ ਅਤੇ ਇਸਨੇ ਤੁਹਾਨੂੰ/ਸੂਬੇ ਨੂੰ/ਮੁਲਕ ਨੂੰ ਤਬਾਹੀ ਦੇ ਰਸਤੇ ਤੋਰ ਦਿੱਤਾ ਹੈ ਫਿਰ ਵੀ, ਹਰ ਵਾਰ, ਲੋਕਾਂ ਦਾ ਭਾਰੀ ਹਜ਼ੂਮ, ਗੁੰਮਰਾਹ ਹੋ ਜਾਂਦਾ ਹੈ।




**ਵਿਜੈ ਬੰਬੇਲੀ**

ਮੁੱਠ-ਮੁੱਠ ਦਾਲ ਅਤੇ ਦੋ-ਦੋ ਸੇਰ ਕਣਕ ਨੇ ਸਾਨੂੰ ਲੈ ਬੈਠਣਾ

...ਇਹ ਇਲਤ ਪੰਜਾਬ 'ਚ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੇ ਦੌਰ ਵਿਚ ਸ਼ੁਰੂ ਹੋਈ। ਕੈਪ.ਅਮਰਿੰਦਰ ਸਿੰਘ ਵੀ, ਥੋੜ੍ਹੇ-ਬਹੁਤੇ ਫ਼ਰਕ ਨਾਲ ਉਸੇ ਨੀਤੀ 'ਤੇ ਚੱਲੇ ਅਤੇ ਹੁਣ ਵਾਲਿਆਂ ਨੇ ਤਾਂ ਸਿਰਾ ਹੀ ਲਾ ਦਿੱਤਾ ਹੈ।

ਕਾਰਨ ਸਿਰਫ ਵੋਟਾਂ ਵਟੋਰਨਾ ਸੀ/ਹੈ, ਬਿਨਾਂ ਇਹ ਸੋਚਿਆ ਕਿ ਇਸਨੇ ਪੰਜਾਬ ਦਾ ਬੇੜਾ ਗਰਕ ਕਰ ਦੇਣਾ ਹੈ।

ਹੁਣ; ਜਿਵੇਂ ਤਾ-ਭਾਰਤ ਵਿੱਚ ਸਾਰੀਆਂ ਪਾਰਟੀਆਂ ਇਸੇ ਡਗਰ 'ਤੇ ਤੁਰ ਪਈਆਂ ਹਨ, ਖੱਬੇਪੱਖੀ ਅਤੇ ਇਨਕਲਾਬੀ ਇਸ ਵਿੱਚ ਅਪਵਾਦ ਹਨ, ਉਸ ਨੇ ਮੁਲਕ ਦੀ ਸਥਿਤੀ ਬਦ ਤੋਂ ਬਦਤਰ ਕਰ ਦੇਣੀ ਹੈ।




ਕਰਜ਼ਾ ਚੁੱਕ ਕੇ ਅਤੇ ਲੋਕ-ਟੈਕਸਾਂ ਸਿਰ ਮੁਫ਼ਤ ਸਹੂਲਤਾਂ ਦੇਣਾ ਕਿਥੋਂ ਦੀ ਅਕਲਮੰਦੀ ਹੈ? ਸੰਨ 2006-07 ਵਿਚ, ਪੰਜਾਬ ਸਿਰ ਕਰਜ਼ਾ 40 ਹਜ਼ਾਰ ਕਰੋੜ ਰੁਪਏ ਸੀ। ਜਿਹੜਾ 2009-10 ਵਿਚ ਇਹ 53,282 ਕਰੋੜ ਰੁਪਏ ਅਤੇ 2014-15 ਵਿਚ 88,818 ਕਰੋੜ ਰੁਪਏ 'ਤੇ ਪੁੱਜ ਗਿਆ। 2019-20 ਵਿਚ ਤਾਂ ਇਹ ਕਰਜ਼ਾ ਦੁੱਗਣੇ ਤੋਂ ਵੀ ਵਧੇਰੇ 1 ਲੱਖ, 93 ਹਜ਼ਾਰ ਕਰੋੜ ਰੁਪਏ ਸੀ। ਉਸ ਵੇਲੇ ਕਿਹਾ ਗਿਆ ਕਿ 31 ਮਾਰਚ, 2020 ਤੱਕ ਪੰਜਾਬ ਸਿਰ 2.48 ਲੱਖ ਕਰੋੜ ਦਾ ਕਰਜ਼ਾ ਹੋਵੇਗਾ, ਪਿਛਲੇ ਵਿੱਤੀ ਸਾਲ ਵੇਲੇ ਇਹ ਕਰਜ਼ਾ 3 ਲੱਖ, 12 ਹਜ਼ਾਰ ਕਰੋੜ ਰੁਪਏ ਸੀ। ਜੇਕਰ ਕਰਜ਼ਾ ਲੈਣ ਦੀ ਇਹੀ ਰਫ਼ਤਾਰ ਜਾਰੀ ਰਹੀ ਤਾਂ 2 ਸਾਲਾਂ ਵਿਚ ਪੰਜਾਬ ਸਿਰ ਕਰਜ਼ਾ 4 ਲੱਖ ਕਰੋੜ ਤੋਂ ਵੀ ਵਧ ਜਾਵੇਗਾ। ਜਾਣੀ; ਹਰ ਪੰਜਾਬੀ ਸਿਰ ਸਵਾ-ਲੱਖ ਕਰਜ਼ਾ।

ਪੰਜਾਬ ਦਾ ਸਾਲ 1997-98 ਵਿਚ ਬਿਜਲੀ ਸਬਸਿਡੀ ਦਾ ਬਿੱਲ 604.57 ਕਰੋੜ ਰੁਪਏ ਸਾਲਾਨਾ ਸੀ ਜੋ ਹੁਣ 20,000 ਕਰੋੜ ਰੁਪਏ ਦੇ ਨੇੜੇ ਹੋ ਜਾਵੇਗਾ।

ਔਰਤਾਂ ਲਈ ਮੁਫ਼ਤ ਟਰਾਂਸਪੋਰਟ ਦੀ ਸਬਸਿਡੀ ਦਾ ਬਿੱਲ ਹੀ 547 ਕਰੋੜ ਦੱਸਿਆ ਜਾ ਰਿਹਾ ਹੈ। ਹੁਣ 'ਤੀਰਥ ਯਾਤਰਾ' ਕਿੰਨੇ ਨਿਗਲੇਗੀ, ਅੰਦਾਜ਼ਾ ; ਤੁਸੀਂ ਲਾਓ।

ਭਾਰਤ ਦੀ ਵੀ ਸੁਖਾਵੀਂ ਨਹੀਂ, ਮੋਦੀ; ਪੰਜਵੀਂ 'ਆਰਥਿਕ ਤਾਕਤ' ਦੇ ਪੜੁੱਲ ਜਿੰਨੇ ਮਰਜ਼ੀ ਬੰਨੀ ਜਾਵੇ। ਕੇਂਦਰ, ਇੱਕ ਰੇਵੜੀ ਦੇਣ ਲਈ ਦਸ ਜਰੂਰੀ ਬੁਰਕੀਆਂ ਮਹਿੰਗੀਆਂ ਕਰ ਦਿੰਦਾ ਹੈ। ਹੁਣ ਉਸਨੇ '15-15 ਲੱਖ' ਵਾਂਗ 'ਗਰੰਟੀਆਂ' ਦਾ ਛੱਟਾ ਦੇਣਾ ਸ਼ੁਰੂ ਕਰ ਦਿੱਤਾ ਹੈ।

ਕੋਈ ਪੱਲਿਓ ਨਹੀਂ ਦਿੰਦਾ। ਇਹ ਤੁਹਾਡੇ 'ਤੇ ਥੋਪੇ ਜਾ ਰਹੇ ਟੈਕਸਾਂ ਅਤੇ ਮਹਿੰਗਈ ਦਾ ਹੀ ਪੈਸਾ ਹੈ। ਅਫਸੋਸ! ਇਹ ਗੱਲ ਸਮਝਣ ਦੀ ਬਜਾਏ, ਮਾੜਾ-ਧੀੜੇ ਤਾਂ ਕੀ, ਸਰਦੇ-ਪੁੱਜਦੇ ਵੀ ਮੁਫ਼ਤਖੋਰੀ ਲਈ ਤੀਂਘੜਦੇ ਫਿਰਦੇ ਹਨ। ਅਜਿਹੇ 'ਅਣਖੀ ਅਤੇ ਦਾਨੀ' ਲੋਕ ਹੀ ਦੇਰ-ਸਵੇਰ ਪੰਜਾਬੀ ਕੌਮ ਦੀ ਬਦਨਾਮੀ ਦਾ ਕਾਰਨ ਬਣਨਗੇ।

ਮੁਫ਼ਤਖੋਰੀ ਕੰਮ-ਚੋਰ ਪੈਦਾ ਕਰਦੀ ਹੈ। ਪੰਜਾਬ 'ਚ ਕਿਤੇ ਵੀ ਝਾਤੀ ਮਾਰ ਲਵੋ, ਹਰ ਜਗ੍ਹਾ ਪੰਜਾਬੋਂ ਬਾਹਰਲੇ ਕਿਰਤੀਆਂ/ਹਿੰਮਤੀਆਂ ਦੀ ਬਹੁਤਾਤ ਹੈ। ਮੁਫ਼ਤਖੋਰੀ ਦਾ ਵੀ ਸਿੱਟਾ ਹੈ, ਇਹ।

ਕੀ ਸਾਡਾ ਮਸਲਾ ਸਿਰਫ ਦੋ ਡੰਗ ਦੀ ਰੋਟੀ ਹੀ ਹੈ। ਬਾਕੀ ਲੋੜਾਂ ਕਿਵੇਂ ਪੂਰੀਆਂ ਹੋਣਗੀਆਂ ? ਜਿਸਨੂੰ, ਸਿਰਫ ਸਵੈ-ਰੁਜ਼ਗਾਰ ਹੀ ਪੂਰਾ ਕਰ ਸਕਦਾ ਹੈ।

ਪੰਜਾਬ ਨੂੰ ਜਿਲਣ ਵਿਚ ਧੱਕਣ ਲਈ, ਸੱਭ ਜ਼ਿੰਮੇਵਾਰ ਹਨ। ਸਿੱਟਾ; ਸਾਡੀ ਜਵਾਨੀ, ਸਾਡੀ ਲਿਆਕਤ, ਸਾਡਾ ਧੰਨ ਵਿਦੇਸ਼ਾਂ ਨੂੰ ਉੱਡ-ਪੁੱਡ ਰਿਹਾ ਹੈ। ਮਜਬੂਰੀ ਵੱਸ, ਪਰਾਈਆਂ ਧਰਤੀਆਂ ਨੂੰ ਗਏ, ਇਹਨਾਂ ਮੁੰਡਿਆਂ, ਮੁੜ ਵਤਨੀ ਨਹੀਂ ਆਉਣਾ। ਪਛਤਾਓਂਗੇ।

ਮੁੱਕਦੀ ਗੱਲ; ਸਰਕਾਰ ਤੋਂ ਯੋਗਤਾ ਅਨੁਸਾਰ ਰੁਜ਼ਗਾਰ ਮੰਗੋ ਅਤੇ ਮਿਆਰੀ ਪੜ੍ਹਾਈ ਤੇ ਸਿਹਤ ਸਹੂਲਤਾਂ ਵੀ, ਉਹ ਵੀ ਬਿਲਕੁਲ ਮੁਫ਼ਤ। ਤੰਦਰੁਸਤ ਅਤੇ ਬਾ-ਰੁਜ਼ਗਾਰ ਬੰਦਾ ਖੁਦ ਹੀ ਕਮਾ ਕੇ ਖਾ ਲਵੇਗਾ।

ਚੇਤੇ ਰੱਖੋ; ਤੜਕਸਾਰ ਨੂੰ ਬਾਲੀ ਪਹਿਲੀ ਤੀਲੀ ਤੋਂ ਲੈ ਕੇ, ਡੂੰਘੀ ਸ਼ਾਮ ਬੱਤੀ ਬੰਦ ਕਰਨ ਤੱਕ, ਤੁਸੀਂ ਹਰ ਗਤੀਵਿਧੀ, ਹਰ ਵਸਤ 'ਤੇ ਟੈਕਸ ਭਰ ਰਹੇ ਹੋ। ਉਹ ਤੁਹਾਡੀ ਪੜ੍ਹਾਈ, ਸਿਹਤ, ਰੁਜ਼ਗਾਰ ਅਤੇ ਮਿਆਰੀ ਸਹੂਲਤਾਂ ਲਈ ਵਰਤਿਆ ਜਾਣਾ ਚਾਹੀਦਾ ਹੈ।

ਉਸ ਧਨ ਨੂੰ ਵਾਰੋ-ਵਾਰੀ ਹੜੱਪਣ ਲਈ ਤੁਹਾਨੂੰ ਮਹਿਜ਼ 'ਮੁੱਠ-ਮੁੱਠ ਦਾਲ ਅਤੇ ਦੋ-ਦੋ ਸੇਰ ਕਣਕ' ਅਤੇ ਚੋਣਾ ਵੇਲੇ ਚਾਰ-ਛਿੱਲੜਾਂ ਤੇ ਚੂਲੀ-ਚੂਲੀ ਸ਼ਰਾਬ ਨਾਲ ਹੀ ਪਤਿਆ ਲੈਣ ਦੀ ਹਿਕਾਮਤ ਕੀਤੀ ਜਾਂਦੀ ਹੈ। ਮਗਰੋਂ; ਤੂੰ ਕੌਣ ਤੇ ਮੈਂ ਕੌਣ? ਉਹਨਾਂ ਨੂੰ ਆਪਣੇ ਤੇ ਆਪਣੇ ਕੁਨਬੇ ਤੋਂ ਵਗੈਰ, ਫਿਰ, ਕੋਈ ਨਹੀਂ ਦੀਹਦਾ।

ਸੰਭਲੋ! ਇਸ ਵਬਾ ਨੇ ਸਾਡੇ ਵਾਰਸਾਂ, ਸੂਬੇ ਅਤੇ ਮੁਲਕ ਨੂੰ ਲੈ ਬੈਠਣਾ ਹੈ।

# ਹਰਿਆਣਾ ਦੀ ਧੀ ਤੇ ਪੰਜਾਬ ਦੀ ਨੂੰਹ ਏਸ਼ੀਅਨ ਚੈਂਪੀਅਨ ਅਥਲੀਟ ਨੀਲਮ ਜਸਵੰਤ ਸਿੰਘ

***ਨੀਲਮ ਦਾ ਜਨਮ ਹਰਿਆਣਾ ਦੇ ਰੋਹਤਕ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਫਰਮਾਨਾ ਵਿਖੇ 8 ਜਨਵਰੀ 1971 ਨੂੰ ਪਿਤਾ ਚੰਦਰ ਭਾਨ ਬੋਰਾ ਦੇ ਘਰ ਮਾਤਾ ਭਾਗਵਤੀ ਦੀ ਕੁੱਖੋਂ ਹੋਇਆ। ਨੀਲਮ ਦਾ ਵਿਆਹ ਹੁਸ਼ਿਆਰਪੁਰ ਦੇ ਜਸਵੰਤ ਸਿੰਘ ਨਾਲ ਹੋਇਆ ਜੋ ਖੁਦ ਤੀਹਰੀ ਛਾਲ ਦਾ ਜੂਨੀਅਰ ਨੈਸ਼ਨਲ ਰਿਕਾਰਡ ਹੋਲਡਰ ਰਿਹਾ ਅਤੇ ਫੇਰ ਨੀਲਮ ਦਾ ਕੋਚ ਵੀ ਰਿਹਾ।***




ਪੰਜਾਬ ਤੇ ਹਰਿਆਣਾ 1966 ਵਿੱਚ ਭਾਵੇਂ ਵੱਖਰੇ-ਵੱਖਰੇ ਸੂਬਿਆਂ ਵਜੋਂ ਹੋਂਦ ਵਿੱਚ ਆ ਗਏ ਪਰ ਦੋਵਾਂ ਦੀ ਵਿਰਾਸਤ ਸਾਂਝੀ ਹੈ। ਖੇਡਾਂ ਵਿੱਚ ਖਾਸ ਕਰਕੇ। ਕੁਝ ਖਿਡਾਰੀਆਂ ਅਜਿਹੇ ਹਨ ਜਿਹੜੇ ਦੋਵੇਂ ਸੂਬਿਆਂ ਦੇ ਸਾਂਝੇ ਹਨ। ਅਜਿਹੀ ਹੀ ਖਿਡਾਰਨ ਅੱਜ ਦੇ ਕਾਲਮ ਦੀ ਪਾਤਰ ਨੀਲਮ ਜਸਵੰਤ ਸਿੰਘ ਹੈ। ਹਰਿਆਣੇ ਦੀ ਧੀ ਤੇ ਪੰਜਾਬ ਦੀ ਨੂੰਹ ਨੀਲਮ ਹਰਿਆਣਾ ਵਿੱਚ ਜਨਮੀ ਅਤੇ ਆਪਣਾ ਖੇਡ ਕਰੀਅਰ ਸ਼ੁਰੂ ਕੀਤਾ। ਉਸ ਤੋਂ ਬਾਅਦ ਉਹ ਪੰਜਾਬ ਵਿਆਹੀ ਗਈ ਅਤੇ ਫੇਰ ਏਸ਼ੀਅਨ ਚੈਂਪੀਅਨ ਬਣੀ ਜਿਸ ਕਰਕੇ ਉਹ ਆਪਣੇ ਆਪ ਨੂੰ ਪੰਜਾਬੀ ਅਖਵਾ ਕੇ ਜ਼ਿਆਦਾ ਖੁਸ਼ ਹੁੰਦੀ।ਉਹ ਆਪਣੇ ਨਾਮ ਨਾਲ ਆਪਣੇ ਪਤੀ ਜਸਵੰਤ ਸਿੰਘ ਦਾ ਨਾਮ ਲਗਾਉਂਦੀ ਹੈ ਜਿਸ ਕਰਕੇ ਖੇਡ ਜਗਤ ਉਸ ਨੂੰ ਨੀਲਮ ਜਸਵੰਤ ਸਿੰਘ ਦੇ ਨਾਮ ਨਾਲ ਜਾਣਦਾ ਹੈ। ਜਸਵੰਤ ਸਿੰਘ ਦੇ ਪਿਤਾ ਮਹਿੰਦਰ ਸਿੰਘ ਅਤੇ ਮਾਤਾ ਸ਼ੀਤਲ ਕੌਰ ਵੀ ਨੀਲਮ ਨੂੰ ਆਪਣੀ ਨੂੰਹ ਦੀ ਬਜਾਏ ਧੀ ਹੀ ਸਮਝਦੇ ਹਨ।



**ਨਵਦੀਪ ਸਿੰਘ ਗਿੱਲ**

ਨੀਲਮ ਦਾ ਜਨਮ ਹਰਿਆਣਾ ਦੇ ਰੋਹਤਕ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਫਰਮਾਨਾ ਵਿਖੇ 8 ਜਨਵਰੀ 1971 ਨੂੰ ਪਿਤਾ ਚੰਦਰ ਭਾਨ ਬੋਰਾ ਦੇ ਘਰ ਮਾਤਾ ਭਾਗਵਤੀ ਦੀ ਕੁੱਖੋਂ ਹੋਇਆ। ਨੀਲਮ ਦਾ ਵਿਆਹ ਹੁਸ਼ਿਆਰਪੁਰ ਦੇ ਜਸਵੰਤ ਸਿੰਘ ਨਾਲ ਹੋਇਆ ਜੋ ਖੁਦ ਤੀਹਰੀ ਛਾਲ ਦਾ ਜੂਨੀਅਰ ਨੈਸ਼ਨਲ ਰਿਕਾਰਡ ਹੋਲਡਰ ਰਿਹਾ ਅਤੇ ਫੇਰ ਨੀਲਮ ਦਾ ਕੋਚ ਵੀ ਰਿਹਾ। ਨੀਲਮ ਦੀਆਂ ਪ੍ਰਾਪਤੀਆਂ ਸਦਕਾ ਉਸ ਦੇ ਕੋਚ ਅਤੇ ਪਤੀ ਜਸਵੰਤ ਸਿੰਘ ਨੂੰ ਵੀ ਕੋਚਿੰਗ ਦਾ ਸਭ ਤੋਂ ਵੱਡਾ ਸਨਮਾਨ ਦਰੋਣਾਚਾਰੀਆ ਐਵਾਰਡ ਮਿਲਿਆ।ਦੋਵਾਂ ਨੂੰ ਇਹ ਸਨਮਾਨ ਇਕ ਹੋਰ ਅਥਲੈਟਿਕਸ ਪਤੀ-ਪਤਨੀ ਜੋੜੀ ਅੰਜੂ ਬੌਬੀ ਜੌਰਜ ਤੇ ਬੌਬੀ ਜੌਰਜ ਵਾਂਗ ਮਿਲਿਆ ਹੈ।

ਨੀਲਮ ਨੇ ਆਪਣੇ ਖੇਡ ਕਰੀਅਰ ਦੀ ਸ਼ੁਰੂਆਤ 1985 ਵਿੱਚ ਜੁਲਾਨਾ ਤੋਂ ਕੀਤੀ। ਪਹਿਲੇ ਪਹਿਲ ਉਹ ਉੱਚੀ ਛਾਲ ਲਾਉਂਦੀ ਸੀ। ਉਸ ਤੋਂ ਬਾਅਦ ਉਹ ਥਰੋਅ ਈਵੈਂਟਾਂ ਵਿੱਚ ਆ ਗਈ ਅਤੇ ਡਿਸਕਸ ਥਰੋਅ ਨੂੰ ਅਪਣਾ ਲਿਆ।ਕੋਚ ਸੂਰਜ ਭਾਨ ਦੀ ਦੇਖ ਰੇਖ ਵਿੱਚ ਸ਼ੁਰੂਆਤ ਕਰਨ ਤੋਂ ਬਾਅਦ ਅਗਲੇ ਹੀ ਸਾਲ ਉਸ ਨੇ ਰਾਸ਼ਟਰੀ ਸਕੂਲ ਖੇਡਾਂ ਵਿੱਚ ਕਾਂਸੀ ਦਾ ਤਮਗਾ ਜਿੱਤ ਲਿਆ। ਇਸ ਤੋਂ ਬਾਅਦ ਨੀਲਮ ਕਦੇ ਵੀ ਰਾਸ਼ਟਰੀ ਮੁਕਾਬਲਿਆਂ ਵਿੱਚ ਚੈਂਪੀਅਨ ਬਣਨ ਤੋਂ ਬਿਨਾ ਘਰ ਨਹੀਂ ਪਰਤੀ। 1988 ਵਿੱਚ ਜੂਨੀਅਰ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਛੇਵਾਂ ਸਥਾਨ ਪ੍ਰਾਪਤ ਕੀਤਾ। ਨੀਲਮ ਨੇ 1989 ਵਿੱਚ ਰੇਲ ਕੋਚ ਫੈਕਟਰੀ ਕਪੂਰਥਲਾ ਵੱਲੋਂ ਖੇਡਣਾ ਸ਼ੁਰੂ ਕੀਤਾ।ਰਾਸ਼ਟਰੀ ਸਕੂਲਾਂ ਤੇ ਜੂਨੀਅਰ ਨੈਸ਼ਨਲ ਵਿੱਚ ਰਿਕਾਰਡ ਬਣਾਉਣ ਤੋਂ ਇਲਾਵਾ ਉਸ ਨੇ 1989 ਦੀਆਂ ਸੈਫ ਖੇਡਾਂ ਵਿੱਚ ਸੋਨ ਤਮਗ਼ਾ ਜਿੱਤਿਆ। ਸਕੂਲੀ ਮੁਕਾਬਲਿਆਂ ਵਿੱਚ 32 ਮੀਟਰ ਦਾ ਰਿਕਾਰਡ ਹੁੰਦਾ ਸੀ ਅਤੇ ਨੀਲਮ ਬਿਨਾਂ ਪ੍ਰੈਕਟਿਸ ਕੀਤਿਆਂ 34 ਮੀਟਰ ਡਿਸਕਸ ਸੁੱਟ ਕੇ ਪਹਿਲੇ ਨੰਬਰ ਉਤੇ ਆਈ। ਇਕੇਰਾਂ ਕਿਸੇ ਛੋਟੇ ਟੂਰਨਾਮੈਂਟ ਵਿੱਚ ਉਸ ਨੇ 50 ਮੀਟਰ ਤੋਂ ਜ਼ਿਆਦਾ ਡਿਸਕਸ ਸੁੱਟੀ ਪਰ ਉੱਥੇ ਫੀਤਾ 50 ਮੀਟਰ ਤੱਕ ਹੀ ਸੀ ਜਿਸ ਕਾਰਨ ਪ੍ਰਬੰਧਕਾਂ ਨੂੰ ਨੀਲਮ ਦੀਆਂ ਬਾਹਵਾਂ ਦਾ ਜ਼ੋਰ ਮਾਪਣ ਲਈ ਦੋ ਵਾਰੀ ਫੀਤਾ ਖੋਲ੍ਹਣਾ ਪਿਆ। ਸੱਚਮੁੱਚ ਉਸ ਨੇ ਫੀਤਾ ਹੀ ਮੁਕਾ ਦਿੱਤਾ।



1996 ਦੀਆਂ ਸੈਫ ਖੇਡਾਂ ਵਿੱਚ ਉਸ ਨੇ 50.96 ਮੀਟਰ ਦਾ ਨਵਾਂ ਰਿਕਾਰਡ ਬਣਾਉਂਦਿਆਂ ਸੋਨ ਤਮਗਾ ਜਿੱਤਿਆ। 1998 ਵਿੱਚ ਏਸ਼ੀਅਨ ਟਰੈਕ ਐਂਡ ਫੀਲਡ ਟੂਰਨਾਮੈਂਟ ਵਿੱਚ ਚਾਂਦੀ ਦਾ ਤਮਗਾ ਜਿੱਤਿਆ। ਇਸੇ ਸਾਲ ਬੈਂਕਾਕ ਏਸ਼ੀਅਨ ਗੇਮਜ਼ ਵਿੱਚ ਕਾਂਸੀ ਦਾ ਤਮਗ਼ਾ ਜਿੱਤਿਆ। 1999 ਵਿੱਚ ਵਿਸ਼ਵ ਚੈਂਪੀਅਨਸ਼ਿਪ ਵਿੱਚ ਹਿੱਸਾ ਲੈਣ ਤੋਂ ਬਾਅਦ ਨੀਲਮ 2000 ਵਿੱਚ ਸਿਡਨੀ ਓਲੰਪਿਕ ਖੇਡਾਂ ਵਿੱਚ ਹਿੱਸਾ ਲੈ ਕੇ ਓਲੰਪੀਅਨ ਬਣੀ।

2000 ਵਿੱਚ ਜਕਾਰਤਾ ਵਿੱਚ ਏਸ਼ੀਅਨ ਟਰੈਕ ਐਂਡ ਫੀਲਡ ਟੂਰਨਾਮੈਂਟ ਵਿੱਚ ਸੋਨ ਤਮਗ਼ਾ ਜਿੱਤ ਕੇ ਉਹ ਪਹਿਲੀ ਭਾਰਤੀ ਮਹਿਲਾ ਅਥਲੀਟ ਬਣੀ ਜਿਸ ਨੇ ਡਿਸਕਸ ਵਿੱਚ ਇਹ ਜਿੱਤਿਆ। ਨੀਲਮ ਨੇ 2002 ਵਿੱਚ ਮਾਨਚੈਸਟਰ ਰਾਸ਼ਟਰਮੰਡਲ ਖੇਡਾਂ ਵਿੱਚ ਚਾਂਦੀ ਤਮਗਾ ਜਿੱਤਿਆ ਅਤੇ ਬੁਸਾਨ ਵਿਖੇ ਏਸ਼ੀਅਨ ਗੇਮਜ਼ ਵਿੱਚ ਸੋਨੇ ਦਾ ਤਮਗ਼ਾ ਜਿੱਤ ਕੇ ਏਸ਼ੀਆ ਵਿੱਚ ਆਪਣੀ ਬਾਦਸ਼ਾਹਤ ਕਾਇਮ ਕੀਤੀ।ਬੁਸਾਨ ਵਿਖੇ ਉਸ ਨੇ 64.55 ਮੀਟਰ ਥਰੋਅ ਸੁੱਟੀ। ਜਦੋਂ ਉਹ ਏਸ਼ੀਆ ਚੈਂਪੀਅਨ ਬਣ ਕੇ ਆਪਣੇ ਜੱਦੀ ਪਿੰਡ ਫਰਮਾਨਾ ਆਈ ਤਾਂ 24 ਪਿੰਡਾਂ ਨੇ ਮਿਲ ਕੇ ਉਸ ਨੂੰ 25 ਘੋੜਿਆਂ ਦੇ ਰੱਥ ਉੱਪਰ ਬਿਠਾ ਕੇ ਜਲਾਨਾ ਤੋਂ ਫਰਮਾਨਾ ਲੈ ਕੇ ਆਂਦਾ।ਉਸ ਸਮੇਂ ਪਿੰਡ ਵਿੱਚ ਸਨਮਾਨ ਸਮਾਰੋਹ ਦੌਰਾਨ ਨੀਲਮ ਨੂੰ ਸ਼ੁੱਧ ਚਾਂਦੀ ਦੀ ਡਿਸਕਸ ਨਾਲ ਸਨਮਾਨਿਤ ਕੀਤਾ ਗਿਆ।

2003 ਵਿੱਚ ਵਿਸ਼ਵ ਚੈਂਪੀਅਨਸ਼ਿਪ ਵਿੱਚ ਫਾਈਨਲ ਵਿੱਚ ਪਹੁੰਚ ਕੇ ਉਹ ਪਹਿਲੀ ਭਾਰਤੀ ਡਿਸਕਸ ਸੁਟਾਵੀ ਬਣੀ ਜਿਸ ਨੇ ਵਿਸ਼ਵ ਚੈਂਪੀਅਨਸ਼ਿਪ ਦੇ ਫ਼ਾਈਨਲ ਤੱਕ ਦਾਖਲਾ ਪਾਇਆ ਹੋਵੇ। ਸਾਲ 2003 ਵਿੱਚ ਹੈਦਰਾਬਾਦ ਵਿਖੇ ਏਸ਼ੀਆ ਤੇ ਅਫਰੀਕਾ ਦੋਵੇਂ ਮਹਾਂਦੀਪਾਂ ਦੀਆਂ ਪਹਿਲੀ ਵਾਰ ਕਰਵਾਈਆਂ ਐਫਰੋ ਏਸ਼ੀਅਨ ਖੇਡਾਂ ਵਿੱਚ ਵੀ ਸੋਨ ਤਮਗ਼ਾ ਜਿੱਤ ਕੇ ਇਤਿਹਾਸ ਸਿਰਜਿਆ।2004 ਵਿੱਚ ਸੱਟ ਲੱਗਣ ਕਾਰਨ ਉਹ ਓਲੰਪਿਕਸ ਨਾ ਖੇਡ ਸਕੀ। 2005 ਵਿੱਚ ਵਿਵਾਦਿਤ ਡੋਪ ਟੈਸਟ ਵਿੱਚ ਪਾਜ਼ੇਟਿਵ ਪਾਏ ਜਾਣ ਕਾਰਨ ਨੀਲਮ ਦੇ ਇਕ ਦਹਾਕਾ ਸ਼ਾਨਦਾਰ ਕਰੀਅਰ ਦਾ ਦੁੱਖਦਾਈ ਅੰਤ ਹੋਇਆ।

ਨੀਲਮ ਨੇ ਰਾਸ਼ਟਰੀ ਪੱਧਰ ਉਤੇ 1995 ਤੋਂ 2004 ਤੱਕ ਸਾਰੇ ਫੈਡਰੇਸ਼ਨ ਕੱਪਾਂ ਸਮੇਤ ਕੁੱਲ 50 ਤੋਂ ਵੱਧ ਰਾਸ਼ਟਰੀ ਮੁਕਾਬਲੇ ਅਤੇ ਇੱਕ ਦਰਜਨ ਦੇ ਕਰੀਬ ਕੌਮਾਂਤਰੀ ਮੈਡਲ ਜਿੱਤੇ ਹਨ।

ਉਸ ਨੇ ਛੇ ਵਾਰ ਰਾਸ਼ਟਰੀ ਰਿਕਾਰਡ ਤੋੜਿਆ ਹੈ। ਉਸ ਨੇ ਦੋ ਵਾਰੀ ਵਿਸ਼ਵ ਰੇਲਵੇ ਚੈਂਪੀਅਨਸ਼ਿਪ ਜਿੱਤੀ ਹੈ। ਨੀਲਮ ਨੂੰ 1996 ਵਿੱਚ ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਅਤੇ 1999 ਵਿੱਚ ਭਾਰਤ ਸਰਕਾਰ ਨੇ ਅਰਜੁਨਾ ਐਵਾਰਡ ਨਾਲ ਸਨਮਾਨਿਤ ਕੀਤਾ।

---

***(ਪਿਛਲੇ ਸਫੇ ਦਾ ਬਾਕੀ)***

ਗਵਰਨਰ ਜਰਨਲ ਵਾਰਨ ਹੇਸਟਿੰਗਜ਼ ਦੇ ਵਿਰੁੱਧ ਲਿਖਣ ਕਰਕੇ ਪੰਜ ਹਜ਼ਾਰ ਰੁਪਏ ਦੇ ਜੁਰਮਾਨੇ ਦੀ ਸਜ਼ਾ ਹੋਈ ਜੋ ਬਾਅਦ ਵਿਚ ਮੁਆਫ਼ ਕਰ ਦਿੱਤੀ ਗਈ। ਇਸ ਵੇਲੇ ਤੱਕ ਹਿੱਕੀ ਦੀ ਆਰਥਿਕ ਹਾਲਤ ਬਹੁਤ ਕਮਜ਼ੋਰ ਹੋ ਚੁੱਕੀ ਸੀ ਅਤੇ 30 ਮਾਰਚ 1782 ਨੂੰ ਹਿੱਕੀ ਦਾ ਛਾਪਾਖਾਨਾ ਜ਼ਬਤ ਕਰ ਲਿਆ ਗਿਆ ਅਤੇ ਉਸ ਦਾ ਪਹਿਲਾ ਅਖਬਾਰ 'ਬੰਗਾਲ ਗਜ਼ਟ' ਬੰਦ ਹੋ ਗਿਆ।

ਭਾਵੇਂ ਕਿ 'ਬੰਗਾਲ ਗਜ਼ਟ' ਅਖਬਾਰ ਦੀ ਉਮਰ ਬਹੁਤ ਹੀ ਥੋੜ੍ਹੀ ਸੀ, ਪਰੰਤੂ ਹਿੱਕੀ ਨੇ ਜਿਸ ਦਲੇਰੀ ਅਤੇ ਲਗਨ ਨਾਲ ਇਸ ਅਖਬਾਰ ਨੂੰ ਆਰੰਭਿਆ ਅਤੇ ਚਲਾਇਆ, ਉਸ ਨਾਲ ਹੋਰਨਾਂ ਅੰਗ੍ਰੇਜ਼ ਅਤੇ ਭਾਰਤੀ ਪੱਤਰਕਾਰਾਂ ਨੂੰ ਵੀ ਭਾਰਤ ਵਿਚ ਆਪਣੇ ਆਜ਼ਾਦ ਖਿਆਲਾਂ ਨੂੰ ਪ੍ਰਗਟ ਕਰਨ ਦਾ ਉਤਸ਼ਾਹ ਮਿਲਿਆ, ਜਿਸ ਦੇ ਨਤੀਜੇ ਵਜੋਂ ਦੋ ਸਾਲਾਂ ਵਿਚ ਹੀ ਬੰਗਾਲ ਵਿਚ ਪੰਜ ਹੋਰ ਵੱਡੇ ਅਖਬਾਰ ਛਪਣੇ ਸ਼ੁਰੂ ਹੋ ਗਏ। ਇਨ੍ਹਾਂ ਅਖਬਾਰਾਂ ਵਿਚ ਨਵੰਬਰ 1780 ਵਿਚ 'ਬੰਗਾਲ ਗਜ਼ਟ' ਦੇ ਮੁਕਾਬਲੇ ਵਿਚ ਸ਼ੁਰੂ ਹੋਇਆ 'ਇੰਡੀਆ ਗਜ਼ਟ' ਅਖਬਾਰ ਸੀ। ਇਸ ਤੋਂ ਇਲਾਵਾ 1784 ਵਿਚ 'ਕਲਕੱਤਾ ਗਜ਼ਟ', 1785 ਵਿਚ 'ਬੰਗਾਲ ਜਰਨਲ', 'ਦੀ ਓਰੀਐਂਟਲ ਮੈਗਜ਼ੀਨ ਆਫ਼ ਕਲਕੱਤਾ ਅਮਊਜ਼ਮੈਂਟ' ਅਤੇ 1786 ਵਿਚ 'ਕਲਕੱਤਾ ਕਰਾਨੀਕਲ' ਅਖਬਾਰ ਛਪਣੇ ਸ਼ੁਰੂ ਹੋਏ। ਇਸ ਲਈ ਜੇਮਜ਼ ਅਗਸਟਸ ਹਿੱਕੀ ਨੇ ਭਾਰਤ ਵਿਚ ਪ੍ਰੈੱਸ ਦੀ ਆਜ਼ਾਦੀ ਅਤੇ ਅਭਿਵਿਅਕਤੀ ਦੇ ਅਧਿਕਾਰ ਲਈ ਮਹੱਤਵਪੂਰਨ ਯੋਗਦਾਨ ਪਾਇਆ ਅਤੇ ਉਸ ਦੀ ਹਿੰਮਤ ਨੇ ਭਾਰਤ ਵਿਚ ਆਜ਼ਾਦ ਪੱਤਰਕਾਰੀ ਦੇ ਬੀਜ ਬੋਏ।

**ਬਰਸੀ 'ਤੇ ਯਾਦ ਕਰਦਿਆਂ...**

# ਹਰਦੇਵ ਸਿੰਘ ਤੋਂ ਮਾਸਟਰ ਹਰਦੇਵ, ਮਾਸਟਰ ਹਰਦੇਵ ਤੋਂ ਕਹਾਣੀਕਾਰ ਹਰਦੇਵ, ਕਹਾਣੀਕਾਰ ਹਰਦੇਵ ਸਿੰਘ ਤੋਂ ਹਰਦੇਵ ਦਿਲਗੀਰ, ਹਰਦੇਵ ਦਿਲਗੀਰ ਤੋਂ ਦੇਵ ਥਰੀਕੇ ਵਾਲਾ

**ਅਸ਼ੋਕ ਬਾਂਸਲ ਮਾਨਸਾ**

ਪੰਜਾਬੀ ਗੀਤਾਂ ਨੂੰ ਪਿਆਰ ਕਰਨ ਵਾਲਾ ਬੱਚਾ ਬੱਚਾ 'ਦੇਵ ਥਰੀਕੇ ਵਾਲੇ' ਦੇ ਨਾਮ ਤੋਂ ਭਲੀ-ਭਾਂਤ ਜਾਣੂੰ ਹੈ ਪਰ 'ਹਰਦੇਵ ਸਿੰਘ' ਤੋਂ 'ਦੇਵ ਥਰੀਕੇ ਵਾਲੇ' ਦਾ ਪੈਂਡਾ ਕਾਫੀ ਲੰਮਾ ਤੇ ਔਖਾ ਹੈ।

ਕਿਸ ਗੀਤ ਦੇ ਹਵਾਲੇ ਨਾਲ ਮੈਂ ਦੇਵ ਦੀ ਗੱਲ ਸ਼ੁਰੂ ਕਰਾਂ? ਇਹ ਬੇਇਨਸਾਫ਼ੀ ਵੀ ਹੋਵੇਗੀ ਤੇ ਸੂਰਜ ਨੂੰ ਦੀਵਾ ਦਿਖਾਉਣ ਵਾਲੀ ਕਹਾਵਤ ਵੀ ਬਣ ਜਾਵੇਗੀ, ਕਿਉਂਕਿ ਮੈਂ ਕਿਸ ਗੀਤ ਦਾ ਹਵਾਲਾ ਦੇਵਾਂ, ਦੇਵ ਦੇ ਤਾਂ ਇਕ ਤੋਂ ਇਕ ਵੱਧ ਕੇ ਗੀਤ ਪੰਜਾਬੀਆਂ ਦੇ ਦਿਲਾਂ 'ਚ ਵਸੇ ਪਏ ਐ।

ਦੇਵ ਦਾ ਜਨਮ 1939 ਨੂੰ ਪੰਜਾਬ ਦੀ ਸਨਅਤੀ ਰਾਜਧਾਨੀ ਲੁਧਿਆਣੇ ਦੀ ਵੱਖੀ 'ਚ ਵਸਦੇ ਪਿੰਡ ਥਰੀਕੇ ਵਿਚ ਪਿਤਾ ਸ. ਰਾਮ ਸਿੰਘ ਦੇ ਘਰ ਮਾਤਾ ਸ਼੍ਰੀ ਮਤੀ ਅਮਰ ਕੌਰ ਦੀ ਕੁੱਖੋਂ ਹੋਇਆ। ਭਾਵੇਂ ਦੇਵ ਦਾ ਜਨਮ ਥਰੀਕੇ ਪਿੰਡ ਹੀ ਹੋਇਆ। 'ਥਰੀਕੇ' ਪਿੰਡ ਨੂੰ ਦੇਵ ਨੇ ਦੁਨਿਆਂ ਦੇ ਨਕਸ਼ੇ 'ਤੇ ਜਾਣ-ਪਹਿਚਾਣ ਦਿੱਤੀ ਪਰ 'ਥਰੀਕੇ' ਉਹਦਾ ਜੱਦੀ ਪਿੰਡ ਨਹੀਂ। ਅਸਲ 'ਚ ਦੇਵ ਦਾ ਜੱਦੀ ਪਿੰਡ ਤਾਂ ਸੰਗਰੂਰ ਜਿਲ੍ਹੇ 'ਚ 'ਰਹੀੜਾਂ' ਐ। ਦੇਵ ਦੀ ਭੂਆ ਕਿਰਪ ਕੌਰ ਥਰੀਕੇ ਪਿੰਡ ਦੇ ਹਰੀ ਸਿੰਘ ਨੂੰ ਵਿਆਹੀ ਹੋਈ ਸੀ, ਦੇਵ ਦਾ ਫੁੱਫੜ ਹਰੀ ਸਿੰਘ ਓਵਰਸੀਅਰ ਲੱਗਾ ਹੋਇਆ ਸੀ, ਜਿਸਦੀ ਡਿਊਟੀ ਸ਼ਿਮਲੇ ਸੀ। ਉਨ੍ਹਾਂ ਦਿਨਾਂ ਵਿਚ ਸ਼ਿਮਲਾ ਵੀ ਪੰਜਾਬ ਦਾ ਹੀ ਹਿੱਸਾ ਹੁੰਦਾ ਸੀ।

ਕੁਦਰਤੀ ਕਿਰਪ ਕੌਰ ਢਿੱਡੋਂ ਨਾ ਫੁੱਟੀ; ਇਸ ਤੋਂ ਅਗਲੀ ਦੁਖਦਾਇਕ ਘਟਨਾ ਕਿ ਕਿਰਪ ਕੌਰ ਦਾ ਛੋਟਾ ਭਰਾ ਰਾਮ ਧੰਨ ਸਿੰਘ ਤੇ ਉਸਦੀ ਪਤਨੀ ਥੋੜ੍ਹੇ-ਥੋੜ੍ਹੇ ਵਕਫੇ ਵਿਚ ਹੀ ਅਕਾਲ ਚਲਾਣਾ ਕਰ ਗਏ। ਉਸ ਵੇਲੇ ਕਿਰਪ ਕੌਰ ਦੇ ਭਤੀਜੇ ਤੇ ਰਾਮ ਧੰਨ ਸਿੰਘ ਦੇ ਪੁੱਤਰ ਦੀ ਉਮਰ ਸਿਰਫ ਚਾਰ ਵਰ੍ਹੇ ਹੀ ਸੀ, ਜਿਸਦਾ ਨਾਮ ਰਾਮ ਸਿੰਘ ਸੀ।

ਕਿਰਪ ਕੌਰ ਨੂੰ ਆਪਣੇ ਬਾਬਲ ਦੇ ਵੇਹੜੇ ਦੇ ਚਿਰਾਗ ਰਾਮ ਸਿੰਘ ਦੇ ਯਤੀਮ ਹੋਣ ਦਾ ਡਾਹਢਾ ਦੁੱਖ ਹੋਇਆ। ਉਹ ਆਪਣੇ ਭਤੀਜੇ ਰਾਮ ਸਿੰਘ ਨੂੰ ਆਪਣੇ ਕੋਲ ਸ਼ਿਮਲੇ ਹੀ ਲੈ ਗਈ। ਹਰੀ ਸਿੰਘ ਸੇਵਾ ਮੁੱਕਤ ਹੋ ਕੇ ਪਰਿਵਾਰ ਸਮੇਤ ਆਪਣੇ ਪਿੰਡ ਥਰੀਕੇ ਆ ਗਿਆ। ਉਸਨੇ ਰਾਮ ਸਿੰਘ ਦਾ ਪਾਲਣ ਪੋਸ਼ਣ ਪੁੱਤਾਂ ਵਾਂਗੂੰ ਹੀ ਕੀਤਾ, ਬਹੁਤੇ ਪਿੰਡ ਦੇ ਲੋਕਾਂ ਨੂੰ ਤਾਂ ਪਤਾ ਵੀ ਨਹੀਂ ਲੱਗਦਾ ਸੀ ਕਿ ਰਾਮ ਸਿੰਘ ਹਰੀ ਸਿੰਘ ਦਾ ਪੁੱਤਰ ਐ ਕਿ ਉਸਦੀ ਘਰ ਵਾਲੀ ਦਾ ਭਤੀਜਾ।

ਰਾਮ ਸਿੰਘ ਜਵਾਨ ਹੋਇਆ ਤੇ ਭਾਈਕੇ ਦਿਆਲਪੁਰੇ (ਜ਼ਿਲ੍ਹਾ ਬਠਿੰਡਾ) ਵਿਆਹਿਆ ਗਿਆ। ਉਸ ਦੇ ਘਰ ਦੋ ਬੇਟੇ ਪੈਦਾ ਹੋਏ ਹਰਦੇਵ ਸਿੰਘ ਤੇ ਗੁਰਦੇਵ ਸਿੰਘ; ਛੋਟਾ ਗੁਰਦੇਵ ਸਿੰਘ ਤੇ ਵੱਡਾ ਆਹੀ ਹਰਦੇਵ ਸਿੰਘ ਉਰਫ ਦੇਵ ਥਰੀਕੇ ਵਾਲਾ।

ਦੇਵ ਨੇ ਪ੍ਰਾਇਮਰੀ ਵਿਦਿਆ ਪਿੰਡ ਦੇ ਸਕੂਲ ਤੇ ਮਿਡਲ ਨਾਲ ਦੇ ਪਿੰਡ ਲਲਤੋਂ ਤੋਂ ਕੀਤੀ। ਲਲਤੋਂ ਸਕੂਲ ਪੜ੍ਹਦੇ ਸਮੇਂ ਉਸਨੂੰ ਮਾਸਟਰ ਹਰੀ ਸਿੰਘ ਦਿਲਬਰ 'ਤੋਂ ਸਾਹਿਤਕ ਜਾਗ ਲਗ ਗਈ ਜੋ ਵਧੀਆ ਕਹਾਣੀਕਾਰ ਤੇ ਨਾਵਲਕਾਰ ਸਨ। ਦੇਵ ਵੀ ਕਹਾਣੀਆਂ ਲਿਖਣ ਲੱਗ ਪਿਆ, ਪਰ ਜੋ ਲਿਖਦਾ ਉਹ ਹਰੀ ਸਿੰਘ ਦਿਲਬਰ ਨੂੰ ਦਿਖਾਉਂਦਾ। ਦਿਲਬਰ ਦੇ ਮੂੰਹੋਂ ਅਚਨਚੇਤ ਹੀ ਨਿਕਲਿਆ, 'ਕਾਕਾ ਤੂੰ ਇਕ ਦਿਨ ਵੱਡਾ ਲਿਖਾਰੀ ਬਣੇਂਗਾ।'

ਦੇਵ ਦੇ ਜਗਰਾਓਂ ਤੋਂ ਜੇ ਬੀ ਟੀ ਕਰਦਿਆਂ ਹੀ ਉਹਦਾ ਵਿਆਹ ਪਿੰਡ ਸਹੌਲੀ ਦੇ ਸ. ਅਰਜਨ ਸਿੰਘ ਦੀ ਧੀ ਪ੍ਰੀਤਮ ਕੌਰ ਨਾਲ ਹੋ ਗਿਆ। 1960 ਵਿਚ ਦੇਵ ਮਲਟੀ ਪਰਪਜ਼ ਸਕੂਲ ਲੁਧਿਆਣਾ ਵਿਚ ਅਧਿਆਪਕ ਲੱਗ ਗਿਆ।

ਦੇਵ ਦਾ ਇਕ ਮਿੱਤਰ ਪਰੇਮ ਕੁਮਾਰ ਸ਼ਰਮਾ ਸਿਓੜੇ ਤੇ ਇਕ ਹੋਰ ਮਿੱਤਰ ਡਾ. ਦੱਤਾ ਘੁਮਾਰ ਮੰਡੀ ਲੁਧਿਆਣਾ 'ਤੋਂ ਸੀ। ਇਹ ਗੱਲ ਤਕਰੀਬਨ 1961 ਦੀ ਹੈ, ਪਰੇਮ ਕੁਮਾਰ ਸ਼ਰਮਾ ਚੰਗਾ ਗਾਉਂਦਾ ਸੀ, ਉਸਦੀ ਸਿਲੈਕਸ਼ਨ ਐਚ ਐਮ ਵੀ ਕੰਪਨੀ ਵਿਚ ਹੋ ਗਈ, ਹੁਣ ਪਰੇਮ ਕੁਮਾਰ ਨੂੰ ਗੀਤ ਚਾਹੀਦੇ ਸਨ ਉਨ੍ਹਾਂ ਦਿਨਾਂ ਵਿਚ ਥਰੀਕਿਆਂ ਦੇ ਨਾਲ ਦੇ ਪਿੰਡ ਹਸਨਪੁਰ ਦਾ ਇੰਦਰਜੀਤ ਗੀਤਕਾਰ ਵਜੋਂ ਚਰਚਾ 'ਚ ਆ ਚੁੱਕਾ ਸੀ। ਪ੍ਰੇਮ ਨੇ ਦੇਵ ਨੂੰ ਕਿਹਾ ਕਿ ਤੂੰ ਮੈਨੂੰ ਹਸਨਪੁਰੀ ਤੋਂ ਗੀਤ ਲੈ ਕੇ ਦੇਹ ਕਿਉਂਕਿ ਇੰਦਰਜੀਤ ਤੇਰੇ ਗੁਆਂਢੀ ਪਿੰਡ ਦਾ ਐ।

ਦੇਵ ਨੇ ਦੋ ਤਿੰਨ ਗੇੜੇ ਹਸਨਪੁਰੀ ਕੋਲ ਲਾਏ ਪਰ ਹਸਨਪੁਰੀ ਉਸਨੂੰ ਟਾਲ ਦਿਆ ਕਰੇ, ਸ਼ਾਇਦ ਉਹ ਨਵੇਂ ਗਾਇਕ ਨੂੰ ਗੀਤ ਦੇਣੇ ਹੀ ਨਹੀਂ ਚਾਹੁੰਦਾ ਸੀ।

ਉਧਰੋਂ ਪ੍ਰੇਮ ਕੁਮਾਰ ਦੀ ਰਿਕਾਰਡਿੰਗ ਦੀ ਤਾਰੀਖ ਨੇੜੇ ਆ ਰਹੀ ਸੀ, ਪ੍ਰੇਮ ਕੁਮਾਰ ਤੇ ਡਾ. ਦੱਤਾ ਸਮੇਤ ਹੋਰ ਮਿਤਰਾਂ ਨੇ ਸਲਾਹ ਦਿਤੀ ਕਿ ਜੇ ਹਸਨਪੁਰੀ ਗੀਤ ਨਹੀਂ ਦਿੰਦਾ, ਦੇਵ ਤੂੰ ਆਪ ਈ ਲਿੱਖ ਲੈ, ਐਡੀ ਵਧੀਆ ਕਹਾਣੀ ਲਿਖਦੈਂ, ਗੀਤ ਵੀ ਲਿੱਖ ਸਕਦੈਂ, ਕਹਾਣੀਕਾਰ ਲਈ ਗੀਤ ਲਿਖਣੇ ਕੋਈ ਵੱਡੀ ਗੱਲ ਨਹੀਂ।

ਬੱਸ ਦੇਵ ਦੇ ਅੰਦਰ ਬੈਠਾ ਗੀਤਕਾਰ ਜਾਗ ਪਿਆ, ਪੈਂਦੀ ਸੱਟੇ ਦੇਵ ਨੇ ਚਾਰ ਗੀਤ ਲਿੱਖ ਧਰੇ, ਦੇਵ ਦੀ ਕਿਸਮਤ ਦੇਖੋ ਐਚ ਐਮ ਵੀ ਦੇ ਮੈਨੇਜਰ ਸੰਤ ਰਾਮ ਨੇ ਚਾਰੇ ਹੀ ਗੀਤ ਸਿਲੈਕਟ ਕਰ ਲਏ, ਤੇ ਪ੍ਰੇਮ ਕੁਮਾਰ ਸ਼ਰਮੇ ਦੀ ਰਿਕਾਰਡਿੰਗ ਸੰਪੂਰਨ ਹੋ ਗਈ, ਗਾਇਕ ਵੀ ਨਵਾਂ ਤੇ ਗੀਤਕਾਰ ਵੀ ਨਵਾਂ, ਐਚ ਐਮ ਵੀ ਨੇ ਦੋ-ਦੋ ਗੀਤਾਂ ਦੇ ਤਵੇ ਬਣਾ ਕੇ ਰੀਲੀਜ਼ ਕੀਤੇ। ਇਹ ਗੀਤ ਸਨ

-ਹੌਲੀ ਹੌਲੀ ਨੱਚ ਪਤਲੋ, ਤੇਰੀ ਗੁੱਤ ਗਿੱਟਿਆਂ ਵਿਚ ਵੱਜਦੀ।

-ਭਾਬੀ ਤੇਰੀ ਧੌਣ ਦੇ ਉੱਤੇ, ਗੁੱਤ ਮੇਹਲਦੀ ਨਾਗ ਬਣ ਕਾਲਾ।

-ਤੇਰੀ ਜੁੱਤੀ ਦੇ ਛਣਕਦੇ ਬੋਰ, ਪੈਰਾਂ 'ਚ ਪੰਜੇਬਾਂ ਵਾਲੀਏ।

-ਹਾਕਾਂ ਮਾਰਦੇ ਬੱਕਰੀਆਂ ਵਾਲੇ।

ਬੱਸ ਇੱਥੋਂ ਈ ਸ਼ੁਰੂ ਹੰਦਾ ਹੈ ਦੇਵ ਦੀ ਗੀਤਕਾਰੀ ਦਾ ਸਫਰ, ਪ੍ਰੇਮ ਕੁਮਾਰ ਤਾਂ ਬੰਬਈ ਚਲਾ ਗਿਆ, ਪਰ ਪੰਜਾਬ ਨੂੰ ਇਕ ਉੱਤਮ ਗੀਤਕਾਰ ਦੇ ਗਿਆ। ਇਸ ਤੋਂ ਬਾਅਦ ਜਮਾਲਪੁਰ ਵਾਲੇ ਕਰਨੈਲ ਗਿੱਲ ਨੇ ਦੇਵ ਦੇ ਦੋ ਗੀਤ ਰਿਕਾਰਡ ਕਰਵਾਏ

-ਅੰਬੀਆਂ ਨੂੰ ਤਰਸੇਂਗੀ ਛੱਡ ਕੇ ਦੇਸ਼ ਦੁਆਬਾ

-ਗੱਡੀ ਚੜ੍ਹਦੀ ਭੰਨਾ ਲਏ ਗੋਡੇ ਚਾਅ ਮੁਕਲਾਵੇ ਦਾ

ਉਸ 'ਤੋਂ ਬਾਅਦ ਚੱਲ ਸੋ ਚੱਲ, ਦੇਵ ਨੇ ਕਦੀ ਪਿਛਾਂਹ ਮੁੜ ਕੇ ਨਹੀਂ ਤੱਕਿਆ। ਪੰਜਾਬ ਦੇ ਹਰ ਚੋਟੀ ਦੇ ਗਾਇਕ ਨੇ ਦੇਵ ਦੇ ਗੀਤ ਗਾਏ। ਇਕ ਵਾਰੀ ਦੇਵ ਨਰਿੰਦਰ ਬੀਬਾ ਦੇ ਘਰ ਗਿਆ ਤਾਂ ਮਹਿਸੂਸ ਕੀਤਾ ਕਿ ਨਰਿੰਦਰ ਬੀਬਾ ਤੇ ਉਸਦਾ ਪਤੀ ਹਰਪਾਲ ਸਿੰਘ ਪਾਲੀ ਵਿਚਕਾਰ ਕੋਈ ਮਾਮੂਲੀ ਜਿਹਾ ਝਗੜਾ ਹੋ ਕੇ ਹਟਿਐ ਤੇ ਬੀਬਾ ਦੀਆਂ ਅੱਖਾਂ ਸਿੱਲ੍ਹੀਆਂ ਨੇ। ਕੁੱਝ ਕਹੇ ਤੇ ਪੁੱਛੇ ਬਿਨਾ ਦੇਵ ਨੇ ਇਕ ਗੀਤ ਲਿਖਿਆ, ਜੋ ਬੀਬਾ ਆਪਣੇ ਪਤੀ ਪਾਲੀ ਨੂੰ ਸੰਬੋਧਨ ਕਰਕੇ ਗਾਉਂਦੀ ਐ। ਦੇਵ ਦਾ ਲਿਖਿਆ ਇਹ ਗੀਤ ਨਰਿੰਦਰ ਬੀਬਾ ਦੀ ਆਵਾਜ਼ ਵਿਚ ਸੁਪਰ ਹਿੱਟ ਹੋਇਆ, ਜਿਸ ਦੇ ਬੋਲ ਹਨ:

ਕਾਹਨੂੰ ਮਾਰਦੈਂ ਚੰਦਰਿਆ ਛਮਕਾਂ
ਮੈਂ ਕੱਚ ਦੇ ਗਲਾਸ ਵਰਗੀ
ਫੇਰ ਰੋਵੇਂਗਾ ਢਿੱਲੇ ਜਹੇ ਬੁੱਲ੍ਹ ਕਰਕੇ
ਵੇ 'ਪਾਲੀ' 'ਬੀਬਾ' ਜਦੋਂ ਮਰ ਗਈ
ਕਾਲਾ ਘੱਗਰਾ ਸੰਦੂਕ ਵਿਚ ਮੇਰਾ
ਤੂੰ ਦੇਖ ਦੇਖ ਰੋਵੇਂਗਾ ਜੱਟਾ
ਵੈਣ ਪਾਈਂ ਕਿੱਕਰਾਂ ਦੇ ਗਲ ਲੱਗ ਕੇ
ਤੂੰ ਦੇਖ ਮੇਰਾ ਡੋਰੀਆ ਖੱਟਾ
ਲਾਲੀ ਖਾ ਗਿਆ ਬੁਲ੍ਹਾਂ ਦੀ ਗ਼ਮ ਮੇਰੀ
ਪਤਾਸੇ ਵਾਂਗੂੰ 'ਦੇਵ' ਖੁਰ ਗਈ
ਫੇਰ ਰੋਵੇਂਗਾ ਢਿੱਲੇ ਜਹੇ ਬੁਲ੍ਹ ਕਰਕੇ
'ਵੇ ਪਾਲੀ' 'ਬੀਬਾ' ਜਦੋਂ ਮਰ ਗਈ।

ਦੇਵ ਦੇ ਲਿਖੇ ਹੋਏ ਗੀਤ ਚੋਟੀ ਦੇ ਗਾਇਕਾਂ ਦੀ ਆਵਾਜ਼ ਵਿਚ ਰਿਕਾਰਡ ਹੋਣ ਲੱਗ ਪਏ ਪਰ ਉਸਨੂੰ ਆਪਣੇ-ਆਪ ਨੂੰ ਕਮੀ ਜਿਹੀ ਮਹਿਸੂਸ ਹੋ ਰਹੀ ਸੀ, ਜਿਸਨੂੰ ਦੂਰ ਕਰਨ ਲਈ ਦੇਵ ਉਸਤਾਦ ਗੀਤਕਾਰ ਸ. ਗੁਰਦੇਵ ਸਿੰਘ ਮਾਨ ਦੇ ਚਰਨੀਂ ਜਾ ਲੱਗਾ। ਮਾਨ ਸਾਹਿਬ ਨੂੰ ਪੱਗ ਦੇ ਕੇ ਉਨ੍ਹਾਂ ਨਾਲ ਬਾਕਾਇਦਾ ਤੌਰ 'ਤੇ ਉਸਤਾਦੀ-ਸ਼ਗਿਰਦੀ ਕੀਤੀ, ਮਾਨ ਦੇ ਲੜ ਲੱਗ ਕੇ ਦੇਵ ਪਰਪੱਕ ਗੀਤਕਾਰ ਬਣ ਗਿਆ। ਉਸਦੇ ਗੀਤ ਆਪਣੇ ਵੇਲਿਆਂ ਦੇ ਸਾਰੇ ਪ੍ਰਸਿੱਧ ਗਾਇਕਾਂ-ਚਾਂਦੀ ਰਾਮ ਤੇ ਸ਼ਾਂਤੀ ਦੇਵੀ, ਨਰਿੰਦਰ ਬੀਬਾ, ਸਵਰਨ ਲਤਾ, ਜਗਮੋਹਨ ਕੌਰ, ਸੁਰਿੰਦਰ ਕੌਰ, ਸਾਬਰ ਹੁਸੈਨ ਸਾਬਰ ਨੇ ਗਾਏ। ਇਕ ਗੱਲ ਹੋਰ ਦੱਸ ਦੇਵਾਂ ਕਿ ਪ੍ਰਸਿੱਧ ਗੀਤਕਾਰ ਤੇ ਗਾਇਕ ਦੀਦਾਰ ਸੰਧੂ ਦੀ ਆਵਾਜ਼ ਵਿਚ ਰਿਕਾਰਡ ਹੋਇਆ ਸਭ ਤੋਂ ਪਹਿਲਾ ਗੀਤ ਵੀ ਦੇਵ ਦਾ ਹੀ ਸੀ ਜਿਸਦੇ ਬੋਲ ਸਨ:

ਵਗਦੀ ਨਦੀ ਦੇ ਵਿਚ ਦੋ ਜਾਣੇਂ ਨ੍ਹਾਉਂਦੇ
ਚੱਕ ਦੇ ਪੱਲਾ ਨੀ ਤੇਰੇ ਪੈਰੀਂ ਹੱਥ ਲਾਉਂਦੇ
ਵਗਦੀ ਨਦੀ ਦੇ ਵਿਚ ਰੰਗ ਕੀਹਨੇ ਡ੍ਹੋਲਿਆ
ਜਦੋਂ ਦੀ ਵਿਆਹੀ, ਕਦੇ ਹੱਸ ਕੇ ਨਾ ਬੋਲਿਆ

ਪੰਜਾਬੀ ਦੋ-ਗਾਣਾ ਗਾਇਕੀ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਜਨਾਬ ਮੁਹੰਮਦ ਸਦੀਕ ਦੀ ਆਵਾਜ਼ ਵਿਚ ਵੀ ਦੇਵ ਦੇ ਕਈ ਗੀਤ ਰਿਕਾਰਡ ਹੋਏ ਜਿਨ੍ਹਾਂ 'ਚ:

'ਕੀਹਦੀ ਖਾਤਰ ਜਿਉਣ ਜੋਗਿਆ ਲਾ ਕੇ ਗਿਆ ਨਸੂੜ੍ਹਾ
ਰਾਤੀ ਰੋਂਦੀ ਦਾ ਭਿੱਜ ਜਾਏ ਲਾਲ ਪੰਘੂੜਾ
ਤੇ
ਆਹ ਲੈ ਲੌਂਗ ਨੀ ਬਿਸ਼ਨੀਏ ਤੇਰਾ
ਨਰਮੇਂ 'ਚੋਂ ਸਾਨੂੰ ਲੱਭਿਆ' ਸ਼ਾਮਲ ਹਨ।

ਕਰਮਜੀਤ ਸਿੰਘ ਧੂਰੀ ਦੀ ਆਵਾਜ਼ ਵਿਚ ਦੇਵ ਦੇ ਦੋ ਧਾਰਮਿਕ ਗੀਤ ਰਿਕਾਰਡ ਹੋਏ। ਉਹ ਗੀਤ ਪੰਜਾਬੀ ਧਾਰਮਿਕ ਗੀਤਕਾਰੀ ਦਾ ਸਰਮਾਇਆ ਹਨ। ਉਹ ਗੀਤ ਐਸੇ ਹਨ ਕਿ ਪੰਜਾਬ ਦੇ ਹਰ ਪਿੰਡ ਦੇ ਹਰ ਗੁਰੂਘਰ ਵਿਚ, ਅਖੰਡ ਪਾਠ ਦੇ ਭੋਗ ਸਮੇਂ ਹਰ ਇੱਕ ਵਿਆਹ ਸ਼ਾਦੀ ਵਿਚ ਅੰਮ੍ਰਿਤ ਵੇਲੇ ਸਭ ਤੋਂ ਵੱਧ ਸਪੀਕਰਾਂ 'ਚ ਵੱਜਣ ਵਾਲੇ ਗੀਤ ਕਹੇ ਜਾ ਸਕਦੇ ਹਨ, ਜਿਨ੍ਹਾਂ ਦੇ ਬੋਲ ਹਨ:

ਹੁੰਦੀਆਂ ਸ਼ਹੀਦ ਜੋੜੀਆਂ
ਦਾਦੀ ਦੇਖਦੀ ਬੁਰਜ 'ਤੇ ਖੜ੍ਹ ਕੇ
ਘੋੜੀ ਗਾਵੇ ਪੋਤਿਆਂ ਦੀ
ਬੈਠੀ ਕਾਲਜਾ ਹੱਥਾਂ ਵਿਚ ਫੜ੍ਹ ਕੇ।
ਅਤੇ
ਰੱਬ ਨਾਲ ਠੱਗੀਆਂ ਕਿਉਂ ਮਾਰੇਂ ਬੰਦਿਆ
ਦਿਨ ਰਾਤ ਪਾਪਾਂ 'ਚ ਗੁਜ਼ਾਰੇਂ ਬੰਦਿਆ।

ਸੱਤਰਵਿਆਂ ਵਿਚ ਦੇਵ ਗਿਆਸਪੁਰੇ ਦੇ ਸਰਕਾਰੀ ਸਕੂਲ 'ਚ ਪੜ੍ਹਾਉਂਦਾ ਸੀ, ਉਸ ਵੇਲੇ ਤੱਕ ਦੇਵ ਦੇ ਬਹੁਤ



ਗੀਤ ਰਿਕਾਰਡ ਹੋ ਕੇ ਹਿੱਟ ਹੋ ਚੁੱਕੇ ਸਨ। ਗਿਆਸਪੁਰੇ ਹੀ ਮਾਸਟਰ ਗੁਰਦਿਆਲ ਸਿੰਘ ਨੇ ਦੇਵ ਕੋਲ ਇਕ ਦਿਨ ਮਾਣਕ ਦੀ ਗੱਲ ਕੀਤੀ ਕਿ ਇਕ ਮੁੰਡਾ ਨਵਾਂ ਆਇਆ ਐ ਵਧੀਆ ਗਾਉਂਦੈ, ਗੱਲ ਆਈ ਗਈ ਹੋ ਗਈ। ਉਸ ਵੇਲੇ ਮੁਹੰਮਦ ਸਦੀਕ ਰਣਜੀਤ ਕੋਰ ਦੀ ਆਵਾਜ਼ ਵਿਚ ਮਰਾੜ੍ਹਾਂ ਵਾਲੇ ਦੇ ਗੀਤ ਖੂਬ ਚੱਲ ਰਹੇ ਸਨ, ਇਸ ਕਰਕੇ ਦੇਵ ਨੂੰ ਵੀ ਕਿਸੇ ਵਧੀਆ ਨਵੀਂ ਆਵਾਜ਼ ਦੀ ਤਾਲਾਸ਼ ਸੀ।

ਦੇਵ ਸਕੂਲੋਂ ਸਾਈਕਲ 'ਤੇ ਹੀ ਪਿੰਡ ਜਾਂਦਾ ਤੇ ਆਥਣੇ ਬੱਸ ਅੱਡੇ ਕੋਲ ਗਾਉਣ ਵਾਲਿਆਂ ਦੇ ਦਫਤਰਾਂ ਕੋਲ ਖੜ੍ਹ ਕੇ ਚਾਰ ਬੰਦਿਆਂ ਨੂੰ ਮਿਲ ਕੇ ਹਵਾ ਪਿਆਜੀ ਜਿਹਾ ਹੋ ਕੇ ਹੀ ਘਰੇ ਅੱਪੜਦਾ। ਇਕ ਦਿਨ ਸੋਮੇ ਦੇ ਢਾਬੇ 'ਤੇ ਦੇਵ ਨੂੰ ਮਾਣਕ ਟੱਕਰ ਗਿਆ। ਦੇਵ ਦੇ ਨਾਨਕੇ ਬਠਿੰਡੇ ਜ਼ਿਲ੍ਹੇ 'ਚ ਤੇ ਮਾਣਕ ਦਾ ਪਿੰਡ ਬਠਿੰਡੇ ਜ਼ਿਲ੍ਹੇ 'ਚ, ਬੱਸ ਫੇਰ ਕੀ ਸੀ ਅਧੀਆ ਫੜ ਲਿਆ 'ਤੂੰ ਮੇਰਾ ਬਾਈ ਤੇ ਮੈਂ ਤੇਰਾ ਬਾਈ ਹੋਗੀ'।

ਦੇਵ ਦੇ ਪਹਿਲਾਂ ਅਨੇਕਾਂ ਈ ਗੀਤ ਰਿਕਾਰਡ ਹੋ ਚੁੱਕੇ ਸੀ ਤੇ ਮਾਣਕ ਦੇ ਵੀ ਦੋ ਕੁ ਤਵੇ ਆ ਚੁੱਕੇ ਸੀ। ਇਕ ਦੋ-ਗਾਣਿਆਂ ਦਾ ਤੇ ਦੂਜਾ ਲੋਕ ਗਾਥਾਵਾਂ ਦਾ, ਦੇਵ ਨੂੰ ਮਾਣਕ ਦੀ ਆਵਾਜ਼ ਪਸੰਦ ਆਈ।

ਦੇਵ ਨੇ ਮਾਣਕ ਨੂੰ ਚਾਰ ਲੋਕ ਗਾਥਾਵਾਂ ਦਿੱਤੀਆਂ ਜਿਨ੍ਹਾਂ ਦਾ ਐਚ ਐਮ ਵੀ ਨੇ 1973 ਵਿਚ ਚਾਰ ਗੀਤਾਂ ਵਾਲਾ ਤਵਾ ਬਣਾਇਆ, ਓੱਓ 10543 ਜਿਸਦਾ ਨੰਬਰ ਹੈ।

ਇਸ ਰਿਕਾਰਡ ਵਿਚ:
ਆਖੇ ਅਕਬਰ ਬਾਦਸ਼ਾਹ (ਜੈਮਲ ਫੱਤਾ)
ਦੁਲਿਆ ਵੇ ਟੋਕਰਾ ਚੁਕਾਈਂ ਆਣ ਕੇ (ਦੁੱਲਾ ਭੱਟੀ)
ਤੇਰੀ ਖਾਤਰ ਹੀਰੇ (ਹੀਰ ਦੀ ਕਲੀ)
ਕਹੇ ਰਸਾਲੂ ਰਾਣੀਏ (ਸ਼ਾਹਣੀਂ ਕੌਲਾਂ)

ਇਸ ਰਿਕਾਰਡ ਨਾਲ ਬਾਜ਼ਾਰ ਵਿਚ ਮਾਣਕ ਦੀ ਗੱਲ ਤੁਰ ਪਈ ਤੇ ਇਹਦੇ ਨਾਲ ਹੀ ਐਚ ਐਮ ਵੀ ਨੇ ਦੇਵ ਦੇ ਪੰਜ ਹੋਰ ਗੀਤਾਂ ਦਾ ਤਵਾ ਰਿਕਾਰਡ ਕਰ ਲਿਆ। ਇਸ ਨਾਲ ਚਾਰੇ ਪਾਸੇ ਦੇਵ ਥਰੀਕੇ ਵਾਲਾ ਤੇ ਕੁਲਦੀਪ ਮਾਣਕ ਦੇ ਨਾਮ ਦੀਆਂ ਧੁੰਮਾਂ ਪੈ ਗਈਆਂ। ਅਗਲੇ ਵਰ੍ਹੇ ਫੇਰ ਗਿਆਰਾਂ ਗੀਤਾਂ ਵਾਲਾ ਵੱਡਾ ਐਲ ਪੀ ਤਵਾ ਬਣਾਇਆ, ਜੋ ਪੰਜਾਬੀ ਗੀਤਾਂ ਦਾ ਇਤਿਹਾਸਕ ਪੰਨਾ ਹੈ ਜਿਸ ਵਿਚ:

-ਤੇਰੇ ਟਿੱਲੇ ਤੋਂ ਓਹ ਸੂਰਤ ਦੀਂਹਦੀ ਐ ਹੀਰ ਦੀ
-ਛੇਤੀ ਕਰ ਸਰਵਣ ਪੁੱਤਰਾ
-ਚਿੱਠੀਆਂ ਸਾਹਿਬਾਂ ਜੱਟੀ ਨੇ
-ਸਿਖਰ ਦੁਪਹਿਰੇ ਵਰਗੀ ਬੇਗੋ
-ਯਾਰੋ ਰੰਨਾ ਚੈਂਚਲ ਹਾਰੀਆਂ
-ਗੜ੍ਹ ਮੁਗਲਾਣੇ ਦੀਆਂ ਨਾਰਾਂ...

ਸਮੇਤ ਕੁੱਲ ਗਿਆਰਾਂ ਗੀਤ ਸਨ। ਬੱਸ ਇੱਥੋਂ ਦੇਵ ਤੇ ਮਾਣਕ ਦੀ ਜੋੜੀ ਹੱਦਾਂ-ਸਰਹੱਦਾਂ ਟੱਪ ਗਈ।

ਇਸਤੋਂ ਬਾਅਦ 1977 ਵਿਚ ਜਸਵੰਤ ਭੰਵਰਾ ਜੀ ਦੇ ਸ਼ਗਿਰਦ ਸੁਰਿੰਦਰ ਛਿੰਦੇ ਨੂੰ ਚਾਰ ਲੋਕ ਗਾਥਾਵਾਂ ਨਾਲ ਲੋਕਾਂ ਦੇ ਰੂਬਰੂ ਕੀਤਾ। ਦੇਵ ਦੀਆਂ ਇਹ ਚਾਰ ਲੋਕ ਗਾਥਾਵਾਂ ਐਚ ਐਮ ਵੀ ਨੇ 1977 ਵਿਚ ਸੁਰਿੰਦਰ ਛਿੰਦੇ ਦੀ ਆਵਾਜ਼ ਵਿਚ ਤੇ ਰਾਮ ਸਰਨ ਦਾਸ ਦੇ ਸੰਗੀਤ ਵਿਚ ਰਿਕਾਰਡਿੰਗ ਕਰ ਕੇ ਚਾਰ ਗੀਤਾਂ ਵਾਲਾ ਤਵਾ ਬਣਾਇਆ, ਜਿਸਦਾ ਲੜੀ ਨੰਬਰ ਐ 7 ਓਫਓ 2023 (1977) ਇਸ ਵਿਚ ਚਾਰ ਗੀਤ ਇੰਝ ਸਨ:

-ਉੱਚਾ ਬੁਰਜ ਲਾਹੌਰ ਦਾ (ਹੀਰ ਦੀ ਕਲੀ)
-ਰੂਪ ਬਸੰਤ
-ਰਾਣੀ ਇੱਛਰਾਂ
-ਦਹੂਦ ਬਾਦਸ਼ਾਹ

ਇਸ ਰਿਕਾਰਡ ਨਾਲ ਦੇਵ ਦੀ ਬਦੌਲਤ ਲੋਕ ਗਾਥਾਵਾਂ ਦੇ ਪਿੜ ਵਿਚ ਇਕ ਹੋਰ ਕਲਾਕਾਰ 'ਸੁਰਿੰਦਰ ਛਿੰਦੇ' ਦਾ ਪ੍ਰਵੇਸ਼ ਹੋਇਆ। ਇੰਜ 'ਦੇਵ' ਦਾ ਲਿਖਿਆ 'ਸੁਰਿੰਦਰ ਛਿੰਦੇ' ਦਾ ਗਾਇਆ ਤੇ 'ਚਰਨਜੀਤ ਆਹੂਜਾ' ਦਾ ਸੰਗੀਤਬੱਧ ਕੀਤਾ ਓਪੇਰਾ 'ਜਿਉਣਾ ਮੌੜ' ਵੀ ਪੰਜਾਬੀ ਗੀਤਕਾਰੀ ਤੇ ਗਾਇਕੀ ਦਾ ਇਤਿਹਾਸਕ ਪੰਨਾ ਹੈ।

ਦੇਵ ਦੇ ਗੀਤ ਕਈ ਪੰਜਾਬੀ ਫਿਲਮਾਂ 'ਚ ਵੀ ਰਿਕਾਰਡ ਹੋਏ। ਉਸ ਦੇ ਕਈ ਗੀਤ ਤਾਂ ਐਸੇ ਹਨ ਜੋ ਇਕ ਇਕ ਗੀਤ ਨੂੰ ਹੀ ਬੜੇ ਕਲਾਕਾਰ ਰਿਕਾਰਡ ਕਰਵਾ ਗਏ ਜਿਵੇਂ:

ਟਿੱਲੇ ਵਾਲਿਆ ਮਿਲਾ ਦੇ ਜੱਟੀ ਹੀਰ ਨੂੰ-ਕੁਲਦੀਪ ਮਾਣਕ, ਸੁਰਿੰਦਰ ਕੌਰ ਤੇ ਕਰਮਜੀਤ ਸਿੰਘ ਧੂਰੀ ਨੇ ਵਾਰੋ-ਵਾਰੀ ਰਿਕਾਰਡ ਕਰਵਾਇਆ। ਸੁਰਿੰਦਰ ਕੌਰ ਦੀ ਆਵਾਜ਼ ਵਿਚ

ਦੀਵਿਆਂ ਵੇਲੇ ਦਰ ਆਪਣੇ ਦਾ ਕਿਸ ਕੁੰਡਾ ਖੜਕਾਇਆ
ਨੀ ਉੱਠ ਵੇਖ ਨਨਾਣੇ ਕੌਣ ਪ੍ਰਾਹੁਣਾ ਆਇਆ।
ਫੁੱਲਾਂ ਵਰਗੀ ਮਹਿਕ ਜਹੀ ਕੀ ਬੀਹੀ ਵਿਚੋਂ ਆਵੇ
ਰਾਤ ਵਾਲਾ ਰੱਬ ਕਰਕੇ ਨੀ ਸੁਪਨਾ ਸੱਚਾ ਹੋ ਜਾਵੇ
ਚੁਲ੍ਹੇ ਮੂਹਰੇ ਬੈਠੀ ਦਾ ਨੀ ਮੇਰਾ ਅੰਗ ਅੰਗ ਨਸ਼ਿਆਇਆ
ਨੀ ਉੱਠ ਵੇਖ ਨਨਾਣੇ, ਕੌਣ ਪ੍ਰਾਹੁਣਾ ਆਇਆ
ਭੁੱਲ-ਭੁਲੇਖੇ ਸ਼ੀਸ਼ੇ ਮੂਹਰੇ ਜਦ ਬੈਠਾਂ ਮੈਂ ਜਾ ਕੇ
ਪੁੱਠੀਆਂ-ਸਿੱਧੀਆਂ ਗੱਲਾਂ ਪਾ ਲੈਂਦੀਆਂ ਘੇਰਾ ਆ ਕੇ
ਪਰਸੋਂ ਰੋਂਦੀਆਂ ਰੀਝਾਂ ਨੂੰ ਮੈਂ ਲਾਰਿਆਂ ਨਾਲ ਮਨਾਇਆ
ਨੀ ਉੱਠ ਵੇਖ ਨਨਾਣੇ, ਕੌਣ ਪ੍ਰਾਹੁਣਾ ਆਇਆ
ਨੀ ਨਣਦੇ ਨੀ ਬੀਬੀਏ ਨਣਦੇ ਬਿੜਕ ਪੈਰਾਂ ਦੀ ਆਈ
ਇਉਂ ਜਾਪੇ ਜਿਉਂ ਬਾਹਰ ਖਲੋਤਾ ਚੰਨ ਵਰਗਾ ਤੇਰਾ ਭਾਈ
ਮੇਰਾ ਨਾਉਂ ਲੈ ਕੇ ਨੀ ਮੈਨੂੰ ਕਿਸਨੇ ਹੋਰ ਬੁਲਾਇਆ
ਨੀ ਉੱਠ ਵੇਖ ਨਨਾਣੇ, ਕੌਣ ਪ੍ਰਾਹੁਣਾ ਆਇਆ।

ਲੋਕ ਗੀਤਾਂ ਦਾ ਹਾਣੀ ਹੋ ਚੁੱਕਿਐ, ਇਹ ਦੇਵ ਦੀ ਲੇਖਣੀ ਦਾ ਕਮਾਲ ਹੀ ਹੈ, ਗੀਤ ਦੀ ਰੂਹ ਨੂੰ ਮਾਣਦੇ ਹੋਏ ਦੇਵ ਨੇ ਗੀਤ ਵਿਚ ਆਪਣਾ ਨਾਮ ਵੀ ਨਹੀਂ ਪਾਇਆ, ਇਹ ਉਹਦਾ ਗੀਤਕਾਰੀ ਪ੍ਰਤੀ ਸਮਰਪਣ ਐ। ਦੇਵ ਦੇ ਕਈ ਗੀਤ ਐਸੇ ਹਨ, ਜਿਨ੍ਹਾਂ 'ਤੇ ਕੱਲੇ-ਕੱਲੇ ਗੀਤ 'ਤੇ ਪੀ. ਐਚਡੀ. ਕੀਤੀ ਜਾਵੇਗੀ ਜਿਵੇਂ:

ਆ ਸੱਜਣਾ ਆ ਗਲ ਲੱਗ ਮਿਲੀਏ
ਮਿਲੀਏ ਤੇ ਮਰ ਜਾਈਏ ਵੇ
ਕੀ ਪਤਾ ਫਿਰ ਦੁਨੀਆਂ ਉੱਤੇ
ਆਈਏ ਜਾਂ ਨਾ ਆਈਏ ਵੇ
ਜਾਂ
ਮਾਂ ਦੀ ਪੂਜਾ ਰੱਬ ਦੀ ਪੂਜਾ
ਮਾਂ ਤਾਂ ਰੱਬ ਦਾ ਰੂਪ ਹੈ ਦੂਜਾ
ਮਾਂ ਹੈ ਰੱਬ ਦਾ ਨਾਂ ਓ ਦੁਨਿਆ ਵਾਲਿ"
ਮਾਂ ਬਿਨਾਂ ਕੋਈ ਨਾ ਲਾਡ ਲਡਾਉਂਦਾ
ਰੋਂਦਿਆਂ ਨੂੰ ਨਾ ਚੁੱਪ ਕਰਾਉਂਦਾ
ਖੋਹ ਲੈਂਦੇ ਟੁੱਕ ਕਾਂ " ਦੁਨੀਆਂ ਵਾਲਿ"
ਬੱਚਿਆਂ ਦਾ ਦੁੱਖ ਮਾਂ ਨਾ ਸਹਿੰਦੀ
ਗਿੱਲੀ ਥਾਂ 'ਤੇ ਆਪ ਹੈ ਪੈਂਦੀ
ਪਾਉਂਦੀ ਸੁੱਕੀ ਥਾਂ ਓ ਦੁਨੀਆਂ ਵਾਲਿਓ

ਦੇਵ ਸਮਰੱਥ ਗੀਤਕਾਰ ਸੀ। ਦੋ-ਗਾਣੇ, ਲੋਕ-ਗਾਥਾਵਾਂ, ਲੋਕ-ਤੱਥ, ਵਾਰਾਂ, ਕਲੀਆਂ, ਸੱਦ, ਧਾਰਮਿਕ ਗੀਤ, ਉਦਾਸ ਗੀਤ, ਉਪੇਰੇ, ਬੀਰ ਰਸ, ਸ਼ਿੰਗਾਰ ਰਸ, ਵਿਛੋੜੇ ਤੇ ਵਸਲ 'ਤੇ ਦੇਵ ਨੇ ਕਮਾਲ ਦਾ ਲਿਖਿਆ। ਗੱਲ ਕੀ ਪੰਜਾਬੀ ਗੀਤਾਂ ਦੀ ਹਰ ਵਿਧਾ ਨੂੰ ਉਸਨੇ ਬਾਖੂਬੀ ਲਿਖਿਆ।

ਇਤਿਹਾਸ ਵਿਚ ਇਹ ਪਹਿਲੀ ਵਾਰੀ ਹੋਇਆ ਹੈ ਕਿ ਕਿਸੇ ਗੀਤਕਾਰ ਦੇ ਜਿਉਂਦੇ-ਜੀਅ ਉਹਦੇ ਨਾਮ 'ਤੇ ਸੋਸਾਇਟੀ ਬਣਾਈ ਗਈ ਹੋਵੇ। ਇਹ ਸ਼ਰਫ ਸਿਰਫ ਦੇਵ ਨੂੰ ਹੀ ਹਾਸਲ ਹੋਇਆ ਹੈ ਕਿ ਇੰਗਲੈਂਡ ਵਸਦੇ ਦੇਵ ਦੇ ਗੀਤਾਂ ਦੇ ਆਸ਼ਕ ਸੋਖਾ ਉਦੇਪੁਰੀਆ ਨੇ 'ਦੇਵ ਥਰੀਕੇ ਵਾਲਾ ਐਪਰੀਸੀਏਸ਼ਨ ਸੋਸਾਇਟੀ' ਬਣਾ ਕੇ ਮਿਸਾਲ ਪੈਦਾ ਕਰ ਦਿੱਤੀ।

ਦੇਵ ਦੀ ਕਲਮ ਦਾ ਜਲੌਅ ਅੰਤ ਤੱਕ ਬਰਕਰਾਰ ਰਿਹਾ, ਮੈਂ ਦੇਵ ਨੂੰ ਇਕ ਨਹੀਂ ਅਨੇਕਾਂ ਵਾਰ ਮਿਲਿਆ। ਹਮੇਸ਼ਾਂ ਹੀ ਦੇਵ ਚੜ੍ਹਦੀ ਕਲਾ 'ਚ ਈ ਮਿਲਿਆ। ਕਦੇ ਪੈਸੇ ਦੀ ਭੁੱਖ ਨਹੀਂ ਦੇਖੀ, ਕਦੇ ਕੋਈ ਲਾਲਚ ਨਹੀਂ ਦੇਖਿਆ।

25 ਜਨਵਰੀ 2022 ਦੀ ਮਨਹੂਸ ਸਵੇਰੇ ਦੇਵ ਦੇ ਤੁਰ ਜਾਣ ਦੀ ਖ਼ਬਰ ਨੇ ਪੰਜਾਬੀਆਂ ਨੂੰ ਝੰਜੋੜ ਕੇ ਰੱਖ ਦਿੱਤਾ। ਪੰਜਾਬੀ ਗੀਤਕਾਰੀ ਲਈ ਕਦੇ ਵੀ ਨਾ ਪੂਰਿਆ ਜਾਣ ਵਾਲਾ ਘਾਟਾ। ਸਾਡਾ ਇਹ ਮਹਿਬੂਬ ਗੀਤਕਾਰ ਭਾਵੇਂ ਜਿਸਮਾਨੀ ਤੌਰ 'ਤੇ ਇਸ ਫਾਨੀ ਸੰਸਾਰ ਤੋਂ ਰੁਖ਼ਸਤ ਹੋ ਗਿਆ, ਪਰ ਉਸ ਦੇ ਗੀਤ ਹਮੇਸ਼ਾਂ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਬਣ ਕੇ ਧੜਕਦੇ ਰਹਿਣਗੇ।

# ਫ਼ਿਲਮ ਲੋਕ



## ਸਮਾਜਿਕ ਕੁਰੀਤੀਆਂ ਦੀਆਂ ਪਰਤਾਂ ਖੋਲ੍ਹਦੀ ਹੈ ਪੰਜਾਬੀ ਵੈੱਬ ਸੀਰੀਜ਼ 'ਮੁਰਗਾਬੀਆਂ'

### -ਨਿਰਮਾਤਾ-ਨਿਰਦੇਸ਼ਕ ਭਗਵੰਤ ਸਿੰਘ ਕੰਗ


ਪੰਜਾਬੀ ਫਿਲਮ ਸਨਅਤ ਦੀ ਬਹੁ-ਚਰਚਿਤ ਨਿਰਮਾਤਾ-ਨਿਰਦੇਸ਼ਕ ਭਗਵੰਤ ਸਿੰਘ ਕੰਗ, ਜਿਨ੍ਹਾਂ ਦੀ ਮੰਝੀ ਹੋਈ ਨਿਰਦੇਸ਼ਨਾ ਨੇ ਕਈ ਪੰਜਾਬੀ ਫਿਲਮਾਂ, ਗੀਤਾਂ ਦੇ ਫਿਲਮਾਂਕਣ ਤੇ ਪੰਜਾਬੀ ਵੈੱਬ ਸੀਰੀਜ਼ ਨੂੰ ਅੰਜਾਮ ਤੱਕ ਪਹੁੰਚਾਇਆ। ਅੱਜ ਉਨ੍ਹਾਂ ਦੇ ਕੰਮ ਨੂੰ ਬਹੁਪੱਖੀ ਹੁੰਗਾਰਾਂ ਮਿਲ ਰਿਹਾ। ਅੱਜ ਉਨ੍ਹਾਂ ਨੂੰ ਬੇਹਤਰੀਨ ਤੇ ਸਫਲ ਨਿਰਮਾਤਾ-ਨਿਰਦੇਸ਼ਕ ਕਿਹਾ ਜਾ ਸਕਦਾ। ਕਿਉਂਕਿ ਉਹ ਪੰਜਾਬੀ ਸਿਨੇਮਾ ਨੂੰ ਪਿਆਰ ਕਰਨ ਵਾਲਿਆਂ ਦੇ ਨਜ਼ਰੀਏ ਨੂੰ ਭਲੀਭਾਂਤ ਜਾਣਦੇ ਹਨ। ਨਿਰਮਾਤਾ-ਨਿਰਦੇਸ਼ਕ ਭਗਵੰਤ ਸਿੰਘ ਕੰਗ ਦੇ ਨਾਲ ਨਾਮਵਰ ਨਿਰਮਾਤਾ ਪਰਮਜੀਤ ਸਿੰਘ ਨਾਗਰਾ ਬਹੁਤ ਜਲਦ, ਪੰਜਾਬੀ ਵੈਬ ਸੀਰੀਜ "ਮੁਰਗਾਬੀਆਂ" ਲੈ ਕੇ ਆ ਰਹੇ। ਇਸ ਵਿਚ ਉਨ੍ਹਾਂ ਨਾਲ ਸਹਿ ਨਿਰਮਾਣਕਾਰ ਲਖਵਿੰਦਰ ਜਟਾਣਾ, ਗੁਰਪ੍ਰੀਤ ਵੜੈਚ, ਅਮਨ ਚਾਹਲ ਅਤੇ ਜੁਗਰਾਜ ਮਰਾਹੜ ਹਨ। ਡੀ.ਪੀ.ਓ. ਜਸਜੋਤ ਗਿੱਲ। ਪੰਜਾਬੀ ਵੈਬ ਸੀਰੀਜ਼ ਕਹਾਣੀ ਦਾਤ ਜਸਵਿੰਦਰ ਪੰਜਾਬੀ ਦੀ ਹੈ।

ਪੰਜਾਬੀ ਵੈੱਬ ਸੀਰੀਜ਼ ਦੀ ਕਹਾਣੀ ਦੋ ਪੱਖ ਬਰਾਬਰ ਚਲਦੀ ਹੈ। ਇੱਕ ਅਲ੍ਹੱੜ ਮੁਟਿਆਰ, ਜੋ ਕਿ ਡੇਰੇ ਦੇ ਸ਼ਰਧਾਲੂ ਪਰਿਵਾਰ ਵਿਚੋਂ ਹੈ। ਉਸ ਅਲ੍ਹੱੜ ਮੁਟਿਆਰ ਉਸੇ ਡੇਰੇ ਦੇ ਸ਼ਰਧਾਲੂ ਮਾਸਟਰ ਸਰੀਰਕ ਸੰਬੰਧ ਬਣਾਉਂਦਾ ਹੈ। ਫਿਰ ਸ਼ੁਰੂ ਹੁੰਦੀ ਹੈ, ਮੁਟਿਆਰ ਦੇ ਜੀਵਨ ਦੇ ਨਰਕ ਦਾਸਤਾਂ! ਇਸੇ ਤਰ੍ਹਾਂ ਪੰਜਾਬੀ ਵੈਬ ਸੀਰੀਜ਼ ਵਿਚ ਦਿਖਾਇਆ ਗਿਆ, ਕਿਵੇਂ ਵੱਡੇ ਘਰਾਂ ਦੇ ਜਵਾਕ ਮਾਪਿਆਂ ਦੀ ਮਰਜੀ ਖਿਲਾਫ ਜਾ ਰਹੇ ਹਨ? ਕਿਵੇਂ ਕਹਾਣੀ ਦੀ ਪਾਤਰ ਗੁਰਕੀਰਤ ਤੇ ਜੀਵਨ ਦੀ ਮੁਹੱਬਤ ਵਿਚ ਅਮਰੀਕਾ ਦੇਸ਼ ਰਾਹ ਦਾ ਰੋੜਾ ਬਣ ਖਲੋਂਦਾ ਹੈ ਅਤੇ ਕਿਵੇਂ ਸਮਾਜ ਦਾ ਧੁਰਾ ਮੰਨਿਆ ਜਾਂਦਾ, ਲੇਖਕ ਲਾਣਾ ਵੀ ਜਾਤ-ਪਾਤ ਦੇ ਬੰਧਨਾਂ ਵਿਚ ਗਰੱਸਿਆਂ ਹੋਇਆਂ ਹੈ! ਦੇਖਦੇ ਹਾਂ ਹੋਰ ਕਿੰਨੀਆਂ ਕੁ ਸਮਾਜਿਕ ਪਰਤਾਂ ਖੋਲਦੀ, ਪੰਜਾਬੀ ਵੈਬ ਸੀਰੀਜ਼ 'ਮੁਰਗਾਬੀਆਂ'?

ਇਸ ਪੰਜਾਬੀ ਵੈੱਬ ਸੀਰੀਜ਼ ਵਿਚ ਸਟਾਰ ਕਾਸਟ ਵਜੋਂ ਜੱਸ ਬੋਪਾਰਾਏ, ਐਂਜਲੀਨਾ ਰਾਜਪੂਤ, ਕੇਹਰ ਖਾਨ, ਧੀਰਾ ਮਾਨ, ਸੁਖਦੇਵ ਬਰਨਾਲਾ, ਜਤਿੰਦਰ ਹਾਂਸ, ਕੁਲਬੀਰ ਮੁਸ਼ਕਾਬਾਦ, ਕੁਲਦੀਪ ਪਟਿਆਲਾ, ਕਰਨੈਲ ਦਾਸ, ਸੋਨੂੰ ਕੇਲੋਂ, ਮਨਤਾਜ ਬੇਦੀ, ਸੁਨੀਤਾ ਸਿੰਘ, ਸੁਖਪ੍ਰੀਤ ਸਿੰਘ ਤੇ ਗੁਰਲਾਲ ਮਾਨ ਆਦਿ ।

**-ਸ਼ਿਵਨਾਥ ਦਰਦੀ ਫ਼ਰੀਦਕੋਟ**
**ਮੋਬਾਈਲ : 9855155392**

## ਮੈਂ ਖ਼ੁਦ ਨੂੰ ਦੁਹਰਾਉਂਦਾ ਨਹੀਂ
## ਰਾਕੇਸ਼ ਰੌਸ਼ਨ



ਰਿਤਿਕ ਰੌਸ਼ਨ ਨੂੰ ਰਾਤੋ ਰਾਤ ਸਟਾਰ ਬਣਾਉਣ ਵਾਲੀ ਫਿਲਮ 'ਕਹੋ ਨਾ ਪਿਆਰ ਹੈ' ਨੇ ਆਪਣੀ ਰਿਲੀਜ਼ ਦੇ 25 ਸਾਲ 14 ਜਨਵਰੀ ਨੂੰ ਪੂਰੇ ਕਰ ਲਏ। ਇਸ ਫਿਲਮ ਦੇ ਨਿਰਮਾਤਾ-ਨਿਰਦੇਸ਼ਕ ਤੇ ਰਿਤਿਕ ਦੇ ਪਿਤਾ ਰਾਕੇਸ਼ ਰੌਸ਼ਨ ਨੇ ਇਸ ਦੀ ਰਿਲੀਜ਼ ਤੋਂ ਪਹਿਲਾਂ ਹੀ ਰਿਤਿਕ ਨੂੰ ਚਾਰ-ਪੰਜ ਫਿਲਮਾਂ ਦਿਵਾ ਦਿੱਤੀਆਂ ਸਨ। ਫਿਲਮ ਦੇ 25 ਸਾਲ ਪੂਰੇ ਹੋਣ 'ਤੇ ਰਾਕੇਸ਼ ਰੌਸ਼ਨ ਨੇ ਕਿਹਾ ਕਿ 'ਮੈਂ ਕਦੀ ਉਹ ਕੰਮ ਨਹੀਂ ਕੀਤਾ, ਜਿਸ ਦੀ ਉਮੀਦ ਲੋਕ ਮੇਰੇ ਤੋਂ ਕਰਦੇ ਹਨ। ਮੈਂ 'ਖ਼ੁਦਗਰਜ਼' ਫਿਲਮ ਤੋਂ ਬਾਅਦ 'ਖ਼ੂਨ ਭਰੀ ਮਾਂਗ' ਫਿਲਮ ਬਣਾਈ ਸੀ। ਮੇਰੀ ਜਗ੍ਹਾ ਕੋਈ ਹੋਰ ਹੁੰਦਾ ਤਾਂ ਉਹ 'ਖ਼ੁਦਗਰਜ਼' ਵਾਂਗ ਦੋ ਦੋਸਤਾਂ ਦੀ ਫਿਲਮ ਬਣਾਉਂਦਾ। ਇੰਡਸਟਰੀ 'ਚ ਅਜਿਹਾ ਹੁੰਦਾ ਹੈ ਕਿ ਜੋ ਫਿਲਮ ਚੱਲ ਜਾਂਦੀ ਹੈ, ਲੋਕ ਉਸੇ ਦੇ ਪਿੱਛੇ ਪੈ ਜਾਂਦੇ ਹਨ।

*** ਕੀ ਤੁਸੀਂ ਕਦੇ ਸੋਚਿਆ ਸੀ ਕਿ ਨਵੀਂ ਫਿਲਮ ਵਿਚ ਰਿਤਿਕ ਨੂੰ ਲਾਂਚ ਕਰੋਗੇ?**

ਹਾਂ, ਕਹਾਣੀ ਜਦੋਂ ਫਾਈਨਲ ਹੋਈ ਸੀ ਉਦੋਂ ਉਸ ਵਿਚ ਨਵੇਂ ਮੁੰਡਾ-ਕੁੜੀ ਨੂੰ ਹੀ ਲੈਣਾ ਸੀ। ਕੋਈ ਜਾਣੂ ਕਲਾਕਾਰ ਹੁੰਦਾ ਤਾਂ ਫਿਲਮ ਇਸ ਤਰ੍ਹਾਂ ਨਾ ਚੱਲਦੀ। ਰਿਤਿਕ ਮੇਰੇ ਨਾਲ ਬਤੌਰ ਅਸਿਸਟੈਂਟ ਚਾਰ ਸਾਲ ਤੋਂ ਕੰਮ ਕਰ ਰਹੇ ਸਨ। ਮੈਂ ਸੋਚਿਆ ਸੀ ਕਿ ਜਦੋਂ ਉਹ 24-25 ਸਾਲ ਦੇ ਹੋਣਗੇ। ਉਦੋਂ ਉਨ੍ਹਾਂ ਨੂੰ ਲਾਂਚ ਕਰਾਂਗਾ। ਫਿਲਮ ਇੰਡਸਟਰੀ 'ਚ ਮੇਰਾ ਘੱਟ ਉਮਰ 'ਚ ਆਉਣਾ ਗ਼ਲਤ ਕਦਮ ਸੀ। ਮੈਂ ਬਿਨਾਂ ਕਿਸੇ ਤਜਰਬੇ ਤੇ ਜਾਣਕਾਰੀ ਦੇ ਆ ਗਿਆ ਸੀ, ਇਸ ਲਈ ਕਾਮਯਾਬ ਨਹੀਂ ਹੋਇਆ। ਫਿਲਮ ਬਣਾ ਦਿੱਤੀ ਕਿਉਂਕਿ ਮੈਨੂੰ ਬਚਪਨ 'ਚ ਡਬਲ ਰੋਲ 'ਤੇ ਬਣੀ ਰਾਮ ਔਰ ਸ਼ਿਆਮ ਫਿਲਮ ਪਸੰਦ ਸੀ। ਹਮੇਸ਼ਾ ਅਲੱਗ ਕਹਾਣੀਆਂ ਬਣਾਉਣ ਦਾ ਯਤਨ ਕੀਤਾ।

*** ਕੀ ਤੁਸੀਂ ਤੈਅ ਕੀਤਾ ਸੀ ਕਿ ਇਸ ਫਿਲਮ ਨਾਲ ਰਿਤਿਕ ਨੂੰ ਲਾਂਚ ਕਰੋਗੇ?**

ਹਾਂ, ਕਹਾਣੀ ਜਦੋਂ ਫਾਈਨਲ ਹੋਈ ਸੀ ਉਦੋਂ ਉਸ ਵਿਚ ਨਵੇਂ ਮੁੰਡਾ- ਕੁੜੀ ਨੂੰ ਹੀ ਲੈਣਾ ਸੀ। ਕੋਈ ਜਾਣੂ ਕਲਾਕਾਰ ਹੁੰਦਾ ਤਾਂ ਫਿਲਮ ਇਸ ਤਰ੍ਹਾਂ ਨਾ ਚੱਲਦੀ। ਰਿਤਿਕ ਮੇਰੇ ਨਾਲ ਬਤੌਰ ਅਸਿਸਟੈਂਟ ਚਾਰ ਸਾਲ ਤੋਂ ਕੰਮ ਕਰ ਰਹੇ ਸਨ। ਮੈਂ ਸੋਚਿਆ ਸੀ ਕਿ ਜਦੋਂ ਉਹ 24-25 ਸਾਲ ਦੇ ਹੋਣਗੇ। ਉਦੋਂ ਉਨ੍ਹਾਂ ਨੂੰ ਲਾਂਚ ਕਰਾਂਗਾ। ਫਿਲਮ ਇੰਡਸਟਰੀ 'ਚ ਮੇਰਾ ਘੱਟ ਉਮਰ 'ਚ ਆਉਣਾ ਗ਼ਲਤ ਕਦਮ ਸੀ। ਮੈਂ ਬਿਨਾਂ ਸ਼ੱਕ ਖ਼ੁਦ ਨੂੰ ਦੁਹਰਾਉਂਦਾ ਨਹੀਂ। 'ਕੋਈ ਮਿਲ ਗਿਆ' ਤੋਂ ਬਾਅਦ ਮੈਂ ਬੇਸ਼ੱਕ 'ਕ੍ਰਿਸ਼' ਬਣਾਈ ਪਰ ਉਹ ਫਿਲਮ ਆਪਣੇ ਆਪ 'ਚ ਪੂਰੀ ਨਹੀਂ ਸੀ...ਕਰਨ ਅਰਜੁਨ ਵਿਚ ਪੁਨਰਜਨਮ ਵਾਲੀ ਕਹਾਣੀ ਸੀ ਪਰ 'ਕਹੋ ਨਾ ਪਿਆਰ ਹੈ' 'ਚ ਮੈਂ ਜੋ ਡਬਲ ਰੋਲ ਸੀ, ਉਸ ਵਿਚ ਰਿਤਿਕ ਦੇ ਦੋਵਾਂ ਕਿਰਦਾਰਾਂ ਵਿਚਾਲੇ ਕੋਈ ਰਿਸ਼ਤਾ ਹੀ ਨਹੀਂ ਸੀ। ਬਸ ਦੋਵਾਂ ਦੀ ਸ਼ਕਲ ਇਕ-ਦੂਜੇ ਨਾਲ ਮਿਲਦੀ ਸੀ। ਫਿਲਮ ਚੱਲ ਗਈ ਤਾਂ ਲੋਕਾਂ ਨੇ ਪਸੰਦ ਕੀਤਾ, ਪਰ ਜੇਕਰ ਫਿਲਮ ਨਾ ਚੱਲਦੀ ਤਾਂ ਉਹੀ ਲੋਕ ਕਹਿੰਦੇ ਕਿ ਪਾਗਲ ਹਨ। ਕੀ ਐਸੀ ਵੀ ਕੋਈ ਕਹਾਣੀ ਹੁੰਦੀ ਹੈ, ਭਰਾ ਨਹੀਂ ਫਿਰ ਵੀ ਸ਼ਕਲ ਮਿਲਦੀ ਹੈ। ਸਮਾਂ ਚੰਗਾ ਹੁੰਦਾ ਹੈ ਤਾਂ ਸਭ ਚੰਗਾ ਹੁੰਦਾ।

*** 'ਕਹੋ ਨਾ ਪਿਆਰ ਹੈ' ਤੋਂ ਬਾਅਦ ਤੁਸੀਂ ਰਿਤਿਕ ਨਾਲ 'ਕੋਈ ਮਿਲ ਗਿਆ' ਬਣਾਈ। ਜੋਖ਼ਮ ਨਹੀਂ ਲੱਗਾ?**

ਇਹ ਗੱਲ ਸਹੀ ਹੈ ਕਿ ਅਜਿਹਾ ਕੋਈ ਨਹੀਂ ਕਰਦਾ। ਰਿਤਿਕ ਲਈ ਵੀ ਨਵੀਂ ਚੁਣੌਤੀ ਸੀ ਕਿਉਂਕਿ 'ਕੋਈ ਮਿਲ ਗਿਆ' ਤੋਂ ਪਹਿਲਾਂ ਉਨ੍ਹਾਂ ਦੀਆਂ ਛੇ-ਸੱਤ ਫਿਲਮਾਂ ਫਲਾਪ ਗਈਆਂ ਸਨ। ਉਨ੍ਹਾਂ 'ਤੇ ਵਨ ਪਿਕਚਰ ਵੰਡਰ ਦਾ ਟੈਗ ਲੱਗਾ ਸੀ। 'ਕੋਈ ਮਿਲ ਗਿਆ ਦੀ ਰਿਲੀਜ਼ ਤੋਂ ਬਾਅਦ ਸਭ ਗੱਲਾਂ ਖ਼ਤਮ ਹੋ ਗਈਆਂ। ਲੋਕਾਂ ਨੇ ਮੰਨਿਆ ਕਿ ਉਹ ਸਟਾਰ ਦੇ ਨਾਲ- ਨਾਲ ਚੰਗੇ ਕਲਾਕਾਰ ਵੀ ਹਨ।

*** 'ਕ੍ਰਿਸ਼ 4' ਦਾ ਨਿਰਦੇਸ਼ਨ ਤੁਸੀਂ ਕਿਉਂ ਨਹੀਂ ਕਰ ਰਹੇ ?**

ਮੋਬਾਈਲ ਫੋਨ ਵਿਚ ਕੀ ਕਿਵੇਂ ਇਸਤੇਮਾਲ ਕਰਨਾ ਹੈ, ਉਹ ਮੈਨੂੰ ਨਹੀਂ ਆਉਂਦਾ। ਕ੍ਰਿਸ਼ 4 ਵਿਚ ਵਿਜ਼ੁਅਲ ਇਫੈਕਟਸ ਦਾ ਭਾਰੀ ਭਰਕਮ ਕੰਮ ਹੈ। ਅੱਜ ਦੇ ਨਵੇਂ ਲੜਕੇ ਨਵੀਂ ਤਕਨੀਕ ਬਾਰੇ ਬਿਹਤਰ ਜਾਣਦੇ ਹਨ। ਨੌਜਵਾਨ ਡਾਇਰੈਕਟਰ ਤੇ ਤਕਨੀਸ਼ੀਅਲ ਫਿਲਮ ਚੰਗੀ ਤਰ੍ਹਾਂ ਬਣਾਉਣਗੇ। ਹਾਲਾਂਕਿ ਮੈਂ ਉਨ੍ਹਾਂ ਦੇ ਪਿੱਛੇ ਖੜ੍ਹਾ ਰਹਾਂਗਾ। -0-



## ਫ਼ਾਤਿਮਾ ਨੂੰ ਭਾਰਤ ਪਸੰਦ ਹੈ

ਫ਼ਾਤਿਮਾ ਸਨਾ ਸ਼ੇਖ਼ 'ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ'' ਦੌਰਾਨ ਤੇਜ਼ੀ ਨਾਲ ਸਰਗਰਮ ਹੋ ਗਈ ਹੈ। 'ਦੰਗਲ' ਫਿਲਮ ਤੋਂ ਲੋਕਪ੍ਰਿਯ ਹੋਈ ਫ਼ਾਤਿਮਾ ਸ਼ੇਖ਼ ਨੇ ਟੀ.ਵੀ. 'ਤੇ ਵੀ ਖ਼ੂਬ ਨਾਂਅ ਕਮਾਇਆ ਹੈ। ਵੇਸੇ ਪੁਲਕਿਤ ਸਮਰਾਟ, ਕਾਰਤਿਕ ਆਰੀਅਨ ਨਾਲ ਛੋਟੀਆਂ-ਛੋਟੀਆਂ ਭੂਮਿਕਾਵਾਂ ਉਸ ਨੇ ਕਈ ਫਿਲਮਾਂ 'ਚ ਨਿਭਾਈਆਂ ਸਨ । ਇਕ ਸਮਾਂ ਆਇਆ ਕਿ ਫ਼ਾਤਿਮਾ ਨੇ ਐਕਟਿੰਗ ਛੱਡ ਕੇ ਫੋਟੋਗ੍ਰਾਫਰ ਬਣਨ ਦਾ ਮਨ ਬਣਾ ਲਿਆ ਸੀ ਤੇ ਤਦ ਹੀ 'ਦੰਗਲ' ਦੀ ਪੇਸ਼ਕਸ਼ ਹੋਈ ਤੇ ਇਥੋਂ ਹੀ ਉਹ ਮੁੜ ਫ਼ਿਲਮੀ ਅਭਿਨੈ ਨਾਲ ਜੁੜ ਗਈ। ਪੰਜ ਸਾਲ ਪਹਿਲਾਂ ਉਸ ਦੀ ਇੰਸਟਾਗ੍ਰਾਮ 'ਤੇ ਡੀ.ਪੀ. ਦੇਖ ਕੇ ਲੋਕਾਂ ਨੇ ਉਸ ਦੀ ਆਲੋਚਨਾ ਸ਼ੁਰੂ ਕਰ ਦਿੱਤੀ ਸੀ। ਗੱਲ 15 ਅਗਸਤ ਦੀ ਸੀ ਤੇ ਫ਼ਾਤਿਮਾ ਦੀ ਡੀ.ਪੀ. ਕਾਲੀ ਦਿਖਾਈ ਦੇਣ 'ਤੇ ਲੋਕਾਂ ਨੇ ਸਮਝ ਲਿਆ ਕਿ ਫ਼ਾਤਿਮਾ ਸਨਾ ਸ਼ੇਖ ਦਾ ਪਾਕਿਸਤਾਨ ਨਾਲ ਕੋਈ ਸੰਬੰਧ ਹੈ। ਉਧਰ ਕਿਸੇ ਨੇ ਝੂਠਾ ਟਵੀਟ ਕਰ ਦਿੱਤਾ ਤਾਂ ਫਾਤਿਮਾ ਨੂੰ ਬਹੁਤ 'ਪ੍ਰੇਸ਼ਾਨ ਕੀਤਾ ਗਿਆ ਸੀ ਜਦ ਕਿ ਡੀ.ਪੀ. ਕਾਲੇ ਰੰਗ ਦੀ ਖ਼ਰਾਬ ਨੈੱਟਵਰਕ ਕਾਰਨ ਹੋਈ ਸੀ। ਦੰਗਲ' ਤੋਂ ਪਹਿਲਾਂ ਤਿੰਨ ਸਾਲ ਉਹ ਪੂਰੀ ਬੇਰੁਜ਼ਗਾਰ ਸੀ ਤੇ ਤਦ ਇਹ ਔਖਾ ਸਮਾਂ ਉਸ ਨੇ ਮਸਾਂ ਹੀ ਬਤੀਤ ਕੀਤਾ ਸੀ। ਇਸ ਦੇ ਬਾਵਜੂਦ ਫ਼ਾਤਿਮਾ ਸਨਾ ਸ਼ੇਖ਼ ਦੇ ਪ੍ਰਸੰਸਕ ਉਦਾਸ ਹਨ ਤੇ ਉਨ੍ਹਾਂ ਨੂੰ ਗੁੱਸਾ ਹੈ ਕਿ ਐਡੀ ਵੱਡੀ ਅਭਿਨੇਤਰੀ ਜਿਸ ਕੋਲ ਪ੍ਰਤਿਭਾ ਦੀ ਘਾਟ ਨਹੀਂ ਹੈ, ਨੂੰ ਇਹ ਫ਼ਿਲਮ ਨਗਰੀ ਹਲਕੇ 'ਚ ਵੀ ਨਹੀਂ ਲੈ ਰਹੀ ਤੇ ਅਜੇ ਤੱਕ ਫ਼ਾਤਿਮਾ ਨੂੰ 'ਐਵਾਰਡ ਸ਼੍ਰੇਣੀ' ਤੋਂ ਵੀ ਦੂਰ ਹੀ ਰੱਖਿਆ ਜਾ ਰਿਹਾ ਹੈ। ਬਾਲ ਕਲਾਕਾਰ ਬਣ ਕੇ ਕਮਲ ਹਸਨ ਨਾਲ ਆਪਣਾ ਫ਼ਿਲਮੀ ਕੈਰੀਅਰ ਸ਼ੁਰੂ ਕਰਨ ਵਾਲੀ ਫ਼ਾਤਿਮਾ ਸਨਾ ਸ਼ੇਖ਼ ਨੇ ਵਿੱਕੀ ਕੌਸ਼ਲ ਤੱਕ ਦੇ ਕਲਾਕਾਰਾਂ ਨਾਲ ਫ਼ਿਲਮਾਂ ਕਰਨ ਦੇ ਬਾਵਜੂਦ ਉਹ ਥਾਂ ਨਹੀਂ ਬਣਾਈ ਜਿਹੜੀ ਉਸ ਦੀ ਬਣਨੀ ਚਾਹੀਦੀ ਸੀ। ਫ਼ਾਤਿਮਾ ਲਈ ਮਾੜੀ ਖ਼ਬਰ ਇਹ ਹੈ ਕਿ ਉਸ ਦੀ ਮਿਰਗੀ ਦੀ ਬਿਮਾਰੀ ਅਜੇ ਤੱਕ ਠੀਕ ਨਹੀਂ ਹੋਈ ਤੇ ਕਈ ਵਾਰ ਉਸ ਨੂੰ ਅਚਨਚੇਤ 'ਮਿਰਗੀ ਦੇ ਦੌਰੇ' ਪੈ ਜਾਂਦੇ ਹਨ। ਇਹ ਬਹੁਤ ਬੁਰੀ ਬਿਮਾਰੀ ਹੈ ਤੇ ਉਸ ਨੇ ਇਲਾਜ ਵੀ ਬਹੁਤ ਕਰਾਇਆ ਹੈ ਪਰ ਕੋਈ ਫ਼ਰਕ ਨਹੀਂ ਪਿਆ। ਚਾਹੇ ਉਸ ਕੋਲ ਕੰਮ ਘੱਟ ਹੈ ਫਿਰ ਵੀ ਵਿਗਿਆਪਨ ਤੇ ਵੀਡੀਓ ਗਾਣੇ ਕਰਕੇ ਉਹ ਆਪਣੀ ਆਰਥਿਕਤਾ ਦਾ ਸੰਤੁਲਨ ਬਣਾ ਰਹੀ ਹੈ।

ਫ਼ਾਤਿਮਾ ਨੇ ਇਕ ਗੱਲ ਜ਼ਰੂਰ ਪੂਰੀ ਪੂਰੀ ਦੁਨੀਆ ਨੂੰ ਕਹੀ ਹੈ ਕਿ ਜਿਵੇਂ ਵੀ ਹੈ ਭਾਰਤ ਜਿਹਾ ਧਰਮ ਨਿਰਪੱਖ ਤੇ ਕਾਨੂੰਨ ਪੱਖੀ ਸਹੀ ਦੇਸ਼ ਹੋਰ ਏਸ਼ੀਆ 'ਚ ਕੋਈ ਨਹੀਂ ਹੈ। ਈਰਾਨ ਵਾਲੇ ਕੁੜੀਆਂ ਦੇ ਵਿਆਹ ਦੀ ਉਮਰ ਪਹਿਲਾਂ ਪੰਦਰਾਂ ਸਾਲ ਤੇ ਹੁਣ ਨੌਂ ਸਾਲ ਕਰਨ ਵਾਲੇ ਹਨ, ਜਦਕਿ ਭਾਰਤ 'ਚ 21 ਸਾਲ ਹੋਣ ਵਾਲੀ ਹੈ। ਫ਼ਾਤਿਮਾ ਸਨਾ ਸ਼ੇਖ਼ ਆਖਦੀ ਹੈ ਕਿ ਔਰਤਾਂ ਦੀ ਇੱਜ਼ਤ ਤੇ ਸੁਰੱਖਿਆ ਦੇ ਮਾਮਲੇ 'ਚ ਭਾਰਤ ਦਾ ਜਵਾਬ ਨਹੀਂ।

## ਮੈਨੂੰ ਅਮਿਤਾਭ ਬੱਚਨ ਨਾਲ ਕੋਈ ਸ਼ਿਕਾਇਤ ਨਹੀਂ: ਸ਼ਤਰੂਘਨ

ਸੁਪਰਸਟਾਰ ਬਣਨ ਤੋਂ ਬਾਅਦ ਦੋਵਾਂ ਨੇ ਵੱਡੇ ਪਰਦੇ 'ਤੇ ਸ਼ਾਨਦਾਰ ਤਾਲਮੇਲ ਦਿਖਾਇਆ। 'ਦਸਤਾਨਾ', 'ਨਸੀਬ', 'ਕਾਲਾ ਪੱਥਰ', 'ਸ਼ਾਨ' ਤੇ ਹੋਰ ਕਈ ਹਿੱਟ ਫਿਲਮਾਂ ਦਿੱਤੀਆਂ। ਫਿਰ ਚੀਜ਼ਾ ਬਦਲ ਗਈਆ। ਸ਼ਤਰੂਘਨ ਤੇ ਅਮਿਤਾਤ ਦੇ ਸੰਬੰਧਾ 'ਚ ਕਿਤੇ ਨਾ ਕਿਤੇ ਕੁੜੱਤਣ ਆ ਗਈ, ਹਾਲਾਂਕਿ ਇਹ ਅਜਿਹਾ ਨਹੀਂ ਸੀ ਕਿ ਚੀਜ਼ਾਂ ਕਦੀ ਵਾਪਸ ਨਹੀਂ ਸੀ। ਹੋ ਸਕਦੀਆਂ। ਕੁਝ ਸਾਲਾਂ ਬਾਅਦ ਉਨ੍ਹਾਂ ਦੇ ਰਿਸ਼ਤੇ 'ਚ ਮੁੜ ਸੁਧਾਰ ਹੋਇਆ। ਹਾਲ ਹੀ 'ਚ ਸ਼ਤਰੂਘਨ ਸਿਨ੍ਹਾ ਨੇ ਅਮਿਤਾਭ ਬੱਚਨ ਨਾਲ ਆਪਣੇ ਰਿਸ਼ਤਿਆਂ 'ਚ ਉਤਰਾਅ-ਚੜ੍ਹਾਅ ਬਾਰੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਇਹ ਹਰ ਦੋਸਤੀ 'ਚ ਆਮ ਗੱਲ ਹੈ। ਆਪਣੇ ਸੰਘਰਸ਼ ਦੇ ਦਿਨਾਂ ਦੀ ਦੋਸਤੀ 'ਚ ਆਏ ਉਤਰਾਅ-ਚੜ੍ਹਾਅ ਬਾਰੇ ਸਵਾਲ ਪੁੱਛੇ ਜਾਣ 'ਤੇ ਉਨ੍ਹਾਂ ਦੱਸਿਆ ਕਿ ਅਜਿਹਾ ਹਰ ਰਿਸ਼ਤੇ 'ਚ ਹੁੰਦਾ ਹੈ ਜੋ ਉਨ੍ਹਾਂ ਦੇ ਵਿਚਕਾਰ ਮੁਕਾਬਲਾਬਾਜ਼ੀ, ਸਿਤਾਰਿਆਂ ਦੇ ਪ੍ਰਸ਼ੰਸਕਾ ਤੇ ਉਨ੍ਹਾਂ ਦੇ ਅਖੌਤੀ 'ਚਮਚਿਆਂ' ਕਾਰਨ ਹੋ ਸਕਦਾ ਹੈ। ਪਰ ਜਦੋਂ ਚੀਜ਼ਾਂ ਬਿਹਤਰ ਹੋ ਜਾਂਦੀਆਂ ਹਨ ਤਾਂ ਇਨ੍ਹਾਂ ਗੱਲਾਂ ਨੂੰ ਦਿਲ 'ਤੇ ਨਹੀਂ ਲੈਣਾ ਚਾਹੀਦਾ ਤੇ ਅੱਗੇ ਵਧ ਜਾਣਾ ਚਾਹੀਦਾ ਹੈ। 'ਜਦੋਂ ਇਹ ਖ਼ਤਮ ਹੋ ਜਾਂਦਾ ਹੈ ਤਾ ਤੁਹਾਨੂੰ ਸੰਤੁਲਨ ਤੇ ਪਰਿਪੱਕਤਾ ਦਾ ਅਹਿਸਾਸ ਹੁੰਦਾ ਹੈ। ਅਨੁਭਵ ਮਿਲਦਾ ਹੈ ਤੇ ਤੁਸੀਂ ਕਈ ਚੀਜ਼ਾਂ ਨੂੰ ਨਜ਼ਰਅੰਦਾਜ਼ ਕਰਨਾ ਚਾਹੀਦਾ ਹੈ। ਇਕ ਸਵਾਲ ਦੇ ਜਵਾਬ 'ਚ ਅਦਾਕਾਰ ਨੇ ਕਿਹਾ ਕਿ ਉਨ੍ਹਾਂ ਆਪਣੇ ਦੋਸਤ ਕੋਲੋਂ ਬਹੁਤ ਕੁਝ ਸਿੱਖਿਆ ਹੈ। ਅਦਾਕਾਰ ਨੇ ਕਿਹਾ ਕਿ ਅਮਿਤਾਭ 'ਚ ਕਾਮੇਡੀ ਦੀ ਬਾਖ਼ੂਬੀ ਸਮਝ ਹੈ। 'ਲੋਕ ਅਕਸਰ ਸੋਚਦੇ ਹਨ ਕਿ ਉਹ ਗੰਭੀਰ ਸੁਭਾਅ ਦੇ ਮਾਲਕ ਹਨ ਪਰ ਨਹੀਂ ਪਤਾ ਕਿ ਬਿਗ ਬੀ ਕੋਲ ਕਾਮੇਡੀ ਦੀ ਜਬਰਦਸਤ ਸਮਝ ਹੈ ਜੋ ਉਨ੍ਹਾਂ ਕੌਨ ਬਨੇਗਾ ਕਰੋੜਪਤੀ ਵਿਚ ਆਪਣੇ ਚੁਟਕੁਲਿਆਂ ਤੋਂ ਸਾਬਿਤ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਸਭ ਤੋਂ ਇਲਾਵਾ ਅਮਿਤਾਭ ਕੋਲ ਸਮੇਂ ਦੀ ਅਨੋਖੀ ਸਮਝ ਹੈ। ਉਹ ਤੀਖਣ ਨਿਗਰਾਨ ਹਨ। ਲੋਕਾਂ ਦੀ ਬਾਰੀਕੀ ਨੂੰ ਦੇਖਦੇ ਹਨ ਤੇ ਕਦੀ-ਕਦਾਈ ਉਨ੍ਹਾਂ ਦੀ ਨਕਲ ਕਰਨ ਦੀ ਵੀ ਸਮਰੱਥਾ ਰੱਖਦੇ ਹਨ। ਉਨ੍ਹਾਂ ਵਿਚ ਕਈ ਗੁਣ ਹਨ। ਸਾਡੇ ਵਿਚਾਲੇ ਕਈ ਚੀਜ਼ਾਂ ਸਮਾਨ ਹਨ। ਇਹੀ ਕਾਰਨ ਹੈ ਕਿ ਸਾਡਾ ਰਿਸ਼ਤਾ ਇੰਨਾ ਲੰਬਾ ਚੱਲਿਆ ਹੈ।'

*ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥*
*ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥*

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 648ਵੇਂ ਪ੍ਰਕਾਸ਼ ਪੂਰਬ ਦੀ ਸਮੂਹ ਸੰਗਤ ਨੂੰ ਲੱਖ ਲੱਖ ਵਧਾਈ

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 648ਵਾਂ ਪ੍ਰਕਾਸ਼ ਪੁਰਬ ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਜ਼ (ਇੰਡੀਆਨਾ) ਵਿਖੇ ਹਰ ਸਾਲ ਦੀ ਤਰ੍ਹਾਂ 14, 15 ਅਤੇ 16 ਫਰਵਰੀ 2025 ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ, ਪੂਰੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ:



## ਸਮਾਗਮ ਦਾ ਵੇਰਵਾ

**14 ਫਰਵਰੀ 2025, ਸ਼ੁਕਰਵਾਰ**

**ਆਰੰਭ ਸ੍ਰੀ ਅਖੰਡ ਪਾਠ ਸਾਹਿਬ**

*ਸਵੇਰੇ 10 ਵਜੇ*

**16 ਫਰਵਰੀ 2025, ਐਤਵਾਰ**

**ਭੋਗ ਸ੍ਰੀ ਅਖੰਡ ਪਾਠ ਸਾਹਿਬ**

*ਸਵੇਰੇ 10 ਵਜੇ*

* ਭਾਈ ਭੁਪਿੰਦਰ ਸਿੰਘ ਜੀ ਦਾ ਹਜ਼ੂਰੀ ਰਾਗੀ ਜਥਾ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰੇਗਾ।
* ਹੈੱਡ ਗ੍ਰੰਥੀ ਭਾਈ ਦਿਲਾਵਰ ਸਿੰਘ ਜੀ ਕਥਾ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ 'ਤੇ ਝਾਤ ਪਾਉਣਗੇ।

*ਗੁਰੂ ਕਾ ਲੰਗਰ ਅਤੁੱਟ ਵਰਤੇਗਾ।*

## ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਜ਼ (ਇੰਡੀਆਨਾ)

**12200 E. 131st., Street Fishers, IN 46037-6621**

**Cell: 317-792-7121 Ph: 317-773-8446**